# ਇਸ਼ਕ ਮਲੰਗੀ



ਖ਼ਾਲਿਦ ਹੁਸੈਨ

# ਇਸ਼ਕ ਮਲੰਗੀ

*ਇਸੇ ਕਲਮ ਤੋਂ :*

**ਕਹਾਣੀ ਸੰਗ੍ਰਹਿ:**

ਤੇ ਜੇਹਲਮ ਵਗਦਾ ਰਿਹਾ (1976) (ਸ਼ਾਹਮੁਖੀ ਅੱਖਰਾਂ 'ਚ)

ਗੋਰੀ ਫ਼ਸਲ ਦੇ ਸੌਦਾਗਰ (1981)

ਡੂੰਘੇ ਪਾਣੀਆਂ ਦਾ ਦੁਖ (1988)

ਬਲਦੀ ਬਰਫ਼ ਦਾ ਸੇਕ ( 2007)ਗੁਰਮੁਖੀ ਤੇ ਸ਼ਾਹਮੁਖੀ ਅੱਖਰਾਂ 'ਚ)

ਸੂਲਾਂ ਦਾ ਸਾਲਣੁ (2015)(ਚੋਣਵੀਆਂ ਕਹਾਣੀਆਂ)
(ਸੰਪਾ.ਡਾ. ਕਮਲਦੀਪ ਸਿੰਘ)

**ਜੀਵਨੀ:**

ਨੂਰੀ ਰਿਸ਼ਮਾਂ (2004)
(ਹਜ਼ਰਤ ਮੁਹੰਮਦ ਸਾਹਿਬ ਦੀ ਸੰਖੇਪ ਜੀਵਨੀ- ਬੱਚਿਆਂ ਲਈ)

**ਅਨੁਵਾਦ:**

ਗਵਾਚੀ ਝਾਂਜਰ ਦੀ ਚੀਕ (ਤਾਮਿਲ ਨਾਵਲਿਟ) 2010)
(ਗੁਰਮੁਖੀ ਤੇ ਸ਼ਾਹਮੁਖੀ ਅੱਖਰਾਂ 'ਚ)

**ਸਵੈ-ਜੀਵਨੀ:**

ਮਾਟੀ ਕੁਦਮ ਕਰੇਂਦੀ ਯਾਰ (2013)
(ਗੁਰਮੁਖੀ ਤੇ ਸ਼ਾਹਮੁਖੀ ਅੱਖਰਾਂ 'ਚ)

**ਲੇਖ:**

ਮੇਰੇ ਰੰਗ ਦੇ ਅੱਖਰ (2013)

**ਉਰਦੂ ਕਹਾਣੀ ਸੰਗ੍ਰਹਿ:**

ਠੰਢੀ ਕਾਂਗੜੀ ਕਾ ਧੂੰਆਂ (1983)

ਇਸ਼ਤਿਹਾਰੋਂ ਵਾਲੀ ਹਵੇਲੀ (1991)

ਸਤੀ ਸਰ ਕਾ ਸੂਰਜ (2011)

**ਸੰਪਾਦਨ**

ਦਸ਼ਤ-ਏ-ਤਲਬ (2008)
(ਪੰਡਤ ਵਿਦਿਆ ਰਤਨ ਆਸੀ ਦੀ ਉਰਦੂ ਸ਼ਾਇਰੀ)

ਲਫ਼ਜ਼ ਕਲੰਦਰ (2018)
(ਪਰਵੀਨ ਕੁਮਾਰ ਅਸ਼ਕ ਦਾ ਪੰਜਾਬੀ ਕਲਾਮ)

ਜ਼ਿੰਦਗੀ ਕੇ ਮਾਰੇ ਲੋਗ (2018)
(ਪੰਡਿਤ ਵਿੱਦਿਆ ਰਤਨ ਆਸੀ ਦੀ ਸ਼ਾਇਰੀ ਹਿੰਦੀ ਅੱਖਰਾਂ ਵਿਚ)

# ਇਸ਼ਕ ਮਲੰਗੀ

(ਕਹਾਣੀ-ਸੰਗ੍ਰਹਿ)

ਖ਼ਾਲਿਦ ਹੁਸੈਨ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

# *ISHQ MALANGI*

***Stories by***

**Khalid Hussain ©**
Near Govt. High School,
Bathindi, Jammu (J&K)
Mobile- 094191-83485, 07006898585
Email- hussain.khalid47@gmail.com
Website- www.khalidhussain.in

**ISBN : 978-93-89997-22-4**
**Rs.250 /-**
**2020**
*Printed and Bound In India*

*Published by*
**A Group of**
**Chetna Parkashan**
PUNJABI BHAWAN, LUDHIANA (Pb.) INDIA
**KOTKAPURA | CANADA | USA**
Ph. 0161-2413613, 2404928, (M) 98152-98459, 98762-07774
Ph.: 95011-45039
Website: www.chetnaparkashan.com
E-mail: chetnaparkashan@gmail.com, gulatipublishersltd@gmail.com

Printer : R.K. Offset, Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan

## ਨਜ਼ਰਾਨਾ

ਰਣਧੀਰ ਕੌਰ
ਕਮਲਦੀਪ ਸਿੰਘ
ਤੇ
ਸੁਆਮੀ ਅੰਤਰ ਨੀਰਵ
ਦੇ ਨਾਂ
ਜਿਨ੍ਹਾਂ ਦੀ ਪੰਜਾਬੀ ਸਾਹਿਤ ਸੇਵਾ 'ਤੇ ਮੈਨੂੰ ਮਾਣ ਹੈ

ਜਿਨ੍ਹਾਂ ਪਾਕ ਨਿਗਾਹਾਂ ਹੋਈਆਂ, ਕਹੀਂ ਨਾ ਜਾਂਦੇ ਠੱਗੇ
ਕਾਲ਼ੇ ਪੱਟ ਨਾ ਚੜ੍ਹੇ ਸਫ਼ੇਦੀ, ਕਾਗ ਨਾ ਥੀਂਦੇ ਬੱਗੇ

*-ਸ਼ਾਹ ਹੁਸੈਨ*

## ਤਤਕਰਾ


| | | |
|---|---|---|
| ਮੁੱਖ ਬੰਦ | -ਡਾ. ਮਨਮੋਹਨ | 9 |
| ਮੈਂ ਤੇ ਮੇਰੀ ਰਚਨਾ | —ਖ਼ਾਲਿਦ ਹੁਸੈਨ | 20 |

---

| | | |
|---|---|---|
| ਬਾਜੀ ਬਲਕੀਸ | ............................... | 29 |
| ਆਹੀਂ ਦਾ ਬਾਲਣ | ............................... | 42 |
| ਦੀਵਾ ਬਲੇ ਉਜਾੜੀਂ | ............................... | 51 |
| ਸ਼ਾਦਾਂ ਬਿੱਲੀ ਜੰਮੂ ਵਾਲੀ | ............................... | 60 |
| ਲਕੀਰ | ............................... | 70 |
| ਖੂਹ ਤੇ ਖਾਈ | ............................... | 85 |
| ਰੂਹ ਤੇ ਕਲਬੂਤ | ............................... | 92 |
| ਜਿਊਂਦਿਆਂ ਮਰ ਰਹੀਏ | ............................... | 98 |
| ਬਾਬੇ ਨੂਰੇ ਦੀ ਵੇਲ਼ | ............................... | 101 |
| ਰੂਹ ਨਗਰ ਦਾ ਸਫ਼ਰਨਾਮਾ | ............................... | 107 |
| ਜਿੰਨਾ ਖਾਧੀ ਚੋਪੜੀ | ............................... | 116 |
| ਵੇਲ਼ੇ ਦੀ ਵਾਰ | ............................... | 123 |
| ਪ੍ਰੇਮ ਖੇਲਣ ਕਾ ਚਾਓ | ............................... | 124 |
| ਖੇਡਣ ਨੂੰ ਮੰਗੇ ਚੰਨ | ............................... | 129 |
| ਗਊ ਰਕਸ਼ਕ | ............................... | 131 |
| ਆਪਣਾ ਸੇਕ ਸਿਆਪਾ | ............................... | 132 |

| | | |
|---|---|---|
| ਇਕ ਮਰੇ ਬੰਦੇ ਦੀ ਕਹਾਣੀ | ................................ | 136 |
| ਕਾਗ ਨਾ ਥੀਂਦੇ ਬੱਗੇ | ................................ | 144 |
| ਜੁੱਤੀ ਕਸੂਰੀ | ................................ | 147 |
| ਜਿਉਂਦੀਆਂ ਅੱਖਾਂ ਦੀ ਦਾਸਤਾਨ | ................................ | 151 |
| ਇਸ਼ਕ ਮਲੰਗੀ | ................................ | 157 |
| ਸੋਨੇ ਦੀ ਝਕਰੀ | ................................ | 169 |

# ਇਸ਼ਕ ਮਲੰਗੀ : ਸਮਾਜ-ਸੱਭਿਆਚਾਰਕ ਅਤੇ ਰਾਜਨੀਤਕ ਸਰੋਕਾਰਾਂ ਦੇ ਬਿਰਤਾਂਤ

'ਇਸ਼ਕ ਮਲੰਗੀ' ਖ਼ਾਲਿਦ ਹੁਸੈਨ ਦਾ ਨਵਾਂ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਤੇ ਜੇਹਲਮ ਵਗਦਾ ਰਿਹਾ (1976), ਗੋਰੀ ਫ਼ਸਲ ਦੇ ਸੌਦਾਗਰ (1981), ਡੂੰਘੇ ਪਾਣੀਆਂ ਦਾ ਦੁੱਖ (1988), ਬਲਦੀ ਬਰਫ਼ ਦਾ ਸੇਕ (2007) ਅਤੇ ਸੂਲਾਂ ਦਾ ਸਾਲਣ (2015) ਨਾਲ਼ ਪੰਜਾਬੀ ਕਹਾਣੀ ਜਗਤ 'ਚ ਆਪਣੇ ਆਪ ਨੂੰ ਸਥਾਪਿਤ ਕਰ ਚੁੱਕਾ ਹੈ।

ਖ਼ਾਲਿਦ ਹੁਸੈਨ ਆਪਣੀ ਕਹਾਣੀ ਸਿਰਜਣ ਪ੍ਰਕਿਰਿਆ ਬਾਰੇ ਬੜਾ ਸਜੱਗ ਅਤੇ ਸੁਚੇਤ ਹੈ। ਉਹ ਇਸ਼ਕ ਮਲੰਗੀ ਦੇ ਆਰੰਭ 'ਚ ਦਰਜ 'ਮੈਂ ਤੇ ਮੇਰੀ ਰਚਨਾ' 'ਚ ਆਪਣੀ ਕਹਾਣੀ ਦੀ ਕਹਾਣੀ ਸੁਣਾਉਂਦਿਆਂ ਕਹਿੰਦਾ ਹੈ ਕਿ ਜਦ ਮੈਂ ਅਦਬੀ ਅਖਾੜੇ 'ਚ ਨਵਾਂ-ਨਵਾਂ ਉਤਰਿਆ ਤਾਂ ਮੈਨੂੰ ਲੰਗੋਟ ਬੰਨ੍ਹਣਾ ਵੀ ਨਹੀਂ ਸੀ ਆਉਂਦਾ। ਹੌਲ਼ੀ-ਹੌਲ਼ੀ ਮੇਰੇ ਸਿਦਕ ਨੂੰ ਦੇਖ ਕੇ ਇਸ ਅਖਾੜੇ ਦੇ ਰੁਸਤਮ ਪਹਿਲਵਾਨ ਮੈਨੂੰ ਸਬਕ ਪੜ੍ਹਾਉਣ ਲੱਗੇ। ਜੇ ਤੂੰ ਆਮ ਲੋਕਾਂ ਦੇ ਅਖਾੜੇ ਵਿੱਚ ਕੁਸ਼ਤੀ ਲੜੇਂਗਾ, ਉਨ੍ਹਾਂ ਵਰਗਾ ਲੰਗੋਟ ਪਾਵੇਂਗਾ, ਉਨ੍ਹਾਂ ਵਾਂਗਰ ਜੀਵਨ ਗੁਜ਼ਾਰੇਂਗਾ, ਉਨ੍ਹਾਂ ਦੀਆਂ ਖ਼ੁਸ਼ੀਆਂ ਤੇ ਦੁੱਖ-ਦਰਦ ਨੂੰ ਪਛਾਣੇਂਗਾ ਤਾਂ ਤੂੰ ਅਦਬੀ ਅਖਾੜੇ ਦਾ ਵਧੀਆ ਭਲਵਾਨ ਬਣ ਸਕੇਂਗਾ ਅਤੇ ਦੁਨੀਆਂ ਵਿਚ ਆਪਣਾ ਨਾਮ ਕਮਾਵੇਂਗਾ ਤਾਂ ਲੋਕੀਂ ਤੈਨੂੰ ਖ਼ਾਲਿਦ ਹੁਸੈਨ ਪੱਠਾ ਸ਼ੋਲੋਖੋਵ ਕਹਿਣਗੇ। ਤੇਰਾ ਸਾਹਿਤ ਲੋਕਾਈ ਦੇ ਦਿਲਾਂ 'ਚ ਆਪਣੀ ਥਾਂ ਬਣਾਏਗਾ। ਅੰਗਰੇਜ਼ੀ ਨਾਵਲਕਾਰ ਸਲਮਾਨ ਰਸ਼ਦੀ ਆਪਣੀ ਯਾਦਾਂ ਦੀ ਕਿਤਾਬ 'ਜੋਸਫ਼ ਐਨਤਨ' 'ਚ ਕੁੱਝ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦਾ ਹੈ ਕਿ ਕਿਤਾਬ ਲਿਖਣਾ ਫਾਸਟੀਅਨ ਅਨੁਬੰਧ ਨੂੰ ਉਲਟਾਉਣ ਵਾਂਗ ਹੈ। ਅਮਰ ਹੋਣ ਲਈ ਜਾਂ ਘੱਟੋ ਘੱਟ ਅਗਲੀ ਪੀੜ੍ਹੀ ਤੱਕ ਪਹੁੰਚਣ ਲਈ ਤੁਸੀਂ ਆਪਣਾ ਰੋਜ਼ਾਨਾ ਜੀਵਨ ਜਾਂ ਤਾਂ ਗਵਾਅ ਰਹੇ ਹੁੰਦੇ ਹੋ ਜਾਂ ਉਸਨੂੰ ਬਰਬਾਦ ਕਰ ਰਹੇ ਹੁੰਦੇ ਹੋ।

ਖ਼ਾਲਿਦ ਹੁਸੈਨ ਕਹਾਣੀ ਬਾਰੇ ਕਈ ਵੱਡੇ ਲੇਖਕਾਂ, ਚਿੰਤਕਾਂ ਅਤੇ ਦਾਰਸ਼ਨਿਕਾਂ ਦੇ ਵਿਚਾਰਾਂ ਤੋਂ ਵੀ ਜਾਣੂ ਹੈ ਜਿਵੇਂ ਜੇਮਜ਼ਲਿੰਨ ਨੇ ਕਿਹਾ ਕਿ

ਕਹਾਣੀ ਕਿਸੇ ਇੱਕ ਪਾਤਰ, ਇੱਕ ਘਟਨਾ ਜਾਂ ਕਿਸੇ ਜਜ਼ਬੇ ਨੂੰ ਪੇਸ਼ ਕਰਨ ਦਾ ਨਾਂ ਹੈ। ਲਾਰਿਸ ਨੇ ਕਿਹਾ ਕਿ ਅਜਿਹੀਆਂ ਕਹਾਣੀਆਂ ਲਿਖ ਕੇ ਜਿਨ੍ਹਾਂ ਨੂੰ ਪੜ੍ਹ ਕੇ ਪਾਠਕਾਂ ਦੇ ਜਿਨਸੀ ਜਜ਼ਬੇ ਨੂੰ ਸਕੂਨ ਮਿਲੇ। ਫਰਾਇਡ ਨੇ ਕਿਹਾ ਕਿ ਕਹਾਣੀ 'ਚ ਮਨੁੱਖੀ ਵਜੂਦ, ਮਨੋਵਿਗਿਆਨ ਤੇ ਸੈਕਸ ਦੀ ਗੱਲ ਕਰਨੀ ਚਾਹੀਦੀ ਹੈ। ਵਰਜੀਨੀਆ ਵੂਲਫ਼ ਦਾ ਕਹਿਣਾ ਹੈ ਕਿ ਜੀਵਨ ਚਾਨਣ ਦਾ ਅਜਿਹਾ ਸਰੋਵਰ ਹੈ ਜਿਸ 'ਚ ਗਿਆਨ ਤੇ ਅਕਲ ਦੇ ਚਸ਼ਮੇ ਉਭਰਦੇ ਹਨ। ਮਾਰਕਸ ਨੇ ਆਰਥਿਕ ਲੋੜਾਂ 'ਤੇ ਕਾਬੂ ਪਾਉਣ ਅਤੇ ਗ਼ਰੀਬੀ ਦੇ ਮਸਲਿਆਂ ਨੂੰ ਸੁਲਝਾਉਣ ਦੀ ਬਾਤ ਪਾਈ। ਖ਼ਾਲਿਦ ਹੁਸੈਨ ਮੋਪਾਸਾਂ, ਸਾਰਤਰ, ਚੈਖ਼ਵ, ਓ. ਹੈਨਰੀ, ਸਮਰਸੈਟ ਮਾਮ, ਪੁਸ਼ਕਿਨ, ਪ੍ਰੇਮ ਚੰਦ, ਟੈਗੋਰ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਬਲਵੰਤ ਸਿੰਘ, ਸਆਦਤ ਹਸਨ ਮੰਟੋ ਤੋਂ ਵੀ ਪ੍ਰਭਾਵਿਤ ਹੋਇਆ ਪਰ ਅਸਲ 'ਚ ਉਹ ਆਪਣਾ ਮੁਰਸ਼ਦ ਸਾਈਂ ਬੁੱਲ੍ਹੇ ਸ਼ਾਹ ਨੂੰ ਮੰਨਦਾ ਹੈ;

*'ਇਲਮੋਂ ਬੱਸ ਕਰੀਂ ਓ ਯਾਰ*
*ਇਕ ਅਲਫ਼ ਤੇਰੇ ਦਰਕਾਰ'*

ਮੁਰਸ਼ਦ ਦਾ ਕਹਿਣਾ ਹੈ ਕਿ ਇਸ 'ਅਲਫ਼' ਦਾ ਗਿਆਨ ਤਾਂ ਦਿਲੋਂ ਫੁੱਟਦਾ ਹੈ। ਇਹ 'ਅਲਫ਼' ਜਦ ਕਿਸੇ ਰਚਨਾ ਦਾ ਰੂਪ ਧਾਰ ਲੈਂਦਾ ਹੈ, ਤਾਂ ਰੂਹ ਦੀ ਝੋਲੀ ਖ਼ੁਸ਼ੀਆਂ ਨਾਲ਼ ਭਰ ਦਿੰਦਾ ਹੈ। ਫ਼ਨਕਾਰ, ਸਾਹਿਤਕਾਰ ਤੇ ਸ਼ਾਇਰ ਬਨਣ ਲਈ ਮਨੁੱਖ ਅੰਦਰ ਇਸ 'ਅਲਫ਼' ਦਾ ਹੋਣਾ ਬਹੁਤ ਜ਼ਰੂਰੀ ਹੈ। ਖ਼ਾਲਿਦ ਹੁਸੈਨ ਦਾ ਕਹਿਣਾ ਹੈ; 'ਮੇਰੇ ਅੰਦਰ ਦੇ 'ਅਲਫ਼' ਨੂੰ ਖ਼ਲੀਲ ਜ਼ਿਬਰਾਨ ਦੀ ਇਹ ਗੱਲ ਵੀ ਬੜੀ ਚੰਗੀ ਲੱਗੀ ਕਿ ਸੱਚਾ ਅਦੀਬ ਤੇ ਸ਼ਾਇਰ ਇੱਕ ਪੈਗ਼ੰਬਰ ਹੁੰਦਾ ਹੈ। ਉਸਦਾ ਮਨ ਆਜ਼ਾਦ ਪੰਛੀ ਹੁੰਦਾ ਹੈ ਅਤੇ ਕੋਈ ਵੀ ਤਾਕਤ ਪੰਛੀ ਨੂੰ ਕੈਦ ਨਹੀਂ ਕਰ ਸਕਦੀ।

'ਇਸ਼ਕ ਮਲੰਗੀ' 'ਚ ਕੁੱਲ ਬਾਈ ਕਹਾਣੀਆਂ ਹਨ ਜਿਨ੍ਹਾਂ ਦਾ ਬਿਰਤਾਂਤਕ ਪੈਰਾਡਾਇਮ ਸਮਝਣ ਲਈ ਇਨ੍ਹਾਂ ਦੇ ਵੱਥ/ਵਸਤੂ ਅਤੇ ਰੂਪ ਦੀ ਇਕਜੁਟਤਾ 'ਚੋਂ ਕਈ ਕੈਟੇਗਰੀਜ਼ ਬਣਦੀਆਂ ਦਿਖਾਈ ਦਿੰਦੀਆਂ ਹਨ। ਗਾਇਤਰੀ ਚੱਕਰਵਰਤੀ ਸਪੀਵਾਕ ਆਪਣੀ ਕਿਤਾਬ 'Can Subaltren Speaks ?' 'ਚ ਲਿਖਦੀ ਹੈ ਕਿ ਕਿਸੇ ਵੀ ਲਿਖਤ ਨੂੰ ਪੂਰੀ ਤਰ੍ਹਾਂ ਸਮਝਣ ਤੇ ਆਤਮਸਾਤ ਕਰਨ ਲਈ 'Categorical Essentialism' ਮਜਬੂਰੀ ਹੈ ਤਾਂ ਕਿ ਪਾਠ ਦੇ ਜਗਤ 'ਚ ਸਹਿਜ ਨਾਲ ਪ੍ਰਵੇਸ਼ ਕੀਤਾ ਜਾ ਸਕੇ।

'ਇਸ਼ਕ ਮਲੰਗੀ' ਦੀਆਂ ਕਹਾਣੀਆਂ ਦੇ ਬਿਰਤਾਂਤਕ ਪੈਰਾਡਾਇਮ 'ਚੋਂ

ਜੋ ਪਹਿਲੀ ਕੈਟੇਗਰੀ ਉੱਭਰਦੀ ਹੈ ਉਹ ਹੈ ਦੇਸ਼ ਵੰਡ ਨਾਲ਼ ਜੁੜੇ ਮਸਲੇ ਅਤੇ ਮਾਨਵੀ ਸਰੋਕਾਰ। 'ਬਾਜੀ ਬਲਕੀਸ' ਅਜਿਹੀ ਹੀ ਇਕ ਕਹਾਣੀ ਹੈ ਜਿਸ 'ਚ ਦੇਸ਼ ਵੰਡ ਕਾਰਨ ਕਿਵੇਂ ਰਿਸ਼ਤਿਆਂ ਦਾ ਲਹੂ ਚਿੱਟਾ ਹੋ ਜਾਂਦਾ ਅਤੇ ਜਨਮ ਭੌਇ ਦਾ ਭੂ-ਹੇਰਵਾ ਮਰਦੇ ਦਮ ਤੱਕ ਦਿਲਾਂ 'ਚ ਘਰ ਕਰੀ ਰੱਖਦਾ ਹੈ। ਇਸ ਕਹਾਣੀ ਦਾ ਆਰੰਭ ਉਰਦੂ ਦੇ ਇਕ ਸ਼ਿਅਰ ਨਾਲ ਹੁੰਦਾ ਹੈ;

*'ਦੀਮਕ ਜ਼ਦਹ ਕਿਤਾਬ ਥੀ ਯਾਦੋਂ ਕੀ ਜ਼ਿੰਦਗੀ*
*ਹਰ ਵਰਕ ਖੋਲਨੇ ਕੀ ਖ਼ੁਆਹਿਸ਼ ਮੇਂ ਫ਼ਟ ਗਿਆ।'*

ਇਹੋ ਸਿਊਂਕ ਦਾ ਰੂਪਕ ਕਥਾ ਬਿਰਤਾਂਤ ਦੀਆਂ ਪਰਤਾਂ ਦਰ ਪਰਤਾਂ ਖੋਲ੍ਹਦਾ ਹੈ; 'ਬਲਵਈ ਸਿਊਂਕ ਵਾਂਗਰ ਤਬਾਹੀ ਮਚਾਅ ਗਏ ਸਨ। ਤੁਹਾਨੂੰ ਤਾਂ ਪਤਾ ਹੀ ਏ ਸਿਊਂਕ ਜਿਸ ਘਰ ਨੂੰ ਲੱਗੇ ਕੱਖ ਨਾ ਛੱਡੇ'। ਇਹ ਕਹਾਣੀ ਜੰਮੂ ਦੇ ਪੁਲਿਸ ਇੰਸਪੈਕਟਰ ਖ਼ੁਆਜਾ ਹਮੀਦ ਤੇ ਉਸਦੀ ਬੀਵੀ ਬਲਕੀਸ ਦੇ ਦੇਸ਼ ਵੰਡ ਕਾਰਨ ਪੈਦਾ ਹੋਏ ਦੁੱਖਾਂ ਦੀ ਹੈ ਜੋ ਰਿਸ਼ਤਿਆਂ ਦੇ ਮੋਹ ਕਾਰਣ ਦੇਸ਼ ਵੰਡ ਤੋਂ ਕਾਫ਼ੀ ਅਰਸਾ ਬਾਅਦ ਪਾਕਿਸਤਾਨ ਚਲੇ ਜਾਂਦੇ ਹਨ ਅਤੇ ਰਿਸ਼ਤੇਦਾਰਾਂ ਦੇ ਲੋਭ ਦਾ ਸ਼ਿਕਾਰ ਹੋ ਮੁਫ਼ਲਿਸੀ ਹੰਢਾਉਂਦੇ ਰੋਟੀ-ਰੋਟੀ ਦੇ ਮੁਹਤਾਜ ਹੋ ਜਾਂਦੇ ਹਨ। ਖ਼ੁਆਜਾ ਹਮੀਦ ਮੌਤ ਉਡੀਕਦਾ ਜੰਮਣ ਭੌਇ ਜੰਮੂ ਦਾ ਭੂ-ਹੇਰਵਾ ਪਾਲ਼ੀ ਰੱਖਦਾ ਪਰ ਅੰਤ ਉੱਥੇ ਦੀ ਸਾਰੀ ਜਾਇਦਾਦ ਸਮੇਟ ਕੇ ਪੈਸੇ ਡੁੱਬਈ ਭੇਜ ਦਿੰਦਾ ਹੈ ਜਿਨ੍ਹਾਂ ਨੂੰ ਉਸਦੇ ਸਾਲੇ ਹੀ ਮਾਰ ਜਾਂਦੇ ਹਨ। ਖ਼ੁਆਜਾ ਹਮੀਦ ਝੂਰਦਾ ਫੌਤ ਹੋ ਜਾਂਦਾ ਹੈ। ਬਲਕੀਸ ਕਹਾਣੀ ਦੇ ਵਕਤਾ ਨੂੰ ਬਾਰ-ਬਾਰ ਬੇਨਤੀ ਕਰਦੀ ਹੈ ਕਿ ਜੰਮੂ ਦੀ ਮਿੱਟੀ ਲਿਆ ਦੇਵੇ ਤਾਂ ਕਿ ਖ਼ੁਆਜਾ ਦੀ ਕਬਰ ਦੀ ਮਿੱਟੀ ਨਾਲ ਮਿਲਾ ਦੇਵੇ। ਇਸ ਕਹਾਣੀ ਦਾ ਅੰਤ ਬੜਾ ਮਾਰਮਿਕ ਹੈ; 'ਜੰਮੂ ਤੋਂ ਲਿਆਂਦੀ ਮਿੱਟੀ ਦਾ ਤੋੜਾ ਉਹਦੇ ਨਾਲ਼ ਸੀ। ਬਾਜੀ ਬਲਕੀਸ ਤੇ ਖ਼ੁਆਜਾ ਹਮੀਦ ਦੀਆਂ ਕਬਰਾਂ ਨਾਲ਼-ਨਾਲ਼ ਸਨ, ਜਿਨ੍ਹਾਂ ਨੂੰ ਵੇਖ ਖ਼ਾਲਿਦ ਦੇ ਦਿਲ 'ਚ ਡਾਢੀ ਹੂਕ ਉੱਠੀ। ਉਹਨੇ ਕਬਰਾਂ 'ਤੇ ਜੰਮੂ ਦੀ ਮਿੱਟੀ ਪਾਈ, ਫਾਤਿਹਾ ਪੜ੍ਹੀ ਤੇ ਕਬਰਸਤਾਨ ਤੋਂ ਬਾਹਰ ਨਿਕਲ ਆਇਆ ਪਰ ਕਬਰਸਤਾਨ ਦੇ ਕਿਸੇ ਰੁੱਖ ਤੋਂ ਸੁਣੇਂਦੀ ਕੋਇਲ ਦੀ ਮਾਤਮੀ ਕੂਕ ਉਹਦੀ ਰੂਹ ਨੂੰ ਝਰਵੰਡ ਰਹੀ ਸੀ'।

'ਆਹੀ ਦਾ ਬਾਲਣ' ਕਹਾਣੀ ਦੇਸ਼ ਵੰਡ ਕਾਰਨ ਪੈਦਾ ਹੋਈ ਸਰਹੱਦ ਦੀ ਵਜ੍ਹਾ ਕਰਕੇ ਦੁਖੀ ਔਰਤ ਰਾਬਿਆ ਦਾ ਬੜਾ ਸੰਵੇਦਨਸ਼ੀਲ ਬਿਰਤਾਂਤ ਹੈ ਜੋ ਰਾਬਿਆ 'ਤੇ ਪਾਖੰਡੀ ਪਿੱਤਰਕੀ ਦੇ ਪ੍ਰਤੀਕ ਪਾਤਰ ਅਨਵਰ ਹੱਥੋਂ ਹੋਏ ਸੋਸ਼ਣ

ਅਤੇ ਜ਼ੁਲਮ ਦੇ ਇਰਦ-ਗਿਰਦ ਉਸਰਦਾ ਹੈ। ਇਸ ਕਹਾਣੀ ਅੰਤ ਸਰਹੱਦ ਨੂੰ ਕੰਡਿਆਲ਼ੀ ਤਾਰ ਨੂੰ ਰੂਪਤਾਮਕ ਭਾਸ਼ਾ ਵਿਧੀ ਨਾਲ਼ ਰੂਪਾਂਤਰਿਤ ਕੀਤਾ ਹੈ। 'ਜੁੱਤੀ ਕਸੂਰੀ' ਕਹਾਣੀ 'ਚ ਭਾਰਤ ਪਾਕਿਸਤਾਨ 'ਚ ਵੰਡ ਹੋ ਜਾਣ ਕਾਰਣ ਵੀ ਮਾਨਵੀ ਰਿਸ਼ਤੇ ਅਤੇ ਮੋਹ ਦੀਆਂ ਕਦਰਾਂ-ਕੀਮਤਾਂ ਅਤੇ ਨੈਤਿਕਤਾ ਦੇ ਸਰੋਕਾਰਾਂ ਦੇ ਬਣੇ ਰਹਿਣ ਗਿਰਦ ਉਸਰਿਆ ਬਿਰਤਾਂਤ ਹੈ। ਡਿਵੀਜ਼ਨਲ ਕਮੀਸ਼ਨਰ ਜੰਮੂ ਇਕਬਾਲ, ਉਸਦੀ ਪੁਰਾਣੀ ਕਾਰਪੋਰੇਟਰ ਦੋਸਤ ਨਮਰਤਾ ਅਤੇ ਉਸਦੀ ਪੱਤਰਕਾਰ ਸਹੇਲੀ ਰਾਜੌਰੀ ਜ਼ਿਲ੍ਹੇ 'ਚ ਪੈਂਦੇ ਸੁਚੇਤਗੜ੍ਹ ਵਿਖੇ ਭਾਰਤ-ਪਾਕਿ ਬਾਰਡਰ ਦੇਖਣ ਜਾਂਦੇ ਹਨ। ਉੱਥੇ ਨੋ ਮੈਨਜ਼ ਲੈਂਡ 'ਤੇ ਪਾਕਿਸਤਾਨ ਦੇ ਡਸਕਾ ਨਾਮੀਂ ਸਥਾਨ ਤੋਂ ਆਈ ਕੁੜੀ ਆਲੀਆ ਦੇ ਪੈਰੀਂ ਪਾਈ ਜੁੱਤੀ ਦੇਖ ਪੁੱਛਦੀ ਹੈ, ਇਹ ਸੋਹਣੀ ਜੁੱਤੀ ਕਿੱਥੇ ਦੀ ਬਣੀ ਹੈ? "ਕਸੂਰ ਦੀ ਜੁੱਤੀ ਹੈ। ਆਲੀਆ ਸੁਰਿੰਦਰ ਕੌਰ ਦੇ ਗਾਏ ਗੀਤ ਦਾ ਜ਼ਿਕਰ ਕਰਦੀ ਹੈ,

*'ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ'*

ਤੇ ਦੱਸਦੀ ਹੈ ਕਿ ਕਸੂਰ ਦੀਆਂ ਜੁੱਤੀਆਂ ਤੇ ਖੁੱਸੇ ਪੂਰੀ ਦੁਨੀਆਂ 'ਚ ਮਸ਼ਹੂਰ ਹਨ ਅਤੇ ਨਾਲ਼ ਹੀ ਜੁੱਤੀ ਤੋਹਫ਼ੇ ਵਜੋਂ ਨਮਰਤਾ ਨੂੰ ਭੇਂਟ ਕਰ ਦਿੰਦੀ ਹੈ। ਬਿਰਤਾਂਤ 'ਚ ਇਸ ਸੱਭਿਆਚਾਰਕ ਪੁੱਠ ਨਾਲ਼ ਦੋਹਾਂ ਦਰਮਿਆਨ ਇੱਕ ਸਾਂਸਕ੍ਰਿਤਕ ਭਾਸ਼ਾ ਦਾ ਸੰਵਾਦੀ ਪਰਿਪੇਖ ਸਿਰਜਿਆ ਜਾਂਦਾ ਹੈ। ਨਮਰਤਾ ਇਸ ਘਟਨਾ ਤੋਂ ਬਾਅਦ ਬੜੀ ਭਾਵੁਕ ਹੋ ਜਾਂਦੀ ਹੈ ਅਤੇ ਦੋਹਾਂ ਮੁਲਕਾਂ ਦਰਮਿਆਨ ਅਮਨ ਤੇ ਸ਼ਾਂਤੀ ਦੀ ਅਰਦਾਸ ਕਰਦੀ ਹੈ।

'ਲਕੀਰ' ਦਾ ਬਿਰਤਾਂਤ ਵੀ ਵੰਡ ਦੀ ਰਾਜਨੀਤੀ 'ਚ ਸੱਤਾ ਅਤੇ ਉਸ ਨਾਲ਼ ਜੁੜੇ ਕਾਇਦੇ ਕਾਨੂੰਨਾਂ ਦੀ ਭੂਮਿਕਾ ਤੇ ਮਾਨਵੀ ਰਿਸ਼ਤਿਆਂ ਦੀ ਹੋਣੀ ਦੇ ਕੱਚ-ਸੱਚ ਦੇ ਅਮੂਰਤਨ 'ਚ ਕਾਰਜਸ਼ੀਲ ਵਿਰੋਧਾਭਾਸਾਂ ਦੀ ਪੇਸ਼ਕਾਰੀ ਹੈ। ਇਸ ਦਾ ਕਥਾਨਕ ਵੰਡ ਕਾਰਨ ਪੈਦਾ ਹੋਏ ਸਜਾਵਲ ਤੇ ਸਾਬਰੀ ਦੇ ਵਿਛੋੜੇ ਪ੍ਰਤਿ ਵਰਤਮਾਨ ਸੱਤਾ-ਰਾਜਨੀਤੀ ਹੁਣ ਵੀ ਕਿੰਨੀ ਬੇਹਿਸ ਤੇ ਬੇਰਹਿਮ ਹੈ, ਦੀ ਤ੍ਰਸਾਦੀ ਦੇ ਗਿਰਦ ਸਿਰਜਿਆ ਗਿਆ ਹੈ। ਇਸ ਬਿਰਤਾਂਤ ਦੇ ਅੰਤ 'ਚ ਜਦ ਬੇਬੇ ਸਾਬਰੀ ਨੋ-ਮੈਨਜ਼ ਲੈਂਡ 'ਤੇ ਪਹੁੰਚ ਡਿੱਗ ਪੈਂਦੀ ਹੈ ਤਾਂ ਉਹਨੂੰ ਚੁੱਕਣ ਲਈ ਦੋਹਾਂ ਮੁਲਕਾਂ ਦੇ ਸਰਹੱਦੀ ਮੁਹਾਫ਼ਿਜ਼ ਦੌੜਦੇ ਹਨ ਪਰ ਬੇਬੇ ਦੀ ਰੂਹ ਦੇਹ ਛੱਡ ਸਾਰੇ ਕਾਇਦੇ ਕਾਨੂੰਨਾਂ ਤੋਂ ਆਜ਼ਾਦ ਹੋ ਜਾਂਦੀ ਹੈ। 'ਸੋਨੇ ਦੀ ਝਕਰੀ' ਕਹਾਣੀ ਦਾ ਬਿਰਤਾਂਤ ਵੀ ਦੇਸ਼ ਵੰਡ ਦੇ ਦੁਖਾਂਤ 'ਚੋਂ ਉਸਰਦਾ ਹੈ। ਨਵੀਂ ਪੀੜ੍ਹੀ ਜਿਸ 'ਤੇ ਇੱਕ ਖ਼ਾਸ ਫ਼ਿਰਕੇ

ਪ੍ਰਤੀ ਧਾਰਮਿਕ ਕੱਟੜਤਾ ਕੁੱਟ-ਕੁੱਟ ਕੇ ਭਰੀ ਹੈ, ਨੂੰ ਜਦੋਂ ਪੁਰਾਣੀ ਪੀੜ੍ਹੀ ਦੀ ਇਮਾਨਦਾਰੀ ਅਤੇ ਦਿਆਨਤਦਾਰੀ ਜਿਹੇ ਮਾਨਵੀ ਗੁਣਾਂ ਦਾ ਪਤਾ ਚੱਲਦਾ ਹੈ ਤਾਂ ਉਹ ਸੋਚੀਂ ਪੈ ਜਾਂਦੀ ਹੈ। ਇਹ ਸੋਚੀਂ ਪੈ ਜਾਣ ਦਾ ਦ੍ਰਿਸ਼ਟਾਂਤ ਹੀ ਇਸਨੂੰ ਰੋਲਾਂ ਬਾਰਥ ਦੀ ਕਿਤਾਬ 'Writing Degree Zero' 'ਚ ਦੱਸੇ ਸੰਕਲਪ ਅਨੁਸਾਰ 'ਪੜ੍ਹਨਯੋਗ' ਬਿਰਤਾਂਤ ਬਣਾਉਂਦਾ ਹੈ।

ਕਸ਼ਮੀਰ ਸਮੱਸਿਆ ਦੇ ਕਾਰਣਾਂ, ਪਿੱਛੇ ਕਾਰਜਸ਼ੀਲ ਰਾਜਨੀਤੀ, ਕੂਟਨੀਤੀ ਅਤੇ ਸਵਾਰਥਾਂ ਨੂੰ ਨੇੜਿਓਂ ਡਿੱਠਾ ਹੋਣ ਅਤੇ ਡੂੰਘੀ ਨੀਝ 'ਚੋਂ ਉਭਰੇ ਪ੍ਰਮਾਣਿਕ ਅਨੁਭਵ ਦੀ ਖ਼ਾਲਿਦ ਹੁਸੈਨ ਦੀ ਸਿਧਾਂਤਕ ਸਮਝ (Polimical Understanding) ਅਤੇ ਸੰਵੇਦਨਾ ਬੜੀ ਗ਼ਹਿਰੀ, ਗੰਭੀਰ ਅਤੇ ਪ੍ਰਬੁੱਧ (Profound) ਹੈ। 'ਇਕ ਮਰੇ ਬੰਦੇ ਦੀ ਕਹਾਣੀ' ਕਸ਼ਮੀਰ ਸੰਕਟ 'ਚ ਦਹਿਸ਼ਤਗਰਦੀ ਦੇ ਮਾਹੌਲ 'ਚ ਵੀ ਮਾਨਵੀ ਕਦਰਾਂ ਦੀ ਹਿਮਾਇਤ ਤੇ ਉਨ੍ਹਾਂ ਉਪਰ ਕਾਇਮ ਰਹਿਣ ਦੀ ਹਿੰਮਤ ਤੇ ਜ਼ਾਹਰਾਦਿਲੀ ਨੂੰ ਪੇਸ਼ ਕੀਤਾ ਗਿਆ ਹੈ। ਇਸ ਦੇ ਕਥਾਨਕ 'ਚ ਇਹ ਕਿਹਾ ਗਿਆ ਹੈ ਕਿ ਦਹਿਸ਼ਤਗਰਦ ਹਾਲਾਤ ਅਤੇ ਪ੍ਰਸਥਿਤੀਆਂ ਦੀ ਸਿਤਮਜ਼ਰੀਫ਼ੀ ਦੀ ਪੈਦਾਵਾਰ ਹੁੰਦੇ ਨੇ ਅਤੇ ਉਨ੍ਹਾਂ ਅੰਦਰ ਵੀ ਇਨਸਾਨੀਅਤ ਤੱਤ-ਬੀਜੀ ਰੂਪ 'ਚ ਮੌਜੂਦ ਹੁੰਦੀ ਹੈ। ਕਸ਼ਮੀਰ ਦੀ ਸਮੱਸਿਆ ਗਿਰਦ ਉਸਰੇ ਇਸ ਬਿਰਤਾਂਤ 'ਚ ਇਹ ਦਰਸਾਇਆ ਗਿਆ ਹੈ ਕਿ ਕਿਵੇਂ ਆਮ ਸਾਧਾਰਣ ਆਦਮੀ ਅੱਤਵਾਦ 'ਚ ਜਾਣੇ-ਅਣਜਾਣੇ ਆ ਫਸਦਾ ਹੈ ਪਰ ਉਲਟ ਪ੍ਰਸਥਿਤੀਆਂ ਦੇ ਹੋਣ ਦੇ ਬਾਵਜੂਦ ਵੀ ਮੂਲ ਇਨਸਾਨੀ ਕਦਰਾਂ-ਕੀਮਤਾਂ ਅਤੇ ਬੰਦੇ ਅੰਦਰ ਪਈ ਸੁੱਤੀ ਪਈ ਨੈਤਿਕਤਾ ਸਮੇਂ ਸਿਰ ਜਾਗ ਹੀ ਪੈਂਦੀ ਹੈ।

'ਦੀਵਾ ਬਲੇ ਉਜਾੜੀ' ਕਹਾਣੀ ਕਰਨਲ ਨਿਰਮਲ ਭਾਟੀਆ, ਉਸਦੇ ਬੇਟੇ ਕੈਪਟਨ ਆਦਰਸ਼ ਅਤੇ ਕਸ਼ਮੀਰੀ ਕੁੜੀ ਰੁਖ਼ਸਾਨਾ ਦੇ ਗਿਰਦ ਉਸਰਿਆ ਬਿਰਤਾਂਤ ਹੈ। ਕੈਪਟਨ ਨਿਰਮਲ ਦੀ ਯੂਨਿਟ ਦੇ ਸਿਪਾਹੀ ਵੱਲੋਂ ਚਲਾਈ ਗੋਲੀ ਕਾਰਣ ਰੁਖ਼ਸਾਨਾ ਦਾ ਪਿਓ ਗ਼ੁਲਾਮ ਅਲੀ ਮਾਰਿਆ ਜਾਂਦਾ ਹੈ। ਇਸ ਦੁਖਦਾਈ ਤੇ ਅਣਚਾਹੀ ਘਟਨਾ ਦੇ ਖ਼ਸਾਰੇ ਲਈ ਕਰਨਲ ਨਿਰਮਲ ਨੇਕੀ ਦੀ ਭਾਵਨਾ ਤਹਿਤ ਉਸਨੂੰ ਗੋਦ ਲੈ ਕੇ ਪੜ੍ਹਾਈ-ਲਿਖਾਈ ਕਰਵਾ ਕੇ ਚੰਗਾ ਪਾਲਣ-ਪੋਸ਼ਣ ਕਰਦਾ ਹੈ। ਨੇਕੀ ਬਾਰੇ ਭਾਰਤੀ ਤੇ ਪੱਛਮੀ ਦਰਸ਼ਨ 'ਚ ਬੜੇ ਪ੍ਰਸੰਗ ਮਿਲ ਜਾਂਦੇ ਹਨ ਪਰ ਇਥੇ ਸੁਕਰਾਤ ਬਾਰੇ ਪਲੈਟੋ ਦਾ 'ਮੇਨੋ ਦੇ ਸੰਵਾਦ' ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ 'ਚ ਸੁਕਰਾਤ ਆਪਣੇ ਦੋਸਤਾਂ ਕੋਲੋਂ ਸਵਾਲ ਪੁੱਛਦਾ ਹੈ: "ਜਿਵੇਂ ਤਨ ਦੇ ਗਹਿਣੇ ਅਤੇ ਕੱਪੜੇ ਹਨ, ਰੂਹ ਦਾ ਗਹਿਣਾ ਕੀ ਹੈ?" ਜਵਾਬ ਨਾ ਮਿਲਣ 'ਤੇ ਸੁਕਰਾਤ ਆਪ ਹੀ ਕਹਿੰਦਾ ਹੈ: "ਰੂਹ ਦਾ ਗਹਿਣਾ ਨੇਕੀ ਦੇ ਵਿਚਾਰ

ਹਨ"। ਇਸ ਦੌਰਾਨ ਕਰਨਲ ਭਾਟੀਆ ਦਾ ਬੇਟਾ ਕੈਪਟਨ ਆਦਰਸ਼ ਕਾਰਗਿਲ ਦੀ ਲੜਾਈ 'ਚ ਮਾਰਿਆ ਜਾਂਦਾ ਹੈ ਪਰ ਕਰਨਲ ਰੁਖ਼ਸਾਨਾ ਦੀ ਜ਼ਿੰਮੇਵਾਰੀ ਪੂਰਣ ਰੂਪ 'ਚ ਨਿਭਾਉਂਦਾ ਹੈ। ਇਸ ਭਾਵਨਾ ਨੂੰ ਪੱਛਮੀ ਦਾਰਸ਼ਨਿਕ ਹੈਨਰੀ ਬਰਗਸਾਂ 'The Two Sources of Morality and Religion' 'ਚ ਮਾਨਵਤਾ ਅਤੇ ਇਸ ਤੋਂ ਪੈਦਾ ਹੋਈ ਸਹਿਹੋਂਦ ਭਾਵ ਰਿਸ਼ਤੇ ਦੀ ਪਛਾਣ ਪ੍ਰਤੀ ਜ਼ਿੰਮੇਵਾਰੀ (Responsibility) ਕਹਿੰਦਾ ਹੈ।

'ਖੂਹ ਤੇ ਖਾਈ' ਦਾ ਬਿਰਤਾਂਤ ਵੀ ਕਸ਼ਮੀਰ ਸਮੱਸਿਆ ਦੇ ਨਾਲ਼-ਨਾਲ਼ ਭਾਰਤ ਪਾਕਿ ਦੇਸ਼ਾਂ ਦਰਮਿਆਨ ਸਰਹੱਦ ਕਾਰਨ ਕਿਵੇਂ ਮਾਨਵਤਾ ਜ਼ੁਲਮਾਂ ਦਾ ਸ਼ਿਕਾਰ ਹੁੰਦੀ ਹੈ, ਦੁਆਲ਼ੇ ਘੁੰਮਦਾ ਹੈ। ਸਲਾਮ ਪੰਡਿਤ ਭਾਰਤੀ ਫ਼ੌਜੀਆਂ ਵੱਲੋਂ ਆਪਣੀ ਭੈਣ ਨਾਲ਼ ਹੋਈ ਹੁਰਮਤੀ ਦਾ ਬਦਲਾ ਲੈਣ ਲਈ ਪਾਰ ਚਲਿਆ ਜਾਂਦਾ ਹੈ ਅਤੇ ਜਿਹਾਦ ਵਾਸਤੇ ਟ੍ਰੇਨਿੰਗ ਲੈਂਦਾ ਹੈ। ਕਸ਼ਮੀਰ 'ਤੇ ਉਸ ਸਿਰ ਉਪਰ ਅੱਤਵਾਦੀ ਘਟਨਾਵਾਂ ਕਾਰਨ ਵੱਡੇ ਇਨਾਮ ਦੀ ਘੋਸ਼ਣਾ ਹੈ। ਪਰ ਜਲਦੀ ਹੀ ਉਸਦਾ ਮਨ ਜਿਹਾਦ ਤੋਂ ਉਖੜ ਜਾਂਦਾ ਤੇ ਮਕਬੂਜ਼ਾ ਕਸ਼ਮੀਰ ਦੇ ਪਿੰਡ ਤੰਬੋਲੀ ਵਿਖੇ ਹੱਟੀ ਪਾ ਲੈਂਦਾ ਅਤੇ ਸਥਾਨਕ ਕੁੜੀ ਜੈਨਬ ਨਾਲ ਵਿਆਹ ਕਰ ਲੈਂਦਾ ਪਰ ਪਾਕਿ ਖ਼ੁਫ਼ੀਆ ਏਜੰਸੀਆਂ ਉਸਨੂੰ ਭਾਰਤੀ ਖ਼ਬਰੀ ਵਜੋਂ ਗ੍ਰਿਫ਼ਤਾਰ ਕਰ ਲੈਂਦੀਆਂ। ਜੈਨਬ ਸਲਾਮ ਪੰਡਿਤ ਦੀ ਸੱਚਾਈ ਦੱਸ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਪਰ ਕੋਈ ਨਹੀਂ ਉਸਦੀ ਸੁਣਦਾ। ਇਸ ਬਿਰਤਾਂਤ ਦਾ ਅੰਤ ਇਸ ਸੰਵਾਦ ਨਾਲ਼ ਹੁੰਦਾ ਜਿਸ ਪਿੱਛੇ ਅਰਥ ਬਹੁਭਾਵੀ ਅਤੇ ਬਹੁਪਰਤੀ ਹਨ: "ਆਹੋ ਸਾਹਿਬ ਜੀ! ਦੋਹਾਂ ਪਾਸੇ ਖ਼ਬਰੀ ਹੀ ਸੱਚ ਬੋਲਦੇ ਨੇ, ਬਾਕੀ ਸਭ ਝੂਠੇ"। 'ਜਿਉਂਦਿਆਂ ਮਰ ਰਹੀਏ' ਕਹਾਣੀ 'ਚ ਕਸ਼ਮੀਰ ਘਾਟੀ ਦੀ ਸਮੱਸਿਆ ਦਾ ਦਿਨੋ ਦਿਨ ਹੋਰ ਵੱਧ ਗੁੰਝਲਦਾਰ ਤੇ ਗੰਭੀਰ ਹੋਣ ਦੇ ਕਾਰਨਾਂ ਨੂੰ ਅਤੇ ਕਸ਼ਮੀਰੀਆਂ ਦੀ ਨਵੀਂ ਪੀੜ੍ਹੀ 'ਚ ਆ ਰਹੇ ਜੁਝਾਰੂ ਜਿਹਾਦ ਤੇ ਹਿੰਸਕ ਇਹਤਜਾਜ਼ ਦੇ ਨਵੇਂ ਰੁਝਾਨਾਂ ਨੂੰ ਦੋ ਕਾਲਪਨਿਕ ਤੇ ਮਿੱਥਕ ਪਾਤਰਾਂ ਯਾਜੂਜ ਅਤੇ ਮਾਜੂਜ (ਸ਼ਾਇਦ ਭਾਰਤ ਤੇ ਪਾਕਿ ਦੇ ਚਿਹਨ) ਰਾਹੀਂ ਜਾਦੂਈ ਯਥਾਰਥ ਦੀ ਭਾਸ਼ਾ ਅਤੇ ਫੰਤਾਸੀ ਦੀ ਜੁਗਤ ਨਾਲ਼ ਬਿਰਤਾਂਤ ਸਿਰਜਿਆ ਹੈ। ਜਾਦੂਈ ਯਥਾਰਥ ਜਿਵੇਂ ਇਸਦੇ ਨਾਮ ਤੋਂ ਹੀ ਸਪੱਸ਼ਟ ਹੈ, ਯਥਾਰਥ ਨੂੰ ਜਾਦੂਈ ਤਰੀਕੇ ਨਾਲ਼ ਪੇਸ਼ ਕਰਦਾ ਹੈ। ਮਿਲੀਸ਼ਾ ਸਟੀਵਾਰਟ ਆਪਣੀ ਕਿਤਾਬ 'Magical Realism' 'ਚ ਪੰਨਾ 477 'ਤੇ ਲਿਖਦੀ ਹੈ; 'ਜਾਦੂਈ ਯਥਾਰਥ 'ਚ ਅਸਲ (Real) ਨੂੰ ਸੁੱਟਿਆ ਨਹੀਂ ਜਾਂਦਾ ਬਲਕਿ ਇਸ ਵਿੱਚ ਵਾਧਾ ਕੀਤਾ ਜਾਂਦਾ ਹੈ'। ਇਸ ਪਰਿਭਾਸ਼ਾ ਤੋਂ ਇਹ ਸਮਝ ਆਉਂਦਾ ਹੈ ਕਿ ਜੋ ਕੁਝ ਯਥਾਰਥਵਾਦੀ ਤਕਨੀਕ ਨਾਲ ਨਹੀਂ ਕਿਹਾ ਜਾ ਸਕਦਾ, ਉਹ ਜਾਦੂਈ ਯਥਾਰਥ

ਵਿਧੀ ਨਾਲ਼ ਕਿਹਾ ਜਾ ਸਕਦਾ ਹੈ। ਇਸ ਪ੍ਰਕਾਰ ਯਥਾਰਥਵਾਦੀ ਵਿਧੀ ਦਾ ਸਮਰੱਥਾ ਵਿਚ ਵਾਧਾ ਕਰਦੀ ਹੈ। ਇਸ ਵਿੱਚ ਯਥਾਰਥ ਨੂੰ ਤਿਲਾਂਜਲੀ ਨਹੀਂ ਦਿੱਤੀ ਜਾਂਦੀ ਬਲਕਿ ਉਸਨੂੰ ਹੋਰ ਡੂੰਘਾਈ ਨਾਲ ਪੇਸ਼ ਕਰਦੀ ਹੈ।

'ਰੂਹ ਨਗਰ ਦਾ ਸਫ਼ਰਨਾਮਾ' ਦੇ ਬਿਰਤਾਂਤ ਨੂੰ ਕਸ਼ਮੀਰੀਅਤ ਦੀਆਂ ਦੋ ਮਹਾਨ ਅਧਿਆਤਮਕ, ਸੂਫ਼ੀ ਅਤੇ ਦਾਰਸ਼ਨਿਕ ਸ਼ਖ਼ਸੀਅਤਾਂ ਨੁੰਦ ਰਿਸ਼ੀ ਤੇ ਲੱਲਮਾਂ/ਲੱਲੇਸ਼ਵਰੀ ਦੇ ਮੈਟਾਫ਼ਰਾਂ ਰਾਹੀਂ ਸਹਿਹੋਂਦ ਤੇ ਸਦਭਾਵ ਦੇ ਮਾਨਵੀ ਸਰੋਕਾਰਾਂ ਨੂੰ ਜਾਦੂਈ ਯਥਾਰਥ ਦੀ ਭਾਸ਼ਾ ਅਤੇ ਫੰਤਾਸੀ ਦੀ ਜੁਗਤ ਨਾਲ਼ ਘੜਿਆ ਹੈ। ਵਕਤਾ ਨੂੰ ਇਨ੍ਹਾਂ ਦੋਹਾਂ ਨੇ ਕੌੜੀਆਂ ਕਸੈਲੀਆਂ ਅਤੇ ਖੰਡ ਮਿੱਠੀਆਂ ਰੂਹਾਂ ਨਾਲ਼ ਭਰੀ ਇਕ ਪੋਟਲੀ ਦਿੱਤੀ ਅਤੇ ਕਿਹਾ ਕਿ ਦੁੱਧ ਅਤੇ ਸ਼ੱਕਰ ਵਿੱਚ ਘੁਲ਼ੀਆਂ ਅਤੇ ਨਫ਼ਰਤ ਅਤੇ ਕ੍ਰੋਧ ਵਾਲੀਆਂ ਰੂਹਾਂ ਨੂੰ ਅੱਡ-ਅੱਡ ਕਰੇ ਅਤੇ ਉਨ੍ਹਾਂ ਨਾਲ਼ ਕਸ਼ਮੀਰ ਦੇ ਕਾਲੇ ਸਮਿਆਂ ਦੌਰਾਨ ਜੋ-ਜੋ ਵਾਪਰਿਆ ਉਸ ਬਾਰੇ ਦੱਸੇ। ਇੰਜ ਸੱਭਿਆਚਾਰਕ ਭਾਸ਼ਾ ਅਤੇ ਲੋਕ ਮਨ 'ਚ ਪਈਆਂ ਕਥਾ ਕਹਾਣੀਆਂ/ ਬਾਬਾਣੀਆਂ ਨਾਲ਼ ਇਸ ਖ਼ਾਲਿਦ ਹੁਸੈਨ ਨੇ ਆਪਣੇ 'ਸਮੇਂ ਦੀ ਆਤਮਾ' (ਜਿਸ ਲਈ ਜਰਮਨ ਭਾਸ਼ਾ ਦਾ ਸੰਕਲਪ ਹੈ, 'ਜੈਤਗੀਸਤ/Zeitgeist' ਜਿਸਦਾ ਭਾਵ ਹੈ, 'The spirit of the time, general trend of thought or feeling characterstic of a particular period of time' ਅਰਥਾਤ 'ਸਮੇਂ ਦੀ ਆਤਮਾ'।) ਨੂੰ ਸਮਝਣ ਦਾ ਯਤਨ ਕੀਤਾ ਹੈ। ਅਕਸਰ ਇਹ ਕਿਹਾ ਜਾਂਦਾ ਜਿਹੜੀਆਂ ਰਚਨਾਵਾਂ ਆਪਣੇ ਸਮੇਂ ਦੀ ਆਤਮਾ ਨੂੰ ਆਪਣੇ ਅਨੁਭਵ ਤੇ ਭਾਸ਼ਾ 'ਚ ਗੁੰਨ੍ਹ ਕੇ ਪੇਸ਼ ਕਰਦੀਆਂ ਹਨ ਉਹ ਹੀ ਪ੍ਰਮਾਣਿਕ ਅਤੇ ਕਾਲਜਈ ਹੁੰਦੀਆਂ ਹਨ। 'ਜਿਉਂਦੀਆਂ ਅੱਖਾਂ ਦੀ ਦਾਸਤਾਨ' ਵੀ ਜਾਦੂਈ ਯਥਾਰਥ ਅਤੇ ਫੰਤਾਸੀ ਦੀ ਜੁਗਤ ਰਾਹੀਂ ਕਸ਼ਮੀਰ ਦੀ ਸਮੱਸਿਆ ਤੋਂ ਪੈਦਾ ਹੋਈ ਹਿੰਸਾ ਅਤੇ ਜ਼ੁਲਮ ਦਾ ਸ਼ਿਕਾਰ ਬਣੀਆਂ ਰੂਹਾਂ ਦਾ ਬਿਰਾਂਤਤ ਹੈ ਜੋ ਕਿ ਖ਼ਾਲਿਦ ਦੇ ਕਸ਼ਮੀਰ ਸੰਕਟ ਦੇ ਪ੍ਰਮਾਣਿਕ ਅਨੁਭਵ ਅਤੇ ਇਸ ਨਾਲ਼ ਜੁੜੇ ਪ੍ਰਮਾਣਿਕ ਰੂਪ ਅਤੇ ਭਾਸ਼ਾ 'ਚੋਂ ਆਪਣਾ ਆਪ ਸਿਰਜਦਾ ਹੈ।

'ਖੇਡਣ ਨੂੰ ਮੰਗੇ ਚੰਨ' 'ਚ ਬਾਲ ਮਾਨਸਿਕਤਾ 'ਚ ਪਈ ਵੱਡੀ ਸੋਝੀ ਨੂੰ ਕਸ਼ਮੀਰ ਸੰਕਟ ਦੇ ਪਿੱਛੇ ਕੰਮ ਕਰਦੇ ਆਜ਼ਾਦੀ ਦੀ ਮੰਗ ਉਪਰ ਆਧਾਰਿਤ ਕਥਾਨਕ 'ਚ ਬੜੇ ਸੂਖ਼ਮ ਢੰਗ ਨਾਲ਼ ਦਰਸਾਇਆ ਗਿਆ ਹੈ। ਕਸ਼ਮੀਰ 'ਚ ਫ਼ੌਜੀ ਦਸਤਿਆਂ ਅਤੇ ਆਜ਼ਾਦੀ ਦੀ ਮੰਗ ਕਰਦੇ ਕਸ਼ਮੀਰੀ ਨੌਜਵਾਨਾਂ ਦਰਮਿਆਨ ਵਾਪਰੀਆਂ ਪੱਥਰਬਾਜ਼ੀ ਅਤੇ ਫਿਰ ਗੋਲੀਬਾਰੀ ਦੀ ਇਕ ਘਟਨਾ 'ਚ ਕਈ ਲੋਕ ਮਾਰੇ ਜਾਂਦੇ ਹਨ ਅਤੇ ਦੁਕਾਨਦਾਰ ਦੁਕਾਨਾਂ ਖੁੱਲ੍ਹੀਆਂ ਛੱਡ ਭੱਜ ਜਾਂਦੇ ਹਨ।

ਇਕ ਲਾਸ਼ ਕੋਲ ਇਕ ਛੋਟਾ ਕਸ਼ਮੀਰੀ ਬੱਚਾ ਬੈਠਾ ਰੋ ਰਿਹਾ ਹੈ। ਲਾਗੇ ਜੀਪ ਕੋਲ ਖਲੋਤਾ ਫ਼ੌਜੀ ਅਫ਼ਸਰ ਉਸ 'ਤੇ ਤਰਸ ਖਾ ਕੇ ਉਸਨੂੰ ਚਾਕਲੇਟ ਦਿੰਦਾ ਹੈ ਤੇ ਬੱਚਾ ਚੁੱਪ ਹੋ ਜਾਂਦਾ ਹੈ। ਅਫ਼ਸਰ ਫਿਰ ਉਸ ਨੂੰ ਪੁੱਛਦਾ ਹੈ ਕਿ ਕੁੱਝ ਹੋਰ ਚਾਹੀਦੈ ਤਾਂ ਬੱਚੇ ਦਾ ਜਵਾਬ ਹੈ; "ਆਜ਼ਾਦੀ"। ਬਾਲ ਮਾਨਸਿਕਤਾ ਨੂੰ ਇਸ ਬਿਰਤਾਂਤ 'ਚ ਯੱਕ ਲਾਕਾਂ ਦੇ ਮਨੋਵਿਗਿਆਨਕ ਸੰਕਲਪ ਦਰਪਣ ਬਿੰਬ 'Mirror Image' ਦੇ ਸਿਧਾਂਤ ਤੋਂ ਪੇਸ਼ ਕੀਤਾ ਗਿਆ ਹੈ ਭਾਵ ਬੱਚਾ ਜੋ ਦੇਖਦਾ ਹੈ ਉਹੀ ਉਸਦੀ ਸਮਝ ਨੂੰ ਘੜਦਾ ਹੈ।

'ਇਸ਼ਕ ਮਲੰਗੀ' ਦੀਆਂ ਕੁਝ ਕਹਾਣੀਆਂ ਦੀ ਬਿਰਤਾਂਤਕਤਾ ਦਾ ਇਕ ਹੋਰ ਪ੍ਰਮੁੱਖ ਚਿਹਨ ਹੈ ਮਨੋਵਿਗਿਆਨ ਦੇ ਵਿਭਿੰਨ ਪਾਸਾਰਾਂ ਜਿਵੇਂ ਸੁਪਨੇ, ਕਲਪਨਾਵਾਂ, ਡਰਾਂ, ਮਨੋਗ੍ਰੰਥੀਆਂ ਆਦਿ ਨਾਲ ਜੁੜੇ ਮਾਨਵੀ ਸਰੋਕਾਰ। 'ਰੂਹ ਤੇ ਕਲਬੂਤ' ਕਹਾਣੀ ਦਾ ਬਿਰਤਾਂਤ ਵਕਤੇ ਦੀ ਸਹੁਰੇ ਪਿੰਡ ਦੇ ਸਫ਼ਰ ਦੌਰਾਨ ਰਾਤ ਅਲੀਏ ਨਾਮੀ ਬੰਦੇ ਦੇ ਘਰ ਰੁਕਣ ਦੌਰਾਨ ਸੁਪਨ-ਅਰਧ ਸੁਪਨ ਅਵੱਸਥਾ 'ਚ ਗਨੀਏ ਨਾਮੀ ਬੰਦੇ ਦਾ ਸੁਪਨਾ/ਖ਼ਿਆਲ ਆਉਂਦਾ ਕਿ ਉਹ ਅਲੀਏ ਦੇ ਵਿਰੁੱਧ ਮੇਰੇ ਕਤਲ ਦੀ ਗਵਾਹੀ ਪੁਲਿਸ ਨੂੰ ਦੇਵੇ। ਗਨੀਏ ਨੂੰ ਅਲੀਏ ਨੇ ਇਸ ਕਰਕੇ ਮਾਰ ਮੁਕਾਇਆ ਕਿ ਉਸਦੇ ਨਾਜਾਇਜ਼ ਸਬੰਧ ਗਨੀਏ ਦੀ ਬੀਵੀ ਨਾਲ਼ ਸਨ। ਵਕਤੇ ਨੂੰ ਆਪਣੇ ਸਹੁਰੇ ਪਿੰਡ ਜਾ ਕੇ ਇਹ ਵੀ ਪਤਾ ਲਗਦਾ ਕਿ ਛੇ ਮਹੀਨੇ ਪਹਿਲਾਂ ਤੋਂ ਗਨੀਆ ਲਾਪਤਾ ਹੈ ਅਤੇ ਪਿੰਡ ਨਹੀਂ ਪਰਤਿਆ। ਵਕਤਾ ਪੁਲਿਸ ਨੂੰ ਗਵਾਹੀ ਦਿੰਦਾ ਹੈ ਪਰ ਇਸਦਾ ਸਹਿਮ ਉਸਦੇ ਦਿਲੋ ਦਿਮਾਗ਼ 'ਤੇ ਦੇਰ ਤੱਕ ਛਾਇਆ ਰਹਿੰਦਾ ਹੈ। ਇੰਝ ਇਸ ਬਿਰਤਾਂਤ 'ਚ ਮਾਨਵੀ ਮਨ ਦੀਆਂ ਕਲਪਨਾਵਾਂ ਤੇ ਫਿਰ ਇਨ੍ਹਾਂ 'ਚੋਂ ਪੈਦਾ ਹੋਏ ਡਰ ਅਤੇ ਅਸੁਰੱਖਿਅਤਾ ਦੇ ਅਹਿਸਾਸ ਨੂੰ ਰੂਹ ਅਤੇ ਕਲਬੂਤ/ਜਿਸਮ ਦੇ ਮੈਟਾਫ਼ਰਾਂ ਰਾਹੀਂ ਜਾਦੂਈ ਯਥਾਰਥ (Magical Realism) ਦੀ ਭਾਸ਼ਾ 'ਚ ਚਿਤਰਿਆ ਹੈ। ਇਸ ਬਿਰਤਾਂਤ 'ਚ ਦੇ ਸੰਵਾਦਾਂ 'ਚ ਪੰਜਾਬੀ ਦੀ ਗੱਦੀ ਉਪ ਬੋਲੀ ਅਤੇ ਲੋਕ ਯਾਨ "ਜੋ ਮਾਅੜੇ ਗਦੀਆ ਅੱਜ ਦੀ ਰਾਤੇਂ ਰੋਹ' ਦੀ ਪੁੱਠ ਇਸ 'ਚ ਦੋ ਸੱਭਿਆਚਾਰਾਂ ਦਾ ਭਾਸ਼ਕੀਕਰਣ (ਫ੍ਰੈਡਿਰਿਕ ਜੇਮਸਨ ਇਸ ਨੂੰ ਆਪਣੀ ਕਿਤਾਬ 'The Prison House of Languages' 'ਚ 'Lingualisation' ਕਹਿੰਦਾ ਹੈ।

ਸਮਾਜਿਕ ਵਰਤਾਰਿਆਂ 'ਚ ਮਨੁੱਖੀ ਕਦਰਾਂ-ਕੀਮਤਾਂ ਨਾਲ਼ ਜੁੜੇ ਪੈਰਾਡਾਈਮਜ਼ ਦੇ ਬਿਰਤਾਂਤਾਂ 'ਚੋਂ 'ਪ੍ਰੇਮ ਖੇਲਣ ਕਾ ਚਾਓ' 'ਚ ਪਿਓ ਵੱਲੋਂ ਪੁੱਤਰ ਪ੍ਰਤਿ ਵਿਵਹਾਰ 'ਚ ਪੈਸਾ ਕੀਮਤਾਂ ਨਹੀਂ ਬਲਕਿ ਚੰਗੀ ਪ੍ਰਵਰਿਸ਼ ਹੀ ਵੱਡੀ ਭੂਮਿਕਾ ਨਿਭਾਉਂਦੀ ਹੈ, ਦੇ ਮਹੱਤਵ ਨੂੰ ਉਭਾਰਿਆ ਗਿਆ ਹੈ। 'ਜਿਨ੍ਹਾਂ ਖਾਧੀ ਚੋਪੜੀ' 'ਚ

ਬਾਬਾ ਫ਼ਰੀਦ ਦੇ ਸਾਦੇ ਜੀਵਨ ਤੇ ਰਹਿਣੀ-ਬਹਿਣੀ ਦੇ ਸਾਰਵਭੌਮਿਕ ਫਲਸਫ਼ੇ (ਰੋਟੀ ਮੇਰੀ ਕਾਠ ਦੀ ਲਾਵਣ ਮੇਰੀ ਭੁੱਖ, ਜਿਨਾ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ) 'ਚੋਂ ਪੈਦਾ ਹੋਈ ਸਮਝ ਨੂੰ ਜਗਤੂ ਜੱਟ ਦੇ ਚੌਧਰੀ ਜਗਤ ਸਿੰਘ ਬਣਨ ਦੇ ਉਭਾਰ ਤੇ ਫਿਰ ਕਰਮਾਂ/ਕਰਨੀ ਦੇ ਫ਼ਲ ਦੇ ਦਰਸ਼ਨ ਕਾਰਨ ਆਏ ਨਿਘਾਰ ਦੇ ਕਥਾਨਕ ਨੂੰ ਪੇਸ਼ ਕੀਤਾ ਗਿਆ ਹੈ। 'ਆਪਣਾ ਸੇਕ ਸਿਆਪਾ' ਕਹਾਣੀ ਦਾ ਬਿਰਤਾਂਤ ਆਦਤ ਅਤੇ ਖ਼ਾਸ ਕਰਕੇ ਜੂਏ ਦੀ ਲੱਤ ਦੇ ਨਾਲ ਜੁੜੇ ਮਾਨਵੀ ਸਰੋਕਾਰਾਂ ਗਿਰਦ ਉਸਰਿਆ ਹੈ।

'ਗਊ ਰਕਸ਼ਕ' ਦਾ ਬਿਰਤਾਂਤ 'ਚ ਸੱਭਿਆਚਾਰਕ ਰਾਸ਼ਟਰਵਾਦ, ਧਾਰਮਿਕ ਉਨਮਾਦ ਅਤੇ ਫ਼ਾਸ਼ੀਵਾਦ ਦੇ ਵਰਤਮਾਨ ਦੌਰ 'ਚ ਗਊ ਭਕਸ਼ਕ ਦੇ ਗਊ ਰਕਸ਼ਕ 'ਚ ਰੂਪਾਂਤਰਣ ਦੀ ਵਿਡੰਬਣਾ ਨੂੰ ਵਿਅੰਗ ਤੇ ਵਕਰੋਕਤੀ ਦੀ ਗਾਲਪਨਿਕ ਭਾਸ਼ਾ ਜੁਗਤ ਰਾਹੀਂ ਪੇਸ਼ ਕੀਤਾ। ਪੱਛਮੀ ਚਿੰਤਕ ਜਿਔਫ ਮੁਲਗਾਨ ਦੀ ਰਾਸ਼ਟਰਵਾਦ ਬਾਰੇ ਇਹ ਟਿੱਪਣੀ ਇਸ ਕਹਾਣੀ ਨੂੰ ਹੋਰ ਸਪੱਸ਼ਟ ਕਰਦੀ ਹੈ; 'All of the Nationalism can be understood as a kind of collective Narcissism'। 'ਕਾਗ ਨਾ ਥੀਂਦੇ ਬੱਗੇ' ਕਹਾਣੀ 'ਚ ਦੇਸ਼ 'ਚ ਫੈਲ ਰਹੇ ਸੱਭਿਆਚਾਰਕ ਰਾਸ਼ਟਰਵਾਦ ਕਾਰਨ ਫੈਲ ਰਹੀ ਫਿਰਕਾਪ੍ਰਸਤੀ ਨੂੰ ਵਿਡੰਬਣਾ ਦੀ ਸ਼ੈਲੀ 'ਚ ਪੇਸ਼ ਕੀਤਾ ਹੈ। ਇਹ ਬਿਰਤਾਂਤ ਦ੍ਰਿਸ਼ਟਾਂਤਕਤਾ ਰਾਹੀਂ ਵਿਸ਼ੇਸ਼ ਰਾਜਨੀਤੀ ਨਾਲ਼ ਜੁੜੇ ਕੁੱਝ ਚਰਿੱਤਰਾਂ ਦਾ ਚਿਹਨਕੀਕਰਣ ਕਰਦਾ ਹੈ ਜਿਸ 'ਚੋਂ ਚਿਹਨਤ ਰਾਜਨੀਤਕ ਵਿਅਕਤਿੱਤਵ ਦੀ ਸਹਿਜੇ ਹੀ ਪਛਾਣ ਹੋ ਜਾਂਦੀ ਹੈ। ਇਸ ਕਾਰਨ ਇਹ ਬਿਰਤਾਂਤ ਹੋਰ ਵੀ ਪੜ੍ਹਨਯੋਗ ਹੋ ਜਾਂਦਾ ਹੈ। 'ਬਾਬੇ ਨੂਰੇ ਦੀ ਵੇਲ' ਕਹਾਣੀ ਵੀ ਸੱਤਾ ਤੇ ਰਾਜਨੀਤੀ ਦੇ ਦੋਗਲੇ ਕਿਰਦਾਰ (perfidious character) 'ਤੇ ਬੜਾ ਸ਼ਕਤੀਸ਼ਾਲੀ ਕਟਾਖ਼ਸ਼ ਹੈ। ਇਸ ਕਹਾਣੀ ਦਾ ਅੰਤਿਮ ਸੰਵਾਦ ਹੀ ਇਸ ਕਹਾਣੀ ਦਾ ਮੂਲ ਸੰਦੇਸ਼ ਬਣ ਜਾਂਦਾ ਹੈ; "ਫਿਰ ਕੁੱਝ ਚਿਰ ਮਗਰੋਂ ਮੈਨੂੰ ਖੁੱਡੇ ਲਾਈਨ ਲਾਅ ਦਿੱਤਾ ਗਿਆ ਤੇ ਇਕ ਫ਼ਜ਼ੂਲ ਜਿਹੀ ਕਾਰਪੋਰੇਸ਼ਨ ਦਾ ਚੇਅਰਮੈਨ ਬਣਾ ਦਿੱਤਾ ਗਿਆ ਅਤੇ ਇੰਝ ਸਾਬਿਤ ਕਰ ਦਿੱਤਾ ਗਿਆ ਕਿ ਅੱਜ ਦੀ ਦੋਗਲੀ ਰਾਜਨੀਤੀ ਵਿੱਚ ਰਾਜ ਧਰਮ ਦਾ ਕਾਲ ਪਿਆ ਹੋਇਆ ਹੈ ਤੇ ਸਿਆਸਤ ਦੇ ਤੇਲੀ ਸੱਚ ਦੇ ਬੇਲੀ ਨਹੀਂ ਹੁੰਦੇ। ਕਿਉਂ ਜੇ ਮੰਤਰੀ ਸਾਹਿਬ ਅੱਜ ਵੀ ਮੁੱਖ ਮੰਤਰੀ ਦੀ ਕੈਬਨਿਟ ਦੇ ਹਰਮਨ ਪਿਆਰੇ ਵਜ਼ੀਰ ਹਨ ਤੇ ਕੌਮ ਦੀ ਸੇਵਾ ਕਰ ਰਹੇ ਹਨ"।

'ਵੇਲੇ ਦੀ ਵਾਰ' ਕਹਾਣੀ ਵੀ ਧਾਰਮਿਕ ਕੱਟੜਤਾ, ਉਨਮਾਦ ਅਤੇ ਫ਼ਿਰਕਾਪ੍ਰਸਤੀ ਦੇ ਵਿਕਾਰਾਂ ਨੂੰ ਗਿਆਨਾਤਮਕਤਾ ਅਤੇ ਤਾਰਕਿਕਤਾ ਮੂਹਰੇ ਢਾਰਾਸ਼ਾਈ ਹੋਣ ਨੂੰ, ਪੇਸ਼ ਕਰਦਾ ਬੜਾ ਪ੍ਰਭਾਵਸ਼ਾਲੀ ਬਿਰਤਾਂਤ ਹੈ। ਪੰਜਾਬ ਤੋਂ

ਇੱਕ ਨਵ-ਵਿਆਹੁਤਾ ਜੋੜੇ ਨੂੰ ਕਸ਼ਮੀਰ ਦੇ ਰਾਹ 'ਚ ਕੁੱਝ ਖਾੜਕੂ ਘੇਰ ਕੇ ਪੁੱਛਦੇ ਹਨ, ਤੁਸੀਂ ਕਿਹੜੇ ਮਜ਼ਹਬ ਦੇ ਹੋ? ਮੁੰਡਾ ਆਪਣਾ ਨਾਮ ਦੱਸਦਿਆਂ ਕਹਿੰਦਾ ਹੈ ਅਸੀਂ ਮੁਸਲਮਾਨ ਹਾਂ। ਖਾੜਕੂ ਤੱਦ ਕਹਿੰਦੇ ਨੇ ਕੁਰਆਨ ਸ਼ਰੀਫ਼ ਦੀ ਕੋਈ ਆਇਤ ਸੁਣਾਓ ਫਿਰ। ਉਸਨੇ ਆਇਤ ਪੜ੍ਹੀ। ਇਸ 'ਤੇ ਖਾੜਕੂ ਖ਼ੁਸ਼ ਹੋ ਜਾਂਦੇ ਹਨ ਤੇ ਜਾਣ ਦਿੰਦੇ ਹਨ। ਥੋੜ੍ਹੀ ਦੂਰ ਜਾ ਕੇ ਪਤਨੀ ਪਤੀ ਨੂੰ ਕਹਿੰਦੀ ਹੈ ਤੁਸਾਂ ਤਾਂ ਉਨ੍ਹਾਂ ਨੂੰ ਗਾਇਤਰੀ ਮੰਤਰ ਦਾ ਤਰਜੁਮਾ ਸੁਣਾਅ ਦਿੱਤਾ। ਤੁਹਾਨੂੰ ਡਰ ਨਹੀ ਲੱਗਾ । ਤਾਂ ਪਤੀ ਨੇ ਜੋ ਜੁਆਬ ਦਿੱਤਾ ਉਹ ਹੀ ਇਸ ਕਹਾਣੀ ਦਾ ਘੁੰਡੀ 'Cliff Hanger' ਹੈ;

"ਬਿਲਕੁਲ ਨਹੀਂ। ਕਿਉਂ ਜੇ ਮੈਨੂੰ ਵਿਸ਼ਵਾਸ ਹੈ ਕਿ ਉਨ੍ਹਾਂ ਮੁਜਾਹਿਦਾਂ ਨੇ ਕੁਰਆਨ ਨੂੰ ਨਹੀਂ ਪੜ੍ਹਿਆ ਹੋਇਆ। ਜੇ ਪੜ੍ਹਿਆ ਹੁੰਦਾ ਤਾਂ ਇਹ ਅੱਤਵਾਦੀ ਨਹੀਂ ਹੋਣੇ ਸਨ"।

ਇਸ ਸੰਗ੍ਰਹਿ ਦੀ ਇਕ ਹੋਰ ਕਹਾਣੀ 'ਇਸ਼ਕ ਮਲੰਗੀ' ਦੇ ਬਿਰਤਾਂਤ 'ਚ ਕਾਲੇ ਖਾਨ ਦੇ ਕਸਬੀ ਔਰਤ ਫ਼ਿਰੋਜ਼ਾ ਪ੍ਰਤਿ ਸੱਚੇ ਪਿਆਰ ਤੇ ਸਮਰਪਣ ਅਤੇ ਪੈਸਾ ਕੀਮਤਾਂ ਦੀ ਚਕਾਚੌਂਧ ਨੂੰ ਪਰਣਾਈ ਫ਼ਿਰੋਜ਼ਾ ਵੱਲੋਂ ਦਿਖਾਈ ਬੇਹਿਸੀ ਤੇ ਬੇਕਦਰੀ ਦੇ ਕਥਾਨਕ ਨੂੰ  ਭਾਸ਼ਾ ਦੀ ਵੰਨਸੁਵੰਨਤਾ ਰਾਹੀਂ ਕਥਾਕਾਰੀ ਦੀ ਉਤਮ ਪੇਸ਼ਕਾਰੀ ਹੋਈ ਹੈ। ਇਸ ਕਹਾਣੀ ਦੀ ਅੰਤਿਮ ਸੰਵਾਦ ਬੜਾ ਪ੍ਰਭਾਵਸ਼ਾਲੀ ਹੈ; 'ਬਾਬੂ ! ਇਹ ਪੱਥਰ ਤੇ ਮੈ ਤੋੜ ਲੈਨਾ ਵਾਂ ਪਰ ਫ਼ਿਰੋਜ਼ਾ ਦੇ ਦਿਲ ਦਾ ਪੱਥਰ ਮੈਥੋਂ ਨਹੀਂ ਟੁੱਟ ਸਕਿਆ ਤੇ ਇਸ ਗੱਲ ਦਾ ਦੁੱਖ ਮਰਦੇ ਦਮ ਤੋੜੀ ਮੇਰੇ ਅੰਦਰ ਜ਼ਿੰਦਾ ਰਵ੍ਹੇਗਾ'। ਇਹ ਕਹਾਣੀ ਪੜ੍ਹਦਿਆਂ ਮੈਨੂੰ ਫ਼ਰਾਂਸਿਸੀ ਕਹਾਣੀਕਾਰ ਮੋਪਾਸਾਂ ਦਾ ਇਕ ਕਥਨ ਯਾਦ ਆ ਰਿਹਾ ਸੀ ਕਿ ਮੋਪਾਸਾਂ ਨੂੰ ਕਿਸੇ ਨੇ ਪੁੱਛਿਆ ਕਿ ਤੁਸੀਂ ਹਮੇਸ਼ਾ ਭੈੜੀ ਔਰਤ ਬਾਰੇ ਹੀ ਲਿਖਦੇ ਹੋ, ਕਦੇ ਚੰਗੀ ਔਰਤ ਬਾਰੇ ਵੀ ਲਿਖੋ। ਮੋਪਾਸਾਂ ਨੇ ਕਿਹਾ ਕਿ ਚੰਗੀ ਔਰਤ ਦੀ ਕੋਈ ਕਹਾਣੀ ਨਹੀਂ ਹੁੰਦੀ। ਇਸੇ ਤਰ੍ਹਾਂ ਇਸ ਸੰਗ੍ਰਹਿ ਦੀ ਕਹਾਣੀ 'ਸ਼ਾਦਾਂ ਬਿੱਲੀ ਜੰਮੂ ਵਾਲੀ' ਵੀ ਪ੍ਰੇਮ ਦੀ ਪਲੈਟੋਨਿਕ ਸਮਝ ਦੇ ਗਿਰਦ ਆਪਣਾ ਕਥਾਨਕ ਸਿਰਜਦੀ ਹੈ। ਪ੍ਰੇਮ ਦੀ ਇਸ ਸਮਝ 'ਚ ਆਤਮਿਕ ਸਮਰਪਣ ਤੇ ਤਿਆਗ, ਦੇਹ ਦੀ ਸੱਤਾ ਤੇ ਹਵਸ ਦੀ ਸ਼ਹਿਵਤ ਦਾ ਦਵੰਦ ਪਿਆ ਹੈ। ਸ਼ਾਦਾਂ ਪ੍ਰਤਿ ਗਫ਼ੂਰੇ ਭਲਵਾਨ ਦਾ ਸਮਰਪਣ, ਸ਼ਾਦਾਂ ਦਾ ਯੂਸਫ਼ ਦੀ ਕਲਾ ਤੇ ਨਫ਼ਾਸਤ ਨਾਲ਼ ਨੇਹੁ ਅਤੇ ਗਜ਼ੂ ਚਾੜਕ ਦਾ ਸ਼ਾਦਾਂ ਦੀ ਦੇਹ ਪ੍ਰਾਪਤੀ ਦੀ ਹਵਸ ਦੇ ਤਿਕੋਣੀ ਤਣਾਓ 'ਚੋਂ ਇਹ ਕਹਾਣੀ ਪ੍ਰੇਮ ਦਾ ਪੈਰਾਡਾਈਮ ਸਿਰਜਦੀ ਹੋਈ 'ਸਾਂਸੋਂ ਕੀ ਮਾਲਾ ਪੇ ਸਿਮਰੂੰ ਮੈਂ ਪੀ ਕਾ ਨਾਮ' ਜਿਹੇ ਰੂਹਾਨੀਅਤ ਤੇ ਰੂਮਾਨੀਅਤ ਭਰੇ ਜੁਮਲੇ ਨਾਲ ਖ਼ਤਮ ਹੁੰਦੀ ਹੋਈ ਇੱਕ ਮਾਰਮਿਕ ਕਹਾਣੀ ਵਜੋਂ

ਆਪਣੇ ਆਪ ਨੂੰ ਸਥਾਪਿਤ ਕਰਦੀ ਹੈ। ਇਸ ਬਿਰਤਾਂਤ 'ਚ ਸੂਫ਼ੀ ਇਸਲਾਮ ਦੀ ਰਾਬਿਆ ਅਲਬਸਰੀ, ਕਸ਼ਮੀਰੀਅਤ ਦੀ ਬਿੰਬ ਲੱਲ ਦੇਈ/ਮਾਂ ਲੱਲੇਸ਼ਵਰੀ ਅਤੇ ਭਗਤੀ ਲਹਿਰ ਦੀ ਨਾਰੀ ਭਗਤ ਮੀਰਾ ਬਾਈ ਦਾ ਪ੍ਰਸੰਗ ਇਸ ਬਿਰਤਾਂਤ ਨੂੰ ਇਤਿਹਾਸ ਅਤੇ ਅਧਿਆਤਮ ਦੀ ਸੱਭਿਆਚਾਰਕ ਭਾਸ਼ਾ ਦਾ ਪਰਿਵੇਸ਼ ਪ੍ਰਦਾਨ ਕਰਦੇ ਹਨ।

'ਇਸ਼ਕ ਮਲੰਗੀ' ਦੀਆਂ ਕਹਾਣੀਆਂ 'ਚ ਖ਼ਾਲਿਦ ਹੁਸੈਨ ਨੇ ਸੱਭਿਆਚਾਰਕ ਅਤੇ ਲੋਕ ਭਾਸ਼ਾ ਦੀ ਪੁੱਠ ਨਾਲ਼ ਜੋ ਮੁਹਾਵਰੀ ਮੜੰਗਾ ਘੜਿਆ ਹੈ ਉਹ ਇਨ੍ਹਾਂ ਬਿਰਤਾਂਤਾਂ ਨੂੰ ਹੋਰ ਪੜ੍ਹਨਯੋਗ ਬਣਾਉਂਦੀ ਹੈ। ਉਸਦੀ ਇਹ ਭਾਸ਼ਾ ਯੋਗਤਾ ਉਸਦੀ ਸੱਭਿਆਚਾਰਕ ਅਨੁਭਵਸ਼ੀਲਤਾ (Cultural empiricism) 'ਚੋਂ ਆਪਣਾ ਆਪ ਘੜਦੀ ਹੈ। 'ਵਾਕਪੱਦੀਜ' ਦੇ ਰਚੇਤਾ ਬੋਧੀ ਵਿਆਕਰਣਕਾਰ ਭਰਥਰੀਹਰੀ ਦਾ ਕਹਿਣਾ ਹੈ ਕਿ ਭਾਸ਼ਾ ਯਥਾਰਥ ਦੇ ਸਮੁੰਦਰ 'ਚੋਂ ਆਪਣਾ ਸਰੂਪ ਗ੍ਰਹਿਣ ਕਰਦੀ ਹੈ। ਭਾਸ਼ਾ ਦੀ ਸਮਝ ਅਤੇ ਯਥਾਰਥ ਦੀ ਸੂਝ ਪਰਸਪਰ ਰੂਪ 'ਚ ਖ਼ਾਲਿਦ ਹੁਸੈਨ ਦੀ ਬਿਰਤਾਂਤਕਾਰੀ ਦਾ ਅਧਿਆਤਮ ਬਣਦੀਆਂ ਹਨ। ਉਹ ਅਜਿਹੀ ਘਟਨਾ 'ਚੋਂ ਵੀ ਬਿਰਤਾਂਤ ਘੜ ਲੈਂਦਾ ਹੈ ਜੋ ਯਥਾਰਥ ਅਤੇ ਅਯਥਾਰਥ ਦਰਮਿਆਨ ਤ੍ਰਿਸ਼ੰਕੂਕ੍ਰਿਤ ਰੂਪ 'ਚ ਪਈ ਹੁੰਦੀ ਹੈ। ਸਪੇਨੀ ਨਾਵਲਕਾਰ ਬੋਰਖ਼ੇਸ਼ ਦਾ ਕਹਿਣਾ ਹੈ ਕਿ ਯਥਾਰਥਵਾਦੀ ਬਿਰਤਾਂਤਕਾਰ ਦਾ ਦਿਖਾਇਆ ਯਥਾਰਥ ਥੋਥਾ ਹੁੰਦਾ ਹੈ ਕਿਉਂਕਿ ਜਗਤ 'ਚ ਜੋ ਕੁੱਝ ਵੀ ਵਾਪਰ ਰਿਹਾ ਹੈ, ਉਸਦੇ ਬਿਰਤਾਂਤਕਾਰ ਦਾ ਗਿਆਨ ਪਾਠਕ ਦੇ ਅਲਪ ਗਿਆਨ ਜਿੰਨਾ ਹੀ ਹੁੰਦਾ ਹੈ। ਬਿਰਤਾਂਤਕਾਰ ਤੇ ਪਾਠਕ 'ਚ ਤਾਂ ਹੀ ਨਿੱਭਦੀ ਹੈ ਜੇ ਉਸਦੇ ਕਥਾ ਬਿਰਤਾਂਤ 'ਚ ਪਾਠਕ ਦੀ ਕਾਵਿਕ ਆਸਥਾ (Poetic Faith) ਹੋਵੇ।

ਖ਼ਾਲਿਦ ਹੁਸੈਨ ਦੇ ਹੁਣ ਤੱਕ ਆਏ ਕਹਾਣੀ ਸੰਗ੍ਰਹਿਾਂ ਨੇ ਉਸਦੇ ਪਾਠਕਾਂ ਦੀ ਕਾਵਿਕ ਆਸਥਾ ਨੂੰ ਹੋਰ ਪੀਡਾ ਕੀਤਾ ਹੈ ਸ਼ਾਇਦ ਇਸੇ ਕਰਕੇ ਉਸਦੀਆਂ ਕਹਾਣੀਆਂ ਨੂੰ ਪਾਠਕ ਉਡੀਕਦੇ ਹਨ। ਮੈਨੂੰ ਉਮੀਦ ਹੈ ਕਿ 'ਇਸ਼ਕ ਮਲੰਗੀ' ਦੀ ਆਮਦ ਨਾਲ਼ ਉਨ੍ਹਾਂ ਦੀ ਉਡੀਕ ਤੇ ਆਸ ਪੂਰੀ ਹੋਵੇਗੀ।

*ਚੰਡੀਗੜ੍ਹ* **-ਮਨਮੋਹਨ**

27-3-20

# ਮੈਂ ਤੇ ਮੇਰੀ ਰਚਨਾ

ਇਸ ਬਹੁਰੰਗੀ ਦੁਨੀਆ ਵਿਚ ਮੇਰੀ ਜ਼ਿੰਦਗੀ ਖੱਟੇ-ਮਿੱਠੇ ਹਾਦਸਿਆਂ ਨਾਲ ਭਰੀ ਪਈ ਹੈ। ਇਨ੍ਹਾਂ ਵਿਚੋਂ ਇਕ ਹਾਦਸਾ ਇਹ ਹੋਇਆ ਕਿ, ਰੱਬ ਜਾਣੇ ਮੈਂ ਕਿਵੇਂ ਇਕ ਮਾੜਾ ਮੋਟਾ ਅਦੀਬ ਬਣ ਗਿਆ ਤੇ ਊਟ-ਪਟਾਂਗ ਲਿਖਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਮੈਂ ਸ਼ਾਇਰੀ ਦੇ ਕਾਗ ਨੂੰ ਚੂਰੀ ਖਵਾਣ ਦੀ ਕੋਸ਼ਿਸ਼ ਕੀਤੀ। ਪਰ ਜਦ ਉਹ ਦਿਲ-ਦਿਮਾਗ ਦੀ ਕਾਬੱਕ ਵਿਚ ਕਿਸੇ ਵੀ ਤਰ੍ਹਾਂ ਰਹਿਣ ਨੂੰ ਤਿਆਰ ਨਾ ਹੋਇਆ, ਤਾਂ ਫੇਰ ਕਹਾਣੀ ਦੀ ਰਾਣੀ ਉੱਤੇ ਡੋਰੇ ਪਾਣੇ ਸ਼ੁਰੂ ਕੀਤੇ। ਰਾਣੀ ਤਾਂ ਅੱਜ ਤੀਕਰ ਵੀ ਵੱਸ ਵਿਚ ਨਹੀਂ ਆ ਸਕੀ, ਪਰ ਡੋਰੇ ਪਾਣ ਦਾ ਯਤਨ ਅੱਜ ਤੀਕਰ ਜਾਰੀ ਹੈ। ਸਾਹਿਤਕਾਰਾਂ ਦੀ ਜ਼ਿੰਦਗੀ ਬੜੀ ਨਿਰਾਲੀ ਹੁੰਦੀ ਹੈ। ਇਹ ਡੱਡੂਆਂ ਵਾਂਗ ਕਦੇ 'ਕੱਠੇ ਮਿਲ ਬੈਠ ਨਹੀਂ ਸਕਦੇ। ਬਦਕਿਸਮਤੀ ਜਾਂ ਖ਼ੁਸ਼ਕਿਸਮਤੀ ਨਾਲ ਇਹ ਲੋਕ ਕਦੇ 'ਕੱਠੇ ਹੋ ਜਾਣ ਤਾਂ ਇਨ੍ਹਾਂ ਦੀਆਂ ਸਾਹਿਤਕ ਗੋਸ਼ਟੀਆਂ ਅਕਸਰ ਲੜਾਈ-ਝਗੜਿਆਂ ਵਿਚ ਖ਼ਤਮ ਹੁੰਦੀਆਂ ਹਨ। ਇਹ ਸੋਚਣਾ ਕਿ ਸਾਹਿਤਕਾਰਾਂ ਵਿਚ ਆਪਸੀ ਮੇਲ-ਮਿਲਾਪ ਤੇ ਭਾਈਚਾਰਾ ਹੋ ਸਕਦਾ ਹੈ, ਕਿੱਕਰ 'ਤੇ ਅੰਗੂਰ ਉਗਾਉਣ ਵਾਲੀ ਗੱਲ ਹੈ। ਅਦੀਬ ਤੇ ਸ਼ਾਇਰ ਆਪਣੀਆਂ ਰਚਨਾਵਾਂ ਵਿਚ ਪਿਆਰ, ਮੁਹੱਬਤ ਅਤੇ ਅਮਨ ਸ਼ਾਂਤੀ ਦੀਆਂ ਗੱਲਾਂ ਕਰਦੇ ਹਨ। ਪਰ ਆਮ ਤੌਰ 'ਤੇ ਇਹ ਬਰਾਦਰੀ ਇਕ-ਦੂਜੇ ਦੀਆਂ ਲੱਤਾਂ ਖਿੱਚਣ ਵਿਚ ਖ਼ੁਸ਼ੀ ਮਹਿਸੂਸ ਕਰਦੀ ਹੈ। ਖ਼ਲੀਫ਼ੇ ਕਿਸਮ ਦੇ ਅਦੀਬ ਤੇ ਸ਼ਾਇਰ ਆਪਣੀ ਭੇਡ-ਇੱਟ ਦੀ ਮਸੀਤ ਤੋਂ ਛੁੱਟ ਕਿਸੇ ਦੂਜੇ ਸਾਹਿਤਕਾਰ, ਫ਼ਨਕਾਰ ਦੀ ਮੰਦਰੀ ਨੂੰ ਤਸਲੀਮ ਜਾਂ ਪਰਵਾਣ ਨਹੀਂ ਕਰਦੇ। ਇਹ ਦੂਜੇ ਸਾਹਿਤਕਾਰਾਂ ਦੀਆਂ ਅੱਖਾਂ ਵਿਚ ਤੀਲੇ ਢੂੰਡਦੇ ਰਹਿੰਦੇ ਹਨ। ਪਰ ਇਨ੍ਹਾਂ ਨੂੰ ਆਪਣੀਆਂ ਅੱਖਾਂ ਦੇ ਸਤਰੀਰ ਨਹੀਂ ਲੱਭਦੇ। ਅਜਿਹੇ ਵੱਡੇ ਸਾਹਿਤਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਤੋਂ ਬਗ਼ੈਰ ਬਾਕੀ ਦੀ ਅਦਬੀ ਮਖ਼ਲੂਕ ਘਟੀਆ ਨਸਲ ਦੀ ਹੈ। ਇਹ ਅਦਬੀ ਜਗੀਰ ਆਪਣੇ ਆਪ ਨੂੰ ਰਾਜਾ 'ਭੋਜ' ਸਮਝਦੇ ਹਨ। ਇਸ ਲਈ ਗੰਗੂ ਤੇਲੀਆਂ ਵਰਗੇ ਅਦੀਬਾਂ ਨਾਲ ਮਿਲ ਬੈਠਣ ਨੂੰ ਆਪਣੀ ਹੱਤਕ ਸਮਝਦੇ ਹਨ। ਇਸ ਰਾਜਾ ਭੋਜੀ ਕਬੀਲੇ ਨੂੰ ਨਵੀਂ ਸ਼ਬਦਾਵਲੀ ਵਿਚ ਗਰੁੱਪ ਬੰਦੀ ਕਹਿੰਦੇ ਹਨ। ਅਜਿਹੇ ਸਾਹਿਤਕਾਰਾਂ, ਸ਼ਾਇਰਾਂ ਤੇ

ਆਲੋਚਕਾਂ ਕੋਲ ਸਾਹਿਤ ਨੂੰ ਪਰਖਣ ਤੇ ਪੜਚੋਲਣ ਲਈ ਆਪਣੇ ਵਿਸ਼ੇਸ਼ ਵੱਟੇ ਹੁੰਦੇ ਹਨ। ਮਿਸਾਲ ਵਜੋਂ, ਇਸ ਕਬੀਲੇ ਨਾਲ ਸ਼ਾਇਰ ਤੇ ਅਦੀਬ ਦੀ ਯਾਰੀ, ਵਫ਼ਾਦਾਰੀ ਤੇ ਵਿਚਾਰਾਂ ਦੀ ਤਾਬਿਆਦਾਰੀ ਕਿੰਨੀ ਕੁ ਹੈ। ਫ਼ਰਮਾਬਰਦਾਰੀ ਕਰਨ ਵਾਲੇ ਸ਼ਾਇਰ ਤੇ ਅਦੀਬ ਨੂੰ ਏ-ਕਲਾਸ ਦਾ ਠੇਕੇਦਾਰੀ ਕਾਰਡ ਮਿਲ ਜਾਂਦਾ ਹੈ ਨਾਲੇ ਚੰਗਾ ਸਾਹਿਤ ਰਚਣ ਦਾ ਸਰਟੀਫਿਕੇਟ ਵੀ ਦੇ ਦਿੱਤਾ ਜਾਂਦਾ ਹੈ। ਅਜਿਹੇ ਸ਼ਾਇਰ ਤੇ ਅਦੀਬ ਦਾ ਨਾਂ ਰੇਡੀਓ, ਟੈਲੀਵਿਜ਼ਨ, ਅਖ਼ਬਾਰਾਂ ਤੇ ਰਸਾਲਿਆਂ ਵਿਚ ਵੱਡੀ ਸੁਰਖ਼ੀ ਬਣ ਜਾਂਦਾ ਹੈ ਅਤੇ ਜਿਹੜਾ ਵਿਚਾਰਾ ਇਸ ਜਗੀਰਦਾਰੀ ਨਿਜ਼ਾਮ ਨੂੰ ਮੰਨਣ ਤੋਂ ਇਨਕਾਰ ਕਰਦੇ ਅਤੇ ਵਫ਼ਾਦਾਰੀ ਤੇ ਤਾਬਿਆਦਾਰੀ ਦੇ ਚੱਕਰਾਂ ਵਿਚ ਨਾ ਪਵੇ ਤਾਂ ਗ਼ਰੀਬ ਮਸਕੀਨ ਦੀ ਸਾਹਿਤਕ ਬੇੜੀ ਨੂੰ ਡੋਬਣ ਦੇ ਸਫ਼ਲ ਤੇ ਅਸਫ਼ਲ ਯਤਨ ਕੀਤੇ ਜਾਂਦੇ ਹਨ। ਜ਼ਲੀਲ ਤੋਂ ਜ਼ਲੀਲ ਹਰਬੇ ਇਖ਼ਤਿਆਰ ਕੀਤੇ ਜਾਂਦੇ ਹਨ।

ਮਿੱਤਰੋ, ਮੈਂ ਗੱਲ ਆਪਣੀ ਕਰ ਰਿਹਾ ਸਾਂ ਪਰ ਖ਼ੌਰੇ ਕਿਵੇਂ ਇਹ ਉੱਚੀ ਨਸਲ ਦੇ ਸਾਹਿਤਕਾਰ ਮੇਰੇ ਫ਼ਤੂਰੀ ਦਿਮਾਗ਼ ਵਿਚ ਕਿੰਝ ਆ ਵੜੇ ਕਿ ਮੈਨੂੰ ਆਪਣੀ ਗੱਲ ਛੱਡਕੇ ਇਨ੍ਹਾਂ ਦੀ ਲੱਸੀ ਰਿੜਕਣੀ ਪੈ ਗਈ। ਖ਼ੈਰ ਚੰਗਾ ਹੋਇਆ ਕਿ ਛੇਤੀ ਯਾਦ ਆ ਗਿਆ। ਹਾਂ ਤਾਂ ਮੈਨੂੰ ਪੜ੍ਹਨ ਤੇ ਸੁਣਨ ਵਾਲਿਓ। ਹੁਣ ਮੈਂ ਤੁਹਾਨੂੰ ਆਪਣੀ ਕਹਾਣੀ ਦੀ ਕਹਾਣੀ ਸੁਣਾਉਂਦਾ ਹਾਂ। ਜਦ ਮੈਂ ਅਦਬੀ ਅਖਾੜੇ ਵਿਚ ਨਵਾਂ-ਨਵਾਂ ਉਤਰਿਆ ਤਾਂ ਮੈਨੂੰ ਲੰਗੋਟ ਬੰਨ੍ਹਣਾ ਵੀ ਨਹੀਂ ਸੀ ਆਉਂਦਾ। ਹੌਲ਼ੀ-ਹੌਲ਼ੀ ਮੇਰੇ ਸਿਦਕ ਨੂੰ ਵੇਖ ਕੇ ਇਸ ਅਖਾੜੇ ਦੇ ਰੁਸਤਮ ਪਹਿਲਵਾਨ ਮੈਨੂੰ ਆਪਣਾ ਪੱਠਾ ਬਣਾਉਣ ਲਈ ਸਬਕ ਪੜ੍ਹਾਉਣ ਲੱਗੇ ਤੇ ਆਪਣੇ-ਆਪਣੇ ਦਾਅ-ਪੇਚ ਸਿਖਾਉਣ ਲੱਗੇ। ਸ਼ੋਲੋਖ਼ੋਫ਼ ਨੇ ਕੋਲ ਬਿਠਾ ਕੇ ਕਈ ਕਲਾ ਕਲਾ ਜੰਗੀ ਦਾਅ ਸਮਝਾਏ। ਉਹ ਕਹਿਣ ਲੱਗਾ, "ਪੁੱਤਰਾ! ਜੇ ਤੂੰ ਆਮ ਲੋਕਾਂ ਦੇ ਅਖਾੜੇ ਵਿਚ ਕੁਸ਼ਤੀ ਲੜੇਂਗਾ, ਉਨ੍ਹਾਂ ਵਰਗਾ ਲੰਗੋਟ ਪਾਵੇਂਗਾ, ਉਨ੍ਹਾਂ ਵਾਂਗਰ ਜੀਵਨ ਗੁਜ਼ਾਰੇਂਗਾ, ਉਨ੍ਹਾਂ ਦੀਆਂ ਖ਼ੁਸ਼ੀਆਂ ਤੇ ਦੁੱਖ-ਦਰਦ ਨੂੰ ਪਛਾਣੇਂਗਾ ਤਾਂ ਤੂੰ ਅਦਬੀ ਅਖਾੜੇ ਦਾ ਇਕ ਵਧੀਆ ਭਲਵਾਨ ਬਣ ਸਕੇਂਗਾ ਅਤੇ ਦੁਨੀਆ ਵਿਚ ਆਪਣਾ ਨਾਮ ਕਮਾਵੇਂਗਾ ਤਾਂ ਲੋਕੀਂ ਤੈਨੂੰ ਖ਼ਾਲਿਦ ਹੁਸੈਨ ਪੱਠਾ ਸ਼ੋਲੋਖ਼ੋਫ਼ ਕਹਿਣਗੇ। ਤੇਰਾ ਸਾਹਿਤ ਲੋਕਾਈ ਦੇ ਦਿਲਾਂ ਵਿਚ ਆਪਣੀ ਥਾਂ ਬਣਾਏਗਾ। ਕਹਾਣੀ ਬਾਰੇ 'ਜੇਮਜ਼ਲਿੰਨ' ਨੇ ਕਿਹਾ ਕਿ ਕਹਾਣੀ ਕਿਸੇ ਇਕ ਪਾਤਰ, ਇਕ ਘਟਨਾ ਜਾਂ ਕਿਸੇ ਜਜ਼ਬੇ ਨੂੰ ਪੇਸ਼ ਕਰਨ ਦਾ ਨਾਂ ਹੈ। ਲਾਰਿਸ ਨੇ ਕਿਹਾ ਬਈ ਮੀਆਂ ਖ਼ਾਲਿਦ, ਅਜਿਹੀਆਂ ਕਹਾਣੀਆਂ ਲਿਖ ਜਿਨ੍ਹਾਂ ਨੂੰ ਪੜ੍ਹ ਕੇ ਪਾਠਕਾਂ ਦੇ ਜਿਣਸੀ ਜਜ਼ਬੇ ਨੂੰ ਸਕੂਨ ਮਿਲੇ, 'ਫਰਾਇਡ' ਭਰਾ ਨੇ ਕਿਹਾ ਕਿ ਕਹਾਣੀ ਵਿਚ ਮਨੁੱਖ ਵਜੂਦ,

ਮਨੋਵਿਗਿਆਨ ਤੇ ਸੈਕਸ ਦੀ ਗੱਲ ਕਰਨੀ ਚਾਹੀਦੀ ਹੈ। 'ਵਰਜੀਨੀਆ ਵੂਲਫ਼' ਨੇ ਦੱਸਿਆ ਕਿ ਅਦੀਬ ਲਈ ਜੀਵਨ, ਚਾਨਣ ਕਰਨ ਵਾਲਾ ਇਕ ਅਜਿਹਾ ਸਰੋਵਰ ਹੈ। ਜਿਸ ਵਿਚ ਅਕਲ ਤੇ ਗਿਦਆਨ ਦੇ ਚਸ਼ਮੇ ਉੱਭਰਦੇ ਹੋਣ। 'ਮਾਰਕਸ' ਨੇ ਆਰਥਿਕ ਲੋੜਾਂ 'ਤੇ ਕਾਬੂ ਪਾਉਣ ਅਤੇ ਗਰੀਬੀ ਦੇ ਮਸਲਿਆਂ ਨੂੰ ਸੁਲਝਾਉਣ ਦੀ ਬਾਤ ਪਾਈ। ਮੋਪਾਸਾਂ, ਸਾਰਤਰ, ਚੈਖ਼ਵ, ਓ-ਹੈਨਰੀ, ਸੋਮਰਸਟਮਾਮ ਕੁਪਰੰਨ, ਪੁਸ਼ਕਿਨ, ਪ੍ਰੇਮ ਚੰਦ, ਟੈਗੋਰ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਬਲਵੰਤ ਸਿੰਘ, ਮੁਮਤਾਜ਼-ਮੁਫ਼ਤੀ, ਸਆਦਤ ਹਸਨ ਮੰਟੋ ਤੇ ਹੋਰ ਕਿੰਨੇ ਮਹਾਂਬਲੀ ਕਹਾਣੀਕਾਰਾਂ, ਸ਼ਾਇਰਾਂ, ਫ਼ਿਲਾਸਫ਼ਰਾਂ ਤੇ ਆਲੋਚਕਾਂ ਨੇ ਮੇਰਾ ਸਿਰ ਖਾਧਾ ਤੇ ਦਿਮਾਗ ਚੱਟਿਆ ਪਰ ਸਿਆਣੇ ਕਹਿੰਦੇ ਹਨ ਕਿ ਬੁੱਢੇ ਤੋਤੇ ਕਦੇ ਨਹੀਂ ਪੜ੍ਹਦੇ। ਇਸ ਲਈ ਉਨ੍ਹਾਂ ਮਹਾਨ ਹਸਤੀਆਂ ਦੀਆਂ ਗੱਲਾਂ ਸਿਰ-ਮੱਥੇ ਪਰ ਮੇਰਾ ਪਰਨਾਲ਼ਾ ਉੱਥੇ ਹੀ ਰਿਹਾ, ਕਿਉਂ ਜੇ ਜੰਮਦਿਆਂ ਹੀ ਮੈਨੂੰ ਮੇਰੇ ਮੁਰਸ਼ਦ ਸਾਈਂ ਬੁੱਲ੍ਹੇ ਸ਼ਾਹ ਨੇ ਪੜ੍ਹਾਇਆ ਸੀ:

*ਇਲਮੋਂ ਬੱਸ ਕਰੀ ਓ ਯਾਰ*
*ਇਕ ਅਲਫ਼ ਤੇਰੇ ਦਰਕਾਰ।*

ਮੁਰਸ਼ਦ ਨੇ ਸਮਝਾਇਆ ਕਿ ਇਸ 'ਅਲਫ਼' ਦਾ ਗਿਆਨ ਤਾਂ ਦਿਲੋਂ ਫੁੱਟਦਾ ਹੈ। ਇਹ 'ਅਲਫ਼' ਜਦ ਕਿਸੇ ਰਚਨਾ ਦਾ ਰੂਪ ਧਾਰ ਲੈਂਦਾ ਹੈ, ਤਾਂ ਰੂਹ ਦੀ ਝੋਲੀ ਖ਼ੁਸ਼ੀਆਂ ਨਾਲ ਭਰ ਦੇਂਦਾ ਹੈ। ਇਸ 'ਅਲਫ਼' ਦੇ ਸਰੂਰ ਵਿਚ ਲਿਕੀ ਕਹਾਣੀ ਸਮਾਜ ਦੀ ਅੰਗ-ਸੰਗ ਬਣ ਜਾਂਦੀ ਹੈ। ਮੁਰਸ਼ਦ ਨੇ ਇਹ ਵੀ ਫ਼ਰਮਾਇਆ ਸੀ ਕਿ ਫ਼ਨਕਾਰ, ਸਾਹਿਤਕਾਰ ਤੇ ਸ਼ਾਇਰ ਬਣਨ ਲਈ ਮਨੁੱਖ ਅੰਦਰ ਇਸ 'ਅਲਫ਼' ਦਾ ਹੋਣਾ ਬਹੁਤ ਜ਼ਰੂਰੀ ਹੈ। ਮੇਰੇ ਅੰਦਰ ਦੇ 'ਅਲਫ਼' ਨੂੰ ਖ਼ਲੀਲ ਜ਼ਿਬਰਾਨ ਦੀ ਇਹ ਗੱਲ ਵੀ ਬੜੀ ਚੰਗੀ ਲੱਗੀ ਕਿ ਸੱਚਾ ਅਦੀਬ ਤੇ ਸ਼ਾਇਰ ਇਕ ਪੈਗੰਬਰ ਹੁੰਦਾ ਹੈ। ਉਸ ਦਾ ਮਨ ਅਜ਼ਾਦ ਪੰਛੀ ਹੁੰਦਾ ਹੈ ਅਤੇ ਦੁਨੀਆਂ ਦੀ ਕੋਈ ਤਾਕਤ ਪੰਛੀ ਕੈਦ ਨਹੀਂ ਕਰ ਸਕਦੀ।

ਮੇਰੇ ਯਾਰ ਬੇਲੀਓ! ਕਹਾਣੀ ਦੀ ਉਮਰ ਬੜੀ ਲੰਮੇਰੀ ਹੈ। ਇਸ ਧਰਤੀ 'ਤੇ ਪਹਿਲੀ ਹਕੀਕੀ ਕਹਾਣੀ 'ਬਾਬਾ ਆਦਮ' ਤੇ 'ਅੰਮਾ ਹਵਾ' ਦੀ ਕਹਾਣੀ ਹੈ। ਬਾਕੀ ਜਿੰਨੀਆਂ ਵੀ ਕਹਾਣੀਆਂ ਇੱਥੇ ਰਚੀਆਂ ਗਈਆਂ ਜਾਂ ਅੱਗੇ ਰਚੀਆਂ ਜਾਣਗੀਆਂ, ਉਹ ਸਾਰੀਆਂ ਧਰਤੀ 'ਤੇ ਲਿਖੀ ਗਈ ਪਹਿਲੀ ਕਹਾਣੀ ਦੀਆਂ ਹੀ ਸ਼ਾਖ਼ਾਂ ਹਨ, ਸਰਸਬਜ਼, ਸੁੱਕੀਆਂ, ਬਦਸੂਰਤ ਤੇ ਖ਼ੂਬਸੂਰਤ ਕਹਾਣੀਆਂ। ਪਰ ਇਸ ਧਰਤੀ 'ਤੇ

ਜਿਸ ਨੇ ਵੀ ਸੱਚੀ ਕਹਾਣੀ ਲਿਖੀ, ਜ਼ਹਿਰ ਦਾ ਪਿਆਲਾ, ਸੂਲ਼ੀ ਜਾਂ ਧੌਣ ਵੱਢਣੀ ਉਹਦਾ ਮੁਕੱਦਰ ਬਣੀ। ਕਿਉਂਕਿ 'ਅਲਫ਼' ਦੀ ਹਕੀਕਤ ਕੋਈ ਬਰਦਾਸ਼ਤ ਨਹੀਂ ਕਰ ਸਕਦਾ। ਇਹ ਸਤਯੁਗ ਦੀ ਗੱਲ ਸੀ ਪਰ ਕਲਯੁਗ ਵਿਚ ਵੀ 'ਅਲਫ਼' ਦੀ ਸਿਆਹੀ ਵਿਚ ਕਲਮ ਡੋਬ ਕੇ ਲਿਖਣਾ ਹੋਰ ਵੀ ਮੁਸ਼ਕਿਲ ਹੈ। ਪਰ ਮੈਂ ਕੀ ਕਰਾਂ, ਮੈਨੂੰ ਮੇਰਾ 'ਅਲਫ਼' ਕਹਾਣੀ ਲਿਖਣ ਵੇਲੇ ਮਜਬੂਰ ਕਰਦਾ ਹੈ ਕਿ ਮੈਂ ਅੱਖੋਂ ਵੇਖੀ ਤੇ ਹੱਡ-ਬੀਤੀ ਕਹਾਣੀ ਲਿਖਾਂ। ਇਸ ਜਨੂੰਨ ਨੇ ਮੈਨੂੰ ਕਈ ਵਾਰੀ ਡਾਢੀ ਮੁਸੀਬਤ ਵਿਚ ਵੀ ਪਾਇਆ ਹੈ। ਪਰ ਮੇਰੇ ਅੰਦਰ ਦੇ 'ਅਲਫ਼' ਨੇ ਮੈਨੂੰ ਕਦੇ ਝੁਕਣ ਨਹੀਂ ਦਿੱਤਾ। ਜਦਕਿ ਅੱਜ-ਕੱਲ੍ਹ ਝੂਠ ਦਾ ਜਾਦੂ ਸਿਰ ਚੜ੍ਹਕੇ ਬੋਲਦਾ ਹੈ ਤੇ ਸੱਚ ਵਿਚਾਰੇ ਦੀ ਕੋਈ ਬਾਤ ਨਹੀਂ ਪੁੱਛਦਾ।

ਆਓ, ਮੈਂ ਤੁਹਾਨੂੰ ਕੁਝ ਸੱਚੀਆਂ ਕਹਾਣੀਆਂ ਦੀ ਕਹਾਣੀ ਸੁਣਾਵਾਂ, ਚੋਖੇ ਚਿਰ ਪਹਿਲੇ ਮੈਂ ਇਕ ਕਹਾਣੀ ਲਿਖੀ। ਸਿਰਨਾਵਾਂ ਸੀ, 'ਇਸ਼ਕ ਦੀ ਨਵੀਓਂ-ਨਵੀਂ ਬਹਾਰ'। ਕਹਾਣੀ ਵਿਚ ਇਕ ਵੱਡੇ ਸਰਕਾਰੀ ਅਫ਼ਸਰ ਅੰਦਰ ਲੁਕੇ ਕਾਮ-ਦੇਵਤੇ ਦੇ ਕਾਰਨਾਮਿਆਂ ਦਾ ਵਰਣਨ ਕੀਤਾ ਗਿਆ ਸੀ। ਕਹਾਣੀ ਛਪਦੇ ਹੀ, ਮੈਂ ਇਕ ਸੁਨਾਮੀ ਦੀ ਘੁੰਮਣ-ਘੇਰੀ ਵਿਚ ਫ਼ਸ ਗਿਆ। ਅਫ਼ਸਰਸ਼ਾਹੀ ਦਾ ਕਹਿਰ ਨਾਜ਼ਲ ਹੋਇਆ। ਮੈਨੂੰ ਨੌਕਰੀ ਤੋਂ ਮੁਅੱਤਲੀ ਦਾ ਪਰਵਾਨਾ ਹੱਥ ਫੜਾਇਆ ਗਿਆ ਤੇ ਮੇਰੇ ਖ਼ਿਲਾਫ਼ ਇਕ ਇਨਕੁਆਰੀ ਕਮਿਸ਼ਨ ਬਿਠਾਇਆ ਗਿਆ। ਸੱਚ ਦੇ ਵੈਰੀ ਮੇਰੇ ਖ਼ਿਲਾਫ਼ ਹੋ ਗਏ। ਉਹ ਕਰਦੇ ਵੀ ਕੀ ? ਸੱਚ ਹੁੰਦਾ ਹੀ ਕੌੜਾ ਹੈ। ਉਸ ਇਨਕੁਆਰੀ ਕਮਿਸ਼ਨ ਦੀ ਕੁੱਖ ਵਿਚ ਮੇਰੇ ਕੇਸ ਦਾ ਨਾਜਾਇਜ਼ ਬੱਚਾ ਨੌਂ ਮਹੀਨੇ ਪਲਦਾ ਰਿਹਾ। ਨੌਂ ਮਹੀਨਿਆਂ ਮਗਰੋਂ ਕਮਿਸ਼ਨ ਨੇ ਇਕ ਰਿਪੋਰਟ ਨੂੰ ਜਨਮ ਦਿੱਤਾ। ਮੈਂ ਤਾਂ ਬਰੀ ਹੋ ਗਿਆ। ਪਰ ਕਮਿਸ਼ਨ ਵਿਚ ਕੇਸ ਲੜਨ ਅਤੇ ਆਪਣੇ ਅੰਦਰ ਦੇ 'ਅਲਫ਼' ਨੂੰ ਕਤਲ ਹੋਣ ਤੋਂ ਬਚਾਉਣ ਲਈ ਮੈਨੂੰ ਦੋ-ਦੋ ਵਕੀਲ ਕਰਨੇ ਪਏ। ਸਿੱਟਾ ਇਹ ਨਿਕਲਿਆ ਕਿ 'ਅਲਫ਼' ਤਾਂ ਬਚ ਗਿਆ ਪਰ ਵਹੁਟੀ ਦੇ ਸਾਰੇ ਜ਼ੇਵਰ ਮੁਕੱਦਮੇਬਾਜ਼ੀ ਦੀ ਭੇਂਟ ਚੜ੍ਹ ਗਏ। ਇੰਝ ਹੀ ਮੇਰੇ ਅੰਦਰ ਦਾ 'ਅਲਫ਼' ਇਕ ਵਾਰੀ ਫੇਰ ਤਰੰਗ ਵਿਚ ਆਇਆ। ਉਸ ਤਰੰਗ ਨੇ ਕਹਾਣੀਕਾਰ ਖ਼ਾਲਿਦ ਹੁਸੈਨ ਨੂੰ ਮਲੰਗ ਬਣਾਇਆ ਅਤੇ ਇੰਝ 'ਬੈਡੇ ਦੀ ਲੰਕਾ' ਦਾ ਜਨਮ ਹੋਇਆ। ਇਸ ਕਹਾਣੀ ਵਿਚ ਇਕ ਖ਼ਾਸ ਵਰਗ ਵਿਚ ਆਰਥਿਕ ਮੰਦਹਾਲੀ ਕਾਰਣ ਫੈਲੀਆਂ ਬੁਰਾਈਆਂ ਬਾਰੇ ਗੱਲ ਕੀਤੀ ਗਈ ਸੀ। ਗਲਤੀ ਇਹ ਹੋਈ ਕਿ ਸਾਰੇ ਪਾਤਰਾਂ ਦੇ ਨਾਂ ਅਸਲੀ ਰਹਿਣ ਦਿੱਤੇ ਗਏ ਸਨ। ਕਹਾਣੀ ਛਪੀ ਤੇ ਜਿਨ੍ਹਾਂ ਮਨ ਅੰਦਰ 'ਅਲਫ਼' ਦਾ ਨੂਰ ਜਗਦਾ ਸੀ, ਉਨ੍ਹਾਂ ਬਹੁਤ ਪਸੰਦ ਕੀਤੀ। ਪੰਜਾਬੀ ਤੋਂ ਛੁੱਟ ਉਰਦੂ ਦੇ ਪ੍ਰਸਿੱਧ ਸ਼ਾਇਰ ਤੇ ਅਦੀਬ ਅਲੀ ਸਰਦਾਰ ਜਾਫ਼ੀ ਨੇ ਆਪਣੇ ਉਰਦੂ ਮਾਸਿਕ ਪੱਤਰ

'ਗੁਫ਼ਤਗੂ' (ਅਕਤੂਬਰ 1979) ਮੈਗਜ਼ੀਨ ਵਿਚ ਛਾਪੀ। ਪਰ ਸੱਚ ਦੇ ਵੈਰੀਆਂ ਨੇ ਇਕ ਤੂਫ਼ਾਨ ਖੜ੍ਹਾ ਕਰ ਦਿੱਤਾ। ਮੈਨੂੰ ਗਿੱਦੜ-ਕੁੱਟ ਚਾੜ੍ਹਨ ਦੇ ਮਨਸੂਬੇ ਬੰਨ੍ਹਣ ਲੱਗੇ। ਕੁਝ ਸੱਜਣ ਸੋਮਰਸ ਪੀ ਕੇ ਰੋਜ਼ ਮੇਰੇ ਘਰ ਆ ਕੇ ਮੈਨੂੰ ਗਾਲ੍ਹਾਂ ਦਾ ਗੁਲਕੰਦ ਖਵਾਂਦੇ। ਮੇਰੇ ਖ਼ਿਲਾਫ਼ ਥਾਂ-ਥਾਂ ਬੈਠਕਾਂ ਹੋਣ ਲੱਗੀਆਂ। ਨੌਕਰੀਓਂ ਕਢਾਉਣ ਲਈ ਵਕੀਲਾਂ ਨਾਲ ਮਸ਼ਵਰੇ ਹੋਣ ਲੱਗੇ। ਅਦਾਲਤ ਦਾ ਬੂਹਾ ਠੋਰਨ ਦੀਆਂ ਗੱਲਾਂ ਹੋਣ ਲੱਗੀਆਂ। ਫਿਰ ਕੁਝ ਵਿਚੋਲੀਏ ਜੰਮ ਪਏ ਤੇ ਮੈਨੂੰ ਮਾਫ਼ੀ ਮੰਗਣ ਲਈ ਕਹਿਣ ਲੱਗ ਪਏ ਪਰ ਮੇਰੇ ਅੰਦਰ ਦਾ 'ਅਲਫ਼' ਮਾਫ਼ੀ ਮੰਗਣ ਲਈ, ਹਰਗਿਜ਼ ਤਿਆਰ ਨਹੀਂ ਹੋਇਆ। ਫਿਰ ਰੱਬ ਜਾਣੇ ਕੀ ਹੋਇਆ, ਕਿੰਝ ਹੋਇਆ ਤੇ ਕਿਉਂ ਹੋਇਆ ਤੇ ਮਸਲਾ ਆਪ ਹੀ ਠੰਡੇ ਬਸਤੇ ਵਿਚ ਪੈ ਗਿਆ ਤੇ ਤੁਹਾਡਾ ਖ਼ਾਲਿਦ ਹੁਸੈਨ ਇਕ ਨਵੀਂ ਮੁਕੱਦਮੇਬਾਜ਼ੀ ਤੋਂ ਬਚ ਗਿਆ। ਇੰਝ ਹੀ ਇਕ ਵਾਰੀ ਮੇਰੀ ਕਹਾਣੀ ਪੜ੍ਹ ਕੇ ਇਕ ਸ਼ਰੀਫ਼ਜ਼ਾਦਾ  ਲੜਨ ਆ ਗਿਆ, ਮੇਰਾ ਕਸੂਰ ਇਹ ਸੀ ਕਿ ਉਸ ਦਾ ਨਾਂ ਮੇਰੀ ਕਹਾਣੀ ਦੇ ਇਕ ਬਦਜ਼ਾਤ ਪਾਤਰ ਦੇ ਨਾਂ ਨਾਲ ਮਿਲਦਾ ਸੀ। ਹੋਰ ਵੀ ਕਈ ਫੁਟਕਲ ਹਾਦਸੇ ਹੁੰਦੇ ਰਹੇ ਹਨ। ਮੈਨੂੰ ਵੀ ਰਮਜ਼ਾਂ, ਜੁਗਤਾਂ, ਚੋਭਾਂ ਤੇ ਕੁਤਕੁਤਾੜੀਆਂ ਕਰਨ ਦੀ ਬਿਮਾਰੀ ਸੀ ਤੇ ਉਨ੍ਹਾਂ ਕੋਲ ਵੀ ਗਾਲ੍ਹਾਂ ਦੀ ਜੁਗਾਲ੍ਹੀ ਸਵਾਏ ਹੋਰ ਕੋਈ ਹਥਿਆਰ ਨਹੀਂ ਸੀ। ਖ਼ੈਰ ਰੱਬ ਸਭ ਦਾ ਭਲਾ ਕਰੇ ਤੇ ਮੇਰੀਆਂ ਤੇ ਉਨ੍ਹਾਂ ਸਾਰਿਆਂ ਦੀ ਭੁੱਲ-ਚੁੱਕ ਬਖਸ਼ ਦੇ।

ਮੇਰੇ ਅੰਦਰ ਦਾ 'ਅਲਫ਼' ਜਦ ਜਾਗਦਾ ਹੈ ਤਾਂ ਮੇਰੀ ਸੋਚ ਦੇ ਘੋੜੇ ਚਾਰ-ਚੁਫ਼ੇਰੇ ਦੌੜਣ ਲਗਦੇ ਹਨ ਅਤੇ ਜਦ 'ਅਲਫ਼' ਸੁੱਤਾ ਰਵੇ ਤਾਂ ਕਈ ਮਹੀਨੇ ਤੇ ਸਾਲ ਲੰਘ ਜਾਂਦੇ ਹਨ, ਕਲਮ ਵਿਚਾਰੀ ਬਿਲਕੁਲ ਨਹੀਂ ਚਲਦੀ, ਪਰ ਜਦ 'ਅਲਫ਼' ਜਾਗਦਾ ਹੈ ਤਾਂ ਪੂਰੇ ਵਜੂਦ ਵਿਚ ਜੰਮਣ-ਪੀੜਾਂ ਸ਼ੁਰੂ ਹੋ ਜਾਂਦੀਆਂ ਹਨ। ਇਕ ਅਜੀਬ ਜਿਹੀ ਅਚਵੀ ਲੱਗੀ ਰਹਿੰਦੀ ਹੈ। ਇਹ ਬੇਚੈਨੀ ਲਿਖਣ 'ਤੇ ਮਜਬੂਰ ਕਰਦੀ ਹੈ ਫਿਰ ਇਕ ਨਵੀਂ ਰਚਨਾ ਦਾ ਜਨਮ ਹੁੰਦਾ ਹੈ। ਦਿਲ ਦਿਮਾਗ ਤੋਂ ਇਕ ਭਾਰ ਉੱਤਰ ਜਾਂਦਾ ਹੈ ਤੇ ਮੈਂ ਆਪਣੇ-ਆਪ ਨੂੰ ਹਲਕਾ-ਫੁਲਕਾ ਜਿਹਾ ਮਹਿਸੂਸ ਕਰਦਾ ਹਾਂ-ਸ਼ਾਂਤ ਤੇ ਪੁਰਸਕੂਨ।

ਕਹਾਣੀ ਬਾਰੇ ਕੁਝ ਹੋਰ ਗੱਲਾਂ ਵੀ ਸੁਣ ਲੋ, ਜਦ ਕਹਾਣੀ ਜਨਮ ਲੈਂਦੀ ਹੈ ਤਾਂ ਕਹਾਣੀਕਾਰ ਉਸ ਨੂੰ ਛਪਾਉਣਾ ਚਾਹੁੰਦਾ ਹੈ ਅਤੇ ਦੋਸਤਾਂ ਤੇ ਸਾਹਿਤਕਾਰ ਮਿੱਤਰਾਂ ਨੂੰ ਸੁਣਾਉਣਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦੀ ਰਚਨਾ ਵੱਧ ਤੋਂ ਵੱਧ ਪੜ੍ਹੀ ਤੇ ਸੁਣੀ ਜਾਏ। ਮੈਂ ਵੀ ਆਪਣੇ 'ਅਲਫ਼' ਦੀ ਸੰਤੁਸ਼ਟੀ ਲਈ ਮਿੱਤਰਾਂ ਨੂੰ ਕਹਾਣੀ ਸੁਣਾਉਂਦਾ ਹਾਂ ਪਰ ਉਹ ਨੇਕ ਬਖ਼ਤ ਇਸ ਗੱਲ ਲਈ ਤਗੜਾ ਮੁਆਵਜ਼ਾ ਮੰਗਦੇ ਹਨ। ਚਾਅ ਤੇ ਕਬਾਬਾਂ ਦੀ ਫ਼ਰਮਾਇਸ਼ ਹੁੰਦੀ ਹੈ। ਹਜ਼ਾਰ ਨਖ਼ਰੇ

ਬਰਦਾਸ਼ਤ ਕਰਨੇ ਪੈਂਦੇ ਹਨ ਤਾਂ ਜਾ ਕੇ ਕਿਤੇ ਕਹਾਣੀ ਸੁਣੀ ਜਾਂਦੀ ਹੈ ਤੇ ਉਨ੍ਹਾਂ ਦੀ ਕੀਮਤੀ ਰਾਇ ਜਾਂ ਸੁਝਾਉ ਮਿਲਦੇ ਹਨ। ਪਰ ਉਨ੍ਹਾਂ ਦੇ ਵਿਚਾਰਾਂ ਵਿਚ ਚਾਅ-ਪਾਣੀ, ਸ਼ਰਾਬ ਤੇ ਕਬਾਬ ਦਾ ਕੋਈ ਦਖ਼ਲ ਨਹੀਂ ਹੁੰਦਾ। ਇਹ ਮੇਰੀ ਬਦਕਿਸਮਤੀ ਹੈ ਕਿ ਮੇਰੇ ਅਯਾਨ ਉਮਰ ਅਤੇ ਜਵਾਨੀ ਦੇ ਨੱਬੇ ਪ੍ਰਤੀਸ਼ਤ ਯਾਰ-ਬੇਲੀ ਸਾਹਿਤਕ ਰੁਚੀ ਨਹੀਂ ਰੱਖਦੇ। ਹੋਰ ਤੇ ਹੋਰ ਆਦਮ ਦੀ ਪਸਲੀ ਵਿਚੋਂ ਨਿਕਲੀ ਮੇਰੀ ਅਰਧਾਂਗਨੀ ਵੀ ਮੇਰੇ ਅਦਬੀ ਸ਼ੌਂਕ ਨੂੰ ਵਾਹਿਯਾਤ ਸਮਝਦੀ ਹੈ। ਚੰਬੇ ਤੇ ਭਲੇਸ ਵਰਗੇ ਇਕ ਪਿੰਡ ਵਿਚ ਰਹਿਣ ਵਾਲਾ ਮੇਰਾ ਨਾਵਲਕਾਰ ਯਾਰ ਮੇਰੇ ਵਰਗੇ ਦੋਸਤਾਂ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਆਪਣੇ ਘਰ ਬੁਲਾਉਂਦਾ ਹੈ। ਖ਼ੂਬ ਸੇਵਾ ਕਰਦਾ ਹੈ, ਰੱਜ ਕੇ ਖਿਲਾਂਦਾ-ਪਿਲਾਂਦਾ ਹੈ। ਫਿਰ ਨਵਾਂ ਨਾਵਲ ਸੁਣਾਉਣ ਬਹਿ ਜਾਂਦਾ ਹੈ। ਵਿਚਾਰੇ ਮਹਿਮਾਨ ਦੀ ਉਹ ਹਾਲਤ ਕਰ ਦਿੰਦਾ ਹੈ ਕਿ ਦੋਬਾਰਾ ਉਸ ਦਾ ਨਾਂ ਸੁਣਦਿਆਂ ਹੀ ਉਸਦੇ ਪੂਰੇ ਜੁੱਸੇ ਵਿਚ ਕਾਂਬਾ ਛਿੜ ਪੈਂਦਾ ਹੈ। ਜੇ ਸਾਡੇ ਅਦੀਬਾਂ ਤੇ ਸ਼ਾਇਰਾਂ ਵਿਚ ਇਹ ਸੁਣਨ ਤੇ ਸੁਣਾਉਣ ਦੀ ਬਿਮਾਰੀ ਨਾ ਹੋਵੇ ਤਾਂ ਰੱਬ ਦੀ ਸੌਂਹ, ਅਸੀਂ ਬੜੀ ਪਿਆਰੀ ਮਖ਼ਲੂਕ ਹਾਂ ਤੇ ਤੁਸੀਂ ਸਾਡੇ 'ਤੇ ਫ਼ਖ਼ਰ ਕਰ ਸਕਦੇ ਹੋ। ਪਰ ਜੇ ਕਿਸੇ ਮਜਬੂਰੀ ਕਾਰਣ ਇੰਞ ਨਾ ਕਰਨਾ ਚਾਹੋ ਤਾਂ ਵੀ ਸਾਨੂੰ ਕੋਈ ਫ਼ਰਕ ਨਹੀਂ ਪੈਂਦਾ ਕਿਉਂ ਜੋ ਅਸੀਂ ਆਪਣੀ ਦੁਨੀਆ ਆਪ ਤਖ਼ਲੀਕ ਕਰਦੇ ਹਾਂ।

ਢਾਈ-ਤਿੰਨ ਸਾਲ ਦਾ ਸਾਂ ਜਦ ਦੇਸ਼ ਦੀ ਵੰਡ ਹੋਈ। ਧਰਮ ਦੀ ਰਾਜਨੀਤੀ ਕਾਰਨ ਪੰਜਾਬੀਆਂ ਦਾ ਉਜਾੜ ਹੋਇਆ। ਹਿੰਦੂ-ਸਿੱਖ ਤੇ ਮੁਸਲਮਾਨ ਦੇ ਨਾਂ 'ਤੇ ਪੰਜਾਬੀਆਂ ਦਾ ਕਤਲ ਹੋਇਆ। ਔਰਤਾਂ ਦੀ ਬੇਹੁਰਮਤੀ ਹੋਈ। ਧੀਆਂ—ਭੈਣਾਂ ਅਗਵਾ ਹੋਈਆਂ। ਸਾਡਾ ਵੀ ਹੱਸਦਾ-ਵੱਸਦਾ ਘਰ ਉਜੜ ਗਿਆ, ਸਭ ਖ਼ਤਮ ਹੋ ਗਿਆ। ਵੰਡ ਮਗਰੋਂ ਜ਼ਿੰਦਗੀ ਆਪਣੇ ਹੀ ਮੋਢਿਆਂ ਦਾ ਭਾਰ ਬਣ ਗਈ। ਕੋਈ ਸਹਾਰਾ ਨਹੀਂ ਰਿਹਾ। ਰਿਸ਼ਤਿਆਂ ਨੂੰ ਜਦ ਅਮਲਾਂ ਦੀ ਕੁਠਾਲੀ ਵਿਚ ਪਰਖਿਆ ਤਾਂ ਇਹ ਸਮਝ ਆਈ ਕਿ ਰਿਸ਼ਤੇਦਾਰ ਤਾਂ ਲਕੜੀਆਂ ਹੁੰਦੇ ਹਨ। ਕੋਲ ਹੋਣ ਤਾਂ ਸੜਦੇ ਹਨ ਤੇ ਦੂਰ ਹੋਣ ਤਾਂ ਧੂੰ ਦੇਂਦੇ ਹਨ। ਮਾਂ ਨੇ ਬੜੀਆਂ ਮੁਸੀਬਤਾਂ ਨਾਲ ਪਾਲਿਆ। ਪਰ ਬਚਪਨ ਵਿਚ ਯਤੀਮੀ ਦੀ ਜਿਹੜੀ ਮਾਰ ਪਈ ਤਾਂ ਉਸ ਨੇ ਜਜ਼ਬਾਤੀ ਬਣਾ ਦਿੱਤਾ। ਗੁਰਬਤ ਤੇ ਹਕਾਰਤ ਦੇ ਵਾਤਾਵਰਣ 'ਚ ਪਲਿਆ ਖ਼ਾਲਿਦ ਹੁਸੈਨ ਆਪਣੇ ਅਵਚੇਤਨ ਵਿਚ ਜ਼ਿੰਦਗੀ ਦੀ ਕੁੜੱਤਣ ਨੂੰ ਪਾਲਦਾ ਰਿਹਾ। ਸਮਾਜ ਦੇ ਨਾਸੂਰ ਚੁਣਦਾ ਰਿਹਾ। ਆਂਢ-ਗੁਆਂਢ ਵਿਚ ਵਾਪਰੀਆਂ ਘਟਨਾਵਾਂ ਨੂੰ ਵੇਖਦਾ ਰਿਹਾ। ਉਨ੍ਹਾਂ ਵਿਚੋਂ ਜਿਹੜੀਆਂ ਘਟਨਾਵਾਂ ਮੇਰੇ ਅੰਤਰ-ਮਨ 'ਤੇ ਡੂੰਘਾ ਨਕਸ਼ ਛੱਡ ਗਈਆਂ, ਮੈਂ ਉਨ੍ਹਾਂ ਨੂੰ ਕਹਾਣੀਆਂ ਦਾ ਜੁੱਸਾ ਪਵਾ

ਕੇ ਪਾਠਕਾਂ ਸਾਹਮਣੇ ਲਿਆਉਣ ਦਾ ਯਤਨ ਕਰਦਾ ਰਹਿੰਦਾ ਹਾਂ।

ਮੈਂ ਵੇਖਦਾ ਹਾਂ ਕਿ ਸਾਡੀ ਕਥਨੀ ਤੇ ਕਰਨੀ ਵਿਚ ਬੜਾ ਅੰਤਰ ਹੁੰਦਾ ਹੈ ਜਿਸ ਧਰਮ ਦਾ ਅਸੀਂ ਪ੍ਰਗਟਾਵਾ ਕਰਦੇ ਹਾਂ ਤੇ ਜਿਹੜਾ ਧਰਮ ਧਾਰਮਿਕ ਕਿਤਾਬਾਂ ਵਿਚ ਦਰਜ ਹੈ ਉਸ ਦਾ ਆਪਸ ਵਿਚ ਵਿਚ ਕੋਈ ਜੋੜ ਨਹੀਂ, ਕੋਈ ਮੇਲ ਨਹੀਂ ਕਿਉਂ ਜੋ ਵੇਦ, ਪੁਰਾਣ, ਉਪਨਿਸ਼ਦ, ਰਾਮਾਇਣ, ਗੀਤਾ, ਸਾਮੀ ਕਿਤਾਬਾਂ, ਸੰਤਾਂ, ਰਿਸ਼ੀਆਂ-ਮੁਨੀਆਂ ਅਤੇ ਸੂਫ਼ੀਆਂ ਦੀ ਬਾਣੀ ਕੇਵਲ ਇਨਸਾਨ ਨੂੰ ਇਨਸਾਨ ਨਾਲ ਮੁਹੱਬਤ ਕਰਨਾ ਸਿਖਾਉਂਦੀਆਂ ਹਨ। ਸੂਫ਼ੀਆਂ ਅਤੇ ਸੰਤਾਂ ਦਾ ਕਹਿਣਾ ਹੈ ਕਿ ਮਨੁੱਖ ਨਾਲ ਮੁਹੱਬਤ ਹੀ ਰੱਬ ਨਾਲ ਮੁਹੱਬਤ ਹੈ ਪਰ ਅੱਜ ਦੇ ਸਾਡੇ ਆਗੂ, ਹਾਕਮ ਤੇ ਧਰਮੀ ਠੇਕੇਦਾਰ ਸਿਰਫ ਧਰਮ ਦਾ ਢੋਲ ਪਿਟਦੇ ਰਹਿੰਦੇ ਹਨ ਅਤੇ ਲੋਕਾਈ ਨੂੰ ਕੁਰਾਹੇ ਪਾ ਰਹੇ ਹਨ। ਅੱਜ ਦਾ ਵਾਤਾਵਰਣ ਸੱਚ ਦੇ ਅਨੁਯਾਈਆਂ ਨੂੰ ਲਹੂ ਰੁਲਾ ਰਿਹਾ ਹੈ। ਅੱਜ ਇਨਸਾਨ ਤਕਨਾਲੋਜੀ ਅਤੇ ਆਧੁਨਿਕ ਗਿਆਨ ਹਾਸਿਲ ਕਰਨ ਦੇ ਬਾਵਜੂਦ ਜਹਾਲਤ ਵਿਚ ਜੀਅ ਰਿਹਾ ਹੈ। ਅੱਜ ਮਨੁੱਖ ਵਿਚ ਧਰਤੀ ਵਿਚ ਅਨਾਜ ਦੀ ਥਾਂ ਬਾਰੂਦ ਬੀਜ ਰਿਹਾ ਹੈ। ਅਸਮਾਨ ਤੋਂ ਮੀਂਹ ਦੀ ਥਾਂ ਬੰਬ ਤੇ ਮਿਜ਼ਾਇਲਾਂ ਦੀ ਵਰਖਾ ਕਰ ਰਿਹਾ ਹੈ। ਲੋਕਾਈ ਮੌਤ ਦਾ ਤਾਂਡਵ ਵੇਖ ਰਹੀ ਹੈ। ਤਾਕਤਵਰ ਕੌਮਾਂ ਲਿੱਸੀਆਂ ਕੌਮਾਂ ਨੂੰ ਮੌਤ, ਦਹਿਸ਼ਤ, ਜ਼ਿੱਲਤ ਤੇ ਤਬਾਹੀ ਦੇ ਜਾਲ ਵਿਚ ਬੰਦੀ ਬਣਾ ਕੇ ਰੱਖ ਰਹੀਆਂ ਹਨ। ਮਜ਼ਹਬ ਦੀ ਗਲਤ ਵਿਆਖਿਆ ਹੋ ਰਹੀ ਹੈ। ਨਫ਼ਰਤ ਅਤੇ ਛਲ ਫਰੇਬ ਦੀ ਕੜਿੱਕੀ ਵਿਚ ਅਮਨ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਇਨਸਾਫ਼ ਦਰ-ਬਦਰ ਹੈ। ਮੌਤ ਦੇ ਸ਼ਿਕਾਰੀ ਜ਼ਿੰਦਗੀ ਦਾ ਸ਼ਿਕਾਰ ਕਰ ਰਹੇ ਹਨ। ਸਾਮਰਾਜ ਦੀ ਬਰਬਰੀਅਤ ਧਰਤੀ ਉੱਤੇ ਗੰਦਗੀ ਅਤੇ ਗਲਾਜ਼ਤ ਦੇ ਅੰਬਾਰ ਲਗਾ ਰਹੀ ਹੈ। ਚੁਫ਼ੇਰੇ ਲਾਸ਼ਾਂ ਦੀ ਬਦਬੂ ਫੈਲੀ ਹੋਈ ਹੈ। ਦੁਨੀਆਂ ਕੰਡਿਆਂ ਦਾ ਜੰਗਲ ਬਣ ਚੁੱਕੀ ਹੈ। ਜਨੂੰਨੀ ਰਾਜਨੀਤੀ ਨੇ ਤਬਾਹੀ ਮਚਾਈ ਹੋਈ ਹੈ। ਰਾਜ ਧਰ ਨਿਲਾਮ ਹੋ ਚੁੱਕਿਆ ਹੈ। ਮੰਦਿਰ ਅਤੇ ਮਸੀਤਾਂ ਵਿਚ ਜਾਂਦੇ ਲੋਕ ਡਰਦੇ ਹਨ। ਅਖੌਤੀ ਜਮਹੂਰੀਅਤ, ਖੋਖਲਾ ਸੈਕੁਲਰਿਜ਼ਮ ਤੇ ਬੇਕਾਰ ਕਾਨੂੰਨ ਨਫ਼ਰਤ ਫੈਲਾਉਣ ਵਾਲਿਆਂ ਦਾ ਕੁਝ ਵਿਗਾੜ ਨਹੀਂ ਸਕਦੇ। ਅਜਿਹੀ ਸਥਿਤੀ ਵਿਚ ਸਾਨੂੰ ਡਾਢੀ ਲੋੜ ਹੈ ਕਿ ਅਸੀਂ ਮੁੜ ਭਗਤੀ ਤੇ ਸੂਫ਼ੀ ਮਤ ਨੂੰ ਗਲ਼ੇ ਲਾ ਕੇ ਸਮਾਜੀ ਏਕਤਾ, ਅਮਨ-ਸ਼ਾਂਤੀ ਤੇ ਮੁਹੱਬਤ ਦਾ ਗੀਤ ਗਾਈਏ।

ਮੈਂ ਜ਼ਿੰਦਗੀ ਵਿਚ ਬੜਾ ਸੰਘਰਸ਼ ਕੀਤਾ। ਧੁੱਪ-ਛਾਂ ਦੇ ਕਈ ਦੌਰ ਵੇਖੇ। ਵਰ੍ਹਿਆਂ ਦੀ ਮਿਹਨਤ ਸਦਕਾ ਅੱਜ ਮੇਰਾ ਇਕ ਹੱਸਦਾ-ਵੱਸਦਾ ਪਰਿਵਾਰ ਹੈ। ਪਰ ਅਜੋਕੇ ਹਾਲਾਤ ਵੇਖ ਕੇ ਦਿਲ ਨੂੰ ਇਕ ਧੁੜਕੂੰ ਲੱਗਾ ਰਹਿੰਦਾ ਹੈ ਕਿ ਰੱਬ ਨਾ ਕਰੇ, ਤਬਾਹੀ ਫਿਰ ਸਾਡਾ ਮੁਕੱਦਰ ਬਣੇ। ਜਿਨ੍ਹਾਂ ਸਥਿਤੀਆਂ ਕਾਰਣ ਦੇਸ਼ ਦੀ ਵੰਡ ਹੋਈ

ਸੀ, ਉਹ ਕਾਰਣ ਫਿਰ ਸਿਰ ਚੁੱਕ ਰਹੇ ਹਨ। ਧਰਮ ਦੀ ਰਾਜਨੀਤੀ ਤੇ ਜੁਗਾੜ ਰਾਜਨੀਤੀ ਅੱਜ ਫਿਰ ਇਨਸਾਨ ਦਾ ਲਹੂ ਪਾਣੀ ਵਾਂਗ ਡੋਲ ਰਹੀ ਹੈ। ਹਾਕਮ ਆਪਣੇ ਦ੍ਰਿਸ਼ਟੀਕੋਣ, ਨਜ਼ਰੀਏ ਅਤੇ ਮਰਜ਼ੀ ਨਾਲ ਲੋਕਾਂ ਨੂੰ ਚਲਾਉਣਾ ਚਾਹੁੰਦਾ ਹੈ ਪਰ ਫ਼ਾਰਸੀ ਦੇ ਪ੍ਰਸਿੱਧ ਫ਼ਿਲਾਸਫ਼ਰ ਸ਼ੇਖ ਸਾਅਦੀ ਨੇ ਕਿਹਾ ਹੈ ਕਿ ਉਹ ਧਰਤੀ ਸਦਾ ਬਰਬਾਦ ਰਹਿੰਦੀ ਹੈ ਜਿੱਥੇ ਫਸਾਦੀ ਲੋਕ ਪੈਦਾ ਹੋਣ ਅਤੇ ਇਹ ਫਸਾਦੀ ਲੋਕ ਪੂਰੇ ਦੇਸ਼ ਵਿਚ ਦਨਦਨਾਉਂਦੇ ਫਿਰ ਰਹੇ ਹਨ। ਧਰਮ, ਰੰਗ, ਨਸਲ, ਜਾਤ, ਭਾਸ਼ਾ ਤੇ ਕੌਮ ਦੇ ਵੱਖ-ਵੱਖ ਫ਼ਲਸਫ਼ੇ ਨੇ ਅੱਜ ਦੇਸ਼ ਵਿਚ ਚੋਖੀ ਵਿੱਥ ਪਾ ਦਿੱਤੀ ਹੈ। ਇਸ ਵਿੱਥ ਨੂੰ ਮਿਟਾਉਣਾ ਅਤੇ ਜੋੜਨਾ ਸਾਡੇ ਵੱਸ ਵਿਚ ਨਹੀਂ ਰਿਹਾ ਹੈ। ਕਾਨੂੰਨ ਨੂੰ ਜੁੱਤੀ ਦੀ ਨੋਕ 'ਤੇ ਰੱਖਿਆ ਜਾ ਰਿਹਾ ਹੈ। ਗੁੰਡੇ ਤੇ ਬਲਾਤਕਾਰੀ ਕਾਨੂੰਨ ਦੀ ਗਿੱਚੀ ਮਰੋੜ ਰਹੇ ਹਨ। ਵਫ਼ਾਦਾਰੀ ਦੇਸ਼ ਭਗਤੀ ਤੇ ਗੱਦਾਰੀ ਦੇ ਪੈਮਾਨੇ ਬਦਲ ਦਿੱਤੇ ਗਏ ਹਨ। ਅੱਜ ਸਰਕਾਰ ਨੂੰ ਕੌਣ ਸਮਝਾਏ ਕਿ ਵਫ਼ਾਦਾਰੀ ਤੇ ਗੱਦਾਰੀ ਸ਼ੱਕ ਦੀ ਕੁਖ਼ ਵਿਚ ਪਲ਼ਦੀ ਹੈ। ਦੇਸ਼ ਵਿਚ ਫੈਲੀ ਅਫ਼ਰਾ-ਤਫ਼ਰੀ, ਖ਼ੌਫ਼ ਤੇ ਡਰ ਦੇ ਬਾਵਜੂਦ ਮੈਂ ਪਨਾਹ ਦੀ ਖ਼ਾਤਰ ਕਿਸੇ ਫ਼ਲਸਫ਼ੇ ਦੇ ਤੰਬੂ ਵਿਚ ਲੁਕਣਾ ਨਹੀਂ ਚਾਹੁੰਦਾ। ਮੈਂ ਜ਼ਿੰਦਗੀ ਦੀ ਅਮਲੀ ਹਕੀਕਤ ਤੋਂ ਜਾਣੂ ਹਾਂ।

ਸਾਹਿਤਕਾਰ ਬੁਨਿਆਦੀ ਤੌਰ 'ਤੇ ਸਮਾਜ ਦੇ ਹੀ ਅੰਗ-ਸੰਗ ਹੁੰਦਾ ਹੈ। ਜੋ ਕੁਝ ਵੀ ਲਿਖਦਾ ਹੈ ਸਮਾਜ ਦੀਆਂ ਵਾਪਰੀਆਂ ਘਟਨਾਵਾਂ, ਲੋਕਾਈ ਦੇ ਆਰਥਿਕ ਤੇ ਰਾਜਨੀਤਿਕ ਮਸਲਿਆਂ ਤੋਂ ਪ੍ਰਭਾਵਿਤ ਹੋ ਕੇ ਹੀ ਲਿਖਦਾ ਹੈ। ਉਸ ਦੀ ਨਜ਼ਰ ਡੂੰਘੀ ਹੁੰਦੀ ਹੈ। ਉਹ ਜ਼ਿੰਦਗੀ ਨੂੰ ਬਾਰੀਕੀ ਨਾਲ ਵੇਖਦਾ ਹੈ। ਜੀਵਨ ਦੇ ਕੱਚੇ-ਪੱਕੇ ਰੰਗਾਂ ਨੂੰ ਪਰਖਦਾ ਹੈ ਕਿਉਂ ਜੋ ਉਨ੍ਹਾਂ ਰੰਗਾਂ ਵਿਚ ਉਸ ਦਾ ਆਪਣਾ ਲਹੂ ਵੀ ਸ਼ਾਮਲ ਹੁੰਦਾ ਹੈ। ਜ਼ਿੰਦਗੀ ਦੇ ਇਨ੍ਹਾਂ ਔਖੇ-ਸੌਖੇ ਰਾਹਾਂ 'ਤੇ ਲੰਘ ਕੇ ਜੋ ਤਸਵੀਰ ਉਭਰਦੀ ਹੈ ਉਸ ਨੂੰ ਕਲਾ-ਕੌਸ਼ਲਤਾ ਦੀ ਪੁੱਠ ਚਾੜ੍ਹ ਕੇ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਸਾਹਿਤ ਕਦੇ ਨਵਾਂ ਜਾਂ ਪੁਰਾਣਾ ਨਹੀਂ ਹੁੰਦਾ ਪਰ ਲੋਕਾਂ ਦੇ ਮਸਲੇ ਜ਼ਰੂਰ ਨਵੇਂ ਹੁੰਦੇ ਹਨ ਤੇ ਵਕਤ ਦੇ ਨਾਲ-ਨਾਲ ਇਨ੍ਹਾਂ ਦਾ ਤਬਦੀਲ ਹੋਣਾ ਸੁਭਾਵਿਕ ਹੈ। ਇਕ ਅਦੀਬ ਦਾ ਫ਼ਰਜ਼ ਹੈ ਕਿ ਉਹ ਆਪਣੀ ਰਚਨਾ ਦੇ ਮਾਧਿਅਮ ਨਾਲ ਇਨ੍ਹਾਂ ਮਸਲਿਆਂ ਦੀ ਨਿਸ਼ਾਨਦੇਹੀ ਕਰੇ। ਸੱਚ ਨੂੰ ਪੇਸ਼ ਕਰੇ। ਆਪਣੇ ਜ਼ਮਾਨੇ ਦੇ ਸਿਆਸੀ, ਸਮਾਜੀ, ਸਾਇੰਸੀ ਤੇ ਆਰਥਿਕ ਪ੍ਰਭਾਵਾਂ ਦਾ ਜਾਇਜ਼ਾ ਲਵੇ ਅਤੇ ਲੋਕਾਂ ਦੀ ਨਬਜ਼ 'ਤੇ ਹੱਥ ਰੱਖੇ।

ਮੈਂ ਵੀ ਆਪਣੀਆਂ ਕਹਾਣੀਆਂ ਰਾਹੀਂ ਵੇਲੇ ਨਾਲ ਜੁੜੀਆਂ ਗੱਲਾਂ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਵਾਤਾਵਰਣ ਅੰਦਰ ਝਾਂਕਣ ਦਾ ਯਤਨ ਕੀਤਾ ਹੈ। ਮੈਂ ਆਪਣੀ ਕੋਸ਼ਿਸ਼ ਵਿਚ ਕਿੱਥੇ ਤੋੜੀ ਕਾਮਯਾਬ ਹੋਇਆ ਹਾਂ

ਇਹ ਤਾਂ ਪਾਠਕ, ਆਲੋਚਕ ਅਤੇ ਸੂਝਵਾਨ ਹੀ ਦੱਸ ਸਕਦੇ ਹਨ।

ਇਨਸਾਨੀ ਜ਼ਿੰਦਗੀ ਦੇ ਅਨੁਭਵ ਨੂੰ ਖ਼ੂਬਸੂਰਤੀ ਨਾਲ ਪੇਸ਼ ਕਰਨਾ ਹੀ ਚੰਗੀ ਰਚਨਾ ਦੀ ਪਛਾਣ ਹੈ। ਸਾਹਿਤ ਜ਼ਾਤੀ ਫਰੱਸਟੇਸ਼ਨ ਜਾਂ ਮਾਯੂਸੀ ਦਾ ਨਾਂ ਨਹੀਂ ਹੈ। ਚੰਗਾ ਸਾਹਿਤ ਇਕ ਸ਼ੀਸ਼ਾ ਹੈ ਜਿਸ ਵਿਚ ਪਾਠਕ ਨੂੰ ਆਪਣਾ ਤੇ ਸਮਾਜ ਦਾ ਚਿਹਰਾ ਲੱਭਣਾ ਚਾਹੀਦਾ ਹੈ। ਕਹਾਣੀ ਬਾਰੇ ਉਰਦੂ ਦੇ ਪ੍ਰਸਿੱਧ ਕਥਾਕਾਰ ਰਾਜਿੰਦਰ ਸਿੰਘ ਬੇਦੀ ਨੇ ਕਿਹਾ ਸੀ ਕਿ, "ਅਫ਼ਸਾਨਾ ਸ਼ਾਇਰੀ ਦੇ ਬਹੁਤ ਨੇੜੇ ਹੁੰਦਾ ਹੈ। ਨਿੱਕੀ ਕਹਾਣੀ ਲੰਬੀ ਬਹਿਰ ਦੀ ਇਕ ਖ਼ੂਬਸੂਰਤ ਨਜ਼ਮ ਹੁੰਦੀ ਹੈ।" ਮੈਂ ਵੀ ਆਪਣੀਆਂ ਕਹਾਣੀਆਂ ਨੂੰ ਲੰਬੀ ਬਹਿਰ ਦੀਆਂ ਨਜ਼ਮਾਂ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਕਹਾਣੀ ਦੀ ਲੋੜ ਅਨੁਸਾਰ ਢੁਕਵੇਂ ਮੁਹਾਵਰੇ, ਅਖਾਣ ਤੇ ਚਿੰਨ੍ਹ ਵਰਤੇ ਹਨ। ਮੇਰੀਆਂ ਕਹਾਣੀਆਂ ਵਿਚ ਤੁਹਾਨੂੰ ਅੱਜ ਦੇ ਸਮੇਂ ਦਾ ਦੁਖਾਂਤ ਮਿਲੇਗਾ। ਦੇਸ਼ ਵੰਡ ਦੇ ਜ਼ਖ਼ਮ ਮਿਲਣਗੇ। ਵੱਡੀਆਂ ਤਾਕਤਾਂ ਦੀਆਂ ਬੇਰਹਿਮ ਸਾਜ਼ਿਸ਼ਾਂ ਦੀਆਂ ਦਾਸਤਾਨਾਂ ਮਿਲਣਗੀਆਂ। ਇਹਨਾਂ ਕਹਾਣੀਆਂ ਵਿਚ ਭਾਰਤ ਅਤੇ ਪਾਕਿਸਤਾਨ ਦੀ ਆਪਸੀ ਦੁਸ਼ਮਣੀ ਕਾਰਣ ਕਸ਼ਮੀਰ ਵਿਚ ਫੈਲੀ ਤਬਾਹੀ ਅਤੇ ਮੌਤ ਦਾ ਤਾਂਡਵ ਮਿਲੇਗਾ। ਯਤੀਮਾਂ ਅਤੇ ਬੇਵਾਵਾਂ ਦੀਆਂ ਚੀਖਾਂ ਮਿਲਣਗੀਆਂ। ਲੁੱਟੀ ਇੱਜ਼ਤ ਦਾ ਮਾਤਮ ਮਿਲੇਗਾ ਪਰ ਇਕ ਅਦੀਬ ਹੋਣ ਦੇ ਨਾਤੇ ਮੇਰੀ ਜ਼ਾਤ ਅਤੇ ਮੇਰੇ ਵਜੂਦ ਵਿਚ ਭਾਰਤ ਤੇ ਪਾਕਿਸਤਾਨ ਦੋਵੇਂ ਗਲ਼ੇ ਮਿਲਦੇ ਨਜ਼ਰ ਆਉਣਗੇ ਕਿਉਂ ਜੋ ਇਹ ਦੋਵੇਂ ਦੇਸ਼ ਧਰਤੀ ਦੀ ਇਕੋ ਕੁੱਖ 'ਚੋਂ ਜਨਮੇ ਹਨ ਅਤੇ ਇਹ ਗੱਲ ਰਾਜਨੀਤੀ, ਧਰਮ, ਤਾਕਤ ਤੇ ਦਹਿਸ਼ਤ ਨੂੰ ਸਮਝਣੀ ਹੋਵੇਗੀ। ਦੋਵਾਂ ਮੁਲਕਾਂ ਨੂੰ ਰਾਜਨੀਤਿਕ ਹੱਥਕੰਡਿਆਂ ਤੋਂ ਬਾਜ਼ ਆਉਣਾ ਪਵੇਗਾ ਤਾਂ ਜੋ ਇਹ ਖਿੱਤਾ ਅਮਨ ਦਾ ਗਹਿਰਾਵਾ ਬਣੇ।

ਸਾਮਰਾਜੀ ਤਾਕਤਾਂ ਨੂੰ ਵੀ ਜਿਸ ਦੀ ਡਾਂਗ ਉਹਦੀ ਮੱਝ ਵਾਲਾ ਫ਼ਾਰਮੂਲਾ ਛੱਡਣਾ ਪਵੇਗਾ। ਕੌਮਾਂ ਨੂੰ ਬਲ ਤੇ ਛਲ ਨਾਲ ਗੁਲਾਮ ਬਣਾਉਣ ਦੀਆਂ ਹਰਕਤਾਂ ਛੱਡਣੀਆਂ ਪੈਣਗੀਆਂ ਤਾਂ ਜੋ ਦੁਨੀਆ ਵਿਚ ਆਬਾਦ ਖ਼ਲਕਤ ਆਜ਼ਾਦ ਹਵਾਵਾਂ ਵਿਚ ਸੁਖ ਦਾ ਸਾਹ ਲੈ ਸਕੇ।

-ਖ਼ਾਲਿਦ ਹੁਸੈਨ

# ਬਾਜੀ ਬਲਕੀਸ

ਕਹਾਣੀ ਪੜ੍ਹਨ ਤੋਂ ਪਹਿਲਾਂ ਉਰਦੂ ਦਾ ਇਹ ਸ਼ਿਅਰ ਪੜ੍ਹੋ,

*ਦੀਮਕ ਜ਼ਦਹ ਕਿਤਾਬ ਥੀ ਯਾਦੋਂ ਕੀ ਜ਼ਿੰਦਗੀ।*
*ਹਰ ਵਰਕ ਖੋਲਨੇ ਕੀ ਖ਼ੁਆਹਿਸ਼ ਮੇਂ ਫ਼ਟ ਗਿਆ।*

ਇਸ ਸ਼ਿਅਰ ਨੇ ਮੇਰੇ ਦਿਲ ਤੇ ਦਿਮਾਗ਼ ਨੂੰ ਹਿਲਾ ਕੇ ਰੱਖ ਦਿੱਤਾ ਤੇ ਮੈਨੂੰ ਮਜਬੂਰ ਕਰ ਦਿੱਤਾ ਕਿ ਮੈਂ ਵੀ ਯਾਦਾਂ ਦੀ ਇਹ ਕਿਤਾਬ ਦੇ ਫ਼ਟੇ ਵਰਕਿਆਂ 'ਤੇ ਲਿਖੀ ਇਹ ਕਹਾਣੀ ਤੁਹਾਨੂੰ ਸੁਣਾਵਾਂ।

ਪੁਲੀਸ ਇੰਸਪੈਕਟਰ ਖ਼ੁਆਜਾ ਹਮੀਦ ਦੀ ਵਹੁਟੀ ਬਲਕੀਸ ਬਾਨੋ ਸਿਆਲਕੋਟੋਂ ਜੰਮੂ ਦੇ ਮੁਹੱਲਾ ਅਫ਼ਗਾਨਾਂ ਵਿਚ ਲਾੜੀ ਬਣ ਕੇ ਆਈ ਸੀ। ਉਨ੍ਹਾਂ ਦਿਨਾਂ 'ਚ ਜੰਮੂ ਤੇ ਸਿਆਲਕੋਟ ਵਿਚਕਾਰ ਸਿਰਫ਼ ਵਪਾਰ ਹੀ ਨਹੀਂ ਸੀ ਹੁੰਦਾ, ਸਗੋਂ ਦੋਹਾਂ ਸ਼ਹਿਰਾਂ ਦੇ ਲੋਕਾਂ ਵਿਚ ਸਾਕ-ਸੰਬੰਧ ਵੀ ਜੁੜਦੇ ਸਨ। ਜੰਮੂ ਦੀਆਂ ਕੁੜੀਆਂ ਸਿਆਲਕੋਟ ਤੇ ਉੱਥੇ ਦੀਆਂ ਮੁਟਿਆਰਾਂ ਜੰਮੂ ਵਿਆਹੀਆਂ ਜਾਂਦੀਆਂ ਸਨ, ਦੂਰ ਹੀ ਕਿੰਨਾ ਐ... ਮੇਰੇ ਘਰ ਤੋਂ ਸਿਰਫ਼ ਚਾਲੀ ਕਿਲੋਮੀਟਰ। ਓਦੋਂ ਜੰਮੂ ਦੇ ਕਾਮੀ ਕੰਮ-ਕਾਜ ਕਰਨ ਲਈ ਸਵੇਰੇ ਰੇਲ ਜਾਂ ਬੱਸ ਰਾਹੀਂ ਸਿਆਲਕੋਟ ਜਾਂਦੇ ਤੇ ਸ਼ਾਮੀਂ ਮੁੜ ਆਉਂਦੇ। ਇੰਜ ਹੀ ਸਿਆਲਕੋਟੋਂ ਲੋਕੀਂ ਰਾਤ ਗੁਜ਼ਾਰਨ ਲਈ ਜੰਮੂ ਦੀ ਰੰਣਬੀਰ ਨਹਿਰ 'ਤੇ ਆਉਂਦੇ ਤੇ ਸਵੇਰੇ ਸਿਆਲਕੋਟ ਪਰਤ ਜਾਂਦੇ। ਇਸੇ ਲਈ ਰਿਸ਼ਤੇਦਾਰੀਆਂ ਤੇ ਯਾਰੀਆਂ ਸਾਂਝੀਆਂ ਸਨ।

ਬਲਕੀਸ ਬਾਨੋ ਸਿਆਲਕੋਟ ਦੇ ਇਕ ਸੌਖੇ ਵਪਾਰੀ ਸ਼ੇਖ਼ ਗੁਲਜ਼ਾਰ ਦੀ ਧੀ ਸੀ ਤੇ ਤਿੰਨ ਭਰਾਵਾਂ ਦੀ ਇੱਕੋ ਭੈਣ। ਉਹ ਦਾਦਕਿਆਂ ਤੇ ਨਾਨਕਿਆਂ ਦੀ ਢੇਰੀ ਦੀ ਸਹਕੋਵੇਂ ਸੀ। ਇਸੇ ਕਰਕੇ ਦਾਦਕੀ ਤੇ ਨਾਨਕੀ ਛੱਕ ਨਾਲ ਨੱਕੋ-ਨੱਕ ਨਿਹਾਲ ਹੋਈ ਸੀ। ਮੁਹੱਲਾ ਅਫ਼ਗਾਨ ਵਿਚ ਸਿਆਲਕੋਟੋਂ ਆਈ ਨਵੀਂ ਨੂੰਹ ਦੇ ਦਾਜ ਦੀਆਂ ਧੁੰਮਾਂ ਪਈਆਂ ਹੋਈਆਂ ਸਨ ਤੇ ਕਈ ਦਿਨਾਂ ਤੋੜੀ ਇਸ ਵਿਆਹ

ਦੇ ਚਰਚੇ ਜੰਮੂ ਦੀ ਮੁਸਲਿਮ ਬਰਾਦਰੀ ਵਿਚ ਚੱਲਦੇ ਰਹੇ। ਖ਼ੂਬਸੂਰਤੀ ਨੇ ਬਲਕੀਸ ਬਾਨੋ ਦਾ ਮੂੰਹ ਚੁੰਮਿਆ ਹੋਇਆ ਸੀ ਅਤੇ ਉਸ ਦੇ ਬਲੌਰੀ ਹੁਸਨ ਦੀ ਚਮਕਾਰ ਤੇ ਲਿਸ਼ਕਾਰ ਪੂਰੇ ਮੁਹੱਲੇ ਦਾ ਮਾਣ ਵਧਾ ਰਹੀ ਸੀ। ਉਹਦੇ ਚਿਹਰੇ ਉੱਤੇ ਫੁੱਲਾਂ ਜਿਹੀ ਤਾਜ਼ਗੀ ਸੀ ਅਤੇ ਵਰਤਾਵੇ ਵਿਚ ਨਿੱਘ ਤੇ ਸਾਦਗੀ ਸੀ। ਉਹ ਸਿਆਲਕੋਟ ਤੋਂ ਸਾਂਝ ਪਿਆਰ ਦਾ ਪਾਠ ਪੜ੍ਹ ਕੇ ਆਈ ਸੀ, ਇਸ ਲਈ ਛੇਤੀ ਹੀ ਰਿਸ਼ਤੇਦਾਰਾਂ ਤੇ ਮੁਹੱਲੇਦਾਰਾਂ ਲਈ ਗੰਜ ਸ਼ੱਕਰ ਦੀ ਖੰਡ ਬਣ ਗਈ ਤੇ ਖ਼ੁਆਜਾ ਹਮੀਦ ਲਈ ਮਿਸਰੀ ਦੀ ਡਲ਼ੀ। ਬੇਸ਼ੱਕ ਬਲਕੀਸ ਬਾਨੋ ਸਿਆਣਪ ਦਾ ਪੰਥ ਲੈ ਕੇ ਆਈ ਸੀ, ਪਰ ਹੋਰਾਂ ਸੱਸਾਂ ਵਾਂਗਰ ਉਹਦੀ ਸੱਸ ਵੀ ਸ਼ੁਰੂ ਸ਼ੁਰੂ ਵਿਚ ਪਾੜ੍ਹੇ ਦੀ ਕੁੱਕੜੀ ਵਾਂਗ ਉਹਦੇ ਨਾਲ ਕੁੜ-ਕੁੜ ਕਰਦੀ ਰਹਿੰਦੀ ਮਗਰ ਬਲਕੀਸ ਦੇ ਮਿੱਠ ਸੁਭਾਅ ਨੇ ਉਸ ਉੱਤੇ ਅਜਿਹਾ ਟੂਣਾ ਕੀਤਾ ਕਿ ਉਹ ਆਪਣੀ ਨੂੰਹ ਦੀਆਂ ਬਲਾਈਆਂ ਲੈਣ ਲੱਗੀ। ਬੁੱਢੀ ਸੱਸ ਆਪਣੀਆਂ ਸਹੇਲੀਆਂ ਵਿਚ ਬਹਿ ਕੇ ਬੜੇ ਫ਼ਖ਼ਰ ਨਾਲ ਬਲਕੀਸ ਦੇ ਸਦਕੇ ਜਾਂਦੀ ਤੇ ਮੁੱਠਾਂ ਭਰ ਭਰ ਵਾਰਨੇ ਕਰਦੀ। ਉਹ ਕਹਿੰਦੀ ਕਿ ਉਸ ਦੀ ਨੌਂਹ ਵਰਗੀਆਂ ਚੰਗੀਆਂ ਕੁੜੀਆਂ ਵਿਰਲੀਆਂ ਵਿਰਲੀਆਂ ਹੀ ਮਿਲਦੀਆਂ ਨੇ। ਖ਼ੁਆਜਾ ਹਮੀਦ ਤੇ ਬਲਕੀਸ ਇਕ ਸੁਲੱਖਣਾ ਜੋੜਾ ਸੀ, ਬੜਾ ਹੀ ਸੋਹਣਾ। ਵਿਆਹ ਮਗਰੋਂ ਖ਼ੁਆਜਾ ਹਮੀਦ ਬਲਕੀਸ ਦੇ ਸਰੀਰ ਦੀ ਬੇੜੀ ਦਾ ਮਲਾਹ ਬਣ ਕੇ ਦਗ-ਦਗ ਹੋਇਆ ਪਿਆ ਸੀ। ਉਹ ਰੋਜ਼ ਬੇੜੀ ਉੱਤੇ ਬਹਿ ਕੇ ਕਈ-ਕਈ ਵਾਰੀ ਦਰਿਆ ਪਾਰ ਲੈਂਦਾ। ਉਹਦੇ ਮਨ ਦਾ ਮੋਰ ਉਸ ਦੇ ਅੱਗੇ ਪਿੱਛੇ ਹੀ ਪੈਲਾਂ ਪਾਉਂਦਾ ਰਹਿੰਦਾ। ਦੋਵੇਂ ਆਪਣੀ ਮਸਤੀ ਵਿਚ ਮਸਤ ਸਨ। ਫੇਰ ਇਸ਼ਕ ਦੀਆਂ ਗੰਦਲਾਂ ਨੇ ਬਲਕੀਸ ਦੀ ਕੁੱਖ ਸਜਾਈ ਤੇ ਸ਼ਗਨਾਂ ਨੇ ਸੱਜਰੀ ਰੁੱਤ ਦੀ ਕੂਕ ਸੁਣਾਈ ਅਤੇ ਰੱਬ ਸੋਹਣੇ ਨੇ ਦਾਦੀ ਦੀ ਝੋਲ਼ੀ ਵਿਚ ਪੋਤਰੇ ਦੀ ਸੌਗਾਤ ਪਾਈ। ਕਈ ਦਿਨਾਂ ਤੀਕਰ ਭੰਡਾਂ-ਮਰਾਸੀਆਂ ਤੇ ਖੁਸਰਿਆਂ ਘਰ ਵਿਚ ਧਮਾਲ ਮਚਾਈ।

ਵੇਲਾ ਸੌਖਾ ਲੰਘ ਰਿਹਾ ਸੀ। ਬਸੰਤ, ਵੈਸਾਖੀ, ਦੀਵਾਲੀ, ਈਦ ਦੇ ਮੇਲੇ ਲਗਦੇ ਰਹੇ। ਜੰਮੂ ਸਾਂਝ ਪਿਆਰ ਦੀ ਵੰਝਲੀ ਵਜਾਉਂਦਾ ਰਿਹਾ।

---

ਫੇਰ ਮੌਸਮ ਨੂੰ ਖ਼ਬਰੇ ਕੀ ਹੋਇਆ ਕਿ ਮਸਤ ਹਵਾਵਾਂ ਵਿਚ ਕਾਲ਼ੇ ਬੱਦਲਾਂ ਨੇ ਹਨੇਰਾ ਭਰ ਦਿੱਤਾ ਤੇ ਲੋਕਾਂ ਦੇ ਨਸੀਬਾਂ ਦਾ ਚੁੱਲ੍ਹਾ ਬੁਝ ਗਿਆ ਅਤੇ ਧੂੰਏਂ ਨੇ ਅੱਖਾਂ ਸਾੜ ਦਿੱਤੀਆਂ। ਦੇਸ਼ ਦੀ ਵੰਡ ਨੇ ਦਿਲਾਂ ਵਿਚ ਗੰਢ ਪਾ ਦਿੱਤੀ। ਇਨਸਾਨ ਹਿੰਦੂ, ਮੁਸਲਮਾਨ ਤੇ ਸਿੱਖ ਬਣ ਗਿਆ ਅਤੇ ਧਰਮ ਦੇ ਜਿੰਨ ਬੜੀ ਅੱਤ ਚੁੱਕੀ। ਜੰਮੂ ਵਿਚ ਭਾਜੜ ਪੈ ਗਈ।

ਖ਼ੁਆਜਾ ਹਮੀਦ ਪੁਲੀਸ ਇੰਸਪੈਕਟਰ ਸੀ ਤੇ ਉਹਨੂੰ ਖ਼ਬਰੀ ਨੇ ਪਹਿਲਾਂ

ਹੀ ਖ਼ਬਰ ਦੇ ਦਿੱਤੀ ਸੀ ਕਿ ਜੰਮੂ ਵਿਚ ਵੱਢ-ਟੁੱਕ ਹੋਣ ਆਲੀ ਏ, ਇਸ ਕਰਕੇ ਉਹਨੇ ਬਲਕੀਸ ਤੇ ਬੱਚੇ ਨੂੰ ਆਪਣੀ ਭੈਣ ਕੋਲ ਬਾਨੇਹਾਲ ਘੱਲ ਦਿੱਤਾ ਤੇ ਆਪ ਡਿਊਟੀ 'ਤੇ ਹਾਜ਼ਰ ਰਿਹਾ। ਖ਼ੁਆਜਾ ਹਮੀਦ ਬੜਾ ਬੀਬਾ ਤੇ ਦਿਲਦਾਰ ਸੀ। ਉਹਦੀ ਯਾਰੀ ਜੰਮੂ ਦੇ ਅਮੀਰਾਂ, ਫ਼ਕੀਰਾਂ, ਗੁੰਡੇ ਮਵਾਲੀਆਂ ਨਾਲ ਸਾਂਝੀ ਸੀ। ਇਸ ਲਈ ਜਦ ਵੱਢ-ਟੁੱਕ ਸ਼ੁਰੂ ਹੋਈ ਤਾਂ ਉਹਦੇ ਗੁਆਂਢੀ ਤੇ ਨਿੱਘੇ ਮਿੱਤਰ ਬਲਰਾਮ ਪੰਡਤ ਨੇ ਖ਼ੁਆਜਾ ਨੂੰ ਆਪਣੀ ਪਾਠਸ਼ਾਲਾ ਵਿਚ ਲੁਕਾ ਕੇ ਰੱਖਿਆ ਪਰ ਉਹਦੇ ਮਾਂ ਪਿਓ, ਭਰਾਵਾਂ ਤੇ ਹੋਰ ਰਿਸ਼ਤੇਦਾਰਾਂ ਨੂੰ ਬਲਵਈਆਂ ਘਰ ਅੰਦਰ ਹੀ ਮਾਰ ਦਿੱਤਾ। ਕਹਿੰਦੇ ਨੇ ਕਿ ਧਰਤੀ ਦੀ ਇਹ ਖਸਲਤ ਹੁੰਦੀ ਏ ਕਿ ਉਹ ਆਪਣਾ ਢਿੱਡ ਭਰਨ ਲਈ ਲਾਸ਼ਾਂ ਮੰਗਦੀ ਏ ਅਤੇ ਮੌਤ ਦਾ ਕੰਮ ਏ ਕਿ ਜ਼ਿੰਦਗੀ ਦੇ ਖਿਡੌਣੇ ਤੋੜਦੀ ਰਵ੍ਹੇ ਤੇ ਭੂੰਈਂ ਦਾ ਢਿੱਡ ਭਰਦੀ ਰਵ੍ਹੇ।ਇਸੇ ਕਰ ਕੇ ਜ਼ਿੰਦਗੀ ਥਰ-ਥਰ ਕੰਬ ਰਹੀ ਸੀ ਤੇ ਹਰ ਪਾਸੇ ਤਰਥੱਲੀ ਪਈ ਹੋਈ ਸੀ। ਰਾਜੇ ਨੇ ਰਾਜ ਧਰਮ ਨਹੀਂ ਨਿਭਾਇਆ, ਉਹ ਵੀ ਕੀ ਕਰਦਾ, ਉਹ ਆਪ ਬੇਬਸੀ ਦੀ ਭੱਠੀ ਵਿਚ ਸੜ ਰਿਹਾ ਸੀ। ਸਭ ਕੁਝ ਖ਼ਤਮ ਹੋ ਗਿਆ।

---

ਫੇਰ ਨਵੀਂ ਸਰਕਾਰ ਨੇ ਜਨਮ ਲਿਆ ਤੇ ਬਲਵਾਈਆਂ ਦੀ ਪਕੜ-ਧਕੜ ਹੋਣ ਲੱਗੀ, ਪਰ ਰਿੰਜ ਦੀ ਧੂਣੀ ਧੁਖਾ ਕੇ ਲੁੱਚੀ ਰਾਜਨੀਤੀ ਕਰਨ ਵਾਲੇ ਟੁੱਚੇ ਆਪਣੀਆਂ-ਆਪਣੀਆਂ ਖੁੱਡਾਂ ਵਿਚ ਵੜ ਗਏ ਪਰ ਲੋਕਾਈ ਨੂੰ ਸਿਖਰ ਤੋਂ ਸਿਫ਼ਰ ਕਰ ਗਏ। ਬਲਵਈ ਸਿਊਂਕ ਵਾਂਗਰ ਤਬਾਹੀ ਮਚਾ ਗਏ ਸਨ। ਤੁਹਾਨੂੰ ਤਾਂ ਪਤਾ ਈ ਏ ਕਿ ਸਿਊਂਕ ਜਿਸ ਘਰ ਲੱਗੇ ਕੱਖ ਨਾ ਛੱਡੇ। ਕਾਲ਼ੀਆਂ ਰਾਤਾਂ ਵਿਚ ਡਰਿਆ ਹੋਇਆ ਸੰਨਾਟਾ ਸਹਿਮ ਗਿਆ ਪਰ ਮਨ ਦਾ ਮਾਤਮ ਚਿਰਾਂ ਤੀਕਰ ਚੀਖ਼ਦਾ ਰਿਹਾ। ਪੀੜਤ ਲੋਕੀ ਆਪਣੇ ਦੁੱਖਾਂ ਦੀ ਉਮਰ ਕੱਟਣ ਲੱਗੇ। ਅਜਿਹੇ ਸੰਜੋਗ ਬਣੇ ਕਿ ਹੰਝੂਆਂ ਦੇ ਗਲ਼ ਹੰਝੂ ਲੱਗੇ। ਨਵੀਂ ਸਰਕਾਰ ਹਾਲਾਤ 'ਤੇ ਕਾਬੂ ਪਾਉਣ ਦੇ ਵਾਅਦੇ ਕਰਨ ਲੱਗੀ। ਲੋਕਾਂ ਨੂੰ ਵਿਸ਼ਵਾਸ ਦਵਾਉਣ ਲੱਗੀ ਕਿ ਉਨ੍ਹਾਂ ਦੀਆਂ ਜਾਨਾਂ ਨੂੰ ਹੁਣ ਕੋਈ ਖ਼ਤਰਾ ਨਹੀਂ ਤੇ ਉਨ੍ਹਾਂ ਦੀ ਰੱਖਿਆ ਦਾ ਪੂਰਾ ਪ੍ਰਬੰਧ ਕਰ ਲਿਆ ਗਿਆ ਏ। ਸਰਕਾਰ ਹਰ ਪੀੜਤ ਟੱਬਰ ਦੀ ਆਰਥਿਕ ਮਦਦ ਕਰੇਗੀ। ਪਰ ਸਰਕਾਰ ਨੂੰ ਕੌਣ ਸਮਝਾਉਂਦਾ ਕਿ ਚੋਇਆ ਦੁੱਧ ਥਣਾਂ ਵਿਚ ਨਈਂ ਜਾਂਦਾ ਤੇ ਸੱਜਰੇ ਫੱਟ ਛੇਤੀ ਨਈਂ ਭਰਦੇ। ਵੇਲਾ ਤਾਂ ਹੜ੍ਹ ਦੇ ਪਾਣੀਆਂ ਵਾਂਗਰ ਸ਼ੋਰ ਮਚਾਉਂਦਾ ਲੰਘ ਜਾਂਦਾ ਏ ਪਰ ਲੋਕਾਂ ਦਾ ਡਾਢਾ ਨੁਕਸਾਨ ਕਰ ਜਾਂਦਾ ਏ, ਜਿਸ ਦੀ ਭਰਪਾਈ ਬੜੀ ਔਖੀ ਹੁੰਦੀ ਏ।

ਖ਼ੈਰ! ਹਾਲਾਤ ਸੁਧਰਨ ਲੱਗੇ। ਯਾਰੀਆਂ ਪੀੜਾਂ ਵੰਢਣ ਲੱਗੀਆਂ ਤੇ ਮਨ

ਹੌਲ਼ਾ ਕਰਨ ਲੱਗੀਆਂ । ਲੋਕਾਈ ਨੇ ਦਿਲ ਦੀ ਮਿੱਟੀ ਨੂੰ ਬਹੁਤਾ ਚਿਰ ਗਿੱਲਿਆਂ ਨਈਂ ਰੱਖਿਆ। ਉਨ੍ਹਾਂ ਉਸ ਵਿਚ ਜ਼ਿੰਦਗੀ ਦੇ ਨਵੇਂ ਬੂਟੇ ਲਾਉਣੇ ਸ਼ੁਰੂ ਕਰ ਦਿੱਤੇ। ਖ਼ੁਆਜਾ ਹਮੀਦ ਮੁੜ ਆਪਣੀ ਡਿਊਟੀ 'ਤੇ ਹਾਜ਼ਰ ਹੋ ਗਿਆ।

---

ਕੁਝ ਚਿਰ ਮਗਰੋਂ ਉਹਨੇ ਬਲਕੀਸ ਤੇ ਨਾਦਰ ਨੂੰ ਬਾਨੇਹਾਲੋਂ ਵਾਪਸ ਲਿਆਂਦਾ। ਉਹ ਜੰਮੂ ਵਿਚ ਤਬਾਹੀ ਨੂੰ ਵੇਖ ਕੇ ਬੜਾ ਦੁੱਖੀ ਹੋਈ ਪਰ ਉਹਨੇ ਹਿੰਮਤ ਨਈਂ ਹਾਰੀ। ਉਹਨੇ ਸਵਾਣੀਆਂ ਦੀ ਇਕ ਜਮਾਤ ਬਣਾਈ ਤੇ ਰਫਿਊਜੀ ਕੈਂਪਾਂ ਵਿਚ ਜਾ ਕੇ ਬੇਵਾ ਔਰਤਾਂ ਤੇ ਅਭਾਗਣ ਔਰਤਾਂ ਦੀ ਦੇਖਭਾਲ ਕਰਨ ਲੱਗੀ। ਉਹ ਉਨ੍ਹਾਂ ਨੂੰ ਦਿਲਾਸਾ ਦਿੰਦੀ ਬਾਗ਼, ਸਧੂਨਤੀ, ਮੁਜ਼ੱਫਰਾਬਾਦ, ਕੋਟਲੀ ਤੇ ਮੀਰਪੁਰ ਤੋਂ ਆਏ ਸ਼ਰਨਾਰਥੀਆਂ ਦੀ ਖ਼ਬਰਗੀਰੀ ਕਰਦੀ, ਜਿਹੜੇ ਯਾਦਾਂ ਦੀ ਫੂਹੜੀ 'ਤੇ ਬਹਿ ਕੇ ਆਪਣੇ ਫੱਟ ਚੀਰਦੇ ਰਹਿੰਦੇ, ਉਨ੍ਹਾਂ ਦੇ ਦਰਦਾਂ ਭਰੇ ਕਿੱਸੇ ਸੁਣ ਕੇ ਤੇ ਉਨ੍ਹੰ ਦੀ ਹਾਲਤ ਵੇਖ ਕੇ ਬਲਕੀਸ ਭਾਵੁਕ ਹੋ ਜਾਂਦੀ ਤੇ ਰੋਣ ਲੱਗਦੀ। ਕਦੇ-ਕਦੇ ਉਦਾਸ ਪਲਾਂ ਵਿਚ ਉਹ ਵੰਡ ਮਗਰੋਂ ਆਈ ਫ਼ਿਲਮ "ਜ਼ੀਨਤ" ਵਿਚ ਨੂਰ ਜਹਾਂ ਦਾ ਗਾਇਆ ਗੀਤ ਗਾਉਣ ਲੱਗਦੀ "ਆਂਧੀਆਂ ਗ਼ਮ ਕੀ ਯੂੰ ਚਲੀਂ, ਬਾਗ਼ ਉਜੜ ਕੇ ਰਹਿ ਗਿਆ"

ਫੇਰ... ਸਭ ਠੀਕ ਹੋ ਗਿਆ। ਜ਼ਿੰਦਗੀ ਮੁੜ ਰਸਣ-ਬਸਣ ਲੱਗੀ। ਖ਼ੁਆਜਾ ਹਮੀਦ ਬਲਕੀਸ ਬਾਨੋ ਦੀ ਰੂਪ ਸੁਰਾਹੀ 'ਚੋਂ ਵੱਤ ਪਿਆਰ ਦਾ ਸ਼ਰਬੱਤ ਪੀਣ ਲੱਗਾ। ਸਾਗਰ ਵਿਚ ਸਾਗਰ ਮਿਲਦਾ ਰਿਹਾ। ਉਨ੍ਹਾਂ ਦੇ ਘਰ ਦੋ ਬੱਚੇ ਹੋਰ ਜਨਮੇ, ਇੱਕ ਧੀ ਤੇ ਇੱਕ ਪੁੱਤਰ। ਬਲਕੀਸ ਬੱਚਿਆਂ ਨੂੰ ਪਾਲਣ ਪੋਸ਼ਣ ਤੇ ਉਨ੍ਹਾਂ ਦੀ ਸਿੱਖਿਆ ਵੱਲ ਧਿਆਨ ਦੇਣ ਲੱਗੀ। ਉਹ ਸੁੱਘੜ ਸਿਆਣੀ ਮੁਹੱਲੇ ਤੇ ਬਰਾਦਰੀ ਦੇ ਮਸਲੇ ਹੱਲ ਕਰਾਣ ਦੀ ਕੋਸ਼ਿਸ਼ ਕਰਦੀ। ਰਿਸ਼ਤੇਦਾਰੀ ਅਤੇ ਬਰਾਦਰੀ ਵਿਚ ਹੋਣ ਵਾਲੀਆਂ ਸ਼ਾਦੀਆਂ ਵਿਚ ਵਧ-ਚੜ੍ਹ ਕੇ ਭਾਗ ਲੈਂਦੀ। ਸਾਰੇ ਉਹਨੂੰ ਪੁੱਛ ਕੇ ਪਰਨੇ ਤੇ ਮਰਨੇ ਦੀਆਂ ਰਸਮਾਂ ਦਾ ਇੰਤਜ਼ਾਮ ਕਰਦੇ। ਤੇਲ, ਮਹਿੰਦੀ ਦੀਆਂ ਰਸਮਾਂ ਵਿਚ ਉਹ ਢੋਲਕੀ ਫੜ੍ਹ ਲੈਂਦੀ ਤੇ ਕੋਈ ਦੂਜੀ ਮੁਟਿਆਰ ਕਾਸ਼ਕ ਬਜਾਣ ਲਗਦੀ। ਫੇਰ ਉਹ ਨੂਰ ਜਹਾਂ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਜ਼ੁਬੈਦਾ ਖ਼ਾਨਮ ਦੇ ਗਾਏ ਮਸ਼ਹੂਰ ਪੰਜਾਬੀ ਗੀਤ ਗਾਉਣ ਲਗਦੀ ਤੇ ਵਿਆਹ ਵਾਲਿਆਂ ਦੀਆਂ ਰੌਣਕਾਂ ਵਧਾਉਂਦੀ। ਕਤਲੱਮੇ ਤੇ ਲੂਣਕੀ ਚਾਹ ਪਰੌਹਣਿਆਂ ਨੂੰ ਵਰਤਾਉਂਦੀ ਤੇ ਜਾਣ ਵੇਲੇ ਪਤਾਸਿਆਂ ਦੇ ਲਿਫ਼ਾਫ਼ੇ ਫੜਾਂਦੀ। ਇੰਝ ਹੀ ਫ਼ੌਤਗੀ ਵਾਲੇ ਘਰ ਜਾ ਕੇ ਜ਼ਿੰਦਗੀ ਤੇ ਮੌਤ ਦੇ ਫ਼ਲਸਫ਼ੇ ਨੂੰ ਸਮਝਾਂਦੀ... ਮੰਨ ਲਓ ਕਿ ਬਲਕੀਸ ਬਾਨੋ ਜੰਮੂ ਦੀ ਪੂਰੀ ਮੁਸਲਿਮ ਬਰਾਦਰੀ ਦੀ ਲੋੜ ਬਣ ਗਈ ਹੈ। ਉਹ ਹੁਣ ਇਕ ਦਾਨੀ

ਪਕਵਾਉਣੀਆਂ ਨੇ, ਇਸ ਦਾ ਫ਼ੈਸਲਾ ਉਹ ਕਰਦੀ। ਲਾੜੇ ਦੇ ਕੱਪੜੇ ਖ਼ਰੀਦਣ, ਜ਼ੇਵਰ ਬਣਵਾਉਣ ਤੇ ਹੋਰ ਖ਼ਰੀਦਦਾਰੀ ਕਰਨ ਲਈ ਬਾਜੀ ਬਲਕੀਸ ਦਾ ਨਾਲ ਹੋਣਾ ਜ਼ਰੂਰੀ ਸਮਝਿਆ ਜਾਂਦਾ ਸੀ। ਕਿਸੇ ਦੇ ਘਰ ਪੁੱਤਰ ਜੰਮੇ ਤਾਂ ਭੰਡਾਂ, ਮਰਾਸੀਆਂ ਤੇ ਖ਼ੁਸਰਿਆਂ ਦੇ ਨੱਚਣ-ਗਾਉਣ ਤੇ ਧਮਾਲਾਂ ਪਾਉਣ ਦਾ ਫ਼ੈਸਲਾ ਵੀ ਬਾਜੀ ਬਲਕੀਸ ਹੀ ਕਰਦੀ, ਜੁੰਮੇਰਾਤ ਦੀ ਨਿਆਜ਼ ਕਰਨ ਜਾਂ ਕੁਰਆਨ ਖ਼ੁਆਨੀ ਲਈ ਕਿਹੜੇ ਮੌਲਵੀ ਬੁਲਾਣੇ ਨੇ, ਪੰਜ ਪੀਰ, ਬਾਬਾ ਜੀਵਨ ਸ਼ਾਹ, ਗੁਮਟ ਵਾਲੇ ਪੀਰ ਬਾਬਾ ਤੇ ਬਾਬਾ ਬੁੱਢਣ ਸ਼ਾਹ ਦੀਆਂ ਦਰਗਾਹਾਂ 'ਤੇ ਸਾਰੇ ਉਹਨੂੰ ਨਾਲ ਲੈ ਕੇ ਜਾਂਦੇ। ਉੱਥੇ ਪਕਾਇਆ ਜਾਣ ਵਾਲਾ ਛੋਲਿਆਂ ਦਾ ਪਲਾਅ ਤੇ ਜ਼ਰਦਾ ਉਹ ਆਪ ਵੰਡਦੀ। ਗਰਜ਼ ਮੁਸਲਿਮ ਬਰਾਦਰੀ ਦੇ ਹਰ ਘਰ ਵਿਚ ਬਾਜੀ ਬਲਕੀਸ ਦੀ ਸਿਆਣਪ ਦਾ ਚਰਚਾ ਸੀ। ਜਦ ਬਾਜੀ ਬਲਕੀਸ ਦਾ ਵੱਡਾ ਪੁੱਤਰ ਨਾਦਰ ਕੈਮਿਸਟਰੀ ਵਿਚ ਐੱਮ. ਏ. ਕਰਕੇ ਸਾਇੰਸ ਕਾਲਜ ਜੰਮੂ ਵਿਚ ਲੈਕਚਰਾਰ ਲੱਗਾ ਤਾਂ ਬਾਜੀ ਬਲਕੀਸ ਨੇ ਆਪਣੇ ਘਰ ਕੁਰਆਨ ਖ਼ੁਆਨੀ ਰੱਖੀ ਤੇ ਪੂਰੀ ਬਰਾਦਰੀ ਨੂੰ ਦੇਸੀ ਘਿਓ ਵਿਚ ਬਣਿਆ ਗੋਸ਼ਤ ਵਾਲਾ ਪਲਾਅ, ਰੋਗਨ ਜੋਸ਼ ਦਾ ਸਾਲਣ ਤੇ ਜ਼ਰਦਾ ਖਵਾਇਆ ਸੀ।

ਜੰਮੂ ਅਮਨ ਸ਼ਾਂਤੀ ਦੀ ਪੱਖੀ ਝੱਲ ਰਿਹਾ ਸੀ। ਲੋਕੀ ਪਹਿਲੋਂ ਵਾਂਗਰ ਹੀ ਸੁੱਖ ਦਾ ਸਾਹ ਲੈ ਰਹੇ ਸਨ। ਬਾਜੀ ਬਲਕੀਸ ਦਾ ਦੂਜਾ ਪੁੱਤਰ ਕਾਦਰ ਇੰਜਨੀਅਰਿੰਗ ਕਾਲਜ ਵਿਚ ਪਹਿਲੇ ਸਾਲ ਦਾ ਵਿਦਿਆਰਥੀ ਸੀ ਤੇ ਧੀ ਕਲਸੂਮ ਬਾਰ੍ਹਵੀਂ ਜਮਾਤ ਵਿਚ ਪੜ੍ਹ ਰਹੀ ਸੀ। ਹਰ ਪਾਸੇ ਅਮਨ ਚੈਨ ਸੀ।

---

ਪਰ ਫੇਰ 1967 ਵਿਚ ਹਲਕਾ ਜਿਹਾ ਭੂਚਾਲ ਆਇਆ। ਕਸ਼ਮੀਰ ਵਿਚ ਇਸ਼ਕੇ ਦੀ ਬੂਟੀ ਪੁੰਗਰੀ ਤੇ ਮੁਹੱਬਤ ਲੁਕਾ ਛੁਪੀ ਖੇਡਣ ਲੱਗੀ। ਇਸ਼ਕ ਮੁਸ਼ਕ ਦੀ ਖ਼ੁਸ਼ਬੂ ਫੈਲੀ ਤਾਂ ਪਰਮੇਸ਼ਵਰੀ ਦੇਵੀ ਪਰਵੀਨ ਅਖ਼ਤਰ ਬਣ ਚੁੱਕੀ ਸੀ। ਕਸ਼ਮੀਰੀ ਪੰਡਤਾਂ ਨੇ ਰੱਜ ਸਿਆਪਾ ਕੀਤਾ। ਕਸ਼ਮੀਰ ਦੀ ਕਰਨੀ ਜੰਮੂ ਦੇ ਗਲ਼ ਪੈ ਗਈ। ਪੁਰਾਣੀ ਮੰਡੀ ਦੇ ਮੈਦਾਨ ਵਿਚ ਜਲਸੇ ਹੋਣ ਲੱਗੇ "ਇਕ ਦਾ ਬਦਲਾ ਸੌ ਨਾਲ ਲਵਾਂਗੇ" ਤੇ "ਸਾਡੀ ਧੀ ਵਾਪਸ ਕਰੋ" ਦੇ ਨਾਅਰੇ ਲੱਗਣ ਲੱਗੇ। ਰੋਜ਼ ਨਵੀਆਂ-ਨਵੀਆਂ ਅਫ਼ਵਾਹਾਂ ਫੈਲਾਈਆਂ ਜਾਣ ਲੱਗੀਆਂ। ਜੰਮੂ ਦੀ ਮੁਸਲਿਮ ਬਰਾਦਰੀ ਇਕ ਵਾਰ ਫੇਰ ਸਹਿਮ ਗਈ। ਭਲਾ ਅਕਲੀਅਤ ਦੀ ਔਕਾਤ ਹੀ ਕਿੰਨੀ ਹੁੰਦੀ ਹੈ। ਬਾਜੀ ਬਲਕੀਸ ਦਾ ਦਿਲ ਬੁਝ ਗਿਆ। ਜੀਵਨ ਕੁੱਖ ਵਿਚ ਡਰ, ਵਹਿਮ ਤੇ ਉਦਾਸੀ ਪਲਣ ਲੱਗੀ। ਉਹਨੂੰ ਆਪਣੇ ਭਰਾ ਚੇਤੇ ਆਵਣ ਲੱਗੇ। ਕਈ ਵਾਰੀ ਰਾਤੀ ਛੱਤ 'ਤੇ ਚੜ੍ਹ ਕੇ ਉਹ ਸਿਆਲਕੋਟ ਦੀਆਂ ਜਗਦੀਆਂ ਬੱਤੀਆਂ ਵੇਖਦੀ।

ਉਹ ਸੋਚਦੀ ਕਿ ਕਿੰਨਾ ਸੌਖਾ ਸੀ ਸਿਆਲਕੋਟ ਜਾਣਾ। ਜੇ ਟਾਂਗੇ ’ਤੇ ਹੀ ਜਾਉ ਤਾਂ ਵੀ ਤਿੰਨ ਚਾਰ ਘੰਟੇ ਲੱਗਦੇ ਸਨ ਪਰ ਕੰਡਿਆਲ਼ੀ ਤਾਰ ਤੇ ਸਰਕਾਰਾਂ ਦੇ ਵਿਹਾਰ ਨੇ ਸਭ ਕੁਝ ਔਖਾ ਬਣਾ ਦਿੱਤਾ ਸੀ। ਉਹ ਕਈ ਵਾਰ ਖ਼ੁਆਜਾ ਹਮੀਦ ਨੂੰ ਪਾਸਪੋਰਟ ਬਣਾਉਣ ਲਈ ਕਹਿੰਦੀ ਤਾਂ ਜੋ ਸਿਆਲਕੋਟ ਜਾ ਸਕੇ ਪਰ ਖ਼ੁਆਜਾ ਹਮੀਦ ਸਾਫ਼ ਕਹਿ ਦਿੰਦਾ ਕਿ ਜਦ ਤੀਕਰ ਉਹਦੇ ਸਰੀਰ ਤੇ ਸਰਕਾਰੀ ਵਰਦੀ ਏ, ਉਹ ਪਾਕਿਸਤਾਨ ਜਾਣ ਦਾ ਨਾਂ ਵੀ ਨਾ ਲਵੇ।

ਫੇਰ ਖ਼ੁਆਜਾ ਹਮੀਦ ਲਈ ਪੁਲੀਸ ਦੀ ਵਰਦੀ ਉਤਾਰਨ ਦਾ ਵੇਲ਼ਾ ਆ ਗਿਆ। ਅਪ੍ਰੈਲ 1974 ਵਿਚ ਉਹ ਨੌਕਰੀਓਂ ਵਿਹਲਾ ਹੋ ਗਿਆ...। ਬਾਜੀ ਬਲਕੀਸ ਨੇ ਸਾਰੇ ਟੱਬਰ ਦੇ ਪਾਸਪੋਰਟ ਬਣਾਉਣ ਲਈ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਖ਼ੁਆਜਾ ਹਮੀਦ ਪਹਿਲਾਂ ਤਾਂ ਟਾਲ਼ਦਾ ਰਿਹਾ ਪਰ ਫੇਰ ਉਹਨੇ ਪਾਸਪੋਰਟ ਲਈ ਫ਼ਾਰਮ ਮੰਗਵਾਏ ਤੇ ਫ਼ਾਰਮ ਭਰ ਕੇ ਪਾਸਪੋਰਟ ਦਫ਼ਤਰ ਵਿਚ ਜਮ੍ਹਾਂ ਕਰਾਏ... ਤਿੰਨ ਚਾਰ ਮਹੀਨਿਆਂ ਵਿਚ ਉਹਨਾਂ ਸਾਰਿਆਂ ਦੇ ਪਾਸਪੋਰਟ ਬਣ ਗਏ। ਖ਼ੁਆਜਾ ਹਮੀਦ ਤੇ ਬਾਜੀ ਬਲਕੀਸ ਇਕ ਦਿਨ ਦਿੱਲੀ ਚਲੇ ਗਏ ਤੇ ਪਾਕਿਸਤਾਨ ਹਾਈ ਕਮਿਸ਼ਨ ਤੋਂ ਆਪਣਾ ਤੇ ਬੱਚਿਆਂ ਦਾ ਲਾਹੌਰ ਤੇ ਸਿਆਲਕੋਟ ਲਈ ਵੀਜ਼ਾ ਲਵਾ ਲਿਆਏ। ਬਾਜੀ ਬਲਕੀਸ ਤੇ ਬੱਚੇ ਖ਼ੁਸ਼ ਸਨ ਕਿਉਂ ਜੇ ਉਹ ਵੰਡ ਮਗਰੋਂ ਪਹਿਲੀ ਵਾਰ ਪਾਕਿਸਤਾਨ ਜਾ ਰਹੇ ਸਨ। ਸਿਆਲਕੋਟ ਜਾਣ ਦੀਆਂ ਤਿਆਰੀਆਂ ਹੋਣ ਲੱਗੀਆਂ। ਬਾਜੀ ਬਲਕੀਸ ਭਰਾਵਾਂ ਤੇ ਭਰਜਾਈਆਂ ਅਤੇ ਉਹਨਾਂ ਦੇ ਬੱਚਿਆਂ ਲਈ ਕੱਪੜੇ ਅਤੇ ਦੂਜੇ ਤੋਹਫ਼ੇ ਖ਼ਰੀਦਣ ਲੱਗੀ... ਤੇ ਫੇਰ ਇਕ ਦਿਨ ਮਕਾਨ ਨੂੰ ਜਿੰਦਰਾ ਲਾ ਕੇ ਅਤੇ ਸਾਫ਼-ਸਫ਼ਾਈ ਤੇ ਘਰ ਦਾ ਖ਼ਿਆਲ ਰੱਖਣ ਲਈ ਆਪਣੇ ਗੂੜ੍ਹੇ ਯਾਰ ਤੇ ਗਵਾਂਢੀ ਬਲਰਾਮ ਪੰਡਤ ਨੂੰ ਚਾਬੀਆਂ ਫੜਾ ਕੇ ਉਹ ਵਾਹਗਾ ਬਾਡਰ ਵੱਲ ਤੁਰ ਗਏ। ਦੋਹਾਂ ਦੇਸ਼ਾਂ ਦੇ ਕਸਟਮ ਅਧਿਕਾਰੀਆਂ ਵੱਲੋਂ ਸਮਾਨ ਦੀ ਫਰੋਲ਼ਾ-ਫਰਾਲ਼ੀ ਤੇ ਦੂਜੀਆਂ ਕਾਰਵਾਈਆਂ ਪੂਰੀਆਂ ਹੋਣ ਮਗਰੋਂ ਬਾਜੀ ਬਲਕੀਸ ਤੇ ਖ਼ੁਆਜਾ ਬੱਚਿਆਂ ਸਮੇਤ ਪੰਜ ਵਜੇ ਸਿਆਲਕੋਟ ਪਹੁੰਚ ਗਏ। ਉਹ ਵੰਡ ਮਗਰੋਂ ਪਹਿਲੀ ਵਾਰ ਸਿਆਲਕੋਟ ਗਏ ਸਨ। ਉੱਥੇ ਜਾ ਕੇ ਪਤਾ ਚੱਲਿਆ ਕਿ ਬਾਜੀ ਬਲਕੀਸ ਦੇ ਮਾਪੇ ਫ਼ੌਤ ਹੋ ਚੁੱਕੇ ਸਨ। ਭਰਾਵਾਂ ਨੇ ਜੱਦੀ ਮਕਾਨ ਵੇਚ ਕੇ ਵੱਖ-ਵੱਖ ਕੋਠੀਆਂ ਪਾ ਲਈਆਂ ਸਨ। ਕਾਰੋਬਾਰ ਵੀ ਵੱਖ-ਵੱਖ ਕਰ ਲਏ ਸਨ ਪਰ ਭੈਣ ਤੇ ਭਣੂਜੇ ਕਾਰਨ ਸਾਰੇ ਇਕੱਠੇ ਹੋਏ ਸਨ। ਭਰਾ-ਭਰਜਾਈਆਂ, ਬਾਜੀ ਬਲਕੀਸ ਤੇ ਖ਼ੁਆਜਾ ਹਮੀਦ ਨੂੰ ਬੜੀ ਗਰਮ ਜੋਸ਼ੀ ਨਾਲ ਗਲ਼ੇ ਮਿਲੇ। ਵਿਛੋੜੇ ਦੇ ਅੱਥਰੂ ਡੁੱਲ੍ਹੇ, ਉਦਰੇਵਾਂ ਉੱਤਰਿਆ। ਮਾਮੀਆਂ ਨੇ ਨਾਦਰ, ਕਾਦਰ ਤੇ ਕਲਸੂਮ ਦੀ ਨਜ਼ਰ ਉਤਾਰੀ। ਉਨ੍ਹਾਂ ਨੂੰ ਗਲ਼ ਲਾ ਕੇ ਢੇਰ ਪਿਆਰ ਦਿੱਤਾ, ਵਾਰਨੇ ਕੀਤੇ...

ਬਾਜੀ ਬਲਕੀਸ ਨੇ ਚਾਈਂ-ਚਾਈਂ ਭਰਾਵਾਂ ਤੇ ਭਰਜਾਈਆਂ ਲਈ ਲਿਆਂਦੇ ਤੋਹਫ਼ੇ ਵੰਡੇ। ਰਿਸ਼ਤੇਦਾਰਾਂ ਨਾਲ ਮਿਲਣੀ ਸ਼ੁਰੂ ਹੋਈ, ਦਾਅਵਤਾਂ ਹੋਣ ਲੱਗੀਆਂ। ਇਕ ਮਹੀਨੇ ਦਾ ਵੀਜ਼ਾ ਮੁੱਕਦਿਆਂ ਪਤਾ ਹੀ ਨਹੀਂ ਚੱਲਿਆ। ਭਰਾਵਾਂ ਨੇ ਆਪਣੇ ਰਸੂਖ਼ ਨਾਲ ਦੋ ਮਹੀਨਿਆਂ ਲਈ ਵੀਜ਼ਾ ਵਧਵਾ ਲਿਆ ਤੇ ਇੰਝ ਮੁਲਾਕਾਤਾਂ ਦਾ ਸਿਲਸਿਲਾ ਚਲਦਾ ਰਿਹਾ। ਸਾਕ ਸੰਬੰਧੀ ਆਉਂਦੇ-ਜਾਂਦੇ ਰਹੇ, ਮਹਿਫ਼ਲਾਂ ਸੱਜਦੀਆਂ ਰਹੀਆਂ, ਜੰਮੂ-ਕਸ਼ਮੀਰ ਦੀ ਸਿਆਸਤ ਦੀਆਂ ਗੱਲਾਂ ਹੁੰਦੀਆਂ, ਜੰਮੂ ਦੇ ਮੁਹੱਲਿਆਂ ਤੇ ਬਜ਼ਾਰਾਂ ਦੀਆਂ ਗੱਲਾਂ ਹੁੰਦੀਆਂ, ਫੇਰ ਭਰਾਵਾਂ ਨੇ ਵਾਰੀ ਲਾ ਲਈ ਤੇ ਦਿਨ ਵੰਡ ਲਏ, ਪਈ ਕਿ ਉਹ ਕਿੰਨੇ-ਕਿੰਨੇ ਦਿਨ ਕਿਸ-ਕਿਸ ਕੋਲ਼ ਰਹਿਣਗੇ। ਮੋਹ ਦੀ ਮਾਰੀ ਬਾਜੀ ਬਲਕੀਸ ਨੂੰ ਕੁਝ ਦਿਨਾਂ ਵਿਚ ਹੀ ਪਤਾ ਚੱਲ ਗਿਆ ਕਿ ਭਰਜਾਈਆਂ ਕਾਰਨ ਭਰਾਵਾਂ ਵਿਚ ਇੱਟ-ਵੱਟੇ ਦਾ ਵੈਰ ਏ। ਪਰ ਉਹ ਕੁਝ ਨਹੀਂ ਸੀ ਕਰ ਸਕਦੀ ਕਿਉਂ ਜੋ ਇਹ ਤਾਂ ਉੱਥੇ ਦੇ ਹਰ ਘਰ ਦੀ ਕਹਾਣੀ ਸੀ।

ਫੇਰ ਇਕ ਦਿਨ ਸਭ ਤੋਂ ਵੱਢੇ ਭਰਾ ਨੇ ਬਾਜੀ ਬਲਕੀਸ ਅੱਗੇ ਝੋਲ਼ੀ ਅੱਡੀ ਤੇ ਆਪਣੀ ਧੀ ਲਈ ਨਾਦਰ ਦਾ ਰਿਸ਼ਤਾ ਮੰਗਿਆ। ਇੰਝ ਹੀ ਦੂਜੇ ਭਰਾ ਨੇ ਵੀ ਆਪਣੀ ਧੀ ਲਈ ਕਾਦਰ ਦਾ ਸਾਕ ਮੰਗਿਆ ਅਤੇ ਤੀਜੇ ਭਰਾ ਨੇ ਆਪਣੇ ਪੁੱਤਰ ਲਈ ਕਲਸੂਮ ਦਾ ਰਿਸ਼ਤਾ ਮੰਗ ਲਿਆ। ਸਾਰੇ ਭਰਾ ਸੌਖੇ ਸਨ ਤੇ ਸਭਨਾਂ ਦੀਆਂ ਆਪਣੀਆਂ-ਆਪਣੀਆਂ ਫ਼ੈਕਟਰੀਆਂ ਸਨ, ਜਿਨ੍ਹਾਂ ਵਿਚ ਖੇਡਾਂ ਅਤੇ ਸਰਜਰੀ ਦਾ ਸਾਮਾਨ ਤਿਆਰ ਹੁੰਦਾ ਸੀ ਅਤੇ ਬਾਹਰ ਦੇ ਮੁਲਕਾਂ ਵਿਚ ਭੇਜਿਆ ਜਾਂਦਾ ਸੀ। ਇਸ ਲਈ ਬਾਜੀ ਬਲਕੀਸ ਨੂੰ ਤਾਂ ਕੋਈ ਇਤਰਾਜ਼ ਨਹੀਂ ਸੀ ਕਿਉਂ ਜੋ ਜੰਮੂ ਦੀ ਮੁਸਲਿਮ ਬਰਾਦਰੀ ਵਿਚ ਗ਼ੁਰਬਤ ਤੇ ਅਨਪੜ੍ਹਤਾ ਕਾਰਨ ਚੱਜ ਦੇ ਰਿਸ਼ਤੇ ਲੱਭਣੇ ਵੀ ਔਖੇ ਸਨ... ਪਰ ਖ਼ੁਆਜਾ ਹਮੀਦ ਨਹੀਂ ਸੀ ਚਾਹੁੰਦਾ ਕਿ ਕਲਸੂਮ ਦਾ ਵਿਆਹ ਸਿਆਲਕੋਟ ਵਿਚ ਕੀਤਾ ਜਾਏ। ਕਲਸੂਮ, ਉਹਦੀਆਂ ਅੱਖਾਂ ਦਾ ਨੂਰ ਸੀ ਤੇ ਉਹਦੀ ਜੁਦਾਈ ਬਰਦਾਸ਼ਤ ਨਹੀਂ ਸੀ ਕਰ ਸਕਦਾ। ਉਹ ਕਲਸੂਮ ਨੂੰ ਜੰਮੂ ਵਿਚ ਹੀ ਵਿਆਹੁਣਾ ਚਾਹੁੰਦਾ ਸੀ ਤਾਂ ਜੋ ਕਲਸੂਮ ਉਸਦੀਆਂ ਅੱਖਾਂ ਸਾਹਮਣੇ ਰਵ੍ਹੇ। ਪਰ ਉਹਦੇ ਸਾਲ਼ਿਆਂ ਨੇ ਉਹਨੂੰ ਅਜਿਹਾ ਘੇਰਿਆ ਤੇ ਸਬਜ਼ ਬਾਗਾਂ ਦੀ ਅਜਿਹੀ ਸੈਰ ਕਰਾਈ ਕਿ ਉਹ ਵੀ ਮੰਨ ਗਿਆ। ਤਿੰਨਾਂ ਬੱਚਿਆਂ ਦੇ ਵਿਆਹ ਬੜੀ ਸਾਦਗੀ ਨਾਲ ਹੋ ਗਏ। ਬਾਜੀ ਬਲਕੀਸ ਖ਼ੁਸ਼ ਸੀ ਕਿ ਉਹ ਬੱਚਿਆਂ ਦੀ ਜ਼ਿੰਮੇਵਾਰੀ ਤੋਂ ਵਿਹਲੀ ਹੋ ਗਈ ਏ। ਹੁਣ ਸਾਰੇ ਭਰਾ ਬਾਜੀ ਬਲਕੀਸ ਤੇ ਖ਼ੁਆਜਾ ਹਮੀਦ ਨੂੰ ਸਮਝਾਉਣ ਲੱਗੇ ਕਿ ਜੰਮੂ ਵਿਚ ਤਾਂ ਉਨ੍ਹਾਂ ਦਾ ਕੋਈ ਵੀ ਨਹੀਂ ਏ ਸਾਰੇ ਸਾਕ ਸੰਬੰਧੀ ਤਾਂ ਸੰਤਾਲੀ ਦੇ ਰੌਲ਼ਿਆਂ ਵਿਚ ਮੁੱਕ-ਮੁਕਾ ਗਏ ਸਨ, ਇਸ ਲਈ ਹੁਣ ਪਾਕਿਸਤਾਨ ਵਿਚ ਹੀ ਪੱਕੇ ਪੈਰੀਂ ਟਿਕ ਜਾਣ ਉਨ੍ਹਾਂ ਨੂੰ

ਪਾਕਿਸਤਾਨ ਦੀ ਸ਼ਹਿਰੀਅਤ ਦਿਵਾਉਣਾ ਕੋਈ ਔਖਾ ਕੰਮ ਨਹੀਂ। ਪਰ ਖ਼ੁਆਜਾ ਹਮੀਦ ਜੰਮੂ ਛੱਡਣ ਨੂੰ ਤਿਆਰ ਨਹੀਂ ਸੀ। ਜੰਮੂ ਦੀ ਮਿੱਟੀ ਉਹਦੇ ਸਰੀਰ ਵਿਚ ਰਚੀ-ਬਸੀ ਹੋਈ ਸੀ। ਜੰਮੂ ਦੀ ਮਿੱਟੀ ਵਿਚ ਉਹਦੇ ਮਾਂ, ਪਿਉ, ਭੈਣਾਂ ਤੇ ਭਰਾ ਦਫ਼ਨ ਸਨ। ਜੰਮੂ ਵਿਚ ਉਹਦਾ ਬਚਪਨ ਤੇ ਜਵਾਨੀ ਗੁਜ਼ਰੀ ਸੀ। ਜੰਮੂ ਵਿਚ ਉਹਦੇ ਯਾਰ-ਬੇਲੀਆਂ ਦਾ ਗੁਲਦਸਤਾ ਸੀ। ਜੰਮੂ ਵਿਚ ਉਹਨੇ ਸਾਰੀ ਉਮਰ ਨੌਕਰੀ ਕੀਤੀ ਸੀ। ਉਸ ਲਈ ਸਿਆਲਕੋਟ ਓਪਰਾ ਸ਼ਹਿਰ ਸੀ, ਖ਼ਾਸ ਕਰ ਵੰਡ ਮਗਰੋਂ। ਉਹ ਸਿਰਫ਼ ਬਲਕੀਸ ਬਾਨੋ ਦੇ ਮਜਬੂਰ ਕਰਨ 'ਤੇ ਇੱਥੇ ਆਇਆ ਸੀ ਤਾਂ ਜੋ ਬਾਜੀ ਬਲਕੀਸ ਆਪਣੇ ਭਰਾਵਾਂ ਤੇ ਦੂਜੇ ਰਿਸ਼ਤੇਦਾਰਾਂ ਨੂੰ ਮਿਲ਼ ਸਕੇ। ਉਹ ਛੇਤੀ ਤੋਂ ਛੇਤੀ ਜੰਮੂ ਵਾਪਸ ਜਾਣਾ ਚਾਹੁੰਦਾ ਸੀ।...ਉਹ ਬਲਕੀਸ ਨੂੰ ਸਮਝਾਉਂਦਾ, "ਬੂਟੇ ਆਪਣੇ ਬਾਗ਼ ਵਿਚ ਹੀ ਚੰਗੇ ਲੱਗਦੇ ਨੇ, ਓਪਰੀ ਮਿੱਟੀ ਵਿਚ ਉਹ ਜੜ੍ਹ ਨਹੀਂ ਪਕੜਦੇ, ਸੁੱਕ ਜਾਂਦੇ ਨੇ। ਫੇਰ ਆਪਣਾ ਮਕਾਨ ਤਾਂ ਕੋਟ ਸਮਾਨ ਹੁੰਦਾ ਐ। ਤੂੰ ਇਹ ਅਖਾਣ ਨਹੀਂ ਸੁਣਿਆ ਹੋਇਆ ਇਹ ਕਿ ਜੋ ਸੁੱਖ ਛੱਜੂ ਦੇ ਚੁਬਾਰੇ, ਬਲਖ ਨਾ ਬੁਖਾਰੇ। ਇਸ ਲਈ ਵਾਪਸੀ ਦੀ ਤਿਆਰੀ ਕਰ। ਬਲਕੀਸ ਆਪਣੇ ਦੇਸ਼ ਤੋਂ ਵੱਡੀ ਕੋਈ ਦਰਗਾਹ ਨਹੀਂ ਹੁੰਦੀ, ਚੱਲ ਆਪਣੀ ਦਰਗਾਹ 'ਤੇ ਦੀਵੇ ਬਾਲ਼ੀਏ ਅਤੇ ਆਪਣੇ ਘਰ ਦੀ ਮਜਾਵਰੀ ਕਰੀਏ। ਇੱਥੇ ਮੇਰਾ ਦਮ ਘੁਟ ਜਾਏਗਾ। ਮੈਂ ਜੰਮੂ ਬਗ਼ੈਰ ਨਹੀਂ ਰਹਿ ਸਕਦਾ। ਸਾਡਾ ਨਾਦਰ ਲੈਕਚਰਾਰ ਲੱਗਿਆ ਹੋਇਆ ਏ। ਕਾਦਰ ਨੇ ਵੀ ਇੰਜਨੀਅਰਿੰਗ ਕੀਤੀ ਹੋਈ ਏ ਉਹਨੂੰ ਵੀ ਚੰਗੀ ਨੌਕਰੀ ਲੱਭ ਜਾਣੀ ਏ। ਅਸੀਂ ਆਪਣੇ ਘਰ ਸੁਖੀ ਜੀਵਨ ਗੁਜ਼ਾਰਾਂਗੇ, ਇਸ ਲਈ ਜੰਮੂ ਚੱਲਣ ਦੀ ਤਿਆਰੀ ਕਰੋ।"

ਪਰ ਬਾਜੀ ਬਲਕੀਸ ਭਰਾਵਾਂ ਦੇ ਮੋਹ ਜਾਲ਼ ਵਿਚ ਅਜਿਹੀ ਫਸੀ ਕਿ ਉਸ ਨੇ ਜੰਮੂ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤੀ। ਉਹ ਖ਼ੁਆਜਾ ਹਮੀਦ ਨੂੰ ਸਮਝਾਉਣ ਲੱਗੀ ਕਿ ਕਲਸੂਮ ਦਾ ਹੁਣ ਜੰਮੂ ਜਾਣਾ ਬੜਾ ਔਖਾ ਹੋ ਜਾਵੇਗਾ। ਉਹ ਸਿਰਫ਼ ਵੀਜ਼ੇ 'ਤੇ ਹੀ ਜੰਮੂ ਜਾ ਸਕਦੀ ਏ। ਉਹਦਾ ਵਿਛੋੜਾ ਕਿੰਝ ਬਰਦਾਸ਼ਤ ਹੋਵੇਗਾ। ਨਾਦਰ ਤੇ ਕਾਦਰ ਦੀਆਂ ਵਹੁਟੀਆਂ ਵੀ ਆਪਣਾ ਪੇਕਾ ਛੱਡਣ ਨੂੰ ਤਿਆਰ ਨਹੀਂ ਅਤੇ ਉਨ੍ਹਾਂ ਗੱਲਾਂ-ਗੱਲਾਂ ਵਿਚ ਇਹ ਗੱਲ ਸਮਝਾ ਵੀ ਦਿੱਤੀ ਏ, ਇਸ ਲਈ ਸਾਨੂੰ ਹੁਣ ਇੱਥੇ ਹੀ ਰਹਿਣਾ ਪਵੇਗਾ, ਇਸੇ ਵਿਚ ਸਾਡੀ ਤੇ ਬੱਚਿਆਂ ਦੀ ਭਲਾਈ ਏ।"

ਬਾਜੀ ਬਲਕੀਸ ਦੇ ਫ਼ੈਸਲੇ ਅੱਗੇ ਖ਼ੁਆਜਾ ਹਮੀਦ ਬੇਵੱਸ ਹੋ ਗਿਆ। ਫੇਰ ਵੀਜ਼ਾ ਮੁੱਕਣ ਤੋਂ ਪਹਿਲਾਂ ਹੀ ਖ਼ੁਆਜਾ ਹਮੀਦ ਦੇ ਸਾਲ਼ਿਆਂ ਨੇ ਸਾਰਿਆਂ ਨੂੰ ਪਾਕਿਸਤਾਨੀ ਸ਼ਹਿਰੀਅਤ ਦਿਲਵਾ ਦਿੱਤੀ। ਆਪਣੇ ਅਸਰ ਰਸੂਖ਼ ਨਾਲ ਉਨ੍ਹਾਂ ਨਾਦਰ ਨੂੰ ਹਬੀਬ ਬੈਂਕ ਵਿਚ ਮੈਨੇਜਰ ਲਵਾ ਦਿੱਤਾ ਅਤੇ ਕਾਦਰ ਨੂੰ ਵਾਪਡਾ ਵਿਚ ਨੌਕਰੀ ਦਵਾ ਦਿੱਤੀ। ਦੋਨੋਂ ਭਰਾ ਖ਼ੁਸ਼ ਸਨ ਕਿ ਉਨ੍ਹਾਂ ਦੀਆਂ ਧੀਆਂ ਆਬਾਦ ਹੋ

ਗਈਆਂ ਨੇ ਅਤੇ ਉਨ੍ਹਾਂ ਦਾ ਪੇਕਾ ਵੀ ਸਲਾਮਤ ਰਿਹਾ। ਬਾਜੀ ਬਲਕੀਸ ਵੀ ਖ਼ੁਸ਼ ਸੀ ਕਿ ਉਹ ਮੁੜ ਆਪਣੀ ਜੱਦੀ ਜੂਹ ਵਿਚ ਵੱਸਣ ਲੱਗੀ ਏ। ਪਰ ਖ਼ੁਆਜਾ ਹਮੀਦ ਗੁਆਚਾ-ਗੁਆਚਾ ਰਹਿਣ ਲੱਗਾ। ਖ਼ੁਆਜਾ ਹਮੀਦ ਨੂੰ ਜੰਮੂ ਦੀ ਯਾਦ ਸਤਾਉਂਦੀ ਰਹਿੰਦੀ। ਜੰਮੂ ਵਿਚ ਆਪਣਾ ਘਰ, ਗਲੀਆਂ, ਮੁਹੱਲੇ, ਯਾਰ-ਬੇਲੀ ਅੱਖਾਂ ਅੱਗੇ ਨੱਚਦੇ ਰਹਿੰਦੇ। ਇਕ ਦਿਨ ਖ਼ੁਆਜਾ ਹਮੀਦ ਨੇ ਬਾਜੀ ਬਲਕੀਸ ਨੂੰ ਕਿਹਾ, "ਤੇਰਾ ਮਨ ਹੁਣ ਇੱਥੇ ਲੱਗ ਗਿਆ ਏ ਤੂੰ ਆਪਣੇ ਭਰਾਵਾਂ ਤੇ ਭਰਜਾਈਆਂ ਅਤੇ ਦੂਜੇ ਰਿਸ਼ਤੇਦਾਰਾਂ ਵਿਚ ਖ਼ੁਸ਼ ਏ... ਤੇਰੇ ਬੱਚੇ ਵੀ ਆਬਾਦ ਨੇ ਪਰ ਮੈਂ ਇਕ ਵਾਰੀ ਜੰਮੂ ਵਾਪਸ ਜਾਣਾ ਚਾਹੁੰਦਾ ਹਾਂ ਤਾਂ ਜੋ ਘਰ ਜਾਇਦਾਦ ਵੇਚ ਕੇ ਉਸ ਰਕਮ ਨਾਲ ਇੱਥੇ ਕੋਈ ਮਕਾਨ ਖ਼ਰੀਦਾਂ।"

ਬਾਜੀ ਬਲਕੀਸ ਮੰਨ ਗਈ ਤੇ ਫ਼ੈਸਲਾ ਇਹ ਹੋਇਆ ਕਿ ਨਾਦਰ ਦਾ ਸਾਲ਼ਾ ਜਿਹੜਾ ਦੁਬਈ ਵਿਚ ਕੰਮ ਕਰਦਾ ਏ, ਉਹਦੇ ਬੈਂਕ ਖਾਤੇ ਵਿਚ ਭਾਰਤੀ ਕਰੰਸੀ ਜਮ੍ਹਾ ਕਰਾ ਦਿੱਤੀ ਜਾਏਗੀ ਤੇ ਇਹ ਰਕਮ ਉਹ ਸਿਆਲਕੋਟ ਟਰਾਂਸਫ਼ਰ ਕਰਵਾ ਦਏਗਾ। ਸਾਰੀਆਂ ਗੱਲਾਂ ਤੈਅ ਹੋਣ ਮਗਰੋਂ ਇਕ ਦਿਨ ਖ਼ੁਆਜਾ ਹਮੀਦ ਜੰਮੂ ਪਰਤ ਆਇਆ। ਉਹਨੇ ਸਾਰੀ ਵਾਪਰੀ ਕਹਾਣੀ ਆਪਣੇ ਯਾਰ ਬਲਰਾਮ ਪੰਡਤ ਨੂੰ ਸੁਣਾਈ ਤੇ ਮੀਰਾਂ ਸਾਹਿਬ ਵਾਲੀ ਦਸ ਕਿੱਲੇ ਜ਼ਮੀਨ, ਤਲਾਬ ਖਟੀਕਾਂ ਵਾਲਾ ਮਕਾਨ ਅਤੇ ਆਪਣਾ ਜੱਦੀ ਘਰ ਵੇਚਣ ਲਈ ਉਹਦੀ ਮਦਦ ਮੰਗੀ। ਛੇਤੀ ਹੀ ਉਹਨੂੰ ਖ਼ਰੀਦਦਾਰ ਮਿਲ਼ ਗਏ। ਮੀਰਾ ਸਾਹਿਬ ਵਾਲੀ ਜ਼ਮੀਨ ਮੁਜ਼ੱਫਰਾਬਾਦ ਤੋਂ ਆਏ ਇਕ ਸਿੱਖ ਸ਼ਰਨਾਰਥੀ ਨੇ ਖਰੀਦ ਲਈ। ਤਲਾਬ ਖਟੀਕਾਂ ਵਾਲਾ ਬਲਰਾਮ ਪੰਡਤ ਨੇ ਲੈ ਲਿਆ। ਸਾਰੀ ਰਕਮ ਖ਼ੁਆਜਾ ਹਮੀਦ ਨੇ ਦੁਬਈ ਟਰਾਂਸਫਰ ਕਰ ਦਿੱਤੀ। ਉਹ ਕੋਈ ਛੇ-ਸੱਤ ਮਹੀਨੇ ਜੰਮੂ ਰਿਹਾ। ਫੇਰ ਆਪਣੇ ਸ਼ਹਿਰ ਨੂੰ ਆਖ਼ਰੀ ਸਲਾਮ ਕਰਕੇ ਮੁੜ ਸਿਆਲਕੋਟ ਅੱਪੜ ਗਿਆ। ਹੁਣ ਉਹ ਆਪਣੀ ਰਕਮ ਵਸੂਲੀ ਦੀ ਉਡੀਕ ਕਰਨ ਲੱਗਾ ਜਿਹੜੀ ਦੁਬਈ ਤੋਂ ਕਦੇ ਨਾ ਆਈ। ਚਿੱਠੀ-ਪੱਤਰ, ਤਾਰ-ਟੈਲੀਫ਼ੂਨ ਸਭ ਬੇਕਾਰ। ਸਾਲ਼ੇ ਪਹਿਲੋਂ ਦਮ ਦਿਲਾਸੇ ਦੇਣ ਲੱਗੇ ਫੇਰ ਹੌਲ਼ੀ-ਹੌਲ਼ੀ ਉਨ੍ਹਾਂ ਅੱਖਾਂ ਫੇਰ ਲਈਆਂ। ਪੁੱਤਰ ਵਹੁਟੀਆਂ ਦੀ ਬੁੱਕਲ਼ ਦੇ ਪਿੱਸੂ ਬਣ ਗਏ। ਸਭਨਾਂ ਦਾ ਲਹੂ ਚਿੱਟਾ ਹੋ ਗਿਆ। ਖ਼ੁਆਜਾ ਹਮੀਦ ਨੂੰ ਆਪਣੇ ਸਾਲ਼ਿਆਂ ਕੋਲ਼ੋਂ ਇਹ ਉਮੀਦ ਨਹੀਂ ਸੀ। ਉਹਦੇ ਦੋਵੇਂ ਪੁੱਤਰ ਉਹਦੇ ਰੁੱਖ ਦੇ ਲੱਵੇ ਪੱਤਰ ਸਨ। ਮਾੜੀ ਜਿਹੀ ਹਵਾ ਨਾਲ ਸਹੁਰਿਆਂ ਦੀ ਝੋਲ਼ੀ ਵਿਚ ਡਿੱਗ ਪਏ। ਬਾਜੀ ਬਲਕੀਸ ਭਰਾਵਾਂ ਦੇ ਵਤੀਰੇ ਨੂੰ ਵੇਖ ਕੇ ਬੜਾ ਤੜਫ਼ੀ। ਉਹਨੇ ਵੇਖਿਆ ਕਿ ਉਹਦੇ ਭਰਾਵਾਂ ਦੇ ਸਰੀਰਾਂ ਵਿਚ ਲਹੂ ਦੀ ਥਾਂ ਕਰੇਲਿਆਂ ਦਾ ਕੌੜਾ ਪਾਣੀ ਦੌੜਨ ਲੱਗਾ ਸੀ। ਪਰ ਉਹ ਕੀ ਕਰਦੀ ? ਲੁੱਚੀ ਧਰਤੀ ਦੇ ਸ਼ਰੀਕਾਂ ਰੱਜ ਕੇ ਲੀਕਾਂ

ਲਾਈਆਂ ਸਨ। ਉਨ੍ਹਾਂ ਸਭ ਕੁਝ ਲੁੱਟ ਲਿਆ ਸੀ, ਕੁਝ ਨਹੀਂ ਸੀ ਛੱਡਿਆ। ਉਸ ਔਖੇ ਵੇਲੇ ਪੁੱਤਰਾਂ ਨੇ ਮਾਪਿਆਂ ਨੂੰ ਟੇਕੀ ਨਹੀਂ ਲਾਈ। ਖ਼ੁਆਜਾ ਹਮੀਦ ਤੇ ਬਾਜੀ ਬਲਕੀਸ ਫ਼ਿਕਰਾਂ ਖਾਂਦੇ ਤੇ ਦਰਦਾਂ ਜਰਦੇ ਖੋਖਲੇ ਰੁੱਖ ਬਣ ਗਏ। ਰਿਸ਼ਤੇਦਾਰਾਂ ਮਸਲੇ ਨੂੰ ਸੁਲਝਾਉਣ ਲਈ ਕਈ ਪੇਂਚੀਆਂ ਕੀਤੀਆਂ, ਪਰ ਕੁਝ ਹਾਸਲ ਨਹੀਂ ਹੋਇਆ। ਤੰਗ ਆ ਕੇ ਖ਼ੁਆਜਾ ਹਮੀਦ ਨੇ ਅਦਾਲਤ ਦਾ ਬੂਹਾ ਖੜਕਾਇਆ। ਜੰਮੂ-ਕਸ਼ਮੀਰ ਬੈਂਕ ਤੋਂ ਦੁਬਈ ਬੈਂਕ ਵਿਚ ਰਕਮ ਟਰਾਂਸਫਰ ਕਰਾਣ ਦੀ ਰਸੀਦ ਦੀ ਕਾਪੀ ਨਾਲ ਲਾਈ, ਜਿਸ 'ਤੇ ਉਹਦੇ ਸਾਲੇ ਦੇ ਪੁੱਤਰ ਦਾ ਨਾਂ ਤੇ ਅਕਾਊਂਟ ਨੰਬਰ ਦਰਜ ਸੀ। ਆਪਣੇ ਵੱਲੋਂ ਚੰਗਾ ਵਕੀਲ ਕੀਤਾ, ਮੁਕੱਦਮਾ ਸ਼ੁਰੂ ਹੋਇਆ ਪਰ ਬਾਜੀ ਬਲਕੀਸ ਦੇ ਭਰਾ ਚੱਲਦੇ ਫਿਰਦੇ ਲੋਕ ਸਨ, ਉਹ ਕਦੇ ਲੰਬੀਆਂ ਤਰੀਕਾਂ ਪਵਾਉਣ ਤੇ ਕਦੀ ਪੇਸ਼ੀ ਲੱਗਣ ਹੀ ਨਾ ਦੇਣ। ਖ਼ੁਆਜਾ ਹਮੀਦ ਇਕ ਅਦਾਲਤੀ ਕਬੂਤਰ ਬਣ ਗਿਆ, ਜਿਹੜਾ ਚੋਖੇ ਚਿਰ ਤੀਕਰ ਕਚਹਿਰੀ ਵਿਚ ਹੀ ਉੱਡਦਾ ਰੁਲ਼ਦਾ ਰਿਹਾ ਤੇ ਫੇਰ ਥੱਕ-ਹਾਰ ਕੇ ਆਪਣੀ ਕਾਬਕ ਵਿਚ ਬਹਿ ਗਿਆ। ਜਿਹੜੇ ਭਰਾ ਬਾਜੀ ਬਲਕੀਸ ਲਈ ਸੌ-ਸੌ ਗਜ਼ ਵਾਰਨ ਦਾ ਦਾਅਵਾ ਕਰਦੇ ਸਨ, ਉਹ ਵੇਲਾ ਆਉਣ 'ਤੇ ਇਕ ਗਜ਼ ਵੀ ਨਾ ਫਾੜ ਸਕੇ। ਉਨ੍ਹਾਂ ਛੇਤੀ ਹੀ ਪਾਸਾ ਪਰਤ ਲਿਆ। ਆਪਣੇ ਮਾਂ ਜਾਇਆਂ ਦਾ ਰੁਖ਼ ਅਤੇ ਖੋਰਾ ਵਿਹਾਰ ਵੇਖ ਕੇ ਬਾਜੀ ਬਲਕੀਸ ਬੁੱਕਾਂ ਭਰ-ਭਰ ਅੱਥਰੂ ਡੋਲ੍ਹਦੀ। ਉਹਦੇ ਸਰੀਰ ਦਾ ਮਾਸ ਝੜ ਪਿੰਜਰ ਹੋਣ ਲੱਗਾ। ਸਿਆਣਿਆਂ ਨੇ ਠੀਕ ਹੀ ਕਿਹਾ ਕਿ ਸੁੱਖਾਂ ਨਾਲ ਮਾਸ ਤੇ ਦੁੱਖਾਂ ਨਾਲ ਹੱਡੀਆਂ...ਬਾਜੀ ਬਲਕੀਸ ਲਈ ਭਰਾਵਾਂ ਦੀਆਂ ਛਾਵਾਂ ਮੁੱਕ ਗਈਆਂ। ਉਹਦੇ ਦੋਵੇਂ ਪੁੱਤਰ ਵੀ ਆਪ ਮੁਹਾਰੇ ਹੋ ਗਏ। ਉਸ ਨੂੰ ਕੀ ਪਤਾ ਸੀ ਕਿ ਇਹ ਸਹਿਕਵੇਂ ਬਾਲ ਹੀ ਉਨ੍ਹਾਂ ਨੂੰ ਕੰਗਾਲ ਕਰ ਜਾਣਗੇ। ਰਿਸ਼ਤਿਆਂ ਦੀ ਟੁੱਟ-ਭੱਜ ਵੇਖ ਕੇ ਉਸ ਕਰਮਾਂ ਸੜੀ ਨੂੰ ਵਾਰੀ ਦਾ ਤਾਪ ਚੜ੍ਹ ਗਿਆ। ਹਾਲਤ ਇਹ ਹੋ ਗਈ ਕਿ ਦਵਾਈ ਜੋਗੇ ਪੈਸੇ ਵੀ ਨਹੀਂ ਰਹੇ। ਫੇਰ ਰੱਬ ਨੇ ਸਬੱਬ ਜੋੜਿਆ, ਖ਼ੁਆਜਾ ਹਮੀਦ ਨੂੰ ਆਪਣਾ ਮੁਹੱਲੇਦਾਰ ਇੰਜਨੀਅਰ ਗੁਲਾਮ ਸਰਵਰ ਮਿਲਿਆ, ਜਿਹੜਾ ਰੌਲ਼ਿਆਂ ਵਿਚ ਜੰਮੂ ਤੋਂ ਭੱਜ ਕੇ ਸਿਆਲਕੋਟ ਆ ਗਿਆ ਸੀ ਤੇ ਉਸ ਵੇਲੇ ਮੰਗਲਾ ਡੈਮ ਵਿਚ ਚੀਫ਼ ਇੰਜਨੀਅਰ ਸੀ। ਜਦੋਂ ਉਹਨੇ ਖ਼ੁਆਜਾ ਹਮੀਦ ਦੀ ਬਿਪਤਾ ਸੁਣੀ ਤਾਂ ਉਸ ਨੇ ਉਹਨੂੰ ਹੌਸਲਾ ਦਿੱਤਾ ਤੇ ਆਪਣੇ ਨਾਲ ਮੀਰਪੁਰ ਲੈ ਗਿਆ। ਗੁਲਾਮ ਸਰਵਰ ਨੇ ਖ਼ੁਆਜਾ ਹਮੀਦ ਨੂੰ ਤਿੰਨਾਂ ਸਾਲਾਂ ਲਈ ਮੰਗਲਾ ਡੈਮ ਵਿਚ ਸਕਿਊਰਟੀ ਅਫ਼ਸਰ ਲਾ ਦਿੱਤਾ। ਇੰਝ ਬਾਜੀ ਬਲਕੀਸ ਤੇ ਖ਼ੁਆਜਾ ਹਮੀਦ ਮੀਰਪੁਰ ਵਿਚ ਰਹਿਣ ਲੱਗੇ।---

ਗੁਲਾਮ ਸਰਵਰ ਦੇ ਧੀ-ਪੁੱਤਰ ਲੰਡਨ ਵਿਚ ਡਾਕਟਰ ਸਨ। ਇਸ ਲਈ ਰਿਟਾਇਰਮੈਂਟ ਦੇ ਬਾਅਦ ਗੁਲਾਮ ਸਰਵਰ ਨੇ ਆਪਣੇ ਬੱਚਿਆਂ ਕੋਲ਼

ਲੰਡਨ ਜਾਣ ਦਾ ਫ਼ੈਸਲਾ ਕੀਤਾ ਤੇ ਆਪਣੀ ਕੋਠੀ ਖ਼ੁਆਜਾ ਹਮੀਦ ਦੇ ਹਵਾਲੇ ਕਰ ਦਿੱਤੀ ਤਾਂ ਜੋ ਉਸ ਦੀ ਸਫ਼ਾਈ ਸੁਥਰਾਈ ਹੁੰਦੀ ਰਵ੍ਹੇ। ਉਹਨੇ ਕੋਠੀ ਵਿਚ ਇਕ ਕਮਰਾ, ਕਿਚਨ ਤੇ ਬੈਠਕ ਖ਼ੁਆਜਾ ਹਮੀਦ ਲਈ ਖੁਲ੍ਹੇ ਛੱਡ ਦਿੱਤੇ, ਬਾਕੀ ਕਮਰਿਆਂ ਨੂੰ ਜਿੰਦਰਾ ਲਾ ਕੇ ਚਾਬੀਆਂ ਖ਼ੁਆਜਾ ਹਮੀਦ ਨੂੰ ਫੜਾਈਆਂ ਤੇ ਆਪ ਲੰਡਨ ਚਲਾ ਗਿਆ।

ਖ਼ੁਆਜਾ ਹਮੀਦ ਤੇ ਬਾਜੀ ਬਲਕੀਸ ਮੀਰਪੁਰ ਵਿਚ ਇਕੱਲਿਆਂ ਰਹਿਣ ਲੱਗੇ। ਜੰਮੂ ਤੋਂ ਹਿਜਰਤ ਕਰਕੇ ਆਏ ਤੇ ਮੀਰਪੁਰ ਵਿਚ ਆਬਾਦ ਹੋ ਗਏ ਕੁਝ ਲੋਕਾਂ ਨੂੰ ਜਦ ਖ਼ੁਆਜਾ ਹਮੀਦ ਬਾਰੇ ਪਤਾ ਚੱਲਿਆ ਤਾਂ ਉਹ ਉਨ੍ਹਾਂ ਨਾਲ ਮੇਲ-ਮਿਲਾਪ ਵਧਾਉਣ ਲੱਗੇ...ਪਰ ਖ਼ੁਆਜਾ ਹਮੀਦ ਦੇ ਮੂੰਹ ਤੇ ਇਤਨੀਆਂ ਚਪੇੜਾਂ ਪਈਆਂ ਸਨ ਤੇ ਦਿਲ ਨੂੰ ਇੰਨੇ ਗੁੱਝੇ ਫੱਟ ਲੱਗੇ ਸਨ ਕਿ ਉਹ ਕਿਸੇ ਨਾਲ ਗੱਲ ਕਰ ਕੇ ਰਾਜ਼ੀ ਨਹੀਂ ਸੀ। ਦੁੱਖਾਂ ਉਹਦੇ ਸਰੀਰ ਅੰਦਰ ਧੂਣੀ ਲਾ ਰੱਖੀ ਸੀ। ਉਹ ਬਿਮਾਰ ਰਹਿਣ ਲੱਗਾ। ਉਹਨੇ ਬਿਮਾਰੀ ਅੱਗੇ ਹੱਥ-ਪੱਲਾ ਜੋੜਿਆ ਪਰ ਉਹ ਪੱਲਾ ਛੱਡਣ ਲਈ ਤਿਆਰ ਨਹੀਂ ਹੋਈ। ਉਹਨੂੰ ਸਾਲ਼ਿਆਂ ਤੋਂ ਵੱਧ ਔਲਾਦ ਦਾ ਦੁੱਖ ਸੀ। ਦੋਨੋਂ ਮੀਆਂ-ਬੀਵੀ ਰੋਟੀ ਖਾਣ ਦੇ ਬਦਲੇ ਆਪਣੇ ਪੁੱਤਰਾਂ ਦਾ ਗ਼ਮ ਖਾਣ ਲੱਗੇ। ਖ਼ੁਆਜਾ ਹਮੀਦ ਦੇ ਜੀਵਨ ਰੁੱਖ ਦੇ ਟਾਹਣ ਟੁੱਟਣ ਲੱਗੇ ਤੇ ਉਹ ਮੌਤ ਦਾ ਸਵਾਦ ਚੱਖਣ ਲਈ ਤਿਆਰ ਹੋ ਗਿਆ। ਇਕ ਦਿਨ ਉਹਨੇ ਆਪਣੇ ਜਵਾਈ ਨੂੰ ਫ਼ੋਨ ਕੀਤਾ ਤੇ ਵਾਸਤੇ ਪਾਏ ਕਿ ਉਹ ਆਪਣੀ ਫੂਫੀ ਤੇ ਸੱਸ ਦਾ ਖ਼ਿਆਲ ਰੱਖੇ ਕਿਉਂ ਜੋ ਉਹਦੇ ਦਮ ਦਾ ਕੋਈ ਵਸਾਹ ਨਹੀਂ। ਕਦ ਰੂਹ ਸਰੀਰ ਦਾ ਪਿੰਜਰਾ ਛੱਡ ਉੱਡ ਜਾਏ। ਬਿਮਾਰੀ ਨੇ ਉਹਦਾ ਕੱਖ ਨਾ ਛੱਡਿਆ ਤੇ ਅਖ਼ੀਰ ਉਹਦੇ ਦੁੱਖਾਂ ਦੀ ਉਮਰ ਕੈਦ ਖ਼ਤਮ ਹੋ ਗਈ।

ਜਨਾਜ਼ੇ ਵਿਚ ਸ਼ਾਮਿਲ ਹੋਣ ਲਈ ਦੋਵੇਂ ਪੁੱਤਰ ਤੇ ਧੀ-ਜਵਾਈ ਆਏ। ਬੇ-ਵਤਨਾ ਖ਼ੁਆਜਾ ਹਮੀਦ ਮੀਰਪੁਰ ਵਿਚ ਦਫ਼ਨ ਹੋਇਆ। ਪੁੱਤਰਾਂ ਨੇ ਮਾਂ ਨੂੰ ਨਾਲ਼ ਚੱਲਣ ਲਈ ਮਾੜਾ-ਮੋਟਾ ਜ਼ੋਰ ਪਾਇਆ ਪਰ ਉਹ ਨਾ ਮੰਨੀ। ਧੀ-ਜਵਾਈ ਨੇ ਬਥੇਰਾ ਸਮਝਾਇਆ ਕਿ ਉਹ ਇੱਥੇ ਇਕੱਲੀ ਕੀ ਕਰੇਗੀ, ਉਨ੍ਹਾਂ ਨਾਲ ਰਵ੍ਹੇ, ਪਰ ਬਾਜੀ ਬਲਕੀਸ ਨੇ ਕਿਸੇ ਨਾਲ ਅੱਖ ਤੱਕ ਨਹੀਂ ਮਿਲਾਈ। ਚੌਥੇ ਮਗਰੋਂ ਸਾਰੇ ਆਪਣੇ ਘਰ ਚਲੇ ਗਏ ਤੇ ਬਾਜੀ ਬਲਕੀਸ ਏਡੀ ਵੱਡੀ ਕੋਠੀ ਵਿਚ ਕੱਲਮ-ਕੱਲੀ ਰਹਿ ਗਈ।

ਇਹ ਗੱਲ ਸੰਨ 2005 ਦੀ ਏ, ਜਦ ਖ਼ਾਲਿਦ ਤੇ ਨਸੀਮ ਸ੍ਰੀਨਗਰ ਤੋਂ ਮੁਜ਼ੱਫਰਾਬਾਦ ਜਾਣ ਵਾਲੀ ਪਹਿਲੀ ਬੱਸ ਰਾਹੀਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਮੀਰਪੁਰ ਗਏ। ਉੱਥੇ ਗੱਲਾਂ-ਬਾਤਾਂ ਵਿਚ ਉਨ੍ਹਾਂ ਨੂੰ ਖ਼ੁਆਜਾ ਅਲਤਾਫ਼ ਰਾਓ ਨੇ ਦੱਸਿਆ ਕਿ ਬਾਜੀ ਬਲਕੀਸ ਮੀਰਪੁਰ ਵਿਚ ਗੁਲਾਮ ਸਰਵਰ ਦੀ ਕੋਠੀ ਵਿਚ

ਰਹਿੰਦੀ ਏ। ਅਲਤਾਫ਼ ਰਾਓ ਦੇ ਵਾਲਿਦ ਨਿਜ਼ਾਮੀ ਸਾਹਿਬ ਜੰਮੂ ਦੇ ਉਸਤਾਦ ਮੁਹੱਲੇ ਤੋਂ ਹਿਜਰਤ ਕਰਕੇ ਮੀਰਪੁਰ ਵਿਚ ਪੱਤਰਕਾਰੀ ਨਾਲ ਜੁੜੇ ਸਨ। ਉਨ੍ਹਾਂ ਦੀ ਫ਼ੌਤਗੀ ਤੋਂ ਮਗਰੋਂ ਅਲਤਾਫ਼ ਰਾਓ ਵੀ ਇਸੇ ਪੇਸ਼ੇ ਨਾਲ ਜੁੜੇ ਤੇ ਕਈ ਪਾਕਿਸਤਾਨੀ ਤੇ ਕਈ ਯੂਰਪੀ ਅਖ਼ਬਾਰਾਂ ਲਈ ਕੰਮ ਕਰਦੇ ਨੇ। ਖ਼ਾਲਿਦ ਤੇ ਨਸੀਮ ਨੇ ਬਾਜੀ ਬਲਕੀਸ ਨੂੰ ਮਿਲਣ ਲਈ ਅਲਤਾਫ਼ ਰਾਓ ਹੋਰਾਂ ਨੂੰ ਕਿਹਾ ਤੇ ਇਕ ਸ਼ਾਮ ਨੂੰ ਅਲਤਾਫ਼ ਸਾਹਿਬ ਉਨ੍ਹਾਂ ਦੋਹਾਂ ਨੂੰ ਲੈ ਕੇ ਗੁਲਾਮ ਸਰਵਰ ਦੀ ਕੋਠੀ ਗਏ।

ਪੰਜ-ਛੇ ਕਨਾਲਾਂ ਵਿਚ ਫੈਲੀ ਕੋਠੀ ਦੇ ਇਕ ਕਮਰੇ ਵਿਚ ਮੰਜੀ 'ਤੇ ਪਈ ਬਾਜੀ ਬਲਕੀਸ ਨੇ ਜਦ ਨਸੀਮ ਤੇ ਖ਼ਾਲਿਦ ਨੂੰ ਵੇਖਿਆ ਤਾਂ ਉਹ ਮੰਜੀ ਤੋਂ ਉੱਠ ਕੇ ਨਸੀਮ ਦੇ ਗਲ਼ੇ ਲੱਗੀ, ਖਾਲਿਦ ਦੇ ਸਿਰ ਦੇ ਹੱਥ ਫੇਰਿਆ, ਉਹਨੂੰ ਪਿਆਰ ਕਰਨ ਲੱਗੀ। ਕਮਰੇ ਵਿਚ ਮੰਜੀ ਤੋਂ ਛੁੱਟ ਇਕ ਕੁਰਸੀ ਤੇ ਇਕ ਮੇਜ਼ ਪਿਆ ਹੋਇਆ ਸੀ। ਮੇਜ਼ 'ਤੇ ਤਿੰਨ-ਚਾਰ ਭਾਂਡੇ, ਚਾਹ ਦੇ ਦੋ-ਤਿੰਨ ਕੱਪ, ਕੁਝ ਡੱਬੇ ਤੇ ਇਕ ਸਟੋਵ। ਉਨ੍ਹਾਂ ਵੇਖਿਆ ਕਿ ਬਾਜੀ ਬਲਕੀਸ ਨੂੰ ਕੁੱਬ ਪਿਆ ਹੋਇਆ ਸੀ ਤੇ ਉਹ ਪੂਰੀ ਤਰ੍ਹਾਂ ਲਿਫ਼ ਗਈ ਸੀ। ਅੱਖਾਂ 'ਤੇ ਮੋਟੀ ਐਨਕ ਲੱਗੀ ਹੋਈ ਤੇ ਉਹ ਸੋਟੀ ਬਗ਼ੈਰ ਚੱਲ ਨਹੀਂ ਸੀ ਸਕਦੀ। ਆਪਣੇ ਵੇਲੇ ਦੀ ਅੱਤ ਸੋਹਣੀ ਬਾਜੀ ਬਲਕੀਸ ਹੱਡੀਆਂ ਦਾ ਪਿੰਜਰ ਬਣ ਚੁੱਕੀ ਸੀ। ਨਸੀਮ ਦਾ ਹੱਥ ਫੜ ਕੇ ਉਹਨੂੰ ਮੰਜੀ 'ਤੇ ਬਿਠਾ ਕੇ ਉਹ ਕਹਿਣ ਲੱਗੀ, "ਨਸੀਮ! ਖੌਰੇ ਕਿਹੜਾ ਵੇਲਾ ਸੀ ਜਦ ਮੈਂ ਜੰਮੂ ਛੱਡ ਕੇ ਪਾਕਿਸਤਾਨ ਆਈ, ਮੈਂ ਭੁੱਲੀ, ਦਿਲ ਮਰ ਜਾਣੇ ਦੇ ਆਖੇ ਲੱਗ ਕੇ ਮੈਂ ਬੜਾ ਪਛਤਾਈ। ਮੈਂ ਇੱਥੇ ਆਪਣੇ ਸਕੇ ਵੀਰਾਂ ਹੱਥੋਂ ਲੁੱਟੀ ਗਈ। ਮੇਰੀ ਔਲਾਦ ਕੁਪੱਤੀ ਨਿਕਲੀ ਮੇਰੀਆਂ ਭਰਜਾਈਆਂ ਨੇ ਮੇਰੇ ਨਾਲ ਸਿੱਠ ਕੀਤਾ। ਮੇਰੇ ਦਿਲ ਨੂੰ ਅੱਥਰੇ ਅੱਖਰਾਂ ਦੇ ਪੱਥਰ ਮਾਰ-ਮਾਰ ਕੇ ਫੱਟੜ ਕਰ ਛੱਡਿਆ। ਉਨ੍ਹਾਂ ਅੰਦਰ ਅਹੰਕਾਰ ਦੇ ਸੱਪ ਫੁੰਕਾਰਾਂ ਮਾਰਦੇ ਰਹਿੰਦੇ, ਜਿਹੜੇ ਮੈਨੂੰ ਤੇ ਖ਼ੁਆਜਾ ਸਾਹਿਬ ਨੂੰ ਡੰਗਦੇ ਰਹਿੰਦੇ। ਇਸ ਸਿਆਲਕੋਟ ਦੇ ਉਜਾੜ ਵਿਚ ਆ ਕੇ ਅਸੀਂ ਉੱਜੜ ਗਏ। ਇਹ ਮੁਲਕ ਸਾਨੂੰ ਰਾਸ ਨਹੀਂ ਆਇਆ। ਇੱਥੇ ਸਾਨੂੰ ਧੋਖੇ ਮਿਲੇ, ਮਾਰੂਥਲ ਦੇ ਛਲਾਵੇ ਲੱਭੇ। ਮੈਂ ਆਪਣੇ ਚਵਲ਼ ਭਰਾਵਾਂ ਲਈ ਅਜਿਹੀ ਪੁਸਤਕ ਬਣ ਗਈ ਜਿਹਨੂੰ ਕੋਈ ਤਾਕੜੇ 'ਤੇ ਰੱਖ ਕੇ ਭੁੱਲ ਗਿਆ ਹੋਵੇ। ਸਾਡੇ ਲਹੂ ਦੇ ਰਿਸ਼ਤੇ ਪਾਣੀ ਹੋ ਗਏ। ਇੱਥੇ ਆ ਕੇ ਅਸਾਂ ਸਿਰਫ਼ ਉਦਾਸੀ ਦਾ ਮੌਸਮ ਹੀ ਵੇਖਿਆ। ਜ਼ਿੱਲਤ, ਨਫ਼ਰਤ, ਹਕਾਰਤ, ਦੁੱਖ, ਦਰਦ, ਬਦ-ਬਖ਼ਤੀ ਤੇ ਮੁਹਤਾਜੀ ਦਿਨ-ਰਾਤ ਪਰਛਾਵੇਂ ਵਾਂਗਰ ਸਾਡੇ ਨਾਲ ਰਹੀ। ਮੈਂ ਪੁੱਤਰਾਂ, ਭਰਾਵਾਂ ਤੇ ਭਰਜਾਈਆਂ ਦੀ ਬਖ਼ਸ਼ੀ ਹੋਈ ਸਲੀਬ 'ਤੇ ਟੰਗੀ ਰਹਿ ਗਈ। ਬਦਨਸੀਬੀ ਮੇਰਾ ਜੁਰਮ ਬਣ ਗਈ। ਮੇਰੀਆਂ ਰੀਝਾਂ ਤੇ ਤਾਂਘਾਂ ਦੀ ਬੇੜੀ ਡੁੱਬ ਗਈ। ਖ਼ੁਆਜਾ ਸਾਹਿਬ ਵੀ ਸਾਥ ਛੱਡ

ਗਏ। ਉਹ ਫ਼ੌਤ ਹੋ ਗਏ, ਉਹ ਆਜ਼ਾਦ ਹੋ ਗਏ...ਦੁੱਖਾਂ ਪੀੜਾਂ ਤੋਂ...ਪਰ ਮੈਂ ਦੁਖਿਆਰੀ ਦੀਵਾ ਬੁਝਣ ਦੀ ਉਡੀਕ ਵਿਚ ਆਂ। ਇਹ ਅਲਤਾਫ਼ ਪੁੱਤਰ ਰੋਜ਼ ਮੇਰੇ ਕੋਲ ਆਉਂਦਾ ਹੈ, ਮੇਰਾ ਪੂਰਾ ਧਿਆਨ ਰੱਖਦਾ ਏ, ਹਰ ਚੀਜ਼ ਲਿਆ ਕੇ ਦਿੰਦਾ ਏ। ਖ਼ੌਰੇ ਇਹ ਮੇਰੇ 'ਤੇ ਆਪਣੇ ਪਿਛਲੇ ਜਨਮ ਦਾ ਉਧਾਰ ਮੁਕਾ ਰਿਹਾ ਏ। ਰੱਬ ਇਹਨੂੰ ਖ਼ੁਸ਼ ਰੱਖੇ, ਅਬਾਦ ਰੱਖੇ, ਇਹ ਆਪਣੇ ਬੱਚਿਆਂ ਹੱਥੋਂ ਜ਼ਲੀਲ ਨਾ ਹੋਵੇ। ਇਹਦੇ ਬੱਚੇ ਇਸਦੀ ਦੀਦ ਕਰਨ। ਮੈਂ ਝੋਲ਼ੀ ਅੱਡ-ਅੱਡ ਇਹਨੂੰ ਦੁਆਵਾਂ ਦਿੰਦੀ ਰਹਿੰਦੀ ਆਂ, ਅੱਲਾਹ ਕਰੇ ਕਿ ਉਹ ਮੇਰੀ ਸੁਣੇ।

"ਖ਼ਾਲਿਦ! ਮੈਂ ਹੁਣ ਬੁਢਾਪੇ ਦੀ ਬੇ-ਅਤਬਾਰੀ ਭੁੱਬਲ ਹਾਂ, ਕਿਸੇ ਵੇਲੇ ਵੀ ਮਿੱਟੀ ਨਾਲ ਰਲ਼ ਜਾਵਾਂਗੀ। ਪਰ ਤੂੰ ਮੇਰਾ ਇਕ ਕੰਮ ਕਰਦੇ। ਜੰਮੂ ਦੀ ਮਿੱਟੀ ਕਿਸੇ ਆਉਣ ਵਾਲੇ ਦੇ ਹੱਥ ਭਿਜਵਾ ਦੇ ਤਾਂ ਜੋ ਮੈਂ ਉਹ ਖ਼ੁਆਜਾ ਸਾਹਿਬ ਦੀ ਕਬਰ 'ਤੇ ਪਾਵਾਂ। ਉਹ ਮਰਦੇ ਦਮ ਤੋੜੀ ਜੰਮੂ ਨੂੰ ਹੀ ਚੇਤੇ ਕਰਦੇ ਰਹੇ।"

ਬਾਜੀ ਬਲਕੀਸ ਦੀਆਂ ਗੱਲਾਂ ਦੀ ਗਰਾਰੀ ਮਸ਼ੀਨ ਨਾਲੋਂ ਵੀ ਤੇਜ ਚੱਲਦੀ ਰਹੀ। ਵਕਤ ਦਾ ਪਤਾ ਹੀ ਨਹੀਂ ਚੱਲਿਆ। ਰਾਤ ਦੇ ਨੌਂ ਵੱਜ ਚੁੱਕੇ ਸਨ, ਜਦ ਨਸੀਮ ਤੇ ਖ਼ਾਲਿਦ ਉੱਥੋਂ ਨਿਕਲੇ। ਅਲਤਾਫ਼ ਰਾਓ ਨੇ ਉਨ੍ਹਾਂ ਨੂੰ ਆਸ਼ਕ ਸਲੇਹਰੀਆਂ ਤੇ ਤਸੱਵਰ ਸਲੇਹਰੀਆਂ ਦੇ ਘਰ ਉਤਾਰ ਦਿੱਤਾ, ਜਿਹੜੇ ਨਸੀਮ ਦੇ ਫੁੱਫੀ ਜ਼ਾਦ ਭਰਾ ਸਨ ਤੇ ਜਿਨ੍ਹਾਂ ਕੋਲ ਉਹ ਠਹਿਰੇ ਸਨ। ਪਰਮਿਟ ਦੀ ਮਿਆਦ ਮੁੱਕਣ ਵਾਲੀ ਸੀ, ਇਸ ਲਈ ਦੂਜੇ ਦਿਨ ਉਹ ਮੁਜ਼ੱਫਰਾਬਾਦ ਅੱਪੜ ਗਏ ਤੇ ਅਗਲੇ ਦਿਨ ਉੱਥੋਂ ਸ੍ਰੀ ਨਗਰ...।

ਸੰਨ 2007 ਵਿਚ ਖ਼ਾਲਿਦ ਭਾਰਤੀ ਸਾਹਿਤਕਾਰਾਂ ਦੇ ਇਕ ਡੈਲੀਗੇਸ਼ਨ ਨਾਲ ਲਾਹੌਰ ਗਿਆ, ਆਲਮੀ ਪੰਜਾਬੀ ਕਾਨਫ਼ਰੰਸ ਵਿਚ ਭਾਗ ਲੈਣ ਲਈ। ਕਾਨਫ਼ਰੰਸ ਮੁੱਕਣ ਪਿੱਛੋਂ ਉਹ ਮੀਰਪੁਰ ਚਲਾ ਗਿਆ। ਉੱਥੇ ਪੁੱਜ ਕੇ ਉਸ ਨੂੰ ਪਤਾ ਚੱਲਿਆ ਕਿ ਬਾਜੀ ਬਲਕੀਸ ਫ਼ੌਤ ਹੋ ਚੁੱਕੀ ਏ। ਉਹਨੇ ਆਪਣੇ ਸਾਲੇ ਆਸ਼ਕ ਸਲੇਹਰੀਆਂ ਨੂੰ ਨਾਲ ਲਿਆ ਤੇ ਬਾਜੀ ਬਲਕੀਸ ਤੇ ਖ਼ੁਆਜਾ ਹਮੀਦ ਦੀਆਂ ਕਬਰਾਂ 'ਤੇ ਫਾਤਿਹਾ ਪੜ੍ਹਨ ਲਈ ਕਬਰਸਤਾਨ ਗਿਆ। ਜੰਮੂ ਤੋਂ ਲਿਆਂਦੀ ਮਿੱਟੀ ਦਾ ਤੌੜਾ ਉਹਦੇ ਨਾਲ ਸੀ। ਬਾਜੀ ਬਲਕੀਸ ਤੇ ਖ਼ੁਆਜਾ ਹਮੀਦ ਦੀਆਂ ਕਬਰਾਂ ਨਾਲ-ਨਾਲ ਸਨ, ਜਿਨ੍ਹਾਂ ਨੂੰ ਵੇਖ ਕੇ ਖ਼ਾਲਿਦ ਦੇ ਦਿਲ ਵਿਚ ਡਾਢੀ ਹੂਕ ਉੱਠੀ। ਉਹਨੇ ਕਬਰਾਂ 'ਤੇ ਜੰਮੂ ਦੀ ਮਿੱਟੀ ਪਾਈ, ਫਾਤਿਹਾ ਪੜ੍ਹੀ ਤੇ ਕਬਰਸਤਾਨ ਤੋਂ ਬਾਹਰ ਨਿਕਲ ਆਇਆ... ਪਰ ਕਬਰਸਤਾਨ ਦੇ ਕਿਸੇ ਰੁੱਖ ਤੋਂ ਸੁਣੇਂਦੀ ਕੋਇਲ ਦੀ ਮਾਤਮੀ ਕੂਕ ਉਹਦੀ ਰੂਹ ਨੂੰ ਝਰਵੰਡ ਰਹੀ ਸੀ।

•

# ਆਹੀਂ ਦਾ ਬਾਲਣ

ਕਾਦਰਾ ਇਕ ਵਿਰਲਾ ਵਾਂਝਾ ਬੰਦਾ ਸੀ। ਸੰਡੇ ਵਾਂਗ ਪਲ਼ਿਆ, ਓਤਰਾ, ਭੈੜਾ ਤੇ ਜ਼ਬਾਨ ਦਾ ਖੋਤਰਾ ਸੀ। ਨਿੱਕੀ-ਨਿੱਕੀ ਗੱਲ 'ਤੇ ਕਚੀਚੀਆਂ ਵੱਟ ਲੈਂਦਾ। ਜਦ ਵੇਖੋ, ਅਕਿਆ-ਸਤਿਆ ਰਹਿੰਦਾ। ਹਰ ਵੇਲੇ ਦੰਦ ਪੀਸਦਾ ਰਹਿੰਦਾ ਤੇ ਅਕਸਰ ਗਾਲ੍ਹਾਂ ਦੀ ਕੁਰਲੀ ਕਰਦਾ ਰਹਿੰਦਾ ਤੇ ਮਣ-ਮਣ ਦੇ ਫਕੜ ਤੋਲਦਾ। ਕਿਸੇ ਦੀ ਦਾੜ੍ਹੀ ਨੂੰ ਹੱਥ ਪਾ ਲੈਂਦਾ ਤੇ ਕਿਸੇ ਦੀ ਪੱਗ ਰੋਲ਼ ਦਿੰਦਾ। ਉਸ ਦੇ ਅੰਦਰ ਭੋਰਾ ਜਿਹਾ ਵੀ ਸਬਰ ਨਹੀਂ ਸੀ। ਹਮੇਸ਼ਾ ਰਾਮ-ਰੌਲ਼ਾ ਪਾਈ ਰੱਖਦਾ। ਉਹ ਵਿਹਲੜ ਡੰਗਰ ਅੱਗ ਖਾਂਦਾ ਤੇ ਅੰਗਾਰੇ ਹਗਦਾ ਅਤੇ ਆਪਣੇ ਅੰਦਰ ਦਾ ਸਾੜ ਕੱਢਦਾ ਰਹਿੰਦਾ। ਉਹਨੇ ਆਪਣੀ ਜਾਤ ਦੀ ਕੋਹੜਕਿਰਲੀ ਨੂੰ ਮਾਰ ਕੇ ਡੂੰਘੀ ਕਬਰ ਵਿਚ ਦਫ਼ਨਾ ਦਿੱਤਾ ਸੀ। ਤਾਹੀਓਂ ਲਾਟੀ ਖ਼ਾਨ ਦਾ ਸਾਲ਼ਾ ਬਣਿਆ ਫਿਰਦਾ ਸੀ। ਕਾਦਰਾ ਆਪਣੀ ਵਹੁਟੀ ਰਾਬਿਆ ਨਾਲ ਨੂਰ-ਪੀਰ ਵੇਲੇ ਤੋਂ ਹੀ ਰੇੜਕਾ ਲਾਈ ਰੱਖਦਾ ਤੇ ਉਸਦੇ ਦੰਦ ਗਿਣਦਾ ਰਹਿੰਦਾ। ਉਹਨੂੰ ਜੁਗਤਾਂ ਮਾਰਦਾ ਤੇ ਗਿੱਦੜ-ਕੁੱਟ ਚਾੜ੍ਹਦਾ। ਉਸਦੇ ਮਾਂ-ਪਿਉ ਨੂੰ ਪੁੰਨਦਾ। ਮਾੜੀ ਜੇਹੀ ਗੱਲ 'ਤੇ ਘਸੁੰਨ-ਮੁੱਕੀ ਕਰ ਕੇ ਉਹਨੂੰ ਰੱਤੋ-ਰੱਤ ਕਰ ਦਿੰਦਾ। ਰਾਬਿਆ ਪੀੜਾਂ ਜਰਦੀ ਰਹਿੰਦੀ। ਕਦੀ ਉਹਦਾ ਖੁੱਲਾ ਸੁੱਝਿਆ ਹੁੰਦਾ ਤੇ ਕਦੇ ਉਹਦੇ ਬੁੱਲ੍ਹ ਪਾਟੇ ਹੁੰਦੇ। ਉਹ ਵਿਚਾਰੀ ਹਟਕੋਰੇ ਭਰ-ਭਰ ਰੋਂਦੀ ਅਤੇ ਆਪਣੇ ਜੁੱਸੇ ਨੂੰ ਟਕੋਰਾਂ ਕਰਦੀ ਰਹਿੰਦੀ। ਮੁੱਕਦੀ ਗੱਲ ਇਹ ਹੈ ਕਿ ਕਾਦਰਾ ਵੇਲੇ-ਕੁਵੇਲੇ ਰਾਬਿਆ ਨਾਲ ਚੁੰਨ੍ਹ-ਚੁੰਨ੍ਹ ਲਾਈ ਰੱਖਦਾ ਤੇ ਉਸਨੂੰ ਛਿੱਤਰ ਉੱਤੇ ਟੁੱਕਰ ਰੱਖ ਕੇ ਖੁਆਂਦਾ।

ਰਾਬਿਆ ਦੀ ਹਾਲਤ ਇੰਝ ਦੀ ਹੋ ਗਈ ਸੀ ਕਿ 'ਅੰਦਰ ਕੁੱਤਾ ਬਾਹਰ ਕਾਂ, ਦੱਸੋ ਕਿਹੜੇ ਪਾਸੇ ਜਾਂ'। ਉਹ ਜ਼ਿੱਦਲ ਸਾਂਡ ਕਦੀ ਉਸ ਨਾਲ ਸਵਾਦੀ ਗੱਲ ਨਹੀਂ ਸੀ ਕਰਦਾ। ਉਹਦੀ ਬਾਤ ਨਹੀਂ ਸੀ ਪੁੱਛਦਾ। ਅਕਸਰ ਉਸ 'ਤੇ ਧੌਂਸ ਜਮਾਂਦਾ ਤੇ ਕਹਿੰਦਾ:

"ਕੁੱਤੀਏ! ਤੇਰੀ ਔਕਾਤ ਹੀ ਕੀ ਹੈ। ਤੂੰ ਤੇ ਤਿੰਨ ਲਫ਼ਜ਼ਾਂ ਦੀ ਮਾਰ ਐਂ।" ਤੁਹਾਨੂੰ ਤਾਂ ਪਤਾ ਹੈ ਕਿ ਮਰਦ ਦੇ ਬੋਲੇ ਇਹ ਤ੍ਰੈ-ਸ਼ਬਦ ਸੁਆਣੀ ਲਈ ਕਿੰਨੇ ਔਖੇ ਤੇ ਭੈੜੇ ਹੁੰਦੇ ਨੇ। ਲੱਖਾਂ ਦੀ ਜ਼ਨਾਨੀ ਪਲ ਵਿਚ ਕੱਖਾਂ ਦੀ ਹੋ ਜਾਂਦੀ ਹੈ। ਉਸਦਾ ਮਾਣ ਤਰਾਣ ਮੁੱਕ ਜਾਂਦਾ ਹੈ। ਉਮਰਾਂ ਦੇ ਜੁੜੇ ਰਿਸ਼ਤੇ ਸਵਾ-ਢੇਰੀ ਹੋ ਜਾਂਦੇ ਨੇ। ਉਹ ਜਿਊਂਦੇ ਜੀਅ ਮਰ ਜਾਂਦੀ ਹੈ। ਉਹਦਾ ਦੁੱਖ ਦੂਣਾ-ਤੀਣਾ ਹੋ

ਜਾਂਦਾ ਹੈ। ਉਸਦੇ ਪੂਰੇ ਜੁੱਸੇ ਨੂੰ ਦਰਦਾਂ ਦੀ ਦਦਰੀ ਚਿੰਮੜ ਜਾਂਦੀ ਹੈ। ਰਾਬਿਆ ਦੀ ਜ਼ਿੰਦਗੀ ਵਿਚ ਥਾਂ-ਥਾਂ ਖੱਪੇ ਤੇ ਵਿੱਥਾਂ ਪਈਆਂ ਸਨ। ਉਹ ਜਾਂਦੀ ਵੀ ਕਿੱਥੇ। ਪੇਕਾ ਕਦ ਦਾ ਉੱਜੜ ਚੁੱਕਾ ਸੀ। ਮਾਪੇ ਭੂਕੰਪ ਦੀ ਬਲੀ ਚੜ੍ਹ ਚੁੱਕੇ ਸਨ। ਘਰ-ਕੋਠਾ ਪਾਤਾਲ ਖਾ ਗਿਆ ਸੀ। ਇਸ ਲਈ ਕੋਲਹੂ ਵਿਚ ਜੁੱਤੇ ਢੱਗੇ ਵਾਂਗ ਹਯਾਤੀ ਦੇ ਡੰਗ ਟਪਾ ਰਹੀ ਸੀ। ਕਾਦਰੇ ਜਿਹੇ ਕੰਢੇ-ਫੂਕੇ ਤੇ ਹੰਢੇ ਵਰਤੇ ਬੰਦੇ ਦੀਆਂ ਮਾਰਾਂ ਖਾ-ਖਾ ਕੇ ਅਤੇ ਗਾਲ੍ਹਾਂ ਦੀ ਵਾਛੜ ਨਾਲ ਰਾਬਿਆ ਦਾ ਜ਼ਮੀਰ ਭਿੱਜ ਚੁੱਕਿਆ ਸੀ ਤੇ ਰੂਹ ਫੱਟੜ ਹੋ ਗਈ ਸੀ। ਗੱਲ-ਗੱਲ 'ਤੇ ਗਾਂਦ ਪਾਉਣੀ, ਨਾਸਾਂ ਭੰਨ੍ਹਣ ਤੇ ਖਾਕਾਂ ਚੀਰਣ ਦੀਆਂ ਧਮਕੀਆਂ ਦੇਣਾ ਉਹਦਾ ਰੋਜ਼ ਦਾ ਵਤੀਰਾ ਸੀ। ਹਰ ਦਿਨ ਦੇ ਇਸ ਕੁੱਤ-ਖਾਨੀ ਤੋਂ ਰਾਬਿਆ ਡਾਢੀ ਤੰਗ-ਫੰਗ ਸੀ। ਅਖ਼ੀਰ ਉਸ ਨੇ ਟੁੱਟ-ਪੈਣੇ ਕਾਦਰੇ ਤੋਂ ਜਿੰਦ ਛੁਡਾਣ ਦਾ ਮਨ ਬਣਾ ਲਿਆ। ਕਿਉਂਜੋ ਹੁਣ ਕਾਦਰੇ ਨਾਲ ਰਹਿਣਾ ਰਾਬਿਆ ਲਈ ਬੜਾ ਔਖਾ ਹੋ ਗਿਆ ਸੀ। ਨਿੱਤ ਦੀ ਮਾਰ ਕੁਟਾਈ ਨਾਲ ਉਹਦੀਆਂ ਹੱਡੀਆਂ ਤਿੜਕਣ ਲੱਗੀਆਂ ਸਨ ਤੇ ਪੀੜਾਂ ਉਹਨੂੰ ਲਤਾੜਣ ਲੱਗੀਆਂ ਸਨ। ਉਸਦੀ ਜਿੰਦ ਲੀਰੋ-ਲੀਰ ਹੋ ਗਈ ਸੀ। ਇਸ ਲਈ ਉਸ ਨੇ ਕਾਦਰੇ ਦੇ ਨਰਕ-ਨਿਵਾਸ ਨੂੰ ਛੱਡਣ ਦਾ ਫੈਸਲਾ ਕਰ ਲਿਆ। ਤੇ ਫਿਰ ਇਕ ਰਾਤੀ ਜਦ ਕਾਦਰਾ ਸੂਰ ਖ਼ਰਾਟੇ ਮਾਰ ਰਿਹਾ ਸੀ, ਉਸ ਨੇ ਆਪਣੇ ਕੱਪੜਿਆਂ ਦੀ ਗੰਢ ਬੰਨ੍ਹੀ ਤੇ ਉੱਥੋਂ ਟੁਰ ਪਈ। ਰਾਬਿਆ ਜਿਹੜੀ ਮਾਪਿਆਂ ਦੇ ਘਰੋਂ ਸਿੱਧੀ ਕਾਦਰੇ ਦੇ ਜਹਨੁਮ ਵਿਚ ਅਪੜੀ ਸੀ ਅਤੇ ਜਿਸ ਨੂੰ ਕਿਸੇ ਹੋਰ ਠੋਹ-ਟਿਕਾਣੇ ਦਾ ਪਤਾ ਨਹੀਂ ਸੀ, ਉਹ ਹਨੇਰਾ ਰਾਤ ਵਿਚ ਉਬੜ-ਖਾਬੜ ਰਸਤਿਆਂ 'ਤੇ ਚਲਦੀ ਰਹੀ। ਜੰਗਲ ਬੇਲੇ ਤੇ ਕੱਸੀਆਂ ਟੱਪਦੀ ਰਹੀ। ਹਨੇਰੇ ਵਿਚ ਉਸ ਨੂੰ ਕੁਝ ਨਹੀਂ ਸੀ ਦਿਸ ਰਿਹਾ। ਉਹ ਚਲਦੀ ਰਹੀ। ਫੇਰ ਖ਼ੌਰੇ ਕਦੋਂ ਉਸਦਾ ਪੈਰ ਪੁੱਠਾ ਪਿਆ ਤੇ ਉਹ ਡਿੱਗ ਪਈ ਅਤੇ ਲੁੜਖਦੀ-ਲੁੜਖਦੀ ਸਿੱਧੀ ਨੱਕਰਕੋਟ ਦੀ ਕੱਸ ਵਿਚ ਜਾ ਪਈ। ਹੜ੍ਹ ਨਾਲ ਕੱਸ ਪੂਰੇ ਜੋਸ਼ ਵਿਚ ਬੇਤਾੜ ਵਿਚ ਗਲਵਕੜੀ ਪਾ ਰਹੀ ਸੀ। ਕੱਸ ਦੀਆਂ ਛੱਲਾਂ ਨੇ ਰਾਬਿਆ ਨੂੰ ਬੇਤਾੜ ਦੇ ਹਵਾਲੇ ਕੀਤਾ ਤੇ ਬੇਤਾੜ ਨੇ ਉਸ ਨੂੰ ਪੁਣਛ ਦਰਿਆ ਵਿਚ ਜਾ ਸੁੱਟਿਆ। ਦਰਿਆ ਚੜ੍ਹਿਆ ਹੋਇਆ ਸੀ। ਲਹਿਰਾਂ ਠਾਠਾਂ ਮਾਰ ਰਹੀਆਂ ਸਨ। ਪਾਣੀ ਘੁੰਮਣ-ਘੇਰੀਆਂ ਪਾ ਰਿਹਾ ਸੀ ਤੇ ਰਾਬਿਆ ਉਨ੍ਹਾਂ ਘੁੰਮਣ-ਘੇਰੀਆਂ ਵਿਚ ਫਸ ਗਈ ਤੇ ਝੁਲਾਸ ਪਿੰਡ ਕੋਲ ਦਰਿਆ ਦੇ ਇਕ ਪਾਸੇ ਆ ਲੱਗੀ ਅਤੇ ਫੌਜੀਆਂ ਝੱਪ ਲਈ। ਫੌਜੀਆਂ ਰਾਬਿਆ ਨੂੰ ਇੰਝ ਨੱਪਿਆ ਜਿੱਦਾਂ ਇੱਲ ਚੂਚੇ ਨੂੰ ਨੱਪਦੀ ਹੈ। ਪੁੱਛ-ਗਿੱਛ ਮਗਰੋਂ ਫੌਜੀਆਂ ਨੇ ਰਾਬਿਆ ਨੂੰ ਪੁਲਿਸ ਹਵਾਲੇ ਕਰ ਦਿੱਤਾ। ਪੁਲਿਸ ਨੇ ਆਪਣੇ ਢੰਗ ਨਾਲ ਹਵਾਲਾਤ ਵਿਚ ਉਹਦੀ ਤਫ਼ਤੀਸ਼ ਕੀਤੀ ਅਤੇ ਵੀਜ਼ੇ ਤੇ ਪਰਮਿਟ ਬਗ਼ੈਰ ਸਰਹੱਦ ਟੱਪ ਕੇ ਸਾਡੇ ਦੇਸ਼ ਵਿਚ ਵੜਨ ਦਾ ਦੋਸ਼

ਲਗਾ ਕੇ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ। ਭਾਗਾਂ ਸੜੀ ਰਾਬਿਆ ਦਾ ਕੋਈ ਵੀ ਨਹੀਂ ਸੀ ਜਿਹੜਾ ਉਸ ਲਈ ਕਚਹਿਰੀ ਵਿਚ ਪੇਸ਼ ਹੁੰਦਾ। ਜੱਜ ਵੀ ਆਪਣੀ ਥਾਂ 'ਤੇ ਪ੍ਰੇਸ਼ਾਨ ਸੀ ਕਿ ਉਹ ਰਾਬਿਆ ਨੂੰ ਕੀ ਦੰਡ ਦੇਵੇ ਕਿਉਂਜੇ ਰਾਬਿਆ ਨੱਕਰ-ਕੋਟ ਪਿੰਡ ਦੀ ਵਸਨੀਕ ਸੀ ਜਿਹੜਾ ਅੱਧਾ ਸਾਡੇ ਪਾਸੇ ਤੇ ਅੱਧਾ ਸਰਹੱਦ ਦੇ ਪਾਰਲੇ ਪਾਸੇ ਹੈ। ਨੱਕਰ-ਕੋਟ ਤਹਿਸੀਲ ਹਵੇਲੀ ਦਾ ਪਿੰਡ ਹੈ ਜਿਹੜੀ ਅੱਧੀ ਸਾਡੇ ਕੋਲ ਤੇ ਅੱਧੀ ਸਰਹੱਦ ਦੇ ਪਾਰ। ਤਹਿਸੀਲ ਹਵੇਲੀ, ਪੁਣਛ ਜਗੀਰ ਦਾ ਹਿੱਸਾ ਸੀ, ਜਿਹੜੀ ਹੁਣ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ। ਯਾਨੀ ਜ਼ਿਲ੍ਹਾ ਪੁਣਛ ਤੇ ਜ਼ਿਲ੍ਹਾ ਰਾਵਲਾ ਕੋਟ। ਦੋਵੇਂ ਜ਼ਿਲ੍ਹੇ ਜੰਮੂ ਪ੍ਰਾਂਤ ਵਿਚ ਸ਼ਾਮਿਲ ਹਨ। ਭਾਰਤੀ ਤੇ ਰਿਆਸਤੀ ਸੰਵਿਧਾਨ ਮੁਜਬ ਇਹ ਸਾਰਾ ਇਲਾਕਾ ਭਾਰਤ ਦਾ ਅਟੁੱਟ ਅੰਗ ਹੈ। ਜੱਜ ਇਸ ਗੱਲ ਨੂੰ ਮੰਨਦਾ ਸੀ ਕਿ ਸਰਹੱਦ ਦੇ ਉਸ ਹਿੱਸੇ 'ਤੇ ਪਾਕਿਸਤਾਨ ਦਾ ਕਬਜ਼ਾ ਹੈ ਪਰ ਸਾਡੇ ਸ਼ੰਵਿਧਾਨ ਅਤੇ ਨਕਸ਼ਿਆਂ ਵਿਚ ਜਦ ਪੂਰਾ ਜੰਮੂ-ਕਸ਼ਮੀਰ ਭਾਰਤ ਦਾ ਹਿੱਸਾ ਦੱਸਿਆ ਗਿਆ ਹੈ ਤਾਂ ਫਿਰ ਦੇਸ਼ ਦੇ ਇਕ ਇਲਾਕੇ ਤੋਂ ਦੂਜੇ ਇਲਾਕੇ ਵਿਚ ਜਾਣ ਦਾ ਭਲਾ ਕੀ ਜੁਰਮ ਬਣਦਾ ਹੈ। ਮਗਰ ਪੁਲਿਸ ਨੇ ਚਲਾਣ ਪੇਸ਼ ਕਰਦਿਆਂ ਭਾਰਤੀ-ਕਾਨੂੰਨ ਦੀ ਖ਼ਿਲਾਫ਼-ਵਰਜ਼ੀ ਕਰਨ ਤੇ ਸਰਹੱਦ ਟੱਪਣ ਦਾ ਜੁਰਮ ਲਾਇਆ ਸੀ ਅਤੇ ਇੰਝ ਸਾਬਿਤ ਕਰ ਦਿੱਤਾ ਸੀ ਕਿ ਸਰਹੱਦ ਦਾ ਪਾਰਲਾ ਪਾਸਾ ਸਾਡਾ ਹਿੱਸਾ ਨਹੀਂ ਹੈ ਜਾਂ ਫਿਰ ਜ਼ਮੀਨ ਸਾਡੀ ਹੈ ਪਰ ਲੋਕ ਸਾਡੇ ਨਹੀਂ ਹਨ।

ਰਾਬਿਆ ਸਿੱਧੀ-ਸਾਦੀ, ਅਨਪੜ੍ਹ ਮੁਟਿਆਰ, ਜ਼ਾਬਤੇ, ਕਾਨੂੰਨ ਤੇ ਹੱਦਾਂ-ਸਰਹੱਦਾਂ ਨੂੰ ਕੀ ਸਮਝਦੀ। ਉਸ ਨੇ ਤਾਂ ਭੁੱਖ-ਦੁੱਖ ਦੀ ਕਫ਼ਨੀ ਪਾਈ ਹੋਈ ਸੀ। ਉਸ ਉਧਲ ਗਈ ਕੁੜੀ ਦਾ ਨਾ ਕੋਈ ਵਕੀਲ ਸੀ ਤੇ ਨਾ ਉਸ ਕੋਲ ਕੋਈ ਦਲੀਲ ਸੀ। ਉਹ ਤਾਂ ਕਾਦਰੇ ਜਿੰਨ ਜੱਫੇ ਤੋਂ ਜਾਨ ਛੁੜਾ ਕੇ ਭੱਜੀ ਸੀ। ਇਸ ਲਈ ਉਹਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਉਸ ਨੂੰ ਕਿੱਥੇ ਰੱਖਿਆ ਜਾਏ। ਜੱਜ ਨੇ ਰਾਬਿਆ ਨੂੰ ਤਿੰਨ ਸਾਲ ਦੀ ਕੈਦ ਬੋਲ ਦਿੱਤੀ ਅਤੇ ਉਸ ਨੂੰ ਪੁਣਛ ਜੇਲ੍ਹ ਵਿਚ ਸਜ਼ਾ ਭੁਗਤਣ ਲਈ ਭੇਜ ਦਿੱਤਾ।

ਜੇਲ੍ਹ ਕੀ ਸੀ, ਬੱਸ ਇਕ ਕੰਜਰ ਕੋਠਾ ਸੀ। ਇੱਥੇ ਮਾਣ, ਮਰਿਆਦਾ, ਇੱਜ਼ਤਾਂ ਤੇ ਕਦਰਾਂ ਸਭ ਜੇਲ੍ਹ ਦੀ ਡਿਉਢੀ 'ਤੇ ਹੀ ਟੰਗੀਆਂ ਰਹਿ ਜਾਂਦੀਆਂ ਹਨ। ਅੰਦਰ ਬੇ-ਹਯਾਈ, ਬੇ-ਗ਼ੈਰਤੀ ਤੇ ਬਦਨਸੀਬੀ ਨੱਚਦੀ-ਟੱਪਦੀ ਰਹਿੰਦੀ ਹੈ। ਧਰਮ-ਅਧਰਮ ਤੇ ਕੂੜ ਸਿਆਸਤ ਦੀਆਂ ਬਸਾਠੀਆਂ ਧੁੱਖਦੀਆਂ ਰਹਿੰਦੀਆਂ ਨੇ। ਜੇਲ੍ਹ ਦੇ ਕਈ ਰਾਖੀ ਠਰਕੀ ਤੇ ਲੰਗੋਟ ਦੇ ਢਿੱਲੇ ਹਾਲ ਵੀ ਹੁੰਦੇ ਹਨ। ਉਹ ਕੈਦੀ ਔਰਤਾਂ ਨੂੰ ਵੇਖ ਕੇ ਰਾਲ ਟਪਕਾਣ ਲੱਗਦੇ। ਉੱਪਰੋਂ ਰਾਬਿਆ ਜਿਹੀ ਸੋਹਣੀ ਮੁਟਿਆਰ ਤਾਂ ਹੈ ਹੀ ਮਿਸ਼ਰੀ ਦੀ ਡਲੀ ਸੀ। ਠਰਕੀ ਮੁਲਾਜ਼ਮ ਆਪੋ ਵਿਚ ਸਲਾਹ-

ਮਸ਼ਵਰਾ ਕਰਨ ਲੱਗੇ ਤੇ ਕਹਿਣ ਲੱਗੇ, 'ਪਈ ਖੰਡ ਖਾਉ ਪਰ ਵੰਡ ਖਾਉ'... ਪਰ ਅਨਵਰ ਹਵਲਦਾਰ ਸਭ ਤੋਂ ਸਿਆਣਾ ਕਾਂ ਸੀ। ਉਹ ਜੁਗਾੜੂ ਬੰਦਾ ਸੀ ਤੇ ਸਾਰੇ ਉਹਨੂੰ ਮੌਲਵੀ ਕਹਿੰਦੇ ਸਨ। ਉਹਦੀ ਦਾੜ੍ਹੀ ਦੀ ਝਾੜੀ ਵਿਚ ਝੂਠ ਤੇ ਜੂਠ ਦੇ ਤੀਲੇ ਕਿਸੇ ਨੂੰ ਨਹੀਂ ਸਨ ਲੱਭਦੇ। ਨਮਾਜ਼ਾਂ ਪੜ੍ਹਨੀਆਂ ਤੇ ਗੱਲ-ਗੱਲ ਉੱਤੇ ਕੁਰਆਨ ਅਤੇ ਹਦੀਸ ਦੇ ਹਵਾਲੇ ਦੇਣੇ ਉਸ ਦੇ ਮੂਲ-ਮੰਤਰ ਸਨ। ਅੱਲਾਹ ਦੇ ਇਸ "ਨੇਕ ਬੰਦੇ" ਨੂੰ ਹੀ ਜੇਲ੍ਹਰ ਨੇ ਜ਼ਨਾਨਾ-ਵਾਰਡ ਦਾ ਵਾਰਡਨ ਬਣਾਇਆ ਹੋਇਆ ਸੀ। ਉਹ ਜਦ ਵੀ ਰਾਬਿਆ ਨੂੰ ਵੇਖਦਾ ਤਾਂ ਉਹਦਾ 'ਵਜ਼ੂ' ਟੁੱਟ ਜਾਂਦਾ ਤੇ ਕਈ ਵਾਰੀ ਤਾਂ ਤੰਬੀ ਵੀ ਗਿੱਲੀ ਹੋ ਜਾਂਦੀ। ਉਹ ਗੱਲ-ਕੱਥ ਵਿਚ ਬੜਾ ਮਿੱਠਾ ਤੇ ਹਲੀਮ ਸੀ ਅਤੇ ਸਵਾਬ ਕਮਾਉਣ ਦਾ ਡਾਢਾ ਭੁੱਖਾ। ਉਹ ਨਮਾਜ਼ਾਂ ਪੜ੍ਹ-ਪੜ੍ਹ ਸਵਾਬ ਦੀਆਂ ਝੋਲ਼ੀਆਂ ਭਰਦਾ ਤੇ ਦੁੱਖਾਂ ਦੀ ਦਾਦਰਸੀ; ਤਵੀਜ਼, ਬਾਂਗੇ ਤੇ ਫੂਕਾਂ ਮਾਰ ਕੇ ਕਰਦਾ। ਰਾਬਿਆ ਦੀ ਕਹਾਣੀ ਸੁਣ ਕੇ ਉਹ ਉਸਦੇ ਦੁੱਖਾਂ ਦਾ ਇਲਾਜ ਕਰਨ ਲੱਗਾ। ਉਹ ਸ਼ੁੱਧ ਦੀਨੀ ਢੰਗ ਨਾਲ ਰਾਬਿਆ ਨੂੰ ਨੇਕ ਮਰਦਾਂ ਦੀਆਂ ਸਿਫ਼ਤਾਂ ਦੱਸਣ ਲੱਗਾ। ਉਹ ਕਹਿੰਦਾ ਕਿ ਹਰ ਨੇਕ-ਮਰਦ ਆਪਣੀ ਔਰਤ ਦਾ ਲਿਬਾਸ ਹੁੰਦਾ ਹੈ। ਉਸ ਦੀ ਸ਼ਰਮ ਤੇ ਹਯਾ ਨੂੰ ਕੱਜਣ ਵਾਲਾ। ਇਸ ਲਈ ਰੱਬ ਸੱਚੇ ਨੇ ਪਾਕ ਤੇ ਪਵਿੱਤਰ ਔਰਤਾਂ ਲਈ ਨੇਕ ਮਰਦਾਂ ਦੀ ਚੋਣ ਕੀਤੀ ਹੁੰਦੀ ਹੈ ਅਤੇ ਮਾੜੀਆਂ ਤੇ ਪਾਪੀ ਔਰਤਾਂ ਲਈ ਜ਼ਾਲਮ ਮਰਦਾਂ ਦੀ। ਅਨਵਰ ਮੌਲਵੀ ਰਾਬਿਆ ਨੂੰ ਜ਼ਨਾਨਾ ਵਾਰਡ ਵਿਚ ਬਣੇ ਨਮਾਜ਼ ਵਾਲੇ ਕਮਰੇ ਵਿਚ ਰੋਜ਼ ਲੈ ਜਾਂਦਾ ਤੇ ਉਸ ਨੂੰ ਨੇਕੀ ਤੇ ਬਦੀ ਦਾ ਫ਼ਰਕ ਸਮਝਾਂਦਾ। ਰਾਬਿਆ ਬੜੇ ਮੋਹ ਨਾਲ ਅਨਵਰ ਮੌਲਵੀ ਦਾ ਵਆਜ਼ ਸੁਣਦੀ ਤੇ ਉਹਦੇ ਪ੍ਰਵਚਨਾਂ ਦੀ ਛਿਕ ਆਪਣੇ ਦਿਲ-ਦਿਮਾਗ ਵਿਚ ਸਾਂਭਦੀ ਫਿਰਦੀ। ਇੱਕ ਦਿਨ ਉਹ ਰਾਬਿਆ ਨੂੰ ਕਹਿਣ ਲੱਗਾ:-

"ਕੱਲ੍ਹ ਰਾਤ ਸੁਫ਼ਨੇ ਵਿਚ ਮੈਨੂੰ ਅੱਲਾਹ ਪਾਕ ਨੇ ਬਸ਼ਾਰਤ ਦਿੱਤੀ ਹੈ ਕਿ ਤੇਰੇ ਦੁੱਖ-ਦਰਦ ਸਭ ਖ਼ਤਮ ਹੋਣ ਵਾਲੇ ਨੇ। ਰੱਬ ਨੇ ਤੇਰੀ ਸੁਣ ਲਈ ਹੈ ਤੇ ਮੇਰੇ ਰੂਪ ਵਿਚ ਤੇਰੀ ਬਾਂਹ ਫੜ ਲਈ ਹੈ। ਹੁਣ ਤੇਰੇ ਦਿਨ ਫਿਰਨ ਵਾਲੇ ਨੇ ਤੇ ਤੂੰ ਛੇਤੀ ਹੀ ਜੇਲ੍ਹ 'ਚੋਂ ਅਜ਼ਾਦ ਹੋਣ ਆਲੀ ਐਂ। ਮੈਨੂੰ ਰੱਬ ਸੱਚੇ ਦਾ ਹੁਕਮ ਹੋਇਆ ਹੈ ਕਿ ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਤੇਰਾ ਮੇਰਾ ਨਿਕਾਹ ਹੋਵੇਗਾ ਤੇ ਤੂੰ ਹਮੇਸ਼ਾ ਲਈ ਮੇਰੀ ਪਨਾਹ ਵਿਚ ਆ ਜਾਵੇਂਗੀ।"

ਅਨਵਰ ਮੌਲਵੀ ਰਾਬਿਆ 'ਤੇ ਡੋਰੇ ਪਾਨ ਲੱਗਾ ਤੇ ਉਸਦੀਆਂ ਅੱਖਾਂ ਵਿਚ ਡੁੱਬਣ ਦਾ ਆਹਰ ਕਰਨ ਲੱਗਾ। ਹੌਲ਼ੀ-ਹੌਲ਼ੀ ਉਹਨੂੰ ਰਾਬਿਆ ਦੀਆਂ ਅੱਖਾਂ ਵਿਚ ਆਪਣੇ ਪਿਆਰ ਦਾ ਸੁਰਮਾ ਦਿਸਣ ਲੱਗਾ। ਉਹ ਕੁਚੱਜੀ ਅਨਵਰ ਦੇ ਪ੍ਰੇਮ-ਜਾਲ਼ ਵਿਚ ਫਸਦੀ ਗਈ। ਆਖ਼ਿਰ ਬੀਤਲ ਬੱਕਰੀ ਕੱਦ ਤੀਕਰ ਬਚਦੀ। ਇਕ

ਦਿਨ ਮੌਲਵੀ ਦੀ ਛੁਰੀ ਹੇਠ ਆ ਹੀ ਗਈ। ਅਨਵਰ ਮੌਲਵੀ ਹੁਣ ਰਾਬਿਆ ਨੂੰ ਵਸਤਰ ਵਾਂਗ ਵਰਤਣ ਲੱਗਾ। ਕਹਿੰਦੇ ਹਨ ਕਿ "ਰੱਜੇ ਅਮੀਰ ਤੇ ਭੁੱਖੇ ਸ਼ਰੀਫ਼ ਕੋਲੋਂ ਡਰਨਾ ਚਾਹੀਦਾ ਹੈ।" ਪਰ ਰਾਬਿਆ ਨੂੰ ਇਹ ਸਿਆਣੀਆਂ ਗੱਲਾਂ ਕੌਣ ਸਮਝਾਂਦਾ, ਉਹ ਵਖ਼ਤਾਂ ਦੀ ਮਾਰੀ ਭੁੱਖੇ ਸ਼ਰੀਫ਼ ਦੀ ਸ਼ਰਾਫ਼ਤ ਦਾ ਸ਼ਿਕਾਰ ਹੋ ਗਈ। ਅਨਵਰ ਮੌਲਵੀ ਆਪਣੇ ਮਕਸਦ ਵਿਚ ਕਾਮਯਾਬ ਹੋ ਗਿਆ। ਉਹ ਆਪਣੀ ਭੁੱਖ ਮਿਟਾਣ ਲਈ ਕਈ ਹਾਂਡੀਆਂ ਦਾ ਸਵਾਦ ਚੱਖਣਾ ਆਪਣਾ ਹੱਕ ਸਮਝਦਾ ਸੀ। ਇਸੇ ਲਈ ਜਿੱਥੇ-ਜਿੱਥੇ ਚੰਬੇ-ਚੰਬੇਲੀ ਦਾ ਬੂਟਾ ਵੇਖਦਾ, ਉਹਨੂੰ ਆਪਣੀ ਦਾਤਰੀ ਨਾਲ ਛਾਂਗਣ ਦਾ ਯਤਨ ਕਰਨ ਲੱਗਦਾ। ਕਈ ਵਾਰ ਕਾਮਯਾਬ ਹੁੰਦਾ ਅਤੇ ਫੁੱਲ ਤੋੜ ਕੇ ਖ਼ੁਸ਼ਬੋ ਆਪਣੇ ਜੁੱਸੇ ਨੂੰ ਵਲ੍ਹੇਟ ਲੈਂਦਾ। ਰਾਬਿਆ ਨੂੰ ਜੇਲ੍ਹ ਵਿਚ ਆਏ ਕਈ ਮਹੀਨੇ ਹੋ ਚੁੱਕੇ ਸਨ। ਅਨਵਰ ਮੌਲਵੀ ਦੇ ਪ੍ਰਵਚਨਾਂ ਵਿਚ ਉਹ ਅਜਿਹੀ ਮਸਤ ਸੀ ਕਿ ਉਹਨੂੰ ਪਤਾ ਹੀ ਨਹੀਂ ਚੱਲਿਆ ਕਿ ਕਦ ਉਸ ਨੂੰ ਕੱਪੜੇ ਆਉਣੇ ਬੰਦ ਹੋ ਗਏ ਸਨ ਤੇ ਕਿੰਝ ਉਸਦਾ ਢਿੱਡ ਫੁੱਲਣ ਲੱਗਾ ਸੀ। ਜਿਲ੍ਹਾ ਹਸਪਤਾਲ ਤੋਂ ਹਰ ਹਫ਼ਤੇ ਕੈਦੀਆਂ ਦਾ ਮੁਆਇਨਾ ਕਰਨ ਵਾਸਤੇ ਆਉਣ ਵਾਲੀ ਇਕ ਲੇਡੀ ਡਾਕਟਰ ਨੇ ਜਦ ਰਾਬਿਆ ਨੂੰ ਗੌਰ ਨਾਲ ਵੇਖਿਆ ਅਤੇ ਉਹਦਾ ਚੰਗੀ ਤਰ੍ਹਾਂ ਮੁਆਇਨਾ ਕੀਤਾ ਤਾਂ ਅਨਵਰ ਹਵਲਦਾਰ ਦੀ ਸ਼ਰਾਫ਼ਤ ਦਾ ਠੂਠਾ ਨਮਾਜ਼ ਵਾਲੇ ਕਮਰੇ ਵਿਚ ਹੀ ਤੜੱਕ ਕਰਕੇ ਭੱਜ ਗਿਆ। ਜੇਲ੍ਹਰ ਦੀਆਂ ਅੱਖਾਂ 'ਚੋਂ ਅੰਗਾਰੇ ਨਿਕਲਣ ਲੱਗੇ ਤੇ ਮੂੰਹ ਵਿਚੋਂ ਜ਼ਹਿਰ ਦਾ ਧੂੰਆਂ ਸ਼ੂਕਾਂ ਮਾਰਨ ਲੱਗਾ। ਉਸ ਨੇ ਪੈਰੋਂ ਛਿੱਤਰ ਲਾਹਿਆ ਤੇ ਅਨਵਰ ਦੀ ਵਾਹ-ਵਾਹ ਛਿਤਰੌਲ ਕੀਤੀ। ਉਸ ਦੀ ਦਾੜ੍ਹੀ ਤੇ ਭਰਵਟੇ ਕਟਵਾਏ ਅਤੇ ਸਿਰ ਦੀ ਟਿੰਡ ਕਰਵਾਈ ਤੇ ਉਸਦਾ ਮੂੰਹ ਕਾਲਾ ਕਰਕੇ ਸਾਰੀ ਜੇਲ੍ਹ ਵਿਚ ਜਲੂਸ ਕੱਢਿਆ। ਜੇਲ੍ਹਰ ਨੇ ਉਸਨੂੰ ਨੌਕਰੀਉਂ ਮੁਅੱਤਲ ਕਰ ਦਿੱਤਾ ਅਤੇ ਸਾਰੇ ਮਾਮਲੇ ਦੀ ਤਫ਼ਤੀਸ਼ ਕਰਨ ਦਾ ਹੁਕਮ ਦਿੱਤਾ। ਰਾਬਿਆ ਨੇ ਪੁੱਛ-ਪ੍ਰਤੀਤ ਵਿੱਚ ਸ਼ਰਮਾਂਦਿਆਂ ਹੋਇਆਂ ਦੱਸਿਆ ਕਿ ਮੌਲਵੀ ਜੀ ਨੇ ਅੱਲਾਹ ਦੇ ਹੁਕਮ ਨਾਲ ਉਸ ਨਾਲ ਰਿਸ਼ਤਾ ਜੋੜਿਆ ਹੈ। ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਉਹ ਮੇਰੇ ਨਾਲ ਨਿਕਾਹ ਕਰ ਲੈਣਗੇ। ਪਰ ਅਨਵਰ ਮੌਲਵੀ ਰੇਤਲੀ ਮਿੱਟੀ ਦਾ ਬੰਦਾ ਸੀ, ਛੇਤੀ ਹੀ ਢਹਿ ਪਿਆ ਅਤੇ ਝਿਜਕਦਿਆਂ-ਝਿਜਕਦਿਆਂ ਸਾਰੀ ਗੱਲ ਮੰਨ ਗਿਆ। ਸਾਰਿਆਂ ਕੈਦੀਆਂ ਨੂੰ ਅਨਵਰ ਮੌਲਵੀ ਦੀ ਕਰਤੂਤ ਦਾ ਪਤਾ ਚੱਲ ਗਿਆ ਸੀ। ਜੇਲ੍ਹ ਵਿਚ ਕਈ ਦਿਨ ਤੋਜੜੀ ਅਨਵਰ ਦਾ ਹੀ ਚੀਕ ਚਿਹਾੜਾ ਪਿਆ ਰਿਹਾ। ਜੇਲ੍ਹਰ ਨੇ ਸਾਰੀ ਘਟਨਾ ਦੀ ਰਿਪੋਰਟ ਵੱਡੇ ਅਫ਼ਸਰਾਂ ਨੂੰ ਭੇਜ ਦਿੱਤੀ, ਜਿਨ੍ਹਾਂ ਅਨਵਰ ਨੂੰ ਨੌਕਰੀ ਤੋਂ ਕੱਢਣ ਅਤੇ ਮੁਕੱਦਮਾ ਚਲਾਣ ਦਾ ਹੁਕਮ ਸੁਣਾਇਆ।

ਰਾਬਿਆ ਨੇ ਜੇਲ੍ਹ ਵਿਚ ਇਕ ਕੁੜੀ ਨੂੰ ਜਨਮ ਦਿੱਤਾ। ਉਸ ਦਾ ਨਾਂ

ਸੌਫ਼ੀਆ ਰੱਖਿਆ ਗਿਆ। ਰਾਬਿਆ ਬੜੀ ਖ਼ੁਸ਼ ਸੀ। ਉਹ ਆਪਣੀ ਧੀ ਨੂੰ ਬੜੇ ਚਾਵਾਂ ਨਾਲ ਪਾਲਣ ਲੱਗੀ। ਉਹ ਸੌਫ਼ੀਆ ਨੂੰ ਪਿਆਰ ਕਰਦੀ, ਉਸ ਨੂੰ ਚੁੰਮਦੀ। ਉਹਨੂੰ ਕੁਛੜ ਵਿਚ ਲੈ ਕੇ ਲੋਰੀਆਂ ਸੁਣਾਉਂਦੀ ਤੇ ਲੋਕ-ਗੀਤ ਗਾਉਂਦੀ।

*"ਉੱਡ-ਉੱਡ ਕੇ ਕਾਵਾਂ*
*ਤੈਨੂੰ ਚੂਰੀ ਪਾਵਾਂ*
*ਮੇਰੇ ਮਾਹੀ ਦੀ ਖ਼ਬਰ ਲਿਆ ਦੇ।"*

ਪਰ ਅਨਵਰ ਮਾਹੀ ਦੇ ਖ਼ਿਲਾਫ਼ ਇਕ ਕੈਦੀ ਔਰਤ ਨਾਲ ਨਾਜਾਇਜ਼ ਸੰਬੰਧ ਬਣਾਨ ਅਤੇ ਸਰਕਾਰੀ ਕਾਨੂੰਨ ਤੇ ਜੇਲ੍ਹ ਜ਼ਾਬਤੇ ਨੂੰ ਤੋੜਨ ਦੇ ਜੁਰਮ ਵਿਚ ਮੁਕੱਦਮਾ ਚਲਾਇਆ ਗਿਆ ਅਤੇ ਉਸ ਨੂੰ ਦਸ ਵਰ੍ਹਿਆਂ ਦੀ ਕੈਦ ਹੋ ਗਈ ਸੀ। ਅਨਵਰ ਮੌਲਵੀ ਦੀ ਕੈਦ ਦਾ ਸੁਣ ਕੇ ਰਾਬਿਆ ਬੜੀ ਤੜਫ਼ੀ ਤੇ ਰੋਈ ਸੀ ਪਰ ਕੀ ਕਰ ਸਕਦੀ ਸੀ। ਜੇਲ੍ਹ ਹਾਕਮਾਂ ਦੇ ਹੁਕਮ ਅਨੁਸਾਰ ਅਨਵਰ ਨੂੰ ਕਠੂਆ ਜੇਲ੍ਹ ਵਿਚ ਰੱਖਿਆ ਗਿਆ ਸੀ।

ਸੌਫ਼ੀਆ, ਮਾਂ ਦੇ ਕੁੱਛੜ ਤੋਂ ਨਿਕਲ ਕੇ ਕਸੂਤੜੀਆਂ ਮਾਰਨ ਲੱਗੀ ਤੇ ਫਿਰ ਮਾੜੇ-ਮਾੜੇ ਕਦਮ ਪੁੱਟਣ ਲੱਗੀ ਅਤੇ ਹੁਣ ਆਹਿਸਤਾ-ਆਹਿਸਤਾ ਚੱਲਣ ਵੀ ਲੱਗੀ ਸੀ। ਉਹ ਡੇਢ ਸਾਲ ਦੀ ਹੋ ਗਈ ਸੀ। ਰਾਬਿਆ ਦੀ ਕੈਦ ਪੂਰੀ ਹੋਣ ਵਾਲੀ ਸੀ। ਜੇਲ੍ਹਰ ਨੇ ਰਾਬਿਆ ਬਾਰੇ ਆਪਣੇ ਵੱਡੇ ਅਫ਼ਸਰਾਂ ਨੂੰ ਸੂਚਿਤ ਕਰ ਦਿੱਤਾ ਸੀ, ਨਾਲੇ ਅਗਲੇ ਹੁਕਮ ਲਈ ਵੀ ਲਿਖਿਆ ਸੀ। ਉਸਨੇ ਅਦਾਲਤ ਨੂੰ ਵੀ ਲਿਖਤੀ ਰੂਪ 'ਚ ਦੱਸ ਦਿੱਤਾ ਸੀ ਕਿ ਅਗਲੇ ਮਹੀਨੇ ਰਾਬਿਆ ਦੀ ਕੈਦ ਪੂਰੀ ਹੋ ਜਾਏਗੀ। ਪਰ ਨਾ ਤਾਂ ਅਦਾਲਤ ਵੱਲੋਂ ਕੋਈ ਹੁਕਮ ਆਇਆ ਅਤੇ ਨਾ ਹੀ ਕੋਈ ਸਰਕਾਰੀ ਹਦਾਇਤਨਾਮਾ। ਰਾਬਿਆ ਦਾ ਇੱਥੇ ਜਾਂ ਉੱਥੇ ਕੋਈ ਵੀ ਨਹੀਂ ਸੀ, ਜਿਹੜਾ ਉਸ ਲਈ ਅਦਾਲਤ ਵਿਚ ਪੇਸ਼ ਹੁੰਦਾ ਤੇ ਉਸਦੀ ਰਿਹਾਈ ਲਈ ਅਰਜ਼ੀ ਦਿੰਦਾ। ਸਜ਼ਾ ਪੂਰੀ ਹੋਏ ਨੂੰ ਛੇ ਮਹੀਨੇ ਤੋਂ ਵੱਧ ਹੋ ਗਏ ਸਨ। ਰਾਬਿਆ ਰੋਜ਼ ਜੇਲ੍ਹਰ ਨੂੰ ਆਪਣੀ ਰਿਹਾਈ ਬਾਰੇ ਪੁੱਛਦੀ। ਉਹ ਜਵਾਬ ਦਿੰਦਾ ਕਿ 'ਹਾਲੇ ਉੱਪਰੋਂ ਹੁਕਮ ਨਹੀਂ ਆਇਆ' ਅਤੇ ਉਹਨੂੰ ਕੁਝ ਚਿਰ ਹੋਰ ਉਡੀਕਣਾ ਪਵੇਗਾ ਪਰ ਉਡੀਕ ਖ਼ਤਮ ਹੋਣ 'ਤੇ ਨਹੀਂ ਸੀ ਆ ਰਹੀ। ਰਾਬਿਆ ਚੰਗੇ ਦਿਨਾਂ ਦੀ ਆਸ ਵਿੱਚ ਮੰਦੇ ਦਿਨ ਝੇਲਦੀ ਰਹੀ। ਅਖ਼ੀਰ ਇਕ ਦਿਨ ਜੇਲ੍ਹਰ ਨੇ ਰਾਬਿਆ ਵੱਲੋਂ ਉਹਦੀ ਰਿਹਾਈ ਲਈ ਦਰਖ਼ਾਸਤ ਲਿਖੀ। ਦਰਖ਼ਾਸਤ 'ਤੇ ਉਸਦਾ ਅੰਗੂਠਾ ਲਵਾ ਕੇ ਆਪਣੇ ਇੱਕ ਵਕੀਲ ਮਿੱਤਰ ਅਸ਼ੋਕ ਸਾਹਨੀ ਨੂੰ ਦਿੱਤੀ, ਨਾਲੇ ਰਾਬਿਆ ਦੀ ਬਦਨਸੀਬੀ ਦੀ ਸਾਰੀ ਕਹਾਣੀ ਸੁਣਾਈ ਅਤੇ ਉਹਨੂੰ ਰਾਬਿਆ ਦੀ ਸਹਾਇਤਾ ਕਰਨ ਲਈ ਬੇਨਤੀ

ਕੀਤੀ। ਅਸ਼ੋਕ ਸਾਹਨੀ ਹਾਈ-ਕੋਰਟ ਦਾ ਮਸ਼ਹੂਰ ਵਕੀਲ ਸੀ। ਉਹਨੇ ਰਾਬਿਆ ਦੀ ਅਰਜ਼ੀ ਸੁਣਵਾਈ ਲਈ ਹਾਈ ਕੋਰਟ ਵਿਚ ਪੇਸ਼ ਕੀਤੀ। ਜੰਮੂ-ਕਸ਼ਮੀਰ ਹਾਈ-ਕੋਰਟ ਨੇ ਇਸ ਦਰਖ਼ਾਸਤ ਦਾ ਨੋਟਿਸ ਲੈਂਦਿਆਂ ਹੋਇਆਂ ਰਿਆਸਤੀ ਸਰਕਾਰ ਦੇ ਚੀਫ਼-ਸੈਕਟਰੀ, ਹੋਮ-ਸੈਕਟਰੀ ਤੇ ਡਾਇਰੈਕਟਰ ਜਨਰਲ ਜੇਲ੍ਹ-ਖਾਨਾ ਦੇ ਸੰਮਨ ਜਾਰੀ ਕੀਤੇ ਤੇ ਹੁਕਮ ਜਾਰੀ ਕੀਤਾ, ਕਿ ਇਕ ਮਹੀਨੇ ਦੇ ਅੰਦਰ-ਅੰਦਰ ਆਪਣੇ ਜਵਾਬ ਦਾਖ਼ਲ ਕਰਨ। ਦੋ ਮਹੀਨੇ ਗੁਜ਼ਰਨ ਮਗਰੋਂ ਵੀ ਜਦ ਕੋਈ ਜਵਾਬ ਨਹੀਂ ਆਇਆ ਤਾਂ ਜੱਜ ਨੇ ਮੁੜ ਸੰਮਨ ਜਾਰੀ ਕੀਤੇ। ਅਗਲੀ ਪੇਸ਼ੀ ਤੇ ਸਾਰੇ ਜਵਾਬ ਦਾਖ਼ਲ ਹੋ ਗਏ। ਫੇਰ ਤਾਰੀਖ਼ ਤੇ ਤਾਰੀਖ਼ ਪੈਣ ਲੱਗੀ। ਸਰਕਾਰੀ ਵਕੀਲ ਤੇ ਸਾਹਨੀ ਸਾਹਬ ਵਿਚਕਾਰ ਸਵਾਲ-ਜਵਾਬ ਹੁੰਦੇ ਰਹੇ। ਬਹਿਸਾਂ-ਤਕਰਾਰਾਂ ਹੁੰਦੀਆਂ ਰਹੀਆਂ। ਆਖ਼ਿਰ ਇਕ ਸਾਲ ਮਗਰੋਂ ਜੱਜ ਸਾਹਿਬ ਨੇ ਫ਼ੈਸਲਾ ਸੁਣਾਇਆ ਤੇ ਹੁਕਮ ਦਿੱਤਾ ਕਿ ਰਾਬਿਆ ਤੇ ਉਸਦੀ ਧੀ ਨੂੰ ਜੇਲ੍ਹ 'ਚੋਂ ਰਿਹਾ ਕਰਕੇ ਪਾਕਿਸਤਾਨ ਦੇ ਹਵਾਲੇ ਕਰਨ ਦਾ ਬੰਦੋਬਸਤ ਇਕ ਮਹੀਨੇ ਦੇ ਅੰਦਰ-ਅੰਦਰ ਕੀਤਾ ਜਾਏ। ਜੱਜ ਨੇ ਇਹ ਹੁਕਮ ਵੀ ਸੁਣਾਇਆ ਕਿ ਰਾਬਿਆ ਨਾਲ ਜੇਲ੍ਹ ਵਿਚ ਜਿਹੜਾ ਸ਼ਰਮਨਾਕ ਸਲੂਕ ਕੀਤਾ ਗਿਆ ਉਸ ਲਈ ਉਹਨੂੰ ਪੰਜ ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਜਾਏ। ਰਿਆਸਤੀ ਸਰਕਾਰ ਨੇ ਸਾਰੀ ਕਾਰਵਾਈ ਵੇਲੇ ਸਿਰ ਪੂਰੀ ਕਰਨ ਮਗਰੋਂ ਪੁਲਿਸ ਨੂੰ ਹੁਕਮ ਦਿੱਤਾ ਕਿ ਉਹ ਆਪਣੀ ਨਿਗਰਾਨੀ ਵਿਚ ਰਾਬਿਆ ਤੇ ਸੋਫ਼ੀਆ ਨੂੰ ਵਾਹਗੇ ਬਾਰਡਰ ਲੈ ਜਾਣ ਤੇ ਸੀਮਾ ਸੁਰਕਸ਼ਾ ਬਲ ਦੇ ਅਧਿਕਾਰੀਆਂ ਦੇ ਹਵਾਲੇ ਕਰਨ। ਸਰਕਾਰੀ ਹੁਕਮਨਾਮੇ ਦੀ ਪਾਲਣਾ ਕਰਦਿਆਂ ਹੋਇਆਂ ਪੁਲਿਸ ਨੇ ਮਾਂ-ਧੀ ਨੂੰ ਵਾਹਗੇ ਬਾਰਡਰ ਖੜਿਆ ਤੇ ਸਰਹੱਦੀ ਹਿਫ਼ਾਜ਼ਤੀ ਪੁਲਿਸ ਦੇ ਹਵਾਲੇ ਕੀਤਾ। ਅਦਾਲਤੀ ਫ਼ੈਸਲੇ ਅਤੇ ਸਰਕਾਰੀ ਹਦਾਇਤ-ਨਾਮੇ ਦੀਆਂ ਨਕਲਾਂ ਵੀ ਦਿੱਤੀਆਂ।

ਸੀਮਾ ਸੁਰਕਸ਼ਾ ਬਲ ਦੇ ਅਧਿਕਾਰੀਆਂ, ਪਾਕਿਸਤਾਨੀ ਰੇਂਜਰਸ ਦੇ ਅਫ਼ਸਰਾਂ ਨਾਲ ਸੰਪਰਕ ਤੇ ਇਕ ਮੀਟਿੰਗ ਬੁਲਾਈ। ਮੀਟਿੰਗ ਵਿਚ ਰਾਬਿਆ ਦੀ ਸਾਰੀ ਕਹਾਣੀ ਸੁਣਾਈ ਗਈ। ਨਾਲੇ ਅਦਾਲਤੀ ਫ਼ੈਸਲੇ ਅਤੇ ਦੂਜੇ ਸਰਕਾਰੀ ਕਾਗਜ਼ਾਂ ਦੀਆਂ ਨਕਲਾਂ ਵੀ ਪੇਸ਼ ਕੀਤੀਆਂ ਗਈਆਂ। ਪਾਕਿਸਤਾਨੀ ਅਫ਼ਸਰਾਂ ਨੇ ਜ਼ਰੂਰੀ ਕਾਰਵਾਈ ਕਰਨ ਲਈ ਇਕ ਦਿਨ ਦੀ ਮੋਹਲਤ ਮੰਗੀ, ਤਾਂ ਜੋ ਉਹ ਆਪਣੀ ਸਰਕਾਰ ਵੱਲੋਂ ਜ਼ਰੂਰੀ ਹਦਾਇਤਾਂ ਲੈ ਸਕਣ। ਦੂਜੇ ਦਿਨ ਮੁੜ ਮੁਲਾਕਾਤ ਹੋਈ। ਪਾਕਿਸਤਾਨੀ ਰੇਂਜਰਸ ਦੇ ਅਧਿਕਾਰੀ ਨੇ ਇਹ ਗੱਲ ਮੰਨ ਲਈ ਕਿ ਰਾਬਿਆ ਨੱਕਰਕੋਟ ਤਹਿਸੀਲ ਹਵੇਲੀ ਤੇ ਜ਼ਿਲ੍ਹਾ ਪੁਣਛ-ਰਾਵਲਕੋਟ ਦੀ ਰਹਿਣ ਵਾਲੀ ਹੈ ਅਤੇ ਗਲਤੀ ਨਾਲ ਸਰਹੱਦ ਪਾਰ ਕਰ ਗਈ ਸੀ। ਇਸ ਲਈ ਉਹ ਰਾਬਿਆ ਨੂੰ ਵਾਪਿਸ ਲੈਣ ਲਈ ਤਿਆਰ ਸਨ ਪਰ ਸੋਫ਼ੀਆ ਨੂੰ ਕਬੂਲਣ ਤੋਂ ਇਨਕਾਰੀ ਸਨ।

ਉਹਨਾਂ ਦਾ ਕਹਿਣਾ ਸੀ ਕਿ ਸੌਫ਼ੀਆ ਭਾਰਤੀ ਸ਼ਹਿਰੀ ਹੈ। ਉਹਦਾ ਜਨਮ ਭਾਰਤੀ ਜੇਲ੍ਹ ਵਿਚ ਹੋਇਆ ਹੈ। ਉਹ ਭਾਰਤੀ ਸ਼ਹਿਰੀ ਦੀ ਕਾਲ਼ੀ ਕਰਤੂਤ ਦਾ ਨਤੀਜਾ ਹੈ। ਰਾਬਿਆ ਤੇ ਉਸ ਜੇਲ੍ਹ ਕਰਮਚਾਰੀ ਦੇ ਨਾਜਾਇਜ਼ ਸੰਬੰਧਾਂ ਵੱਜੋਂ ਸੌਫ਼ੀਆ ਪੈਦਾ ਹੋਈ ਹੈ। ਇਸ ਲਈ ਉਹ ਪਾਕਿਸਤਾਨ ਵਿਚ ਨਹੀਂ ਰਹਿ ਸਕਦੀ। ਸੀਮਾ ਸੁਰਕਸ਼ਾ ਬਲ ਦੇ ਅਫ਼ਸਰਾਂ ਬਥੇਰਾ ਜ਼ੋਰ ਲਾਇਆ ਤੇ ਲੱਖ ਸਮਝਾਇਆ ਕਿ ਨਿੱਕੀ ਜੇਹੀ ਬੱਚੀ ਮਾਂ ਤੋਂ ਬਗੈਰ ਕਿੰਝ ਰਵੇਗੀ। ਪਰ ਪਾਕਿਸਤਾਨੀ ਅਫ਼ਸਰ ਟੱਸ ਤੋਂ ਮਸ ਨਹੀਂ ਹੋਏ। ਜੰਮੂ-ਕਸ਼ਮੀਰ ਨੂੰ ਆਪਣੀ ਸ਼ਾਹ-ਰਗ ਕਹਿਣ ਵਾਲੇ ਇਕ ਕਸ਼ਮੀਰੀ ਬੱਚੇ ਨੂੰ ਆਪਣਾ ਸ਼ਹਿਰੀ ਮੰਨਣ ਲਈ ਤਿਆਰ ਨਹੀਂ ਹੋਏ। ਪਰ ਰਾਬਿਆ ਤਾਂ ਧੀ ਦੇ ਰਿਸ਼ਤੇ ਦੀਆਂ ਬੇੜੀਆਂ ਵਿਚ ਜਕੜੀ ਹੋਈ ਸੀ। ਸੌਫ਼ੀਆ ਉਸ ਦੀ ਸ਼ਾਹ-ਰਗ ਵੀ ਸੀ ਤੇ ਅਟੁੱਟ-ਅੰਗ ਵੀ। ਉਹ ਆਪਣੇ ਅੰਗ ਨੂੰ ਕਿੰਝ ਤੋੜਦੀ ਤੇ ਆਪਣੀ ਸ਼ਾਹ-ਰਗ ਕਿੰਝ ਕੱਟਦੀ। ਇਸ ਲਈ ਉਸ ਨੇ ਸੌਫ਼ੀਆ ਬਾਝ ਪਾਕਿਸਤਾਨ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਬਾਰਡਰ ਸਕਿਊਰਟੀ ਦੇ ਫੋਰਸ ਦੇ ਵੱਡੇ ਅਧਿਕਾਰੀ ਨੇ ਪੁੱਲ ਕੰਜਰੀ ਪਿੰਡ ਦੇ ਸਰਪੰਚ ਨੂੰ ਬੁਲਾਇਆ ਤੇ ਰਾਬਿਆ ਤੇ ਸੌਫ਼ੀਆ ਦੀ ਸਪੁਰਦਾਰੀ ਵਿਚ ਦਿੱਤਾ। ਨਾਲੇ ਹਿਦਾਇਤ ਕੀਤੀ ਕਿ ਮਾਂ-ਧੀ ਦਾ ਪੂਰਾ ਖ਼ਿਆਲ ਰੱਖਿਆ ਜਾਏ। ਜੇ ਇਹਨਾਂ ਨਾਲ ਕੁਝ ਵੀ ਮਾੜਾ ਹੋਇਆ ਤਾਂ ਸਾਰੇ ਪਿੰਡ ਨੂੰ ਭੁਗਤਣਾ ਪਵੇਗਾ।

ਮਾਮਲਾ ਦਿੱਲੀ ਤੇ ਇਸਲਾਮਾਬਾਦ ਤੱਕ ਪਹੁੰਚਿਆ। ਭਾਰਤ ਸਰਕਾਰ ਨੇ ਟਿੱਲ ਲਾਈ ਪਰ ਗੱਲ ਨਹੀਂ ਬਣੀ। ਕਹਿੰਦੇ ਹਨ ਕਿ ਜਿਨ੍ਹਾਂ ਦੇ ਸਿਰ ਮਿੱਠੇ ਹੋਣ ਉਨ੍ਹਾਂ ਦੀ ਸਰਦਾਰੀ ਵੀ ਮਿੱਠੀ ਹੁੰਦੀ ਹੈ ਪਰ ਸਾਰੇ ਦੋਹਾਂ ਪਾਸੇ ਦੇ ਸਿਰਾਂ ਵਿਚ ਕੂੜ, ਕੁੜੱਤਣ ਦਾ ਭੋਹ ਭਰਿਆ ਹੋਇਆ ਹੈ ਜਿਸ ਦੀ ਸੜਾਂਦ ਨਾਲ ਲੋਕਾਈ ਕਸਰੀ ਪਈ ਹੋਈ ਹੈ। ਇਸ ਮਾਮਲੇ ਨੂੰ ਅਖ਼ਬਾਰਾਂ ਤੇ ਟੈਲੀਵਿਜ਼ਨ ਚੈਨਲਾਂ ਨੇ ਖ਼ੂਬ ਉਛਾਲਿਆ। ਦੋਹਾਂ ਪਾਸੇ ਰੱਜ ਧਮਾਲ ਪਾਈ। ਮਨੁੱਖੀ ਅਧਿਕਾਰ ਸੰਸਥਾਵਾਂ ਨੇ ਵੀ ਚੋਖੇ ਟੱਲ ਖੜਕਾਏ ਪਰ ਸਿੱਟਾ ਕੁਝ ਨਹੀਂ ਨਿਕਲਿਆ, ਕਿਉਂ ਜੇ ਦੋਹਾਂ ਪਾਸੇ ਦੇਸ਼-ਭਗਤੀ ਤੇ ਗੱਦਾਰੀ ਦੀ ਬਿਮਾਰੀ ਇਨਸਾਨੀਅਤ ਦੇ ਜੁੱਸੇ ਤੇ ਖ਼ਸਰੇ ਵਾਂਗਰ ਫੈਲੀ ਹੋਈ ਸੀ।

ਰਾਬਿਆ ਤੇ ਸੌਫ਼ੀਆ ਲਈ ਜ਼ਿੰਦਗੀ ਬੜੀ ਬੇ-ਰਹਿਮ ਹੋ ਗਈ ਸੀ। ਬੁੱਢਾ ਸਰਪੰਚ ਉਹਨੂੰ ਦਿਲਾਸਾ ਦਿੰਦਾ ਤੇ ਕਹਿੰਦਾ ਕਿ ਉਹ ਹੌਸਲਾ ਨਾ ਹਾਰੇ, ਰੱਬ ਸਭ ਠੀਕ ਕਰ ਦਏਗਾ। ਉਹ ਛੇਤੀ ਹੀ ਆਪਣੀ ਬੱਚੀ ਨਾਲ ਸਰਹੱਦ ਪਾਰ ਜਾਏਗੀ। ਸਰਪੰਚ ਨੂੰ ਇਹ ਗੱਲ ਸਮਝ ਨਹੀਂ ਸੀ ਆ ਰਹੀ ਕਿ ਜੇ ਮਾਂ ਪਾਕਿਸਤਾਨ ਦੀ ਹੈ ਤਾਂ ਉਸਦੀ ਕੁੱਖ 'ਚੋਂ ਜਨਮ ਲੈਣ ਵਾਲੀ ਬੱਚੀ ਕਿੰਝ ਹਿੰਦੁਸਤਾਨੀ ਹੋ ਗਈ। ਉਹ ਸੋਚਦਾ... ਜੇ ਕੁੱਖ ਹੀ ਜਨਮ ਸਿੱਧ ਨਹੀਂ ਕਰ ਸਕਦੀ ਤਾਂ ਜਲੰਧਰ ਤੇ ਦਿੱਲੀ ਵਿਚ

ਜਨਮੇ ਕਿੰਝ ਪਾਕਿਸਤਾਨ ਦੇ ਹਾਕਮ ਬਣ ਗਏ ਅਤੇ ਜਿਹਲਮ ਤੇ ਚਕਵਾਲ ਵਿਚ ਜਨਮੇ ਕਿੰਝ ਹਿੰਦੁਸਤਾਨ ਦੇ ਹਾਕਮ ਬਣ ਬੈਠੇ। ਕੀ ਹੱਦਾਂ ਸਰਹੱਦਾਂ ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੀਆਂ। ਕੀ ਕਾਨੂੰਨ ਤੇ ਜ਼ਾਬਤੇ ਸਭ ਗਰੀਬਾਂ ਲਈ ਹੁੰਦੇ ਨੇ। ਰਾਬਿਆ ਦੀ ਹਾਲਤ ਵੇਖ ਕੇ ਸਰਪੰਚ ਡਾਢਾ ਔਖਾ ਸੀ ਪਰ ਵਿਚਾਰਾ ਕਰ ਕੁਝ ਨਹੀਂ ਸੀ ਸਕਦਾ। ਉਹਨੇ ਰਾਬਿਆ ਤੇ ਸੌਫ਼ੀਆ ਨੂੰ ਆਪਣੇ ਘਰੇ ਰੱਖਿਆ ਸੀ ਪਰ ਪੁੱਲ-ਕੰਜਰੀ ਪਿੰਡਾਂ ਦੀਆਂ ਰੁੱਡਾਂ ਤੇ ਖੁੱਡਾਂ ਫਨੀਅਰ ਸੱਪਾਂ ਨਾਲ ਭਰੀਆਂ ਪਈਆਂ ਸਨ। ਉਹ ਜਾਣਦਾ ਸੀ ਕਿ ਬਘਿਆੜ ਰੱਬ ਦਾ ਨਾਂ ਲੈ ਕੇ ਸ਼ਿਕਾਰ ਨਹੀਂ ਕਰਦੇ, ਇਸ ਲਈ ਉਹ ਚੁਕੰਨਾ ਰਹਿੰਦਾ ਸੀ। ਪਰ ਸਾਹ ਦਾ ਕੀ ਬਸਾਹ। ਇਕ ਦਿਨ ਉਹ ਵਾਹਗੇ ਬਾਰਡਰ 'ਤੇ ਗਿਆ। ਉੱਥੇ ਵੱਡੇ ਅਫ਼ਸਰ ਨੂੰ ਮਿਲਿਆ ਤੇ ਕਹਿਣ ਲੱਗਾ:-

"ਰਾਬਿਆ ਤੇ ਉਹਦੀ ਧੀ ਦੀ ਜ਼ਿੰਮੇਵਾਰੀ ਉਹ ਹੁਣ ਨਹੀਂ ਸੰਭਾਲ ਸਕਦਾ। ਉਹਨਾਂ ਨੂੰ ਕਿਸੇ ਯਤੀਮਖ਼ਾਨੇ ਜਾਂ ਆਸ਼ਰਮ ਵਿਚ ਭੇਜ ਦਿਓ ਤਾਂ ਜੋ ਰਾਬਿਆ ਦੀ ਇੱਜ਼ਤ ਬਚੀ ਰਹੇ ਕਿਉਂ ਜੋ ਮੇਰੇ ਆਂਢ-ਗਵਾਂਢ ਮਝਾਂ ਵੀ ਕਾਲੀਆਂ ਨੇ ਭੇਡਾਂ ਵੀ।" ਰਾਬਿਆ ਠੇਡੇ ਤੇ ਠੋਕਰਾਂ ਖਾ-ਖਾ ਕੇ ਸਿਆਣੀ ਹੋ ਗਈ ਸੀ। ਉਹ ਹਵਾ ਵਿਚ ਫ਼ੈਲੀ ਵਾਸ਼ਨਾ ਦੀ ਗੰਧ ਨੂੰ ਸੁੰਘ ਰਹੀ ਸੀ। ਉਹ ਸਮਝ ਗਈ ਸੀ ਕਿ ਉਹਦੇ ਅੱਗੇ ਅੱਗ ਹੈ ਅਤੇ ਪਿੱਛੇ ਪਾਣੀ। ਬੁਰੇ ਨਸੀਬਾਂ ਦੇ ਥੱਪੜ ਖਾ-ਖਾ ਕੇ ਉਸ ਨਿਮਾਣੀ, ਨਿਤਾਣੀ ਦਾ ਅੰਦਰ ਖੰਡਰ ਬਣ ਚੁੱਕਿਆ ਸੀ। ਉਹ ਹੁਣ ਭਲੀ ਭਾਂਤ ਜਾਣਦੀ ਸੀ ਕਿ ਜਦ ਤੀਕਰ ਦਮ ਹੈ ਤਦ ਤੀਕਰ ਗ਼ਮ ਨੇ ਉਹਦਾ ਪਿੱਛਾ ਨਹੀਂ ਛੱਡਣਾ। ਹਰ ਪਾਸਿਓਂ ਨਿਰਾਸ਼ ਹੋ ਕੇ ਰਾਬਿਆ ਨਵੇ ਮੁੜ ਇਕ ਫ਼ੈਸਲਾ ਕੀਤਾ। ਉਹਨੇ ਸੁੱਤੀ ਪਈ ਸੌਫ਼ੀਆ ਨੂੰ ਗਲ਼ ਨਾਲ ਲਾਇਆ ਉਹਨੂੰ ਚੁੰਮਿਆ ਤੇ ਫੇਰ ਹਨੇਰੀ ਰਾਤ ਵਿਚ ਸਰਪੰਚ ਦੇ ਘਰੋਂ ਨਿਕਲ ਪਈ। ਸਵੇਰੇ ਉਸ ਦੀ ਲਾਸ਼ ਪੁੱਲ-ਕੰਜਰੀ ਦੇ ਉਸੇ ਖੂਹ ਵਿਚੋਂ ਮਿਲੀ ਜਿਹੜਾ ਰਾਣੀ ਮੌਰਾਂ ਨੇ ਬਣਾਇਆ ਸੀ। ਮਾਂ ਦੀ ਲਾਸ਼ ਵੇਖ ਕੇ ਸੌਫ਼ੀਆ ਚੀਖਾਂ ਮਾਰਨ ਲੱਗੀ, ਕੁਰਲਾਣ ਲੱਗੀ। ਰੋ-ਰੋ ਕੇ ਉਹਦਾ ਗਲ਼ਾ ਬਹਿ ਗਿਆ ਸੀ। ਪਿੰਡ ਦੀਆਂ ਤੀਵੀਆਂ ਉਸ ਨੂੰ ਚੁੱਪ ਕਰਵਾਂਦੀਆਂ ਜਾਣ ਤੇ ਆਪ ਵੀ ਰੋਂਦੀਆਂ ਜਾਣ। ਪਿੰਡ ਵਾਸੀ ਰਾਬਿਆ ਨੂੰ ਪੁੱਲ-ਕੰਜਰੀ ਦੇ ਬੇ-ਚਿਰਾਗ਼ ਕਬਰਸਤਾਨ ਵਿਚ ਦਬ ਆਏ।

ਸੌਫ਼ੀਆ 'ਕੱਲੀ ਰਹਿ ਗਈ। ਬੁੱਢਾ ਸਰਪੰਚ ਮਾਸੂਮ ਬੱਚੀ ਦਾ ਮਨ ਪਰਚਾਵਣ ਲਈ ਹੀਲੇ ਕਰਦਾ ਪਰ ਮਾਂ ਦੀ ਮੌਤ ਦਾ ਸੋਗ ਉਸਦੀਆਂ ਅੱਖਾਂ ਵਿਚੋਂ ਸਾਫ਼ ਨਜ਼ਰੀਂ ਆਉਂਦਾ। ਉਹ ਚੁੱਪ-ਚੁਪੀਤੀ ਕੰਡਿਆਲ਼ੀ ਤਾਰ ਨੂੰ ਵੇਖਦੀ ਰਹਿੰਦੀ। ਜਿਵੇਂ ਪੁੱਛ ਰਹੀ ਹੋਵੇ... "ਰਾਬਿਆ ਕੌਣ ਸੀ? ਸੌਫ਼ੀਆ ਕੌਣ ਹੈ ਤੇ ਕਿਉਂ ਹੈ?" ਇਕ ਸਵਾਲ ਜਿਸਦਾ ਜਵਾਬ ਕੌਣ ਦੇਵੇ।

•

# ਦੀਵਾ ਬਲੇ ਉਜਾੜੀ

ਇਹ ਕਹਾਣੀ ਲਿਖਣ ਤੋਂ ਪਹਿਲਾਂ ਮੈਂ ਬੜਾ ਪ੍ਰੇਸ਼ਾਨ ਸਾਂ ਕਿ ਕਹਾਣੀ ਦਾ ਸਿਰਾ ਕਿੱਥੋਂ ਫੜਾਂ। ਕਿੰਨੇ ਚਿਰਾਂ ਤੋਂ ਮੈਂ ਇਸ ਭੰਬਲਭੂਸੇ ਵਿਚ ਫੱਸਿਆ ਰਿਹਾ। ਫਿਰ ਸੋਚਿਆ ਕਿ ਇੰਨੀ ਮਗਜਮਾਰੀ ਕਰਨ ਦੀ ਕੀ ਲੋੜ ਹੈ, ਚਲੋ ਸਿੱਧਾ ਹੀ ਕਹਾਣੀ ਦਾ ਆਰੰਭ ਕਰਦੇ ਹਾਂ- ਇਸ ਕਹਾਣੀ ਦੇ ਤਿੰਨ ਮੁੱਖ ਪਾਤਰ ਨੇ। ਇੱਕ ਮੈਂ, ਯਾਨੀ ਕਰਨਲ ਨਿਰਮਲ ਭਾਟੀਆ, ਦੂਜਾ ਮੇਰਾ ਪੁੱਤਰ ਕੈਪਟਨ ਆਦਰਸ਼ ਭਾਟੀਆ ਤੇ ਤੀਜਾ ਪਾਤਰ ਰੁਖ਼ਸਾਨਾ। ਹੋਰ ਵੀ ਕਈ ਵੱਡੇ-ਨਿੱਕੇ ਪਾਤਰ ਨੇ ਪਰ ਕਹਾਣੀ ਮੂਲ ਰੂਪ ਵਿਚ ਸਾਡੇ ਤਿੰਨਾਂ ਕਿਰਦਾਰਾਂ ਨਾਲ ਹੀ ਜੁੜੀ ਹੋਈ ਹੈ ਜੋ ਇੰਝ ਸ਼ੁਰੂ ਹੁੰਦੀ ਹੈ।

-ਮੈਂ ਭਾਰਤੀ ਫੌਜ ਦੇ ਸਿਗਨਲ ਕੋਰ 'ਚੋਂ 1995 ਵਿਚ ਸੁਬਕਦੋਸ਼ ਹੋਇਆ ਹਾਂ। ਮੇਰੇ ਪਿਤਾ ਜੀ ਰਵਿੰਦਰ ਭਾਟੀਆ ਵੀ ਇਕ ਫ਼ੌਜੀ ਅਫ਼ਸਰ ਸਨ ਅਤੇ ਉਨ੍ਹਾਂ ਦੂਜੀ ਆਲਮੀ ਜੰਗ ਵਿਚ ਅੰਗਰੇਜ਼ ਫੌਜੀ ਬਟਾਲੀਅਨ ਦੀ ਕਮਾਂਡ ਕੀਤੀ ਸੀ ਤੇ ਤੁਰਕੀ ਦੇ ਇਕ ਮੁਹਾਜ਼ ਤੇ ਨਾਜ਼ੀ ਫੌਜੀਆਂ ਦੀਆਂ ਦੋ ਫੌਜੀ ਚੌਂਕੀਆਂ ਉੱਤੇ ਕਬਜ਼ਾ ਕੀਤਾ ਸੀ। ਬਹਾਦੁਰੀ ਦੇ ਇਸ ਕਾਰਨਾਮੇ ਤੋਂ ਪ੍ਰਭਾਵਿਤ ਹੋ ਕੇ ਅੰਗਰੇਜ਼ ਸਰਕਾਰ ਨੇ ਪਿਤਾ ਜੀ ਨੂੰ ਰਾਏ-ਬਹਾਦੁਰ ਦਾ ਖ਼ਿਤਾਬ ਦਿੱਤਾ ਸੀ, ਨਾਲੇ ਮੁਲਤਾਨ ਵਿਚ ਸੌ ਏਕੜ ਜ਼ਮੀਨ ਦੀ ਜਗੀਰ।

-ਦੇਸ਼ ਦੀ ਵੰਡ ਮਗਰੋਂ ਪਿਤਾ ਜੀ ਆਪਣੇ ਟੱਬਰ ਸਮੇਤ ਜਲੰਧਰ ਆ ਗਏ ਹਨ ਤੇ ਮੁਲਤਾਨ ਵਾਲੀ ਜਗੀਰ ਪਾਕਿਸਤਾਨ ਨੂੰ ਮਨਸ ਆਏ ਹਨ। ਪਿਤਾ ਜੀ ਬ੍ਰਿਗੇਡੀਅਰ ਦੇ ਅਹੁਦੇ ਤੋਂ ਰਿਟਾਇਰ ਹੋਏ ਸਨ। ਉਨ੍ਹਾਂ ਦੇ ਫੌਜ ਤੋਂ ਵਿਹਲੇ ਹੋਣ ਤੋਂ ਪਹਿਲਾਂ ਹੀ ਮੈਂ 1960 ਵਿਚ ਭਰਤੀ ਹੋ ਗਿਆ ਸਾਂ। ਮੈਂ ਦੇਸ਼ ਵੱਲੋਂ ਲੜੀਆਂ ਗਈਆਂ ਤਿੰਨਾਂ ਲੜਾਈਆਂ ਵਿਚ ਭਾਗ ਲਿਆ ਸੀ। ਜਿਸ ਸਾਲ ਮੈਂ ਫੌਜ ਤੋਂ ਰਿਟਾਇਰ ਹੋਇਆ ਸਾਂ ਉਸੇ ਵਰ੍ਹੇ ਮੇਰੇ ਪੁੱਤਰ ਆਦਰਸ਼ ਨੂੰ ਫੌਜ ਵਿਚ ਕਮੀਸ਼ਨ ਮਿਲ ਗਿਆ ਸੀ ਤੇ ਉਹ ਇੰਡੀਅਨ ਮਿਲਟਰੀ ਅਕਾਦਮੀ ਦੇਹਰਾਦੂਨ ਟ੍ਰੇਨਿੰਗ ਲਈ ਚਲਾ ਗਿਆ ਸੀ। ਮੈਂ ਬੜਾ ਖ਼ੁਸ਼ ਸਾਂ। ਕਿਉਂ ਨਾ ਹੁੰਦਾ, ਸਾਡੇ ਖ਼ਾਨਦਾਨ ਦੀ ਤੀਜੀ ਪੀੜ੍ਹੀ ਦੇਸ਼ ਦੀ ਰੱਖਿਆ ਲਈ ਭਾਰਤੀ ਫੌਜ ਵਿਚ ਸ਼ਾਮਲ ਹੋਈ ਸੀ।

ਮਿਲਟਰੀ ਅਕਾਦਮੀ ਦੇਹਰਾਦਨ ਤੋਂ ਟ੍ਰੇਨਿੰਗ ਪੂਰੀ ਕਰਨ ਮਗਰੋਂ ਆਦਰਸ਼

ਦੀ ਪਹਿਲੀ ਪੋਸਟਿੰਗ ਕਸ਼ਮੀਰ ਘਾਟੀ ਦੇ ਜ਼ਿਲ੍ਹਾ ਕੁਪਵਾੜਾ ਵਿਖੇ ਹੋਈ ਸੀ, ਜਿੱਥੇ ਉਹਨੂੰ ਰਾਸਟ੍ਰੀਯ ਰਾਈਫ਼ਲ ਦੀ ਇੱਕੀਵੀਂ ਬਟਾਲੀਅਨ ਜਾਂ 21-RR ਵਿਚ ਲਫ਼ਟੈਣ ਦੀ ਪਦਵੀ 'ਤੇ ਲਗਾਇਆ ਗਿਆ ਸੀ। ਉਨ੍ਹਾਂ ਦਿਨਾਂ ਵਿਚ ਜੰਮੂ-ਕਸ਼ਮੀਰ ਵਿਚ ਖਾੜਕੂਆਂ ਨੇ ਡਾਢੀ ਅਤਿ ਚੁੱਕੀ ਹੋਈ ਸੀ ਤੇ ਫੌਜ, ਅੱਤਵਾਦ ਨੂੰ ਖ਼ਤਮ ਕਰਨ ਤੇ ਕਸ਼ਮੀਰ ਨੂੰ ਵੱਖਵਾਦ ਤੋਂ ਬਚਾਉਣ ਲਈ ਹਰ ਤਰ੍ਹਾਂ ਦੇ ਨੁਸਖ਼ੇ ਅਜ਼ਮਾ ਰਹੀ ਸੀ। ਫੌਜੀਆਂ ਤੇ ਖਾੜਕੂਆਂ ਦਾ ਟਾਕਰਾ ਅਕਸਰ ਹੁੰਦਾ ਰਹਿੰਦਾ। ਦੋਵਾਂ ਪਾਸੇ ਜਾਨੀ ਨੁਕਸਾਨ ਹੁੰਦਾ ਕਿਉਂ ਜੋ ਗੋਲ਼ੀਆਂ ਤੇ ਬਾਰੂਦ ਲਈ ਫੌਜੀ, ਖਾੜਕੂ ਤੇ ਆਮ ਲੋਕੀਂ ਸਭੇ ਇਕ ਸਮਾਨ ਸਨ। ਆਦਰਸ਼ ਦੀਆਂ ਚਿੱਠੀਆਂ ਤੇ ਟੈਲੀਫ਼ੋਨ ਆਉਂਦੇ ਰਹਿੰਦੇ। ਉਹ ਦੱਸਦਾ ਰਹਿੰਦਾ ਸੀ ਕਿ ਇਸ ਅਤਿਵਾਦ ਨੇ ਲੋਕਾਈ ਨੂੰ ਤੇਜ਼ਾਬ ਵਿਚ ਨਵ੍ਹਾਇਆ ਹੋਇਆ ਹੈ। ਧਰਮ, ਅਕੀਦੇ, ਰੱਬ ਰਾਬਤੇ ਤੇ ਜ਼ਾਬਤੇ ਫੌਜ ਤੇ ਖਾੜਕੂਆਂ ਨੇ ਫਾੜ-ਸਾੜ ਛੱਡੇ ਨੇ। ਧਰਮਾਂ ਬਾਰੇ ਜੋ ਗਿਆਨ ਉਹਨੇ ਹਾਸਿਲ ਕੀਤਾ ਸੀ ਅਤੇ ਜੋ ਸੰਸਕਾਰ ਮਾਂ-ਪਿਓ ਵੱਲੋਂ ਮਿਲੇ ਸਨ ਉਹ ਇੱਥੇ ਰੋਜ਼ ਪੈਰਾਂ ਹੇਠ ਮਧੋਲ਼ੇ ਜਾਂਦੇ ਨੇ। ਉਹ ਕਹਿੰਦਾ ਸੀ ਕਿ ਇਸ ਪਰਾਕਸੀ ਜੰਗ ਵਿਚ ਇੰਞ ਹੋਣਾ ਸੁਭਾਵਿਕ ਵੀ ਹੈ। ਲੋਕਾਂ ਨੂੰ ਅਜ਼ਾਦੀ ਦੇ ਬਦਲੇ ਬਰਬਾਦੀ ਮਿਲ ਰਹੀ ਹੈ ਅਤੇ ਫੌਜ ਇਹ ਜੰਗ ਜਿੱਤਣ ਲਈ ਬਲੀਦਾਨ ਦੇ ਰਹੀ ਹੈ ਤੇ ਰਾਜਨੀਤੀ ਜਗਾੜੂ ਤੇ ਬਿਗਾੜੂ ਹਰਬੇ ਇਸਤੇਮਾਲ ਕਰ ਰਹੀ ਹੈ। ਬੜਾ ਖ਼ੌਫ਼ਨਾਕ ਮਾਹੌਲ ਹੈ। ਜ਼ਿੰਦਗੀ ਧੁਨੀ 'ਤੇ ਟਿਕੀ ਹੋਈ ਹੈ ਤੇ ਮੌਤ ਨੱਚ-ਖੇਡ ਰਹੀ ਹੈ। ਆਦਰਸ਼ ਲਈ ਇਹ ਸਭ ਕੁਝ ਨਵਾਂ ਸੀ। ਉਹ ਬੜਾ ਔਖਾ ਤੇ ਪ੍ਰੇਸ਼ਾਨ ਰਹਿੰਦਾ ਸੀ ਪਰ ਪੂਰੀ ਜ਼ਿੰਮੇਦਾਰੀ ਨਾਲ ਆਪਣੀ ਡਿਊਟੀ ਦੇ ਰਿਹਾ ਸੀ।—ਕੁਪਵਾੜੇ ਵਿਚ ਉਸ ਦੇ ਦੋ ਸਾਲ ਪੂਰੇ ਹੋ ਚੁੱਕੇ ਸਨ। ਅਸੀਂ ਉਸ ਦੀ ਨਵੀਂ ਪੋਸਟਿੰਗ ਦੀ ਉਡੀਕ ਕਰ ਰਹੇ ਸਾਂ—ਫਿਰ ਇੱਕ ਦਿਨ ਆਦਰਸ਼ ਦਾ ਫ਼ੋਨ ਆਇਆ। ਉਸ ਨੇ ਦੱਸਿਆ ਕਿ ਉਸਦੀ ਨਵੀਂ ਪੋਸਟਿੰਗ ਕਾਰਗਿਲ ਹੋਣ ਵਾਲੀ ਹੈ ਜਿੱਥੇ ਭਾਰਤ ਤੇ ਪਾਕਿ ਦੀਆਂ ਫੌਜਾਂ ਵਿਚਕਾਰ ਜ਼ੋਰਦਾਰ ਯੁੱਧ ਚੱਲ ਰਿਹਾ ਹੈ—ਇਕ ਦਿਨ ਮੈਨੂੰ ਆਦਰਸ਼ ਦੀ ਚਿੱਠੀ ਮਿਲੀ, ਜਿਸ ਵਿਚ ਲਿਖਿਆ ਸੀ।

"ਮੇਰੀ ਬਦਲੀ ਕਾਰਗਿਲ ਹੋ ਗਈ ਹੈ। ਮੈਨੂੰ ਉੱਥੋਂ ਲੜਾਈ ਦੇ ਅਗਲੇ ਮੋਰਚੇ 'ਤੇ ਭੇਜਿਆ ਜਾ ਰਿਹਾ ਹੈ। ਮੈਨੂੰ 21-RR ਤੋਂ ਤੁਰੰਤ ਫ਼ਾਰਗ ਕਰਨ ਤੇ ਕਾਰਗਿਲ ਡਿਊਟੀ 'ਤੇ ਹਾਜ਼ਰ ਹੋਣ ਦਾ ਹੁਕਮਨਾਮਾ ਜਾਰੀ ਹੋ ਚੁੱਕਿਆ ਹੈ ਅਤੇ ਇਕ-ਅੱਧ ਦਿਨਾਂ ਤੀਕਰ ਮੈਂ ਨਵੀਂ ਪੋਸਟਿੰਗ 'ਤੇ ਹਾਜ਼ਰ ਹੋਣ ਲਈ ਕਾਰਗਿਲ ਜਾ ਰਿਹਾ ਸਾਂ-ਪਰ ਜਾਣ ਤੋਂ ਪਹਿਲਾਂ ਤੁਹਾਨੂੰ ਇਕ ਵੱਡੀ ਜ਼ਿੰਮੇਵਾਰੀ ਸੌਂਪਣਾ ਚਾਹੁੰਦਾ ਹਾਂ। ਜੰਗੀ ਮੁਹਾਜ਼ ਉੱਤੇ ਬੰਦਾ ਮੌਤ ਦੇ ਨਿਸ਼ਾਨੇ 'ਤੇ ਹੁੰਦਾ ਹੈ। ਕੁਝ ਵੀ ਅਣਹੋਣੀ

ਵਾਪਰ ਸਕਦੀ ਹੈ। ਬਾਕੀ ਜ਼ਿੰਦਗੀ ਤੇ ਮੌਤ ਈਸ਼ਵਰ ਦੇ ਹੱਥ ਹੈ, ਪਰ ਰੱਬ ਨਾ ਕਰੇ ਜੇ ਮੈਨੂੰ ਕੁਝ ਹੋ ਗਿਆ ਤਾਂ ਤੁਸਾਂ ਨੂੰ ਮੇਰੀ ਭੈਣ ਰੁਖ਼ਸਾਨਾ ਦਾ ਪੂਰਾ ਖ਼ਿਆਲ ਰੱਖਣਾ ਹੋਵੇਗਾ। ਉਹਦੇ ਪਾਲਣ-ਪੋਸ਼ਣ ਤੇ ਪੜ੍ਹਾਈ ਦੀ ਜ਼ਿੰਮੇਵਾਰੀ ਤੁਹਾਨੂੰ ਚੁੱਕਣੀ ਹੋਵੇਗੀ। ਰੁਖ਼ਸਾਨਾ ਬੜੀ ਪਿਆਰੀ ਤੇ ਭੋਲ਼ੀ ਕੁੜੀ ਹੈ। ਮੈਂ ਉਸ ਨੂੰ ਸਕੀ ਭੈਣ ਵਜੋਂ ਅਪਨਾਇਆ ਹੈ ਕਿਉਂ ਜੋ ਮੇਰੀ ਕੋਈ ਭੈਣ ਨਹੀਂ ਹੈ। ਮੈਂ ਪਿਛਲੇ ਇਕ ਸਾਲ ਤੋਂ ਉਸ ਦੀ ਪੜ੍ਹਾਈ ਦਾ ਸਾਰਾ ਖ਼ਰਚ ਕਰ ਰਿਹਾ ਹਾਂ ਅਤੇ ਜਦ ਤੀਕਰ ਉਹ ਪੜ੍ਹ-ਲਿਖ ਕੇ ਕਿਸੇ ਜੋਗੀ ਨਹੀਂ ਹੋ ਜਾਂਦੀ ਮੈਂ ਉਸਦੀ ਜ਼ਿੰਮੇਵਾਰੀ ਨਿਭਾਂਦਾ ਰਵ੍ਹਾਂਗਾ। ਮੈਂ ਰੁਖ਼ਸਾਨਾ ਨੂੰ ਦਿਲੋਂ ਭੈਣ ਕਿਹਾ ਹੈ, ਇਸ ਲਈ ਉਹ ਤੁਹਾਡੀ ਵੀ ਧੀ ਹੈ। ਈਸ਼ਵਰ ਸੱਤੇ ਖ਼ੈਰਾਂ ਰੱਖੇ ਪਰ ਜੇ ਕੋਈ ਅਣਹੋਣੀ ਘਟਨਾ ਵਾਪਰ ਗਈ ਤਾਂ ਤੁਸੀਂ ਰੁਖ਼ਸਾਨਾ ਨੂੰ ਪੜ੍ਹਾਉਗੇ, ਉਸ ਨੂੰ ਇੱਜ਼ਤ ਨਾਲ ਜ਼ਿੰਦਗੀ ਜਿਊਣ ਦੇ ਕਾਬਿਲ ਬਣਾਉਗੇ ਤੇ ਉਸ ਦਾ ਵਿਆਹ ਕਰਾਉਗੇ। ਮੈਨੂੰ ਵਿਸ਼ਵਾਸ ਹੈ ਤੁਸੀਂ ਮੇਰਾ ਸੁਫ਼ਨਾ ਪੂਰਾ ਕਰੋਂਗੇ। ਰੁਖ਼ਸਾਨਾ ਚੌਥੀ ਜਮਾਤ ਵਿਚ ਪੜ੍ਹ ਰਹੀ ਹੈ। ਇਸ ਦਾ ਪਿਓ ਇਕ ਗ਼ਰੀਬ ਦਿਹਾੜੀਦਾਰ ਮਜ਼ਦੂਰ ਸੀ ਪਰ ਉਹ ਰੁਖ਼ਸਾਨਾ ਨੂੰ ਪੜ੍ਹਾਉਣਾ ਚਾਹੁੰਦਾ ਸੀ ਤਾਂ ਜੋ ਉਸ ਦਾ ਜੀਵਨ ਸੁਖਾਲਾ ਹੋਵੇ ਪਰ ਈਸ਼ਵਰ ਨੂੰ ਇਹ ਮਨਜ਼ੂਰ ਨਹੀਂ ਸੀ।

ਸਰਹੱਦਾਂ ਪੂਰੀ ਤਰ੍ਹਾਂ ਬੰਦ ਕਰਨ, ਬਾਡਰ ਉੱਪਰ ਤਾਰਾਂ ਵਿਛਾਉਣ, ਦੀਵਾਰਾਂ ਚਾੜ੍ਹਨ, ਬਾਰੂਦੀ ਸੁਰੰਗਾਂ ਦਬਾਣ ਤੇ ਕਈ ਹੋਰ ਆਧੁਨਿਕ ਵਸਤੂਆਂ ਦਾ ਪ੍ਰਯੋਗ ਕਰਨ ਅਤੇ ਦਿਨੇ-ਰਾਤੀਂ ਫ਼ੌਜ ਵਾਲੇ ਚੌਕਸੀ ਵਰਤਣ ਦੇ ਬਾਵਜੂਦ, ਖਾੜਕੂਆਂ ਦੀ ਆਵਾਜਾਈ ਨਹੀਂ ਰੁਕ ਸਕੀ ਹੈ। ਖਾੜਕੂਆਂ ਨਾਲ ਝੜਪਾਂ ਰੋਜ਼ ਦਾ ਕੰਮ ਹੈ। ਜਿਸ ਵਿਚ ਬੇਗੁਨਾਹ ਅਤੇ ਮਾਸੂਮ ਜਾਨਾਂ ਵੀ ਜ਼ਾਇਆ ਹੁੰਦੀਆਂ ਹਨ—ਅਤੇ ਜਦ ਕਦੀ ਫ਼ੌਜ ਜਾਂ ਪੁਲੀਸ ਦਾ ਵਾਧੂ ਜਾਨੀ ਨੁਕਸਾਨ ਹੋ ਜਾਵੇ ਤਾਂ ਉਹ ਆਪਣੇ ਆਪ 'ਤੇ ਕਾਬੂ ਨਹੀਂ ਰੱਖਦੀ ਤੇ ਅੰਨ੍ਹੇ ਵਾਹ ਗੋਲ਼ੀਆਂ ਚਲਾਉਣਾ ਸ਼ੁਰੂ ਕਰ ਦਿੰਦੀ ਹੈ। ਜਿਸ ਕਾਰਨ, ਆਮ ਲੁਕਾਈ ਭੜਕ ਉੱਠਦੀ ਹੈ, ਕਿਉਂ ਜੇ ਉਨ੍ਹਾਂ ਦੇ ਸਕੇ ਮਰਦੇ ਹਨ। ਉਨ੍ਹਾਂ ਦਾ ਲਹੂ ਤੇ ਦੁੱਧ ਸੜਕਾਂ ਅਤੇ ਗਲ਼ੀਆਂ ਵਿਚ ਡੁੱਲ੍ਹਦਾ ਅਤੇ ਰੁਲ਼ਦਾ ਹੈ। ਜਲਸੇ-ਜਲੂਸ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਧਰਤੀ ਕਾਲ਼ਾ ਕਫ਼ਨ ਪਾ ਲੈਂਦੀ ਹੈ। ਅਸਮਾਨ ਤੋਂ ਅੱਗ ਦੇ ਚੰਗਿਆੜੇ ਡਿੱਗਣ ਲੱਗਦੇ ਨੇ। ਘਾਟੀ ਦੀ ਖ਼ੂਬਸੂਰਤੀ, ਬਦਸੂਰਤੀ ਦਾ ਜੁੱਸਾ ਪਾ ਲੈਂਦੀ, ਲੋਕਾਂ ਦਾ ਨਸੀਬਾ ਸੂਲ਼ੀ ਚੜ੍ਹ ਜਾਂਦਾ ਹੈ। ਚੇਤਰ ਰੁੱਤ ਨੂੰ ਦੰਦਲ਼ ਪੈ ਜਾਂਦੀ ਹੈ। ਹਾਕਮ ਦੀ ਅੱਖ, ਕੰਨਾਂ ਰਾਹੀਂ ਵੇਖਦੀ ਹੈ ਤੇ ਦੰਦਾਂ ਰਾਹੀਂ ਫ਼ੈਸਲੇ ਕਰਦੀ ਹੈ। ਬੱਚਿਆਂ ਦੀ ਖੇਡ ਅੱਕੜ-ਬੱਕੜ... ਪੱਕੜ-ਧੱਕੜ ਵਿਚ ਜਾ ਮੁੱਕਦੀ ਹੈ। ਫ਼ੌਜੀ ਤੇ ਪੁਲਸੀਏ,

ਜਵਾਕਾਂ ਨੂੰ ਡਾਢੀ ਛੰਬ ਚਾੜ੍ਹਦੇ ਨੇ ਤੇ ਸਲਾਖਾਂ ਅੰਦਰ ਬੰਦ ਕਰ ਦਿੰਦੇ ਨੇ। ਹਾਕਮਾਂ ਨੂੰ ਕੌਣ ਸਮਝਾਏ ਕਿ ਜੇਲ੍ਹ, ਕੋਠੜੀਆਂ ਤੇ ਫਾਂਸੀਆਂ ਜਜ਼ਬਿਆਂ ਨੂੰ ਮਾਰਦੀਆਂ ਨਹੀਂ ਸਗੋਂ ਭਾਂਬੜ ਮਚਾਂਦੀਆਂ ਨੇ। ਹਾਕਮਾਂ ਨੂੰ ਇਤਿਹਾਸ ਕੌਣ ਪੜ੍ਹਾਏ ਨਾਲੇ ਕਿੰਝ ਸਮਝਾਏ ਕਿ ਅੰਗ-ਸੰਗ ਬਣਾਉਣ ਲਈ ਤਾਕਤ ਤੇ ਦਹਿਸ਼ਤ ਨਹੀਂ, ਸਗੋਂ ਪਿਆਰ, ਮੁਹੱਬਤ ਤੇ ਹਮਦਰਦੀ ਦੀ ਲੋੜ ਹੁੰਦੀ ਹੈ। ਇੰਝ ਹੀ ਇੱਥੇ ਦੇ ਲੋਕਾਂ ਨੂੰ ਕੌਣ ਦੱਸੇ ਕਿ ਨਾ ਮੁੱਲ੍ਹਾਂ ਜੰਗਲ ਜਾਏ, ਨਾ ਰਿੱਛ ਮਸੀਤੀ ਆਏ- ਹਰ ਚੀਜ਼ ਇੱਥੇ ਬੇਇਤਬਾਰੀ ਜਿਹੀ ਲੱਗਦੀ ਹੈ। ਮੈਂ ਸੁਣਿਆ ਹੈ ਕਿ ਜਦ ਭੁੱਟੂ ਨੂੰ ਫਾਹੇ ਚਾੜ੍ਹਿਆ ਗਿਆ ਸੀ ਤਾਂ ਲੋਕਾਂ ਉਸ ਦੀ ਫਾਂਸੀ ਦੇ ਵਿਰੋਧ ਵਿਚ ਵੱਡੇ-ਵੱਡੇ ਜਲੂਸ ਕੱਢੇ ਸਨ ਤੇ ਵਹਾਬੀਆ ਦੇ ਛੇ-ਸੱਤ ਸੌ ਮਕਾਨ ਫੂਕ ਛੱਡੇ ਸਨ। ਇੰਝ ਹੀ ਜਦ ਜਰਨਲ ਜ਼ਿਆ ਹਵਾਈ ਹਾਦਸੇ ਵਿਚ ਹਲਾਕ ਹੋਇਆ ਸੀ ਤਾਂ ਵੀ ਲੋਕਾਂ ਨੇ ਜਲਸੇ ਤੇ ਜਲੂਸ ਕੱਢੇ ਸਨ ਅਤੇ ਸਰਕਾਰੀ ਤੇ ਨਿੱਜੀ ਜਾਇਦਾਦਾਂ ਨੂੰ ਸਾੜਿਆ ਸੀ। ਇਵੇਂ ਲੱਗਦਾ ਹੈ ਕਿ ਸਾਰੀ ਕੌਮ ਹੀ ਦੁਚਿੱਤੀ ਦਾ ਸ਼ਿਕਾਰ ਹੈ। ਇੱਥੇ ਦੇ ਮੌਸਮ ਵਾਂਗਰ ਲੋਕਾਂ ਦਾ ਵੀ ਕੋਈ ਭਰੋਸਾ ਨਹੀਂ। ਮਜ਼੍ਹਬੀ, ਸਿਆਸੀ ਤੇ ਸਮਾਜੀ ਮੌਸਮ ਤਾਂ ਇੱਥੇ ਬੇ-ਇਤਬਾਰਾ ਹੀ ਰਹਿੰਦਾ ਹੈ—ਕਦੇ ਤਾਂ ਜੰਞ ਪਰਾਈ ਤੇ ਨੱਚੇ ਖ਼ੁਦਾਈ ਦੇ ਦ੍ਰਿਸ਼ ਦੇਖਣ ਨੂੰ ਮਿਲਦੇ ਹਨ ਅਤੇ ਕਦੀ ਸੜਦੀ, ਬਲ਼ਦੀ, ਰੱਤ-ਰੰਗੀ ਧਰਤੀ ਨੂੰ ਵੇਖ ਕੇ ਵੈਣ ਪਾਉਂਦੇ ਜਲੂਸ। ਉਦਾਸੀ ਇੰਨੀ ਫੈਲ ਜਾਂਦੀ ਹੈ ਕਿ ਮਾੜਾ ਜਿਹਾ ਹਾਸਾ ਵੀ ਕਿਤੇ ਨਹੀਂ ਲੱਭਦਾ।

ਅਜਿਹੇ ਇਕ ਜਲੂਸ ਦੀ ਬਲੀ ਰੁਖ਼ਸਾਨਾ ਦਾ ਪਿਓ ਗੁਲਾਮ ਅਲੀ ਵੀ ਚੜ੍ਹ ਗਿਆ ਸੀ। ਉਹ ਵਿਚਾਰਾ ਮਜ਼ਦੂਰੀ ਕਰ ਕੇ ਘਰ ਪਰਤ ਰਿਹਾ ਸੀ ਕਿ ਮੇਰੀ ਯੂਨਿਟ ਦੇ ਇਕ ਜਵਾਨ ਨੇ ਉਸ ਦੇ ਸਿਰ ਵਿਚ ਗੋਲ਼ੀ ਮਾਰੀ ਸੀ ਤੇ ਮੌਕੇ 'ਤੇ ਹੀ ਉਸ ਦੇ ਸਾਹਾਂ ਦੀ ਛਣਕਾਰ ਬੰਦ ਹੋ ਗਈ ਸੀ। ਜਲੂਸ ਤਿੱਤਰ-ਬਿੱਤਰ ਹੋ ਗਿਆ ਸੀ। ਜਵਾਨ ਖ਼ੁਸ਼ ਸਨ ਜਿਵੇਂ ਉਨ੍ਹਾਂ ਨੇ ਜੱਗਾ ਮਾਰਿਆ ਹੋਵੇ। ਇਕ ਬੇਗੁਨਾਹ ਦੀ ਮੌਤ ਵੇਖ ਕੇ ਮੇਰਾ ਜ਼ਮੀਰ ਚਿਰਾਂ ਤੀਕਰ ਡੋਲਦਾ ਰਿਹਾ। ਫਿਰ ਇਕ ਦਿਨ ਮੈਂ ਕਲੂਤਰਾ ਪਿੰਡ ਵਿਚ ਗਿਆ, ਗੁਲਾਮ ਅਲੀ ਦੇ ਘਰ ਅਫ਼ਸੋਸ ਕਰਨ ਲਈ— ਨਿੱਕਾ ਜਿਹਾ ਕੱਚਾ ਕੋਠਾ, ਲੱਕੜ ਦੀਆਂ ਫੱਟੀਆਂ ਨੂੰ ਮਿੱਟੀ ਦੇ ਪਰੋਲੇ ਨਾਲ ਲਿੱਪ ਕੇ ਬਣਾਇਆ ਹੋਇਆ ਤੇ ਛੱਤ ਉੱਤੇ ਪਰਾਲ਼ੀ ਪਾਈ ਹੋਈ। ਅੰਦਰ ਰੁਖ਼ਸਾਨਾ ਤੇ ਉਹਦੀ ਮਾਂ ਫ਼ਾਤਮਾਂ ਫੂੜੀ 'ਤੇ ਬੈਠੀਆਂ ਹੋਈਆਂ। ਅੱਖਾਂ ਸੁੱਜੀਆਂ, ਚਿਹਰੇ 'ਤੇ ਉਦਾਸੀ ਤੇ ਬੇਬਸੀ। ਉਹ ਮਾਂ-ਧੀ ਮੈਨੂੰ ਵੇਖ ਕੇ ਵੈਣ ਕਰਨ ਲੱਗੀਆਂ, ਰੋਣ-ਪਿੱਟਣ ਲੱਗੀਆਂ ਤੇ ਗੁਲਾਮ ਅਲੀ ਨੂੰ ਮਾਰਨ ਵਾਲੇ ਜਵਾਨ ਨੂੰ ਬਦ-ਦੁਆਵਾਂ ਕੱਢਣ ਲੱਗੀਆਂ। ਉਨ੍ਹਾਂ ਨੂੰ ਵਿਰਲਾਪ ਕਰਦਿਆਂ ਵੇਖ ਕੇ ਮੇਰੀਆਂ ਵੀ

ਅੱਖਾਂ ਭਿੱਜ ਗਈਆਂ। ਮੈਂ, ਮਾਂ-ਧੀ ਨੂੰ ਦਮ-ਦਿਲਾਸਾ ਦੇਣ ਲੱਗਾ। ਮੈਂ ਕਿਹਾ, "ਗੁਲਾਮ ਅਲੀ ਦੀ ਮੌਤ ਦਾ ਸਾਨੂੰ ਵੀ ਬੜਾ ਦੁੱਖ ਹੈ।"

"ਤੁਹਾਨੂੰ ਕਾਹਦਾ ਦੁੱਖ? ਤੁਸੀਂ ਤਾਂ ਸ਼ਿਕਾਰੀ ਕੁੱਤਿਆਂ ਵਾਂਗੂੰ ਕੰਨ ਚਾਈ ਫਿਰਦੇ ਹੋ ਤੇ ਬੰਦਿਆਂ ਦਾ ਸ਼ਿਕਾਰ ਕਰਦੇ ਓ। ਤੁਸੀਂ ਬੇ-ਗੁਨਾਹ ਬੰਦੇ ਮਾਰ ਕੇ ਛਾਤੀਆਂ ਚੌੜੀਆਂ ਕਰਦੇ ਹੋ। ਇਨਾਮ ਤੇ ਤਰੱਕੀਆਂ ਲਈ ਤੁਸਾਂ ਲੋਕਾਈ ਨੂੰ ਫਾਹੇ ਚਾੜ੍ਹਿਆ ਹੋਇਆ ਹੈ। ਅਸੀਂ ਲਿੱਸੇ ਤੇ ਬੇ-ਵਾਰਸੇ, ਤੁਸੀਂ ਤਗੜੇ ਤੇ ਤਗੜਿਆਂ ਨੂੰ ਕਾਹਦੀ ਤਰੋਟ।"

ਫ਼ਾਤਮਾ ਆਪਣੇ ਦਿਲ ਦਾ ਉਬਾਲ਼ ਕੱਢ ਰਹੀ ਸੀ। ਉਹਦੇ ਬਖ਼ਤਾਂ ਦਾ ਠੂਠਾ ਭੱਜ ਗਿਆ ਸੀ। ਉਹ ਹਾਲਾਤ ਦੀ ਘੁੰਮਣ-ਘੇਰੀ ਵਿਚ ਫਸ ਗਈ ਸੀ। ਮੈਂ ਉਹਨੂੰ ਸਮਝਾਣ ਲੱਗਾ ਕਿ ਦਰਦਾਂ ਤੇ ਪੀੜਾਂ ਦੀ ਸ਼ਿੱਦਤ ਤੋਂ ਬਹੁਤਾ ਚਿਰ ਦੁੱਖੀ ਨਹੀਂ ਹੋਣਾ ਚਾਹੀਦਾ ਕਿਉਂਜੇ ਜਿਹੜੇ ਦਰਿਆ ਚੜ੍ਹਦੇ ਨੇ ਉਹ ਛੇਤੀ ਉਤਰ ਵੀ ਜਾਂਦੇ ਨੇ। ਇਸ ਦੁਖਦਾਈ ਘਟਨਾ ਨੂੰ ਰੱਬ ਦਾ ਭਾਣਾ ਸਮਝ ਕੇ ਨਵੀਂ ਜ਼ਿੰਦਗੀ ਸ਼ੁਰੂ ਕਰ। ਰੁਖ਼ਸਾਨਾ ਨੂੰ ਪੜ੍ਹਾ ਤੇ ਗੁਲਾਮ ਅਲੀ ਦਾ ਸੁਪਨਾ ਪੂਰਾ ਕਰ। ਮੇਰੀ ਕੋਈ ਭੈਣ ਨਹੀਂ ਹੈ ਪਰ ਅੱਜ ਤੋਂ ਬਾਅਦ ਰੁਖ਼ਸਾਨਾ ਹੀ ਮੇਰੀ ਭੈਣ ਹੈ। ਮੈਂ ਇਸ ਦੀ ਪੜ੍ਹਾਈ-ਲਿਖਾਈ ਦੀ ਸਾਰੀ ਜ਼ਿੰਮੇਦਾਰੀ ਨਿਭਾਵਾਂਗਾ।"

"ਫੌਜੀ ਬਾਬੂ! ਦਰਿਆ ਚੜ੍ਹਦੇ ਤੇ ਉਤਰਦੇ ਛੇਤੀ ਹੋਣਗੇ ਪਰ ਲੋਕਾਈ ਦਾ ਕੱਖਾਂ ਵਾਂਗੂੰ ਉਜਾੜ ਕਰ ਦਿੰਦੇ ਨੇ। ਘਰਾਂ ਵਿਚ ਗੋਡੇ-ਗੋਡੇ ਭੁੱਖ ਖਿਲਰਦੀ ਹੈ ਇਸ ਲਈ ਗੋਗਲੂਆਂ ਤੋਂ ਮਿੱਟੀ ਝਾੜਨੀ ਛੱਡ ਦੇ। ਕਿਉਂ ਖ਼ਾਹਮਖਾਹ, ਧੂੜ ਵਿਚ ਟੱਟੂ ਭਜਾਈ ਫਿਰਦਾ ਹੈਂ। ਤੁਹਾਡਾ ਵਤੀਰਾ ਇਹ ਹੈ ਕਿ ਕਰੇ ਮੁੱਛ ਵਾਲਾ ਤੇ ਮਰੇ ਦਾੜ੍ਹੀ ਵਾਲਾ। ਤੁਸੀਂ ਗੋਲ਼ੀਆਂ ਚਲਾਣ ਤੋਂ ਪਹਿਲਾਂ ਇਹ ਨਹੀਂ ਸੋਚਦੇ ਕਿ ਮਰਨ ਵਾਲਾ ਇਕੱਲਾ ਨਹੀਂ ਮਰਦਾ, ਉਹਦੇ ਨਾਲ ਕਈ ਜਿਊਂਦੇ ਜੀਅ ਵੀ ਮਰਦੇ ਨੇ, ਕਿਉਂਜੇ ਮਰਨ ਵਾਲਾ ਕਿਸੇ ਦਾ ਪੁੱਤਰ ਹੁੰਦਾ ਹੈ, ਕਿਸੇ ਦਾ ਪਿਓ, ਕਿਸੇ ਦਾ ਭਰਾ ਤੇ ਕਿਸੇ ਦਾ ਖ਼ਸਮ। ਇਸ ਲਈ ਮੈਨੂੰ ਮੇਰੇ ਹਾਲ 'ਤੇ ਛੱਡ ਦੇ ਮੈਂ ਜਿਹੋ ਜਿਹੀ ਭੋਗਣੀ ਸੀ, ਭੋਗ ਲਈ ਤੇ ਅੱਗੂੰ ਵੀ ਅੱਲ੍ਹਾ ਮਾਲਕ ਹੈ। ਫਿਰ ਸਿਆਣੇ ਵੀ ਤਾਂ ਕਹਿੰਦੇ ਹਨ ਕਿ ਪੱਥਰਾਂ ਨਾਲ ਕਾਹਦੀਆਂ ਪ੍ਰੀਤਾਂ।" ਫ਼ਾਤਮਾ ਆਪਣਾ ਕੌੜ ਕੱਢ ਰਹੀ ਸੀ।

"ਵੇਖ ਬੀਬੀ! ਅਸੀਂ ਪੱਥਰਾਂ 'ਚੋਂ ਨਹੀਂ ਜੰਮੇ, ਅਸੀਂ ਵੀ ਇਨਸਾਨ ਹਾਂ ਤੇ ਇਨਸਾਨਾਂ ਕੋਲੋਂ ਗਲਤੀਆਂ ਵੀ ਹੁੰਦੀਆਂ ਨੇ। ਮੈਂ ਆਪਣੇ ਸਿਪਾਹੀ ਦੀ ਕਰਤੂਤ ਲਈ ਮਾਫ਼ੀ ਮੰਗਦਾ ਹਾਂ। ਅਸੀਂ ਉਸਦੀ ਵਰਦੀ ਉਤਰਵਾ ਲਈ ਹੈ ਤੇ ਕੋਰਟ-ਮਾਰਸ਼ਲ ਦਾ ਹੁਕਮ ਵੀ ਦੇ ਦਿੱਤਾ ਹੈ। ਮੈਂ ਤੁਹਾਨੂੰ ਇਨਸਾਫ਼ ਦਿਲਾਵਾਂਗਾ ਤੇ

ਗੁਲਾਮ ਅਲੀ ਦੀ ਮੌਤ ਦਾ ਹਰਜ਼ਾਨਾ ਵੀ।—ਮੈਂ ਆਟਾ, ਚੌਲ, ਦਾਲਾਂ ਤੇ ਖਾਣ-ਪਾਣ ਦੀ ਕੁਝ ਹੋਰ ਸਮੱਗਰੀ ਲੈ ਕੇ ਗਿਆ ਸਾਂ ਜੋ ਮੈਂ ਉਨ੍ਹਾਂ ਨੂੰ ਦਿੱਤੀ ਨਾਲੇ ਆਪਣੇ ਵੱਲੋਂ ਕੁਝ ਰਕਮ ਵੀ, ਤਾਂ ਜੋ ਉਨ੍ਹਾਂ ਦਾ ਚੁੱਲ੍ਹਾ ਬਲ਼ਦਾ ਰਵ੍ਹੇ—ਜਾਣ ਤੋਂ ਪਹਿਲਾਂ ਮੈਂ ਫ਼ਾਤਮਾ ਨੂੰ ਮੁੜ ਯਕੀਨ ਦੁਆਇਆ ਕਿ ਰੁਖ਼ਸਾਨਾ ਮੇਰੀ ਭੈਣ ਹੈ ਤੇ ਮੈਂ ਉਸ ਦਾ ਭਰਾ। ਇਸ ਲਈ ਅੱਜ ਤੋਂ ਰੁਖ਼ਸਾਨਾ ਮੇਰੀ ਜ਼ਿੰਮੇਦਾਰੀ ਹੈ—ਮੈਂ ਉਨ੍ਹਾਂ ਨੂੰ ਗੁਲਾਮ ਅਲੀ ਦੀ ਮੌਤ ਦਾ ਹਰਜ਼ਾਨਾ ਵੀ ਦਵਾਇਆ ਅਤੇ ਫੌਜ ਦੀ ਸਦਭਾਵਨਾ ਸਕੀਮ ਰਾਹੀਂ ਘਰ ਚਲਾਣ ਲਈ ਦੋ-ਹਜ਼ਾਰ ਰੁਪਏ ਪ੍ਰਤੀ ਮਹੀਨੇ ਦਾ ਵਜ਼ੀਫ਼ਾ ਵੀ ਲਵਾ ਦਿੱਤਾ। ਰੁਖ਼ਸਾਨਾ ਦੀ ਪੜ੍ਹਾਈ ਅਤੇ ਕੱਪੜੇ-ਲੱਤੇ ਲਈ ਮੈਂ ਆਪਣੀ ਤਨਖ਼ਾਹ ਵਿਚੋਂ ਹਰ ਮਹੀਨੇ ਖ਼ਰਚਾ ਵੀ ਦੇ ਰਿਹਾ ਹਾਂ, ਉਹ ਮੈਂ ਆਪਣੀ ਅੰਤਰ-ਆਤਮਾ ਦੀ ਸ਼ਾਂਤੀ ਲਈ ਕਰ ਰਿਹਾ ਹਾਂ। ਫ਼ਾਤਮਾ ਤੇ ਰੁਖ਼ਸਾਨਾ ਦਾ ਕੋਈ ਰਿਸ਼ਤੇਦਾਰ ਜਾਂ ਵਾਰਿਸ ਨਹੀਂ। ਕੋਈ ਕੰਡ ਕੱਜਣ ਵਾਲਾ ਤੇ ਸਿਰ 'ਤੇ ਹੱਥ ਫੇਰਨ ਵਾਲਾ ਨਹੀਂ। ਗੁਲਾਮ ਅਲੀ ਆਪਣੇ ਮਾਪਿਆਂ ਦਾ ਇਕੱਲਾ ਪੁੱਤਰ ਸੀ ਤੇ ਫ਼ਾਤਮਾ ਇਕ ਯਤੀਮ ਕੁੜੀ। ਅੱਗੋਂ ਇਨ੍ਹਾਂ ਦੀ ਵੀ ਇਕੋ ਧੀ ਹੈ ਰੁਖ਼ਸਾਨਾ। ਇਸ ਦੁਨੀਆਂ ਵਿਚ ਇਨ੍ਹਾਂ ਦਾ ਕੋਈ ਨਹੀਂ ਹੈ। ਇਸ ਲਈ ਰੁਖ਼ਸਾਨਾ ਨੂੰ ਤੁਹਾਡੇ ਹਵਾਲੇ ਕਰ ਰਿਹਾ ਹਾਂ। ਮੈਨੂੰ ਪੂਰਨ ਵਿਸ਼ਵਾਸ ਹੈ, ਤੁਸੀਂ ਰੁਖ਼ਸਾਨਾ ਦੀ ਜ਼ਿੰਮੇਦਾਰੀ ਕਬੂਲ ਕਰੋਗੇ।"

ਚਿੱਠੀ ਪੜ੍ਹ ਕੇ ਮੇਰਾ ਸੀਨਾ ਚੌੜਾ ਹੋ ਗਿਆ ਤੇ ਸਿਰ ਫ਼ਖ਼ਰ ਨਾਲ ਉੱਚਾ। ਆਦਰਸ਼ ਨੇ ਇੱਕ ਸੱਚੇ ਫੌਜੀ ਦੀ ਲਾਜ ਰੱਖੀ ਸੀ ਅਤੇ ਫੌਜੀ ਪਰੰਪਰਾ ਅਤੇ ਮਰਿਆਦਾ ਨੂੰ ਜ਼ਿੰਦਾ ਰੱਖਿਆ ਸੀ। ਮੇਰਾ ਪੁੱਤਰ ਜ਼ਮੀਰ ਦੀ ਕਚਹਿਰੀ ਵਿਚ ਗਿਆ ਸੀ। ਜਿੱਥੇ ਕਦੇ ਗਲਤ ਫ਼ੈਸਲੇ ਨਹੀਂ ਹੁੰਦੇ। ਮੈਂ ਆਦਰਸ਼ ਦੇ ਫ਼ੈਸਲੇ ਉੱਤੇ ਸ਼ਰਧਾ ਦੇ ਫੁੱਲ ਚੜ੍ਹਾਏ।

—ਆਦਰਸ਼ ਦੀ ਤਰੱਕੀ ਹੋ ਗਈ ਤੇ ਹੁਣ ਉਹ ਕਪਤਾਨ ਬਣ ਗਿਆ ਸੀ ਅਤੇ ਜੰਗੀ ਮਹਾਜ਼ 'ਤੇ ਡਟਿਆ ਹੋਇਆ ਸੀ। ਕਦੇ-ਕਦੇ ਉਸ ਦਾ ਫ਼ੋਨ ਆ ਜਾਂਦਾ ਤੇ ਸੁੱਖ-ਸੁਨੇਹਾ ਮਿਲ ਜਾਂਦਾ। ਇਸ ਯੁੱਧ ਵਿਚ ਦੋਹਾਂ ਪਾਸਿਉਂ ਤੋਪਾਂ ਅੱਗ ਦੀ ਵਰਖਾ ਕਰ ਰਹੀਆਂ ਸਨ। ਦੁਸ਼ਮਣ ਫੌਜਾਂ ਕੋਲੋਂ ਆਪਣੀਆਂ ਚੌਂਕੀਆਂ ਮੁੜ ਵਾਪਸ ਲੈਣ ਲਈ ਜ਼ੋਰਦਾਰ ਹਮਲੇ ਹੋ ਰਹੇ ਸਨ। ਬਟਾਲਕ ਮਹਾਜ਼ 'ਤੇ ਇਕ ਫੌਜੀ ਚੌਂਕੀ 'ਤੇ ਕਬਜ਼ਾ ਕਰਨ ਦੀ ਕਾਰਵਾਈ ਵਿਚ ਮੇਰਾ ਆਦਰਸ਼ ਸ਼ਹੀਦ ਹੋ ਗਿਆ। ਇਸ ਦੁਖਦਾਈ ਘਟਨਾ ਦੀ ਸੂਚਨਾ ਮੈਨੂੰ ਫੌਜੀ ਹੈੱਡ-ਕੁਆਰਟਰ ਵੱਲੋਂ ਮਿਲ ਚੁੱਕੀ ਸੀ। ਦੋ ਦਿਨਾਂ ਮਗਰੋਂ ਹਵਾਈ ਜਹਾਜ਼ ਰਾਹੀਂ ਉਸ ਦਾ ਪਾਰਥਿਵ ਸਰੀਰ ਵੀ ਜਲੰਧਰ ਪਹੁੰਚ ਗਿਆ। ਉਸ ਦਾ ਸੰਸਕਾਰ ਪੂਰੇ ਫੌਜੀ ਆਦਰ-ਮਾਨ ਨਾਲ ਕੀਤਾ ਗਿਆ। ਸਾਰਾ ਸ਼ਹਿਰ ਸ਼ਹੀਦ ਨੂੰ ਲੱਕੜੀ ਦੇਣ ਸਮਸ਼ਾਨ ਵਿਚ ਉਮੜ ਆਇਆ

ਸੀ-ਪਰ ਮੇਰੀ ਦੁਨੀਆ ਉੱਜੜ ਚੁੱਕੀ ਸੀ। ਆਦਰਸ਼ ਦੀ ਸ਼ਹਾਦਤ ਨੇ ਮੇਰੇ ਸਾਹ ਨੀਲੇ ਕਰ ਦਿੱਤੇ ਸਨ। ਮੌਤ ਦਾ ਸ਼ਿਕਰਾ ਮੇਰਾ ਕਾਲਜਾ ਕੱਢ ਕੇ ਲੈ ਗਿਆ ਸੀਸ਼ ਦਰਦ ਦੀਆਂ ਖਰਾਸ਼ਾਂ ਨੂੰ ਮੈਂ ਸਬਰ ਦੀ ਗਲ਼ਦੀ ਪਿਲਾਂਦਾ ਰਿਹਾ। ਮੇਰੇ ਜ਼ਖ਼ਮ ਤਾਂ ਹੌਲ਼ੀ-ਹੌਲ਼ੀ ਭਰਨ ਲੱਗੇ ਪਰ ਆਦਰਸ਼ ਦੀ ਮਾਂ ਇਹ ਸਦਮਾ ਬਰਦਾਸ਼ਤ ਨਹੀਂ ਕਰ ਸਕੀ। ਉਹਦੇ ਸਰੀਰ ਨੂੰ ਸਿਉਂਕ ਲੱਗ ਗਈ ਸੀ, ਤੇ ਅਖ਼ੀਰ ਉਹ ਆਪਣੇ ਪੁੱਤਰ ਦੀ ਆਤਮਾ ਵਿਚ ਲੀਨ ਹੋ ਗਈ—ਮੇਰੇ ਕੋਲ ਸਿਰਫ਼ ਉਨ੍ਹੰ ਦੀਆਂ ਯਾਦਾਂ ਰਹਿ ਗਈਆਂ ਜਾਂ ਫਿਰ ਆਦਰਸ਼ ਦਾ ਮਹਾਂਵੀਰ ਚੱਕਰ ਤੇ ਕੁਝ ਹੋਰ ਮੈਡਲ।

ਆਪਣੇ ਜਿਗਰ ਦੇ ਟੋਟੇ ਨੂੰ ਗਵਾਣ ਮਗਰੋਂ, ਮੈਂ ਆਪਣੇ ਅੰਤਰ ਮਨ ਨਾਲ ਚੋਖੇ ਚਿਰ ਤੀਕਰ ਘੋਲ਼ ਕਰਦਾ ਰਿਹਾ। ਦਿਲ ਦਰਿਆ ਵਿਚ ਗੋਤੇ ਖਾਂਦਾ ਰਿਹਾ—ਮੇਰੇ ਅੰਦਰ ਇਹ ਅਹਿਸਾਸ ਸ਼ਿੱਦਤ ਨਾਲ ਜਾਗਣ ਲੱਗਾ ਕਿ ਜੰਗ ਕਿਉਂ ਤੇ ਕਾਹਦੇ ਲਈ? ਧਰਤੀ 'ਤੇ ਲੋਕਾਈ ਦਾ ਉਜਾੜ ਕਿਉਂ? ਇਨਸਾਨੀ ਲਾਸ਼ਾਂ ਉੱਤੇ ਰਾਜਨੀਤੀ ਕਿਸ ਲਈ? ਪਾਗਲ ਹਵਾਵਾਂ ਕਦ ਤੀਕ ਝੁਲਦੀਆਂ ਰਹਿਣ? ਵੀਰਤਾ ਤੇ ਵੀਰਗਤੀ ਦੀਆਂ ਕਹਾਣੀਆਂ ਕਿੰਨਾ ਚਿਰ ਲੋਕਾਂ ਨੂੰ ਬੇਵਕੂਫ਼ ਬਣਾਨ? ਕੌੜੇ ਤੇ ਮੰਦੜੇ ਬੋਲ, ਅਮਨ ਤੇ ਸ਼ਾਂਤੀ ਦੀ ਝੋਕ ਨੂੰ ਕਦ ਤੱਕ ਉਜਾੜਦੇ ਰਹਿਣ? ਖ਼ੁਸ਼ਹਾਲੀ ਦੀ ਫ਼ਸਲ ਨੂੰ, ਮੰਦਹਾਲੀ ਕਿਉਂ ਬਰਬਾਦ ਕਰਦੀ ਰਵ੍ਹੇ—ਕਈ ਦਿਨਾਂ ਤੋੜੀ ਮੈਂ ਆਪਣੇ ਅੰਦਰ ਦੇ ਜਵਾਰ ਭਾਟੇ ਨਾਲ ਜੂਝਦਾ ਰਿਹਾ। ਫਿਰ ਇਸ ਜਵਾਰ-ਭਾਟੇ 'ਚੋਂ ਫੌਜੀ ਕਰਨਲ ਨਿਰਮਲ ਭਾਟੀਆ ਉੱਭਰ ਕੇ ਬਾਹਰ ਆਇਆ। ਉਹ ਸਮਝ ਗਿਆ ਸੀ ਕਿ ਸਾਰੀ ਦੁਨੀਆ ਸਾਰਾ ਕੂੜ ਪਸਾਰਾ ਹੈ ਤੇ ਕੇਵਲ ਅਨਹਦ ਰਾਗ ਪਿਆਰਾ ਹੈ। ਮੈਂ ਆਪਣੀਆਂ ਸੋਚਾਂ ਦੀ ਬਸਤੀ ਵਿਚ ਫੁੱਲਾਂ ਦੀ ਕਿਆਰੀ ਸਜਾਣ ਲੱਗਾ। ਮੈਂ ਇਨਸਾਨੀਅਤ ਤੇ ਮਨੁੱਖਤਾ ਦਾ ਦੀਵਾ ਬਾਲ਼ ਕੇ ਨ੍ਹੇਰੇ ਨੂੰ ਉਜਾਲੇ ਵਿਚ ਬਦਲਣ ਦਾ ਯਤਨ ਕਰਨ ਲੱਗਾ। ਹੁਣ ਆਦਰਸ਼ ਦਾ ਸੁਫ਼ਨਾ ਮੇਰੀ ਹਯਾਤੀ ਦਾ ਮਕਸਦ ਬਣ ਗਿਆ ਤੇ ਰੁਖ਼ਸਾਨਾ ਮੇਰੇ ਜੀਣ ਦਾ ਕਾਰਨ। ਰੁਖ਼ਸਾਨਾ ਲਈ ਸਾਂਈ ਸੱਚੇ ਨੇ ਮੇਰੇ ਦਿਲ ਵਿਚ ਪਿਆਰ ਤੇ ਦੁਲਾਰ ਦੇ ਰੰਗ ਭਰ ਦਿੱਤੇ।

ਮੈਂ ਉਨ੍ਹਾਂ ਦੇ ਪਿੰਡ ਗਿਆ। ਫ਼ਾਤਮਾ ਤੇ ਰੁਖ਼ਸਾਨਾ ਨੂੰ ਮਿਲਿਆ, ਆਦਰਸ਼ ਦੀ ਸ਼ਹਾਦਤ ਬਾਰੇ ਦੱਸਿਆ। ਦੋਵੇਂ ਮਾਵਾਂ-ਧੀਆਂ ਆਪਣੇ ਨਸੀਬਾਂ ਨੂੰ ਰੋਣ ਲੱਗੀਆਂ। ਮੈਂ ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਆਦਰਸ਼ ਦੇ ਸੁਫ਼ਨੇ ਮੈਂ ਆਪਣੀਆਂ ਅੱਖਾਂ ਵਿਚ ਸਜਾ ਲਏ ਨੇ, ਤੇ ਰੁਖ਼ਸਾਨਾ ਹੁਣ ਮੇਰੀ ਜ਼ਿੰਮੇਵਾਰੀ ਹੈ। ਮੈਂ ਰੁਖ਼ਸਾਨਾ ਨੂੰ ਪੜ੍ਹਾਵਾਂਗਾ ਤੇ ਆਪਣੇ ਪੁੱਤਰ ਦੇ ਖ਼੍ਵਾਬ ਨੂੰ ਪੂਰਾ ਕਰਾਂਗਾ। ਫ਼ਾਤਮਾ ਦੀ ਮਰਜ਼ੀ ਨਾਲ ਮੈਂ ਰੁਖ਼ਸਾਨਾ ਦਾ ਦਾਖ਼ਲਾ ਕੁਪਵਾੜੇ ਵਿਚ ਪੋਟਸ਼ਾਹ

ਆਰਮੀ ਸਕੂਲ ਵਿਚ ਕਰਵਾਇਆ ਤੇ ਸਕੂਲ ਹੋਸਟਲ ਵਿਚ ਹੀ ਉਸ ਦੇ ਰਹਿਣ ਦਾ ਬੰਦੋਬਸਤ ਕਰ ਦਿੱਤਾ ਤਾਂ ਜੋ ਉਹ ਸਕੂਨ ਨਾਲ ਪੜ੍ਹ ਸਕੇ—ਰੁਖ਼ਸਾਨਾ ਨੇ ਆਰਮੀ ਸਕੂਲ ਤੋਂ ਦਸਵੀਂ ਜਮਾਤ ਦਾ ਇਮਤਿਹਾਨ ਪਹਿਲੀ ਪੁਜੀਸ਼ਨ ਹਾਸਿਲ ਕਰ ਕੇ ਪਾਸ ਕੀਤਾ। ਫਿਰ ਮੈਂ ਉਸ ਦਾ ਦਾਖ਼ਲਾ ਸ੍ਰੀਨਗਰ ਵਿਖੇ ਦਿੱਲੀ ਪਬਲਿਕ ਸਕੂਲ ਵਿਚ ਕਰਵਾਇਆ ਤੇ ਮਾਵਾਂ-ਧੀਆਂ ਨੂੰ ਇੰਦਰਾ ਨਗਰ ਵਿਚ ਦੋ ਕਮਰਿਆਂ ਦਾ ਫਲੈਟ ਕਿਰਾਏ 'ਤੇ ਲੈ ਕੇ ਦਿੱਤਾ।

—ਦੂਜੇ ਪਾਸੇ, ਆਪਣੇ ਇਕ ਮਿੱਤਰ ਪਿਆਰੇ ਨਾਲ ਮਿਲ ਕੇ ਮੈਂ ਇਕ ਸੰਸਥਾ ਬਣਾਈ ਅਤੇ ਯਤੀਮ ਤੇ ਬੇਸਹਾਰਾ ਬੱਚਿਆਂ ਦੇ ਪਾਲਣ ਪੋਸ਼ਣ ਅਤੇ ਸਿੱਖਿਆ ਦਾ ਕਾਰਜ ਆਰੰਭਿਆ। ਚੰਗੀ ਸੋਚ ਵਾਲੇ ਕਈ ਦਾਨੇ-ਪ੍ਰਧਾਨੇ ਲੋਕ ਸਾਡੇ ਨਾਲ ਜੁੜਨ ਲੱਗੇ। ਛੇਤੀ ਹੀ ਸਾਡੇ ਕੰਮ ਦੀ ਸਰਾਹਨਾ ਦੇਸ਼-ਵਿਦੇਸ਼ ਵਿਚ ਹੋਣ ਲੱਗੀ। ਲੋਕਾਈ ਦੀ ਸੇਵਾ ਕਰਨ ਵਾਲੇ ਕਈ ਸੰਗਠਨ ਸਾਡੀ ਮਾਇਕ ਸਹਾਇਤਾ ਵੀ ਕਰਨ ਲੱਗੇ।

ਆਪਣੇ ਪਿਓ ਤੇ ਭਰਾ ਦੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਰੁਖ਼ਸਾਨਾ ਨੇ ਬੜੀ ਮਿਹਨਤ ਕੀਤੀ ਤੇ ਬਾਰ੍ਹਵੀਂ ਕਲਾਸ ਵਿਚ ਵੀ ਪਹਿਲੀ ਥਾਂ ਹਾਸਿਲ ਕੀਤੀ- ਉਹ ਮੈਡੀਕਲ ਪੜ੍ਹਨਾ ਚਾਹੁੰਦੀ ਸੀ, ਇਸ ਲਈ ਦਾਖ਼ਲੇ ਦੇ ਇਮਤਿਹਾਨ ਦੀ ਤਿਆਰੀ ਕਰਨ ਲੱਗੀ। ਆਪਣੀ ਕਾਬਲੀਅਤ ਸਦਕੇ ਉਸ ਨੇ ਮੈਡੀਕਲ ਦੇ ਦਾਖ਼ਲੇ ਦਾ ਇਮਤਿਹਾਨ ਵੀ ਪਾਸ ਕਰ ਲਿਆ ਤੇ ਸ੍ਰੀ ਨਗਰ ਮੈਡੀਕਲ ਕਾਲਜ ਵਿਚ ਆਪਣੀ ਪੜ੍ਹਾਈ ਸ਼ੁਰੂ ਕਰ ਦਿੱਤੀ। ਮੈਂ ਕਦੇ ਉਸ ਨੂੰ ਆਪਣੀ ਰਹਿਤਲ ਤੇ ਵਸੇਬ ਨਾਲੋਂ ਟੁੱਟਣ ਨਹੀਂ ਦਿੱਤਾ। ਕਿਉਂਕਿ ਪੈਰਾਂ ਹੇਠ ਆਪਣੀ ਜ਼ਮੀਨ ਹੀ ਚੰਗੀ ਲੱਗਦੀ ਹੈ।

—ਸਾਡੇ ਅਦਾਰੇ ਦਾ ਕੰਮ ਚੋਖਾ ਵਧ ਗਿਆ ਸੀ। ਦੇਸ਼ ਦੇ ਕਈ ਹੋਰ ਹਿੱਸਿਆਂ ਵਿਚੋਂ ਯਤੀਮ ਤੇ ਬੇਸਹਾਰਾ ਬੱਚੇ ਸਾਡੀ ਸੰਸਥਾ ਵਿਚ ਪਲ਼ ਰਹੇ ਸਨ। ਆਤੰਕੀ ਅਤੇ ਫਿਰਕੂ ਦੰਗਿਆਂ ਤੋਂ ਪ੍ਰਭਾਵਿਤ ਇਲਾਕਿਆਂ ਵਿਚ ਅਸੀਂ ਜਾਂਦੇ ਰਹਿੰਦੇ ਤੇ ਬੇ-ਸਹਾਰਾ ਬੱਚਿਆਂ ਨੂੰ ਆਸਰਾ ਦਿੰਦੇ। ਉਨ੍ਹਾਂ ਦੀ ਸੇਵਾ ਕਰਕੇ ਮੇਰੇ ਮਨ ਨੂੰ ਬੜੀ ਸ਼ਾਂਤੀ ਮਿਲਦੀ ਤੇ ਰੂਹ ਨੂੰ ਸਕੂਨ ਮਿਲਦਾ।

—ਰੁਖ਼ਸਾਨਾ ਨੇ ਮੈਡੀਕਲ ਦੀ ਡਿਗਰੀ ਹਾਸਿਲ ਕਰ ਲਈ ਸੀ। ਮਗਰੋਂ ਉਸ ਨੇ ਸ੍ਰੀਨਗਰ ਦੇ ਸੌਰਾਹ ਮੈਡੀਕਲ ਇੰਸਟੀਚਿਊਟ ਤੋਂ ਐਮ. ਡੀ. ਵੀ ਕਰ ਲਈ ਤੇ ਉੱਥੇ ਹੀ ਨੌਕਰੀ ਵੀ ਸ਼ੁਰੂ ਕਰ ਦਿੱਤੀ ਤੇ ਲੋਕਾਂ ਦੀ ਸੇਵਾ ਕਰਨ ਲੱਗੀ। ਮੈਂ ਖ਼ੁਸ਼ ਸਾਂ। ਫ਼ਾਤਮਾ ਖ਼ੁਸ਼ ਸੀ, ਧੀ ਦੀ ਕਾਮਯਾਬੀ ਦੇਖ ਕੇ ਉਹ ਸ਼ੁਕਰਾਨੇ ਦੇ ਕਈ ਨਫ਼ਲ ਪੜ੍ਹਦੀ ਰਹਿੰਦੀ। ਪਰ ਰੱਬ ਦੀ ਖ਼ਲਕਤ ਖ਼ੁਸ਼ ਨਹੀਂ ਸੀ। ਇੰਨਾਂ ਵੇਲਾ ਲੰਘਣ ਮਗਰੋਂ ਵੀ ਹਾਲਾਤ ਉਹੀ ਸਨ। ਜਲੂਸ, ਨਾਅਰੇ, ਪੱਥਰ, ਗੋਲ਼ੀਆਂ ਅੱਜ ਵੀ ਚੱਲ

ਰਹੀਆਂ ਸਨ। ਜ਼ਿੰਦਗੀ ਅੱਜ ਵੀ ਡਰੀ ਸਹਿਮੀ ਸੀ ਤੇ ਮੌਤ ਅੱਜ ਵੀ ਨੱਚ-ਖੇਡ ਰਹੀ ਸੀ। ਤਾਕਤ ਤੇ ਦਹਿਸ਼ਤ ਦੇ ਝੱਖੜ ਝੁਲਣੇ ਬੰਦ ਨਹੀਂ ਸਨ ਹੋ ਰਹੇ—ਫਿਰ ਰੁਖ਼ਸਾਨਾ ਦਾ ਵਿਆਹ ਜੁੜਿਆ, ਬਿਰਾਦਰੀ ਦੇ ਇਕ ਡਾਕਟਰ ਮੁੰਡੇ ਨਾਲ। ਮੈਂ ਵਿਆਹ ਵਿਚ ਸ਼ਾਮਿਲ ਹੋਣ ਤੇ ਰੁਖ਼ਸਾਨਾ ਦੀਆਂ ਖ਼ੁਸ਼ੀਆਂ ਦਾ ਹਿੱਸਾ ਬਣਨ ਲਈ ਸ੍ਰੀਨਗਰ ਅਪੜਿਆ ਸਾਂ। ਦੋਹਾਂ ਘਰਾਂ ਨੇ ਸਾਦਗੀ ਨਾਲ ਵਿਆਹ ਕਰਨ ਦਾ ਫ਼ੈਸਲਾ ਕੀਤਾ ਸੀ ਪਰ ਨਿਕਾਹ ਹੋਣ ਤੋਂ ਦੋ ਦਿਨ ਪਹਿਲਾਂ ਹੀ ਰੁਖ਼ਸਾਨਾ ਤੇ ਉਹਦੇ ਪਤੀ ਨੂੰ ਐਮਰਜੈਂਸੀ ਡਿਊਟੀ ਲਈ ਹਸਪਤਾਲ ਬੁਲਾਇਆ ਗਿਆ, ਕਿਉਂਜੇ ਲਾਲ ਬਜ਼ਾਰ ਤੇ ਜਾਮਾ-ਮਸਜਿਦ ਦੇ ਇਲਾਕਿਆਂ ਵਿਚ ਲੋਕਾਂ ਦੇ ਜਲੂਸਾਂ 'ਤੇ ਪੈਲੇਟ ਗੰਨਾਂ ਤੇ ਗੋਲੀਆਂ ਚਲਾਈਆਂ ਗਈਆਂ ਸਨ। ਜਿਸ ਵਿਚ ਕੁਝ ਲੋਕੀਂ ਮਰੇ ਸਨ ਤੇ ਕੁਝ ਫੱਟੜ ਹੋਏ ਸਨ। ਉਹ ਦੋਵੇਂ ਸਾਰੀ ਰਾਤ ਜ਼ਖ਼ਮੀਆਂ ਦਾ ਇਲਾਜ ਕਰਦੇ ਰਹੇ। ਸਵੇਰੇ ਜਦੋਂ ਘਰ ਪਰਤੇ ਤਾਂ ਦੋਵੇਂ ਪਰੇਸ਼ਾਨ ਤੇ ਨਿੰਮੋਝੂਣੇ ਸਨ। ਮੈਨੂੰ ਵੇਖ ਕੇ ਰੁਖ਼ਸਾਨਾ ਮੇਰੇ ਵੱਲ ਦੌੜੀ ਤੇ ਗਲ਼ ਲੱਗ ਕੇ ਰੋਣ ਲੱਗੀ ਤੇ ਕਹਿਣ ਲੱਗੀ।

"ਡੈਡੀ, ਕੁਝ ਨਹੀਂ ਬਦਲਿਆ ਅੱਜ ਵੀ ਬੇਗੁਨਾਹ ਤੇ ਮਾਸੂਮ, ਨਿਹੱਥੇ ਗੁਲਾਮ ਅਲੀ ਗੋਲ਼ੀਆਂ ਖਾ ਰਹੇ ਹਨ। ਤੁਸੀਂ ਕਿੰਨਿਆਂ ਯਤੀਮਾਂ ਨੂੰ ਪਾਲ਼ੋਗੇ, ਕਿੰਨਿਆਂ ਦੇ ਘਰ ਆਬਾਦ ਕਰੋਗੇ ? ਤੁਸੀਂ ਥੱਕ ਜਾਓਗੇ, ਜਿਵੇਂ ਅਸੀਂ ਥੱਕ ਗਏ ਹਾਂ।

•

# ਸ਼ਾਦਾਂ ਬਿੱਲੀ ਜੰਮੂ ਵਾਲੀ

ਚੱਕਰਦਾਰ ਪੌੜੀਆਂ ਚੜ੍ਹ ਕੇ ਉਹਦੀ ਟੁੱਟੀ ਭੱਜੀ, ਪਲੱਸਤਰੋਂ ਉਤਰੀ ਤੇ ਸਿੱਲ੍ਹ ਭਰੀ ਕੋਠੜੀ ਅੰਦਰ ਕਦਮ ਰੱਖਦੇ ਸਾਰ ਹੀ ਮਨ ਨੂੰ ਡਾਢ੍ਹੀ ਸੱਟ ਵੱਜੀ। ਛੱਤ 'ਤੇ ਪਏ ਲੱਕੜ ਦੇ ਬਾਲੇ ਆਪਣੀ ਉਮਰ ਹੰਢਾ ਚੁੱਕੇ ਸਨ ਤੇ ਅੰਦਰੋਂ ਪੋਲੇ ਹੋ ਗਏ ਸਨ। ਉਨ੍ਹਾਂ ਵਿੱਚੋਂ ਕੜ-ਕੜ ਦੀ ਆਵਾਜ਼ ਆ ਰਹੀ ਸੀ। ਕਮਰੇ ਦੀ ਇੱਕ ਨੁੱਕਰੇ ਮੰਜੀ 'ਤੇ ਪਈ ਖਦਲੀ ਉਮਰ ਦੀ ਸ਼ਾਦਾਂ ਬਿੱਲੀ ਦਮੇ ਦੀ ਦਲਦਲ ਵਿੱਚ ਫਸੀ ਤਸਬੀਹ ਪੜ੍ਹ ਰਹੀ ਸੀ ਤੇ ਗ਼ਫ਼ੂਰਾ ਭਲਵਾਨ ਚਾਹ ਬਣਾ ਰਿਹਾ ਸੀ। ਨਮੋਸ਼ੀਆਂ ਪਾਲਣ ਦੇ ਇਨ੍ਹਾਂ ਦਿਨਾਂ ਵਿੱਚ ਮੈਂ ਆਪਣੇ ਬੁਢਾਪੇ ਦੇ ਛਿਛੜੇ ਸ਼ਾਦਾਂ ਬਿੱਲੀ ਨੂੰ ਖਵਾਉਣ ਲਈ ਉਹਦੀ ਕੋਠੜੀ ਵਿੱਚ ਆਇਆ ਸਾਂ ਤਾਂ ਜੇ ਮੂੰਹ ਮਾਰੀ ਤੇ ਖੱਜਲ-ਖੁਆਰੀ ਦੇ ਦਿਨਾਂ ਦੀ ਭੁੱਬਲ ਨੂੰ ਫਰੋਲ ਸਕਾਂ। ਕਿਉਂ ਜੇ ਮੈਂ ਅੱਜ ਵੀ ਆਪਣੀ ਮਨ ਮਸਤੀ ਵਿੱਚ ਮਸਤ ਰਹਿਣਾ ਪਸੰਦ ਕਰਦਾ ਸਾਂ। ਤਾਂਹੀਓਂ ਦਿਲ ਨਾਮੁਰਾਦ ਦਾ ਸਫ਼ਰ ਮੈਨੂੰ ਸ਼ਾਦਾਂ ਬਿੱਲੀ ਦੇ ਹੁਜਰੇ ਵੱਲ ਲੈ ਆਇਆ ਸੀ, ਜਿੱਥੇ ਡੱਡਲ ਮਕੌੜੇ ਤੇ ਕੱਕੀ ਕੀੜੀਆਂ ਨੇ ਡੇਰੇ ਲਾਏ ਹੋਏ ਸਨ।

ਸ਼ਾਦਾਂ ਬਿੱਲੀ ਕਦੇ ਜੰਮੂ ਦੇ ਮਹੱਲਾ ਜੀਵਨ ਸ਼ਾਹ ਦੀ ਸੁਲੱਖਣ, ਸੁਰੀਲੀ ਤੇ ਮਿੱਠਲ ਗਾਇਕਾ ਸੀ। ਉਹਦੇ ਸੰਗੀਤ ਦਾ ਸੁਰਮੰਡਲ ਤੇ ਆਵਾਜ਼ ਦਾ ਜਲਤਰੰਗ ਬੰਦੇ ਅੰਦਰ ਟੱਲ ਖੜਕਾਉਣੇ ਸ਼ੁਰੂ ਕਰ ਦਿੰਦਾ ਸੀ। ਉਹਦੀਆਂ ਕਮਲ ਕਟੋਰੀ ਤੇ ਕੱਜਲ ਨਾਲ਼ ਕਾਲੀਆਂ ਅੱਖਾਂ ਵੇਖਣ ਵਾਲਿਆਂ ਲਈ ਤੀਰ, ਤਲਵਾਰ, ਖ਼ੰਜਰ ਤੇ ਕਟਾਰ ਸਨ। ਉਹਦੇ ਦੰਦਾਂ ਉੱਤੇ ਚੜ੍ਹਿਆ ਸੱਕ ਦਾ ਤੱਕ ਲੱਖ ਦਾ ਸੀ। ਉਹ ਸੋਹਣੀ, ਗੋਰੀ, ਤਨ ਕੋਰੀ ਨਾਰੀ, ਗੰਨੇ ਦੀਆਂ ਗਨੇਰੀਆਂ ਵਾਂਗਰ ਮਿਠਆਰੀ ਸੀ। ਉਹਦੇ ਕੱਚੇ ਕੁਆਰੇ ਹਾਸੇ ਸੁਣਨ ਵਾਲਿਆਂ ਲਈ ਪਤਾਸੇ ਸਨ। ਮੈਂ ਕਈ ਵਾਰੀ ਉਹਦੀਆਂ ਗਨ੍ਹੇਰੀਆਂ ਚੂਪਣ ਦਾ ਆਹਰ ਕੀਤਾ ਪਰ ਉਹ ਆਪਣੇ ਤਨ ਦੇ ਕੱਪੜਿਆਂ ਉੱਤੇ ਦਾਗ਼ ਲਵਾਉਣ ਲਈ ਕਦੇ ਤਿਆਰ ਨਹੀਂ ਹੋਈ। ਉਹ ਤਾਂ ਸਿਰਫ਼ ਸੁਰ-ਭਗਤਣ ਸੀ। ਉਹਨੂੰ ਸੁਰ ਦੀ ਪਛਾਣ ਤੇ ਰਾਗ਼ਾਂ ਦਾ ਗਿਆਨ ਸੀ। ਗਾਉਣਾ ਵੂਹਦਾ ਸ਼ੌਕ ਵੀ ਸੀ ਤੇ ਰੋਜ਼ੀ ਰੋਟੀ ਦਾ ਵਸੀਲ਼ਾ ਵੀ। ਸੁਰ ਵਿੱਚ ਸੱਜੀਆਂ ਉਹਦੀਆਂ ਠੁਮਰੀਆਂ, ਕਾਫ਼ੀਆਂ, ਗੀਤ, ਗਜ਼ਲਾਂ, ਦਾਦਰੇ ਤੇ ਖ਼ਿਆਲ ਕਮਾਲ ਹੁੰਦੇ ਸਨ। ਸਾਜ਼ਾਂ ਨੂੰ ਸੁਰ ਵਿੱਚ ਕਰਨ ਲਈ ਸਾਜ਼ਿੰਦੇ, ਤਾਨਪੁਰੇ,

ਸਿਤਾਰ, ਸਾਰੰਗੀ, ਢੋਲਕ ਤੇ ਤਬਲਿਆਂ ਦੀ ਖਿਚਾਈ, ਕਸਾਈ, ਰਗੜਾਈ ਤੇ ਠੁਕਾਈ ਕਰਦੇ ਰਹਿੰਦੇ ਸਨ ਤੇ ਰੌਣਕ ਮੇਲਾ ਲੱਗਿਆ ਰਹਿੰਦਾ ਸੀ।

ਸ਼ਾਦਾਂ ਬਿੱਲੀ ਇੱਕ ਸੱਚਲ, ਸੁਚੱਲ ਤੇ ਸੱਜਲ ਨਾਰ ਸੀ। ਉਹਨੇ ਕਦੇ ਕੋਈ ਉਰਦੂ ਬਾਜ਼ਾਰ ਦੀਆਂ ਬੀਤਲ ਬੱਕਰੀਆਂ ਵਾਂਗ ਬਬਲੀਆਂ ਨਹੀਂ ਮਾਰੀਆਂ। ਉਹ ਕੋਈ ਰੰਡੀ ਨਹੀਂ ਸੀ ਕਿ ਚਲਦੇ ਸਿੱਕੇ ਵਾਂਗਰ ਗਰਦਿਸ਼ ਵਿੱਚ ਰਹੇ ਤੇ ਕਦੇ ਗਾਹਕ ਦੇ ਸਿਰ ਉੱਤੇ ਬਵ੍ਹੇ ਅਤੇ ਕਦੇ ਪੈਰਾਂ ਵਿੱਚ। ਸ਼ਾਦਾਂ ਬਿੱਲੀ ਨੇ ਕਦੇ ਕਿਸੇ ਘਰ ਦਾ ਦੁੱਧ ਨਹੀਂ ਪੀਤਾ। ਉਹ ਇੱਕ ਅਸੀਲ ਡੇਰੇਦਾਰਨੀ ਨਸੀਬੋ ਦੀ ਜਾਈ ਸੀ ਜਿਹੜੀ ਜਗੀਰਦਾਰ ਸਰਦਾਰ ਖ਼ਾਨ ਦੀ ਰਖੇਲ ਸੀ- ਤੇ ਰਖੇਲ ਕੱਚੀ ਘਾਣੀ ਦਾ ਤੇਲ ਹੁੰਦੀ ਏ। ਇਸ ਕੌੜੇ ਤੇਲ ਨੇ ਸਰਦਾਰ ਖ਼ਾਨ ਦੀਆਂ ਨਾਸਾਂ 'ਚੋਂ ਚੋਖਾ ਪਾਣੀ ਨਿਚੋੜਿਆ ਸੀ ਤੇ ਅੱਖਾਂ ਨੂੰ ਧੂੰ ਦਿੱਤਾ ਸੀ। ਸਰਦਾਰ ਖ਼ਾਨ ਨਸੀਬੋ ਦੇ ਰੰਗ-ਰੂਪ ਦਾ ਡੰਗਿਆ ਸੀ। ਉਹਨੂੰ ਆਪਣੀ ਤਰਫ਼ਾਟ ਦਾ ਦਾਰੂ ਨਸੀਬੋ ਦੇ ਕੋਠੇ 'ਤੇ ਹੀ ਮਿਲਦਾ ਸੀ। ਕਿਉਂ ਜੇ ਪੱਕੀ ਰੰਗਤ ਤੇ ਕੱਚੀ ਸੰਗਤ ਦੇ ਗੱਭਰੂ ਗੋਰੀਆਂ ਸ਼ਕਲਾਂ ਦੇ ਆਸ਼ਕ ਹੁੰਦੇ ਨੇ ਅਤੇ ਛੇਤੀ ਹੀ ਖਚ ਦੇ ਗਚ ਵਿੱਚ ਲਿਬੜੇ ਜਾਂਦੇ ਨੇ। ਅਜਿਹੇ ਆਸ਼ਕ ਰੰਡੀ ਦੇ ਕੁੱਤੇ ਦੀ ਖਖਵਾੜੀ ਨਾਲ਼ ਲੱਗੇ ਮਾਖਿਓਂ ਨੂੰ ਵੀ ਖਾਣ ਨੂੰ ਤਿਆਰ ਰਹਿੰਦੇ ਨੇ। ਦੁੰਬੇ ਤੇ ਗੋਂਦ ਦਾ ਚਰਬੀਲਾ ਗੋਸ਼ਤ ਖਾਣ ਵਾਲੇ ਇੱਕ ਆਸ਼ਕ ਕੱਦ-ਕਾਠ ਕੱਢਦਿਆਂ ਸਾਰ ਹੀ ਅਵਾਰਾਗਰਦੀ ਦੀਆਂ ਜੁੱਤੀਆਂ ਪੈਰੀਂ ਪਾ ਲੈਂਦੇ ਨੇ ਤੇ ਥਾਂ-ਥਾਂ ਖੇਹ ਖਾਂਦੇ ਫਿਰਦੇ ਨੇ। ਉਮਰ ਦੇ ਪੱਕੇ ਰੰਗਾਂ ਵਿੱਚ ਰੰਗੀ ਨਸੀਬੋ ਬੜੇ ਗੁਣਗਾਣ ਵਾਲੀ ਸੁਆਣੀ ਸੀ ਤੇ ਖ਼ਾਨਦਾਨੀ, ਕਾਰੋਬਾਰੀ ਅਤੇ ਸ਼ੌਕੀਨ ਬੰਦਿਆਂ ਦੀ ਖਰੀ ਪਛਾਣ ਰੱਖਦੀ ਸੀ। ਇਸ ਲਈ ਉਸ ਨੇ ਖ਼ੁਸ਼ੀ-ਖ਼ੁਸ਼ੀ ਸਰਦਾਰ ਖ਼ਾਨ ਦੀ ਰਖੇਲ ਬਣਨਾ ਕਬੂਲ ਕਰ ਲਿਆ। ਭਲਾ ਸਰੀਰ ਵਿੱਚ ਉਬਲਦਾ ਲਹੂ ਹੋਵੇ ਤੇ ਬੋਝੇ ਵਿੱਚ ਖਣਕਦਾ ਮਾਲ ਹੋਵੇ ਤਾਂ ਸ਼ੌਕ ਦੇ ਸ਼ੁਗਫੇ ਆਪ ਖਿੜਨ ਲੱਗਦੇ ਨੇ ਤੇ ਸਰੀਰ ਵਿੱਚ ਰੰਗੀਨੀ ਨੱਚਣ ਲੱਗਦੀ ਏ। ਅਤੇ ਸਰਦਾਰ ਖ਼ਾਨ ਕੋਲ ਨਾ ਦੌਲਤ ਦੀ ਘਾਟ ਸੀ ਤੇ ਨਾ ਹੀ ਸ਼ੌਕ ਦਾ ਜ਼ੌਕ। ਉੱਪਰੋਂ ਨਸੀਬੋ ਸਿਆਲਕੋਟ ਦੇ ਮੁਹੱਲੇ ਰਾਮ ਤਲਾਈ ਤੋਂ ਜੰਮੂ ਆਈ ਸੀ ਤੇ ਸਿਆਲਕੋਟੀਆਂ ਬਾਰੇ ਤਾਂ ਇਹ ਅਖਾਣ ਮਸ਼ਹੂਰ ਹੈ ਕਿ ਸਿਆਲਕੋਟੀ... ਬੂਟੀ। ਸਰਦਾਰ ਖ਼ਾਨ ਨਸੀਬੋ ਦੇ ਵਸਤਰ ਵਰਤਣ ਲੱਗਾ। ਜੁਆਨੀ ਦੀ ਤਰੰਗ ਦੇ ਰੰਗ ਵਿੱਚ ਨਸੀਬੋ ਜਗੀਰਦਾਰ ਸਰਦਾਰ ਖ਼ਾਨ ਨਾਲ਼ ਚਲਿੱਤਰ-ਚਲਿੱਤਰੀਆਂ ਕਰਦੀ ਰਹਿੰਦੀ। ਉਹਨੂੰ ਰਮਜ਼ਾਂ ਤੇ ਜੁਗਤਾਂ ਮਾਰਦੀ। ਉਸ ਨਾਲ਼ ਠੱਠੇ ਮਖ਼ੌਲ ਕਰਦੀ। ਨਾਜ਼, ਨਖ਼ਰੇ ਤੇ ਦਿਲਦਾਰੀਆਂ ਦੱਸਦੀ ਰਹਿੰਦੀ। ਉਹ ਜਾਣਦੀ ਸੀ ਕਿ ਜੋਬਨ, ਕੋਈ ਸਦਾ ਬਹਾਰ ਬਾਗ਼ ਨਹੀਂ ਹੁੰਦਾ। ਇਸ ਲਈ ਉਹ ਸਰਦਾਰ ਖ਼ਾਨ ਦਾ ਮਾਲ ਖੱਟਣ ਤੇ ਵੱਟਣ ਵਿੱਚ ਲੱਗੀ ਰਹਿੰਦੀ। ਸਰਦਾਰ

ਖ਼ਾਨ ਇਸ਼ਕ-ਮੁਸ਼ਕ ਵਾਲਾ ਬੰਦਾ ਸੀ। ਛੇਤੀ ਹੀ ਖਾਂਘੜ ਦਾ ਖੜਤਾਲ ਬਣ ਗਿਆ। ਉਹ ਨਸੀਬੋ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ, ਪਰ ਉਹਦੀ ਕੇਵਲ ਇੱਕੋ ਸ਼ਰਤ ਸੀ ਕਿ ਨਸੀਬੋ ਦੇ ਪਿੰਡੇ ਦਾ ਲੂਣ ਕੋਈ ਹੋਰ ਨਹੀਂ ਚਖ ਸਕਦਾ। ਪਰ ਸਰਦਾਰ ਖ਼ਾਨ ਨੂੰ ਕੌਣ ਸਮਝਾਉਂਦਾ ਕਿ ਪਾਣੀ ਦੀਆਂ ਮੱਛੀਆਂ ਸਾਰੇ ਮਛੇਰਿਆਂ ਲਈ ਹੁੰਦੀਆਂ ਹਨ, ਕਿਸੇ ਖ਼ਾਸ ਬੰਦੇ ਲਈ ਨਹੀਂ। ਉਹਨੂੰ ਕੌਣ ਸਮਝਾਉਂਦਾ ਕਿ ਕੋਠਾ ਫ਼ਕੀਰ ਦਾ ਹੋਵੇ ਜਾਂ ਰੰਡੀ ਦਾ, ਦੋਵਾਂ ਦਾ ਮਕਸਦ ਲੋਕਾਂ ਦਾ ਮਨ ਪਰਚਾਉਣਾ ਹੁੰਦਾ ਹੈ ਤਾਂਹੀਓਂ ਕੋਠੇ ਤੇ ਚੁਬਾਰੇ ਬੇਇਤਬਾਰੇ ਹੁੰਦੇ ਨੇ। ਇਨ੍ਹਾਂ ਕੋਠਿਆਂ ਵਿੱਚ ਬੇਗ਼ੈਰਤੀ, ਬਦਲਿਹਾਜ਼ੀ ਤੇ ਮਾਇਆਜਾਲ਼ ਦੇ ਟਟਹਿਣੇ ਬਲਦੇ ਬੁਝਦੇ ਰਹਿੰਦੇ ਨੇ। ਰੱਬ ਜਾਣੇ ਨਸੀਬੋ ਨੇ ਕਿਹੜੇ ਕਬੂਤਰ ਦਾ ਚੋਗ ਚੁਗਿਆ ਸੀ ਕਿ ਉਹਦੇ ਪੈਰ ਭਾਰੀ ਹੋ ਗਏ ਤੇ ਢਿੱਡ ਬਾਹਰ ਨਿਕਲ ਆਇਆ। ਉਹਨੇ ਸ਼ਾਦਾਂ ਬਿੱਲੀ ਨੂੰ ਜਨਮ ਦਿੱਤਾ। ਉਸ ਨੂੰ ਯਕੀਨ ਸੀ ਕਿ ਸ਼ਾਦਾਂ ਸਰਦਾਰ ਖ਼ਾਨ ਦਾ ਹੀ ਦਿੱਤਾ ਹੋਇਆ ਤੋਹਫ਼ਾ ਹੈ ਪਰ ਫਿਰ ਵੀ ਜੰਮਣ ਮਗਰੋਂ ਨਸੀਬੋ ਨੇ ਪਿਉ ਦਾ ਖਾਨਾ ਖ਼ਾਲੀ ਰੱਖਿਆ ਸੀ ਤਾਂ ਜੋ ਕੋਈ ਸ਼ਾਦਾਂ 'ਤੇ ਆਪਣਾ ਹੱਕ ਨਾ ਜਤਾ ਸਕੇ। ਨਸੀਬੋ ਨੂੰ ਵਿਸ਼ਵਾਸ ਸੀ ਕਿ ਆਉਣ ਵਾਲੇ ਕੱਲ੍ਹ ਨੂੰ ਸ਼ਾਦਾਂ ਉਹਦੇ ਕੋਠੇ 'ਤੇ ਚੰਨ ਵਾਂਗਰ ਚਮਕੇਗੀ ਤੇ ਸੂਰਜ ਵਾਂਗ ਲਿਸ਼ਕੇਗੀ ਤੇ ਉਹਦੇ ਬੁਢਾਪੇ ਦਾ ਸਹਾਰਾ ਬਣੇਗੀ। ਇਸ ਲਈ ਨਸੀਬੋ ਉਹਦੇ ਪਾਲਣ-ਪੋਸ਼ਣ ਵਿੱਚ ਕੋਈ ਕਸਰ ਨਹੀਂ ਸੀ ਰੱਖਣਾ ਚਾਹੁੰਦੀ। ਸ਼ਾਦਾਂ ਨੂੰ ਸੁਰ ਸੰਗੀਤ ਦਾ ਸਬਕ ਦਿੱਤਾ ਜਾਣ ਲੱਗਾ। ਇੰਦੌਰ, ਗਵਾਲੀਅਰ, ਸ਼ਾਮ ਚੌਰਾਸੀ ਤੇ ਪਟਿਆਲਾ ਘਰਾਣੇ ਦੇ ਗੁਣੀ ਉਸਤਾਦ ਉਹਨੂੰ ਸੁਰਾਂ ਦੀ ਸਤਰੰਗੀ ਪੀਂਘ ਝੁਟਾਉਂਦੇ। ਉਹਨੂੰ ਕਲਾ ਸੰਗੀਤ ਦੀਆਂ ਬਾਰੀਕੀਆਂ ਸਮਝਾਉਂਦੇ। ਰਾਗਾਂ ਦਾ ਗਿਆਨ ਦਿੰਦੇ। ਸ਼ਾਦਾਂ ਵੀ ਮਨ ਲਾ ਕੇ ਸਿੱਖਣ ਲੱਗੀ ਅਤੇ ਹੌਲ਼ੀ-ਹੌਲ਼ੀ ਆਪਣੀ ਪਛਾਣ ਬਣਾਉਣ ਲੱਗੀ। ਕਦੇ-ਕਦੇ ਮੁਜਰਿਆਂ ਵਿੱਚ ਉਹ ਆਪਣੀ ਮਾਂ ਨਸੀਬੋ ਨਾਲ਼ ਵੀ ਸੰਗਤ ਕਰਨ ਲੱਗੀ।

ਫਿਰ ਉਹ ਵੇਲਾ ਆ ਗਿਆ ਜਦ ਨਸੀਬੋ ਸੁਰ ਤੋਂ ਬੇਸੁਰੀ ਹੋਣੀ ਸ਼ੁਰੂ ਹੋ ਗਈ। ਉਹਦੀ ਆਵਾਜ਼ ਦੀ ਬੁਲਬੁਲ ਨੇ ਕੂਕਣਾ ਬੰਦ ਕਰ ਦਿੱਤਾ। ਉਹ ਨਸੀਬੋ, ਜਿਹੜੀ ਆਪਣੀ ਲੋੜ ਨੂੰ ਖੰਡ ਦੀ ਪੁੜੀ ਬਣ ਜਾਂਦੀ ਸੀ ਅੱਜ ਉਹਦੇ ਖੇਤ ਦੀ ਗਿਰਦੌਰੀ ਲਾਉਣ ਨੂੰ ਕੋਈ ਪਟਵਾਰੀ ਤਿਆਰ ਨਹੀਂ ਸੀ ਹੁੰਦਾ। ਸਾਰੇ ਉਸ ਤੋਂ ਖਿਝ ਖਾਣ ਲੱਗੇ। ਹੁਣ ਉਹਦੀ ਉਮਰ ਚੌਲਾਂ ਵਿੱਚੋਂ ਵੰਡ ਚੁਣਨ ਦੀ ਹੋ ਗਈ ਸੀ ਤੇ ਸ਼ਾਦਾਂ ਬਿੱਲੀ ਦੀ ਉਮਰ ਸਰੀਰ ਨੂੰ ਬੁਟਨਾ ਮਲਣ, ਹੱਥਾਂ ਪੈਰਾਂ 'ਤੇ ਮਹਿੰਦੀ ਲਾਉਣ, ਸੁੱਚੇ ਤਿੱਲੇ ਦੇ ਪਰਾਂਦੇ ਸਜਾਉਣ, ਗੋਟੇ ਕਿਨਾਰੀ ਦੀਆਂ ਚੁੰਨੀਆਂ ਲੈਣ ਤੇ ਹਾਰ ਸ਼ਿੰਗਾਰ ਕਰਨ ਦੀ। ਨਸੀਬੋ ਲਈ ਹੁਣ ਯਾਰੀਆਂ ਦਿਲਦਾਰੀਆਂ ਤੇ

ਜੁਗਤਬਾਜ਼ੀਆਂ ਖੋਖਲੀਆਂ ਤੇ ਬੇਸੁਆਦੀਆਂ ਹੋ ਗਈਆਂ ਸਨ। ਹੁਣ ਉਸ ਪੱਕੀ ਪਕਰੋੜ ਸੁਆਣੀ ਦਾ ਸਰੀਰ ਵੀ ਪੱਕੇ ਪਪੀਤੇ ਵਾਂਗਰ ਥਥਲਾਉਣ ਲੱਗਾ ਸੀ। ਉਹਨੇ ਰੱਜ ਕੇ ਆਪਣੀ ਤੇ ਪਰਾਈ ਅੱਗ ਸੇਕ ਲਈ ਸੀ ਤੇ ਨਰਕ ਦੇ ਤਿੰਨੋਂ ਦੁਆਰ ਟੱਪ ਆਈ ਸੀ। ਤਾਂਹੀਓਂ ਹੁਣ ਕਦੇ-ਕਦੇ ਪਲੰਘ 'ਤੇ ਬਹਿ ਕੇ ਉਹ ਆਪਣੀ ਲੋਰ ਵਿੱਚ ਕਈ ਲੋਕ ਗੀਤ ਗਾਉਂਦੀ ਰਹਿੰਦੀ। ਜਿਵੇਂ:

*'ਵਗ ਵਗ ਤਵੀ ਦਿਆ ਪਾਣੀਆ*
*ਤੇਰੇ ਸ਼ਹਿਰ ਵਿੱਚ ਮੌਜਾਂ ਮਾਣੀਆਂ'*

*'ਬੋਲ ਮਿੱਟੀ ਦਿਆ ਬਾਵਿਆ*
*ਤੇਰੇ ਦੁੱਖਾਂ ਕਲੇਜਾ ਸਾੜਿਆ'*

*ਜਾਂ ਫਿਰ*
*'ਮਿੱਟੀ ਦੇ ਖਿਡੌਣੇ*
*ਘੜੀ ਪਲ ਦੇ ਪ੍ਰਾਹੁਣੇ'*

ਵੇਲੇ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੁੰਦੀ ਹੈ ਕਿ ਉਹ ਚੁੱਪਚਾਪ ਲੰਘ ਜਾਂਦਾ ਹੈ ਤੇ ਮਾਜ਼ੀ ਦਾ ਹਿੱਸਾ ਬਣ ਜਾਂਦਾ ਹੈ। ਨਸੀਬੋ ਵੀ ਬੀਤੇ ਦਾ ਹਿੱਸਾ ਬਣ ਚੁੱਕੀ ਸੀ ਤੇ ਇਹ ਖਿਡੌਣਾ ਹੁਣ ਘੜੀ ਪਲ ਦਾ ਪ੍ਰਾਹੁਣਾ ਸੀ। ਫਿਰ ਮਿੱਟੀ ਘੱਟੇ ਦੀ ਧੂਲ ਵਿੱਚ ਉਹ ਵੀ ਬਿਖ਼ਰ ਗਈ- ਅਤੇ ਚੁਬਾਰੇ ਦੀ ਚੌਧਰਾਹਟ ਸ਼ਾਦਾਂ ਬਿੱਲੀ ਦੇ ਹੱਥ ਆ ਗਈ। ਸੁਰ ਸੰਗੀਤ ਦੀਆਂ ਮਹਿਫ਼ਲਾਂ ਮੁੜ ਜੋਬਨ 'ਤੇ ਆ ਗਈਆਂ ਸਨ। ਸਾਜ਼ਿੰਦੇ ਤੇ ਸਾਜ਼ ਮੁੜ ਸੱਜਣ ਲੱਗੇ। ਆਵਾਜ਼ ਦਾ ਜਲਤਰੰਗ ਮੁੜ ਵੱਜਣ ਲੱਗਾ। ਦਿਲ ਦੇ ਆਲ੍ਹਣੇ ਵਿੱਚ ਸੁਰੀਲੇ ਪੰਛੀ ਮੁੜ ਚਹਿਕਣ ਲੱਗੇ ਤੇ ਰੌਣਕਾਂ ਵਧਣ ਲੱਗੀਆਂ।

ਇਸ ਮੌਜ ਮੇਲੇ ਵਿੱਚ ਗੁੜ੍ਹਾ-ਸਲ੍ਹਾਥੀਆਂ ਦਾ ਇੱਕ ਜਿਨ-ਜੱਫਾ, ਅੜੀਅਲ ਤੇ ਸੜੀਅਲ ਗੱਭਰੂ ਗਜੇ ਸਿੰਘ ਚਾੜ੍ਹਕ ਵੀ ਸ਼ਾਦਾਂ ਬਿੱਲੀ ਦੇ ਚੁਬਾਰੇ 'ਤੇ ਆਉਣ ਲੱਗਾ ਤੇ ਚੜ੍ਹਦੀ ਜਵਾਨੀ ਦੇ ਖ਼ੁਮਾਰ ਵਿੱਚ ਸ਼ਾਦਾਂ ਉੱਤੇ ਆਪਣਾ ਹੱਕ ਜਤਾਉਣ ਲੱਗਾ। ਉਹ ਅੜਬ ਰਾਜਪੂਤ, ਕੁਨਾਲੀ ਦਾ ਮੂਤ ਸੀ, ਇਸ ਲਈ ਸ਼ਾਦਾਂ ਬਿੱਲੀ ਨੂੰ ਆਪਣੀ ਜ਼ਾਤੀ ਜਗੀਰ ਸਮਝਣ ਲੱਗਾ ਤੇ ਹੁਕਮ ਚਲਾਉਣ ਲੱਗਾ ਕਿ ਸ਼ਾਦਾਂ ਉਸ ਤੋਂ ਇਲਾਵਾ ਕਿਸੇ ਹੋਰ ਲਈ ਨਹੀਂ ਗਾਏਗੀ। ਉਹ ਕਿਸੇ ਨੂੰ

ਸ਼ਾਦਾਂ ਦੇ ਚੁਬਾਰੇ 'ਤੇ ਚੜ੍ਹਨ ਨਹੀਂ ਸੀ ਦਿੰਦਾ ਅਤੇ ਹਰ ਕਿਸੇ ਨਾਲ਼ ਲੜਨ ਝਗੜਣ ਲੱਗਦਾ, ਮਾਰ ਕੁਟਾਈ ਕਰਨ ਲੱਗਦਾ। ਕਈ ਵਾਰੀ ਉਹਨੂੰ ਪੁਲਿਸ ਫੜ ਕੇ ਵੀ ਲੈ ਗਈ ਪਰ ਫਿਰ ਵੀ ਉਹ ਬਾਜ਼ ਨਹੀਂ ਸੀ ਆਉਂਦਾ। ਉਹ ਸ਼ਾਦਾਂ ਬਿੱਲੀ ਨੂੰ ਕਹਿੰਦਾ, "ਇਹ ਚੁਬਾਰਾ ਬੇਸ਼ਕ ਤੇਰੀ ਜਗੀਰ ਹੋਏਗਾ ਪਰ ਤੂੰ ਮੇਰੀ ਜਗੀਰ ਏਂ, ਮੇਰੀ ਸੋਹਣੀ, ਮੇਰੀ ਸੱਸੀ ਤੇ ਮੇਰੀ ਹੀਰ ਏਂ।" ਗਜੇ ਸਿੰਘ ਚਾੜ੍ਹਕ ਨਿਵੇਕਲੇ ਸੁਭਾਅ ਦਾ ਬੰਦਾ ਸੀ। ਪਲ ਵਿੱਚ ਫਟਕੜੀ ਤੇ ਪਲ ਵਿੱਚ ਪਤਾਸਾ। ਗੱਜੂ ਸ਼ਾਦਾਂ ਬਿੱਲੀ ਨਾਲ਼ ਛਛੋਰੀਆਂ ਹਰਕਤਾਂ ਕਰਦਾ, ਉਸ ਨਾਲ਼ ਟਿਚਕਰੀਆਂ ਕਰਦਾ, ਉਹਨੂੰ ਜੁਗਤਾਂ ਮਾਰਦਾ, ਝਾੜ ਫਟਕਾਰ ਕਰਦਾ ਅਤੇ ਸ਼ਰਾਬ ਤੇ ਗਾਂਜੇ ਦੇ ਨਸ਼ੇ ਵਿੱਚ ਗਾਲ੍ਹਾਂ ਬਕਦਾ ਰਹਿੰਦਾ। ਸ਼ਾਦਾਂ ਬਿੱਲੀ ਡਾਢੀ ਆਵਾਜ਼ਾਰ ਸੀ। ਉਹਦਾ ਜੀਵਨ ਕਠਿਨ ਬਣ ਗਿਆ ਸੀ। ਹਰ ਮੁਟਿਆਰ ਦੀ ਜਵਾਨੀ ਦੇ ਅੰਗਾਂ ਨੂੰ ਕਿਸੇ ਦਿਲ ਖਿਚਵੇਂ ਤੇ ਮਨਭਾਉਂਦੇ ਮਰਦ ਦੇ ਸੰਗ ਦੀ ਲੋੜ ਹੁੰਦੀ ਹੈ ਤਾਂ ਜੋ ਉਹਦੀ ਰੰਗਤ ਨਿਖਰੇ। ਪਰ ਗੱਜੂ ਚਾੜ੍ਹਕ ਜਿਹੇ ਕਠੋਰ ਸੁਭਾਅ ਦੇ ਬੰਦੇ ਨੂੰ ਸ਼ਾਦਾਂ ਬਿੱਲੀ ਇੱਕ ਪਲ ਲਈ ਵੀ ਬਰਦਾਸ਼ਤ ਨਹੀਂ ਕਰ ਸਕਦੀ। ਗਜੇ ਸਿੰਘ ਦੇ ਸਰੀਰ ਦੇ ਖ਼ੂਹ ਵਿੱਚ ਵਾਸਨਾ ਦਾ ਕੁੱਤਾ ਸੜ ਰਿਹਾ ਸੀ। ਉਹਦੀਆਂ ਨਜ਼ਰਾਂ ਨਾਪਾਕ ਤੇ ਪਲੀਤ ਸਨ। ਉਹ ਕਿਸੇ ਵੀ ਹਾਲਤ ਵਿੱਚ ਗੱਜੂ ਜਿਹੇ ਮਨਹੂਸੜੇ ਦੀ ਚਾਟੀ 'ਚੋਂ ਖੱਟੀ ਲੱਸੀ ਨਹੀਂ ਸੀ ਪੀ ਸਕਦੀ। ਸ਼ਾਦਾਂ ਹੁਸਨ ਤੇ ਜਮਾਲ ਨਾਲ਼ ਸੱਜੀ ਮੁਟਿਆਰ ਆਪਣੀ ਤੌਹੀਨ ਤੇ ਜ਼ਲਾਲਤ ਨਹੀਂ ਸੀ ਝੱਲ ਸਕਦੀ। ਉਹ ਨਹੀਂ ਸੀ ਚਾਹੁੰਦੀ ਕਿ ਉਹ ਬਾਰਿਸ਼ ਤੋਂ ਬਚੇ ਤੇ ਪਰਨਾਲੇ ਹੇਠਾਂ ਬਹਿ ਜਾਏ। ਇਸ ਲਈ ਇਕ ਦਿਨ ਉਹਨੇ ਗਜੇ ਸਿੰਘ ਚਾੜ੍ਹਕ ਨੂੰ ਖਰੀਆਂ-ਖਰੀਆਂ ਸੁਣਾਈਆਂ। ਭਲਾ ਸਬਰ ਤੇ ਜਬਰ ਵਿੱਚ ਦੱਬਿਆ ਜਜ਼ਬਾ ਕ੍ਰੋਧ ਨੂੰ ਪਾਲਦਾ ਹੈ। ਉਹ ਕਹਿਣ ਲੱਗੀ- "ਮੇਰੇ ਲਈ ਤੂੰ ਨਾ ਤਿੰਨ ਵਿੱਚ ਏਂ ਨਾ ਤੇਰਾਂ ਵਿੱਚ। ਅਤੇ ਨਾ ਤਿੱਤਰਾਂ ਵਿੱਚ ਏਂ ਤੇ ਨਾ ਬਟੇਰਾਂ ਵਿੱਚ। ਆਪਣੀ ਬੂਥੀ ਵੇਖ। ਨਾ ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ। ਇਸ ਲਈ ਦੁਬਾਰਾ ਚੁਬਾਰੇ ਦੀ ਮੋਹਾਟ ਨਾ ਟੱਪੀਂ। ਨਹੀਂ ਤੇ ਗਫ਼ੂਰੇ ਭਲਵਾਨ ਕੋਲੋਂ ਤੇਰੀਆਂ ਲੱਤਾਂ ਤੁੜਵਾ ਦਿਆਂਗੀ। ਉਹ ਤੇਰੀ ਗਰਦਨ ਦੇ ਮਣਕੇ ਤੋੜ ਦੇਵੇਗਾ ਤੇ ਤੂੰ ਸਦਾ ਲਈ ਅਪਾਹਜ ਬਣ ਕੇ ਮੰਜੀ 'ਤੇ ਪਿਆ ਮਰਦਾ-ਸੜਦਾ ਰਵ੍ਹੇਂਗਾ। ਜਾ ਘਰ ਦਾ ਸਵਰਗ ਸਾਂਭ ਤੇ ਬਾਹਰ ਦਾ ਨਰਕ ਨਾ ਫਰੋਲ। ਚੱਲ ਦਫ਼ਾ ਹੋ ਜਾ ਏਥੋਂ।"

ਗਫ਼ੂਰਾ ਭਲਵਾਨ ਸ਼ਾਦਾਂ ਬਿੱਲੀ ਦਾ ਖ਼ਾਮੋਸ਼ ਸ਼ੈਦਾਈ ਸੀ ਤੇ ਉਹਦੀ ਆਵਾਜ਼ ਦਾ ਆਸ਼ਿਕ। ਉਹ ਹਮੇਸ਼ਾ ਸ਼ਾਦਾਂ ਬਿੱਲੀ ਨੂੰ 'ਸੁਰ ਦੀ ਸਰਕਾਰ' ਕਹਿ ਕੇ ਬੁਲਾਉਂਦਾ ਤੇ ਉਹਦਾ ਹਰ ਹੁਕਮ ਮੰਨਦਾ। ਗਫ਼ੂਰਾ ਭਲਵਾਨ ਮਾਲਕ ਦੇ ਅੱਗੇ ਸਾਲਕ ਸੀ, ਸਾਲਕ ਦੇ ਅੱਗੇ ਬਾਲਕ ਸੀ ਤੇ ਬਾਲਕ ਦੇ ਅੱਗੇ ਚਾਕਰ ਬਣ ਕੇ

ਸ਼ਾਦਾਂ ਬਿੱਲੀ ਦੀ ਸੇਵਾ ਕਰਦਾ ਸੀ ਤਾਂ ਜੋ ਉਹਦਾ ਰਾਂਝਾ ਰਾਜ਼ੀ ਰਹੇ। ਉਹਨੂੰ ਕਿਸੇ ਸੇਵਾ ਫਲ ਦੀ ਲੋੜ ਨਹੀਂ ਸੀ। ਉਹ ਤਾਂ ਸ਼ਾਦਾਂ ਦੇ ਚੁਬਾਰੇ ਦੀ ਸਰਦਲ ਦਾ ਅਰਦਲ ਸੀ। ਗਫ਼ੂਰੇ ਦੇ ਮਨ ਦੇ ਸਿੰਘਾਸਣ 'ਤੇ ਸ਼ਾਦਾਂ ਬਿੱਲੀ ਦੇ ਸੁਰਮੰਡਲ ਦਾ ਰਾਜ਼ ਸੀ। ਪਰ ਗਜੇ ਸਿੰਘ ਵੀ ਚਾੜਕਾਂ ਦਾ ਵਿਗੜਿਆ ਪੁੱਤਰ ਸੀ। ਉਹ ਕਿਸੇ ਕੀਮਤ 'ਤੇ ਵੀ ਸ਼ਾਦਾਂ ਬਿੱਲੀ ਨੂੰ ਛੱਡਣ ਲਈ ਤਿਆਰ ਨਹੀਂ ਸੀ। ਉਹ ਸਮਝਦਾ ਸੀ ਕਿ ਕਾਲੀ ਰਾਤ ਦੀ ਕਾਲੀ ਬੁੱਕਲ ਵਿੱਚ ਹਰ ਸ਼ੈਅ ਕਾਲੀ ਹੁੰਦੀ ਹੈ ਤੇ ਇੱਕ ਨਾ ਇੱਕ ਦਿਨ ਉਹ ਸ਼ਾਦਾਂ ਦੀ ਕਾਲੀ ਬੁੱਕਲ ਵਿੱਚ ਵੜ ਕੇ ਦੱਸੇਗਾ। ਪਰ ਭੁਲੇਖਿਆਂ ਦਾ ਕੀ ਹੈ, ਜਿੰਨੇ ਮਰਜ਼ੀ ਪਾਈ ਜਾਉ।

– ਫਿਰ ਇੰਝ ਹੋਇਆ ਕਿ ਸ਼ਾਦਾਂ ਬਿੱਲੀ ਦੇ ਜੀਵਨ ਭਵਨ ਵਿੱਚ ਇੱਕ ਭੁਚਾਲ ਆ ਗਿਆ। ਉਸ ਨੂੰ ਮਨ ਮੰਗਿਆ ਮਾਹੀ ਮਿਲ ਗਿਆ, ਜਿਸ ਦਾ ਨਾਂ ਸੀ ਯੂਸਫ਼ ਤੇ ਜਿਹੜਾ ਯੂਸਫ਼ ਵਾਂਗਰ ਹੀ ਅੱਤ ਦਾ ਸੋਹਣਾ ਸੀ ਤੇ ਜਿਸ ਉੱਤੇ ਅੱਖ ਹੀ ਨਹੀਂ ਸੀ ਟਿਕਦੀ... ਤਿਲਕ ਤਿਲਕ ਪੈਂਦੀ ਸੀ। ਛੇਤੀ ਹੀ ਯੂਸਫ਼ ਸ਼ਾਦਾਂ ਬਿੱਲੀ ਦੇ ਦਿਲ ਦਾ ਰਬਾਬ ਬਣ ਗਿਆ। ਉਹਦਾ ਸਰਗਮ। ਉਹ ਆਪ ਵੀ ਵਧੀਆ ਗਾਉਂਦਾ ਸੀ ਤੇ ਸੁਰਾਂ ਦੇ ਸਰੋਵਰ ਵਿੱਚ ਹੀ ਪਲਿਆ ਸੀ। ਦੋਵਾਂ ਦਾ ਸ਼ੌਕ ਸਾਂਝਾ ਸੀ। ਫ਼ਰਕ ਕੇਵਲ ਏਨਾ ਸੀ ਕਿ ਯੂਸਫ਼ ਸਿਰਫ਼ ਸੂਫ਼ੀਆਂ ਦਾ ਕਲਾਮ ਹੀ ਗਾਉਂਦਾ ਪਰ ਸ਼ਾਦਾਂ ਬਿੱਲੀ ਨੂੰ ਗਾਹਕਾਂ ਦੀ ਪਸੰਦ ਦਾ ਖ਼ਿਆਲ ਰੱਖਣਾ ਪੈਂਦਾ ਤੇ ਹਰ ਤਰ੍ਹਾਂ ਦੀ ਗਾਇਕੀ ਦਾ ਨਜ਼ਰਾਨਾ ਪੇਸ਼ ਕਰਨਾ ਪੈਂਦਾ। ਯੂਸਫ਼ ਦੀ ਸੰਗਤ ਨਾਲ਼ ਸ਼ਾਦਾਂ ਨੂੰ ਬਾਬਾ ਫ਼ਰੀਦ, ਸ਼ਾਹ ਹੁਸੈਨ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ ਤੇ ਮੀਆਂ ਮੁਹੰਮਦ ਬਖ਼ਸ਼ ਜਿਹੇ ਸੂਫ਼ੀਆਂ ਦਾ ਕਲਾਮ ਜ਼ਬਾਨੀ ਯਾਦ ਹੋ ਗਿਆ ਸੀ। ਇਨ੍ਹਾਂ ਸੂਫ਼ੀਆਂ ਦਾ ਕਲਾਮ ਸੁਣ ਕੇ ਅਤੇ ਗਾ ਕੇ ਉਸ ਨੂੰ ਰੂਹਾਨੀ ਸਕੂਨ ਮਿਲਦਾ। ਸ਼ਾਦਾਂ ਬਿੱਲੀ ਦੇ ਰੂਹ ਦੀ ਗਾਗਰ ਸੁੱਕੀ ਸੀ ਪਰ ਉਹਨੂੰ ਖੂਹ ਦੀ ਖੋਜ ਨਹੀਂ ਕਰਨੀ ਪਈ। ਖੂਹ ਤਾਂ ਉਸ ਕੋਲ ਆਪ ਯੂਸਫ਼ ਦੇ ਰੂਪ ਵਿੱਚ ਆ ਚੁੱਕਿਆ ਸੀ। ਜਿਸ ਕਾਰਨ ਸ਼ਾਦਾਂ ਬਿੱਲੀ ਸੱਸੀ ਵਾਂਗਰ ਜਲ ਤੇ ਥਲ ਹੋ ਗਈ ਸੀ। ਤੇ ਹੁਣ ਉਹਦੇ ਦਿਮਾਗ਼ ਨੂੰ ਦਿਲ ਦੀ ਰਾਖੀ ਨਹੀਂ ਸੀ ਕਰਨੀ ਪੈਂਦੀ। ਉਹ ਹੁਣ ਖ਼ੁਸ਼ ਸੀ।

ਪਰ ਗਜੇ ਸਿੰਘ ਸ਼ਾਦਾਂ ਬਿੱਲੀ ਦਾ ਪਿੱਛਾ ਨਹੀਂ ਸੀ ਛੱਡ ਰਿਹਾ। ਉਹ ਅਕਸਰ ਉਹਨੂੰ ਤੰਗ ਕਰਨ ਆ ਜਾਂਦਾ। ਉਹ ਅਕਲ ਦਾ ਲਿੱਸਾ ਤੇ ਵਰਤਾਰੇ ਦਾ ਫਿੱਕਾ ਸੀ। ਤੇ ਪਰਾਈ ਸੁੱਥਣ ਵਿੱਚ ਲੱਤਾਂ ਫਸਾਉਣ ਤੋਂ ਬਾਜ਼ ਨਹੀਂ ਸੀ ਆਉਂਦਾ। ਮਗ਼ਰੂਰੀ, ਹੰਕਾਰ ਤੇ ਵਡਿਆਈ ਦੇ ਨਸ਼ੇ ਕਾਰਨ ਉਹ ਕਈ ਵਾਰ ਜੇਲ੍ਹ ਯਾਤਰਾ ਵੀ ਕਰਦਾ ਰਹਿੰਦਾ ਸੀ। ਜੇਲ੍ਹ ਵਿੱਚ ਹੀ ਉਹਨੂੰ ਸ਼ਾਦਾਂ ਬਿੱਲੀ ਤੇ ਯੂਸਫ਼ ਦੇ ਰਿਸ਼ਤੇ ਦੀ ਉੱਘ-ਸੁੱਘ ਮਿਲ ਚੁੱਕੀ ਸੀ। ਜਦ ਉਹ ਜੇਲ੍ਹੋਂ ਬਾਹਰ ਆਇਆ ਤਾਂ

ਉਹਦੀ ਖੋਪੜੀ ਦੀ ਕੋਠੜੀ ਵਿੱਚ ਭਾਂਬੜ ਮਚ ਰਿਹਾ ਸੀ। ਉਹ ਸਿੱਧਾ ਸ਼ਾਦਾਂ ਬਿੱਲੀ ਦੇ ਚੁਬਾਰੇ 'ਤੇ ਗਿਆ ਜਿੱਥੇ ਯੂਸਫ਼ ਤੇ ਸ਼ਾਦਾਂ ਰਿਆਜ਼ ਕਰ ਰਹੇ ਸੀ।

ਗਜੂ ਚਾੜ੍ਹਕ ਨੇ ਚਾਕੂ ਦੇ ਫਲ ਨਾਲ਼ ਯੂਸਫ਼ ਦਾ ਫੇਫੜਾ ਪਾੜ ਦਿੱਤਾ। ਯੂਸਫ਼ ਜਾਨ-ਕਨੀ ਦੀ ਹਾਲਤ ਵਿੱਚ ਫੜਫੜਾਉਣ ਲੱਗਾ ਤੇ ਹੌਲ਼ੀ-ਹੌਲ਼ੀ ਉਹਦੀ ਫੜਫੜਾਹਟ ਖ਼ਤਮ ਹੋ ਗਈ ਤੇ ਉਹ ਦਮ ਦੇ ਗਿਆ। ਯੂਸਫ਼ ਨੂੰ ਮੌਤ ਦੀ ਗੋਦ ਵਿੱਚ ਜਾਂਦਿਆਂ ਵੇਖ ਕੇ ਗਫ਼ੂਰੇ ਭਲਵਾਨ ਕੋਲੋਂ ਰਹਿ ਨਹੀਂ ਹੋਇਆ। ਉਹਨੇ ਟੋਕੇ ਦੇ ਇੱਕੋ ਫਟ ਨਾਲ਼ ਗਜੇ ਸਿੰਘ ਚਾੜ੍ਹਕ ਦਾ ਗਾਟਾ ਲਾਹ ਦਿੱਤਾ ਤੇ ਯੂਸਫ਼ ਦਾ ਹਿਸਾਬ ਤਾਰ ਦਿੱਤਾ। ਗਫ਼ੂਰਾ ਭਲਵਾਨ ਵੀ ਪਠਾਨ ਦਾ ਪੂਤ ਸੀ ਤੇ ਘੜੀ ਵਿੱਚ ਵਲੀ ਤੇ ਘੜੀ ਵਿੱਚ ਭੂਤ ਸੀ। ਉਹ ਟੋਕਾ ਲੈ ਕੇ ਆਪ ਥਾਣੇ ਚਲਾ ਗਿਆ ਤੇ ਸਾਰੀ ਘਟਨਾ ਬਿਆਨ ਕਰ ਦਿੱਤੀ। ਮੁਨਸ਼ੀ ਨੇ ਪਰਚਾ ਕੱਟਿਆ ਤੇ ਗਫ਼ੂਰੇ ਨੂੰ ਹਵਾਲਾਤ ਵਿੱਚ ਬੰਦ ਕਰ ਦਿੱਤਾ। ਗਫ਼ੂਰਾ ਭਲਵਾਨ ਦਿਲ ਗੁਰਦੇ ਦਾ ਏਨਾ ਪੱਕਾ ਸੀ ਕਿ ਦਰਦਾਂ ਤੇ ਪੀੜਾਂ ਵੀ ਉਸ ਨਾਲ਼ ਆਢਾ ਲਾ ਕੇ ਸ਼ਰਮਸਾਰ ਹੁੰਦੀਆਂ। ਉਸ ਦੀ ਜ਼ਿੰਦਗੀ ਤਾਂ ਸ਼ਾਦਾਂ ਦੀ ਬੰਦਗੀ ਸੀ ਇਸ ਲਈ ਉਹਨੂੰ ਕੋਈ ਪਛਤਾਵਾ ਨਹੀਂ ਸੀ।

– ਮੈਂ ਉਦੋਂ ਸਿਟੀ ਥਾਣੇ ਦਾ ਥਾਣੇਦਾਰ ਸਾਂ ਤੇ ਸਾਰੇ ਕੇਸ ਦੀ ਤਫ਼ਤੀਸ਼ ਮੈਂ ਆਪ ਕੀਤੀ ਸੀ। ਉਨ੍ਹਾਂ ਦਿਨਾਂ ਤਫ਼ਤੀਸ਼ ਦੇ ਸਿਲਸਿਲੇ ਵਿੱਚ ਮੈਨੂੰ ਕਈ ਵਾਰੀ ਸ਼ਾਦਾਂ ਬਿੱਲੀ ਦੇ ਚੁਬਾਰੇ 'ਤੇ ਜਾਣਾ ਪੈਂਦਾ ਤੇ ਤਫ਼ਤੀਸ਼ ਦੌਰਾਨ ਹੀ ਨਸੀਬੋ ਤੇ ਆਪਣੀ ਜਾਤ ਨਾਲ਼ ਜੁੜੀ ਸਾਰੀ ਕਹਾਣੀ ਸ਼ਾਦਾਂ ਨੇ ਮੈਨੂੰ ਆਪ ਸੁਣਾਈ ਸੀ। ਉਹਦੀ ਖ਼ੂਬਸੂਰਤੀ ਤੇ ਗਾਇਕੀ ਦਾ ਮੈਂ ਵੀ ਆਸ਼ਿਕ ਹੋ ਗਿਆ ਸਾਂ। ਮੈਂ ਕਈ ਵਾਰੀ ਸ਼ਾਦਾਂ ਦੀ ਬਾਂਹ ਫੜਨ ਦਾ ਯਤਨ ਕੀਤਾ ਪਰ ਉਹ ਪਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦੀ।

ਤਫ਼ਤੀਸ਼ ਮਗਰੋਂ ਮੈਂ ਗਫ਼ੂਰੇ ਭਲਵਾਨ ਦਾ ਚਲਾਨ ਅਦਾਲਤ ਵਿੱਚ ਪੇਸ਼ ਕੀਤਾ। ਗਫ਼ੂਰੇ ਨੇ ਪਹਿਲੀ ਪੇਸ਼ੀ ਵਿੱਚ ਹੀ ਆਪਣਾ ਜੁਰਮ ਕਬੂਲ ਕਰ ਲਿਆ ਤੇ ਉਸ ਨੂੰ ਦਸ ਸਾਲਾਂ ਦੀ ਕੈਦ ਹੋ ਗਈ। ਗਫ਼ੂਰਾ ਭਲਵਾਨ ਚੁੱਪ-ਚੁਪੀਤਾ ਜੇਲ੍ਹ ਚਲਾ ਗਿਆ। ਸ਼ਾਦਾਂ ਬਿੱਲੀ ਝੂਰਦੀ ਰਹਿ ਗਈ। ਉਸ ਨੂੰ ਯੂਸਫ਼ ਦੀ ਫੌਤਗੀ ਦਾ ਬੜਾ ਦੁੱਖ ਤੇ ਡਾਢਾ ਸੱਲ੍ਹ ਸੀ ਕਿਉਂਕਿ ਦੋਹਾਂ ਦੇ ਦਿਲ ਮਿਲੇ ਸਨ ਤੇ ਦਿਲਾਂ ਦੇ ਮੇਲ ਨਾਲ਼ ਸਾਂਝ ਦੀ ਬੂਟੀ ਫੁੱਟਦੀ ਏ। ਇਹ ਬੂਟੀ ਸ਼ਾਦਾਂ ਬਿੱਲੀ ਅੰਦਰ ਇੱਕ ਬੂਟਾ ਬਣ ਚੁੱਕੀ ਸੀ ਜਿਸ ਦੇ ਟਾਹਣੇ ਉਸ ਅੰਦਰ ਹਰੇ ਸਨ। ਟੂਣੇ-ਟੋਟਕਿਆਂ, ਧਮਕੀਆਂ, ਮਾਰ ਕੁਟਾਈ ਤੇ ਕਤਲਗਰਦੀ ਨਾਲ਼ ਇਸ਼ਕ ਦਾ ਜਿੰਨ ਕਦੇ ਨਹੀਂ ਭੱਜਦਾ। ਪਰ ਇਹ ਗੱਲ ਗਜੇ ਸਿੰਘ ਨੂੰ ਕੌਣ ਸਮਝਾਉਂਦਾ। ਗਜੇ ਚਾੜ੍ਹਕ ਤੇ

ਯੂਸਫ਼ ਇੱਕ ਠੂਠਾ ਤੇ ਦੂਜਾ ਛੰਨਾ, ਕੋਈ ਮੇਲ ਹੀ ਨਹੀਂ ਸੀ। ਗਜ਼ੂ ਚਾੜਕ ਦੀ ਕਰਤੂਤ ਸ਼ਾਦਾਂ ਬਿੱਲੀ ਦੀ ਦੁਨੀਆਂ ਉਜਾੜ ਚੁੱਕੀ ਸੀ। ਭਾਵੇਂ ਉਹਦੇ ਹੱਥ ਵੀ ਮੌਤ ਹੀ ਆਈ ਸੀ। ਸ਼ਾਦਾਂ ਹਰ ਹਫ਼ਤੇ ਗਫ਼ੂਰੇ ਭਲਵਾਨ ਨੂੰ ਮਿਲਣ ਜੇਲ੍ਹ ਜਾਂਦੀ। ਉਸ ਲਈ ਰੋਟੀ ਪਕਾ ਕੇ ਲੈ ਜਾਂਦੀ। ਫਲ ਤੇ ਫੁੱਲ ਲੈ ਜਾਂਦੀ। ਨਵੇਂ ਕੱਪੜੇ ਸਿਲਵਾ ਕੇ ਦਿੰਦੀ। ਉਹ ਗਫ਼ੂਰੇ ਦਾ ਪੂਰਾ ਧਿਆਨ ਰੱਖਦੀ। ਉਸ ਨੂੰ ਇਹ ਮਹਿਸੂਸ ਨਹੀਂ ਹੋਣ ਦਿੰਦੀ ਕਿ ਉਹਦਾ ਕੋਈ ਨਹੀਂ ਹੈ ਕਿਉਂਕਿ ਹੁਣ ਗਫ਼ੂਰਾ ਭਲਵਾਨ ਹੀ ਉਸ ਦਾ ਕੁਲ ਸਰਮਾਇਆ ਸੀ।

ਮੈਂ ਅਕਸਰ ਸ਼ਾਦਾਂ ਬਿੱਲੀ ਦੇ ਚੁਬਾਰੇ ’ਤੇ ਜਾਂਦਾ ਪਰ ਸ਼ਾਦਾਂ ਦੇ ਦਿਲ ਅਤੇ ਚੁਬਾਰੇ ਦੇ ਸਾਰੇ ਦੀਵੇ ਬੁਝ ਚੁੱਕੇ ਸਨ। ਸਾਜ਼ ਬੇਆਵਾਜ਼ ਹੋ ਚੁੱਕੇ ਸਨ, ਜਵਾਨੀ ਦੀ ਧੁੱਪ ਹਾਲੀ ਤੀਕਰ ਉਹਦੇ ਵਿਹੜੇ ’ਚੋਂ ਪੂਰੀ ਤਰ੍ਹਾਂ ਹਟੀ ਨਹੀਂ ਸੀ ਅਤੇ ਨਾ ਹੀ ਸਿਰ ਦੇ ਵਾਲਾਂ ਵਿੱਚ ਚਾਂਦੀ ਦੀ ਕੋਈ ਤਾਰ ਦਿਸ ਰਹੀ ਸੀ। ਪਰ ਉਸ ਦਾ ਦਿਲ ਬਦੋਬਦੀ ਬੁਝਦਾ ਜਾ ਰਿਹਾ ਸੀ- ਫਿਰ ਮੇਰੀ ਬਦਲੀ ਵੱਖੋ-ਵੱਖ ਇਲਾਕਿਆਂ ਵਿੱਚ ਹੁੰਦੀ ਰਹੀ। ਕਦੇ ਪੁਣਛ, ਕਦੇ ਮੁਜ਼ੱਫਰਾਬਾਦ, ਕਦੇ ਗਿਲਗਤ ਤੇ ਕਦੇ ਲੱਦਾਖ...। ਮੇਰੀ ਸਾਰੀ ਪਲਿਸ ਦੀ ਨੌਕਰੀ ਘਰੋਂ ਬਾਹਰ ਹੀ ਲੰਘ ਗਈ। ਮੇਰੀ ਬੀਵੀ ਨੇ ਸਾਰੀਆਂ ਘਰੇਲੂ ਜ਼ਿੰਮੇਦਾਰੀਆਂ ਨੂੰ ਨਿਭਾਇਆ। ਬੱਚਿਆਂ ਨੂੰ ਪੜ੍ਹਾਇਆ, ਲਿਖਾਇਆ ਤੇ ਰੁਜ਼ਗਾਰ ਦੇ ਕਾਬਿਲ ਬਣਾਇਆ। ਦੋਵਾਂ ਧੀਆਂ ਲਈ ਚੰਗੇ ਰਿਸ਼ਤੇ ਲੱਭੇ। ਇੱਕ ਸੁੱਘੜ ਸੁਆਣੀ ਵਾਂਗ ਖ਼ਾਨਦਾਨ ਤੇ ਰਿਸ਼ਤੇਦਾਰਾਂ ਵਿੱਚ ਮੇਰੀ ਇੱਜ਼ਤ ਨੂੰ ਸ਼ੌਹਰਤ ਬਖ਼ਸ਼ੀ। ਮੇਰੀ ਆਖ਼ਰੀ ਪੋਸਟਿੰਗ ਅਨੰਤਨਾਗ ਵਿੱਚ ਹੋਈ ਜਿੱਥੋਂ ਮੈਂ ਜ਼ਿਲ੍ਹਾ ਪੁਲਿਸ ਅਫ਼ਸਰ ਵਜੋਂ ਨੌਕਰੀਓਂ ਸੁਬਕਦੋਸ਼ ਹੋਇਆ। ਮੈਂ ਆਪਣੇ ਘਰ ਜੰਮੂ ਆ ਗਿਆ। ਧੀਆਂ ਪੁੱਤਰ ਸਭ ਵਿਆਹੇ ਵਰ੍ਹੇ ਸਨ। ਕੁੱਝ ਮੁਲਾਜ਼ਮ ਸਨ ਤੇ ਕੁੱਝ ਵਪਾਰ ਕਰਦੇ ਸਨ। ਕੋਈ ਪਰਵਾਸੀ ਬਣ ਗਿਆ ਸੀ ਤੇ ਕੋਈ ਦੇਸ਼ ਵਾਸੀ। ਪਰ ਸਭ ਆਪਣਿਆਂ-ਆਪਣਿਆਂ ਆਲ੍ਹਣਿਆਂ ਵਿੱਚ ਉਡਾਰੀਆਂ ਮਾਰਦੇ ਫਿਰਦੇ ਸਨ ਤੇ ਰੋਟੀ ਪਾਣੀ ਖਾਂਦੇ-ਪੀਂਦੇ ਸਨ ਅਤੇ ਸੁਖ ਮੰਗਣ ਵਿੱਚ ਜੀਅ ਰਹੇ ਸਨ। ਨੌਕਰੀਓਂ ਵਿਹਲਿਆਂ ਹੋਣ ਤੋਂ ਚਾਰ-ਪੰਜ ਵਰ੍ਹਿਆਂ ਮਗਰੋਂ ਜੀਵਨ ਸਾਥਣ ਵੀ ਵਿਛੜਣ ਦਾ ਰੋਗ ਲਾ ਗਈ ਤੇ ਮੈਂ ਕੱਲਮ-ਕੱਲਾ ਪੂਰੇ ਮਕਾਨ ਵਿੱਚ ਭੂਤ ਬਣ ਕੇ ਰਹਿ ਗਿਆ। ਇਕਲਾਪੇ ਦੀ ਹਾਲਤ ’ਚੋਂ ਬਾਹਰ ਨਿਕਲਣ ਲਈ ਹੀ ਮੈਂ ਸ਼ਾਦਾਂ ਦੇ ਚੁਬਾਰੇ ਵੱਲ ਗਿਆ ਸਾਂ। ਪਰ ਉੱਥੇ ਜਾ ਕੇ ਪਤਾ ਚੱਲਿਆ ਕਿ ਸ਼ਾਦਾਂ ਨੇ ਚੁਬਾਰਾ ਕਦ ਦਾ ਵੇਚ ਦਿੱਤਾ ਸੀ। ਤੇ ਲਾਗੇ ਹੀ ਇੱਕ ਨਿੱਜੀ ਜਿਹੀ ਕੋਠੜੀ ਖ਼ਰੀਦ ਕੇ ਉਸ ਵਿੱਚ ਰਹਿ ਰਹੀ ਸੀ। ਤੇ ਜਦ ਮੈਂ ਚੱਕਰਦਾਰ ਪੌੜੀਆਂ ਚੜ੍ਹ ਕੇ ਉਸ ਦੀ ਕੋਠੜੀ ਵਿੱਚ ਵੜਿਆ ਸਾਂ ਤਾਂ ਉਹ ਨਮਾਜ਼ ਪੜ੍ਹ ਕੇ ਵਿਹਲੀ ਹੋਈ ਸੀ ਤੇ

ਤਸਬੀਹ ਪੜ੍ਹ ਰਹੀ ਸੀ। ਸ਼ਾਦਾਂ ਬਿੱਲੀ ਦਾ ਇਹ ਰੂਪ ਵੇਖ ਕੇ ਮੈਂ ਹੈਰਾਨ ਰਹਿ ਗਿਆ। ਉਹਦਾ ਪੂਰਾ ਸਰੀਰ ਕੱਪੜਿਆਂ ਨਾਲ਼ ਕੱਜਿਆ ਹੋਇਆ ਸੀ। ਸਿਰਫ਼ ਮੂੰਹ ਨੰਗਾ ਸੀ। ਉਹ ਪੰਜ ਵਕਤੀ ਨਮਾਜ਼ਣ ਹੋ ਗਈ ਸੀ। ਉਹਨੂੰ ਵੇਖ ਕੇ ਮੇਰੇ ਮਨ ਅੰਦਰ ਦੀਆਂ ਸਾਰੀਆਂ ਸ਼ੋਖ਼ੀਆਂ ਮੁੱਕ ਗਈਆਂ ਸਨ। ਮੈਂ ਸ਼ਾਦਾਂ ਨੂੰ ਉਹਦੇ ਨਵੇਂ ਰੂਪ ਬਾਰੇ ਪੁੱਛਿਆ। ਚੁਬਾਰੇ ਨੂੰ ਵੇਚਣ ਅਤੇ ਇਸ ਸਿੱਲ੍ਹ ਵਾਲੀ ਕੋਠੜੀ ਵਿੱਚ ਰਹਿਣ ਬਾਰੇ ਪੁੱਛਿਆ। ਸ਼ਾਦਾਂ ਬਿੱਲੀ ਨੇ ਆਪਣੀ ਮਾਂ ਨਸੀਬੋ ਦੇ ਬੋਲ ਦੁਹਰਾਉਂਦਿਆਂ ਹੋਇਆਂ ਕਿਹਾ-

"ਮਿੱਟੀ ਦੇ ਖਿਡੌਣੇ

ਘੜੀ ਪਲ ਦੇ ਪ੍ਰਾਹੁਣੇ"... ਤੇ ਫੇਰ ਬੋਲੀ- "ਥਾਣੇਦਾਰਾ! ਮਨ ਮੁਰਾਦ ਮੁਰਸ਼ਦ ਤੇ ਆਸ਼ਕ ਨਸੀਬਾਂ ਨਾਲ਼ ਹੀ ਮਿਲਦੇ ਨੇ। ਮੈਨੂੰ ਮਿਲਿਆ ਸੀ ਪਰ ਮੁਕੱਦਰ ਨੇ ਸਾਥ ਨਹੀਂ ਨਿਭਾਇਆ।"

"ਪਰ ਤੂੰ ਗਾਉਣਾ ਕਿਉਂ ਬੰਦ ਕਰ ਦਿੱਤਾ। ਆਪਣੀ ਕਲਾ ਤੇ ਆਪਣਾ ਫ਼ਨ ਕਿਸੇ ਹੋਰ ਨੂੰ ਕਿਉਂ ਨਹੀਂ ਸਿਖਾਇਆ।"

"ਮੈਂ ਪੁਰਾਣੀ ਦੇਗਚੀ ਸਾਂ। ਮੈਨੂੰ ਕਲੀ ਕਰਾਉਣ ਦਾ ਚਾਅ ਨਹੀਂ ਸੀ। ਮੇਰਾ ਅੰਦਰ ਖੰਡਰ ਹੋ ਚੁੱਕਿਆ ਸੀ। ਅੰਤਰ ਮਨ ਵਿੱਚ ਪਾਕ ਸਫ਼ਾਈ ਤੇ ਸੁਥਰਾਈ ਦੀ ਥੋੜ੍ਹ ਸੀ। ਤੇ ਮੈਨੂੰ ਮਅਰਫ਼ਤ ਦੇ ਨੂਰ ਦੀ ਲੋੜ ਸੀ ਇਸ ਲਈ ਗਾਉਣਾ ਬੰਦ ਕਰ ਦਿੱਤਾ। ਸਾਜ਼ ਬਰਬਾਦ ਕਰ ਦਿੱਤੇ। ਸਿਰਫ਼ ਸੂਫ਼ੀਆਂ ਦੇ ਕਲਾਮ ਨੂੰ, ਗਿਆਨ ਧਿਆਨ ਦੀ ਦੁਨੀਆਂ ਖੋਜਣ ਲਈ ਪੜ੍ਹਨਾ ਸ਼ੁਰੂ ਕੀਤਾ। ਕਲੰਦਰੀ ਰਮਜ਼ਾਂ ਨੂੰ ਜਦ ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਚੱਲਿਆ ਕਿ ਇਨਸਾਨੀ ਕਲਬੂਤ ਅੰਦਰ ਇਹ ਦੁਨੀਆਂ ਸਮਾਈ ਹੁੰਦੀ ਹੈ। ਹਰ ਸੂਫ਼ੀ ਆਪਣੇ ਕਲਬੂਤ ਅੰਦਰ ਕੋਠੇ, ਹੁਜਰੇ ਤੇ ਝੁੱਗੀਆਂ ਬਣਾਉਂਦੇ ਰਹਿੰਦੇ ਲੇ। ਜਲਾਲ ਤੇ ਜਮਾਲ ਵਾਲੇ ਸੂਫ਼ੀ ਰਾਜ, ਤਾਜ ਤੇ ਸਮਾਜ ਦੀ ਪ੍ਰਵਾਹ ਨਹੀਂ ਕਰਦੇ। ਬਸ ਰੱਬ ਸੱਚੇ ਦੀ ਦਰਗਾਹ ਅੰਦਰ ਤਸੱਵਫ਼ ਦੀ ਸਤਰੰਗੀ ਮਧੂਸ਼ਾਲਾ ਵਿਚ ਮਸਤੀ ਦੀ ਮਦਰਾ ਪੀਂਦੇ ਨੇ। ਨਮਾਜ਼ ਰੋਜ਼ਾ, ਹੱਜ, ਜ਼ਕਾਤ ਤੇ ਪੂਜਾ-ਪਾਠ ਸਭ ਜ਼ਹਿਰੀ ਰੂਪ ਨੇ। ਪਰ ਰੱਬੀ ਇਸ਼ਕ ਸੂਫ਼ੀਆਂ ਦੇ ਅੰਦਰ ਨੂੰ ਰੌਸ਼ਨ ਕਰ ਦਿੰਦਾ ਹੈ- ਫਿਰ ਮੈਂ ਆਪਣੀ ਜ਼ਿੰਦਗੀ ਦੀ ਧਾਰ ਨੂੰ ਹਕੀਕੀ ਇਸ਼ਕ ਵੱਲ ਮੋੜ ਦਿੱਤਾ। ਰੱਬੀ ਇਸ਼ਕ ਨੇ ਮੈਨੂੰ ਪਾਕ ਤੇ ਸਾਫ਼ ਕਰ ਦਿੱਤਾ ਤੇ ਹੁਣ 'ਅੱਲਾ ਹੂ ਦਾ ਅਵਾਜ਼ਾ ਆਵੇ, ਕੁਲੀ ਨੇ ਫ਼ਕੀਰ ਦੀ ਵਿੱਚੋਂ'। ਥਾਣੇਦਾਰਾ! ਦਰਵੇਸ਼ੀ ਤੇ ਫ਼ਕੀਰੀ ਸੂਈ ਦੇ ਨੱਕੇ 'ਚੋਂ ਊਠ ਕੱਢਣ ਵਾਲੀ ਗੱਲ ਏ। ਇਸ ਦਾ ਗਿਆਨ ਮੈਨੂੰ ਸੂਫ਼ੀਆਂ ਦਾ ਕਲਾਮ ਪੜ੍ਹ ਕੇ ਹੋਇਆ। ਗਫ਼ੂਰੇ ਭਲਵਾਨ ਨੇ ਵੀ ਜੇਲ੍ਹ ਵਿੱਚ ਸੂਫ਼ੀ ਚੋਲਾ ਪਾ ਲਿਆ ਸੀ ਤੇ ਸੋਹਣੇ ਸਾਈਂ ਨਾਲ਼ ਲੋਅ ਲਾ ਲਈ ਸੀ। ਆਪਣੇ ਆਪ ਨੂੰ

ਔਗੁਣਹਾਰਾ ਸਮਝਣ ਵਾਲਾ ਗਫੂਰਾ ਭਲਵਾਨ ਗੁਣਵਾਨ ਹੋ ਗਿਆ ਸੀ। ਉਹਦੀ 'ਸੁਰ ਦੀ ਸਰਕਾਰ' ਹੁਣ ਸਿਰਫ਼ ਉਸ ਲਈ ਗਾਉਂਦੀ ਹੈ। ਇਸ ਫ਼ਕੀਰੀ ਚੋਲੇ ਨੇ ਸਾਨੂੰ ਦੋਵਾਂ ਨੂੰ ਇਕਮਿਕ ਕਰ ਦਿੱਤਾ ਹੈ। ਸਾਡਾ ਹੁਣ ਕੋਈ ਵੱਖਰਾ ਵਜੂਦ ਨਹੀਂ ਕਿਉਂਕਿ ਇੱਕ ਤੂੰਬਾ ਵੱਜਦਾ ਯਾਰ ਨੂਰਪੁਰੇ ਦੀ ਮੋਗੀ।"

ਸ਼ਾਦਾਂ ਦੀਆਂ ਗੱਲਾਂ ਸੁਣ ਕੇ ਮੇਰੇ ਅੰਤਰਮਨ ਵਿੱਚ ਵੀ ਇੱਕ ਜੋਤ ਜਗਣ ਲੱਗੀ। ਮੈਂ ਸ਼ਾਦਾਂ ਭਗਤਣ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਿਆ, ਮੈਨੂੰ ਉਹਦੀਆਂ ਅੱਖਾਂ ਵਿੱਚ ਰਾਅਬਿਆ-ਬਸਰੀ ਦੀ ਮਸਤੀ ਲੱਭੀ। ਲੱਲ ਮਾਂ ਦੇ ਵਾਖਾਂ ਦਾ ਧਮਾਲ ਦਿਸਿਆ ਤੇ ਮੀਰਾਬਾਈ ਦੇ ਭਜਨਾਂ ਦਾ ਤਿਆਗ। ਜਿਸ ਕੋਠੜੀ ਨੂੰ ਮੈਂ ਸਿੱਲ੍ਹ ਵਾਲੀ ਕਿਹਾ ਸੀ, ਉਸ ਵਿੱਚ ਫੈਲੀ ਰੂਹਾਨੀ ਲੁਬਾਨ ਦੀ ਖ਼ੁਸ਼ਬੋਈ ਨਾਲ਼ ਮੈਂ ਨਿਹਾਲ ਹੋ ਗਿਆ। ਤੇ ਅੱਜ ਕੱਲ੍ਹ... 'ਸਾਂਸੋਂ ਕੀ ਮਾਲਾ ਪੇ ਸਿਮਰੂ ਮੈਂ ਪੀ ਕਾ ਨਾਮ'।

•

# ਲਕੀਰ

ਭਾਰਤ ਤੇ ਪਾਕਿਸਤਾਨ ਦੇ ਸਬੰਧਾਂ ਬਾਰੇ ਇਹ ਅਖਾਣ ਪੂਰੀ ਤਰ੍ਹਾਂ ਢੁੱਕਵਾਂ ਹੈ ਕਿ ਲੁਹਾਰ ਦੀ ਸੰਨ੍ਹੀ ਕਦੇ ਅੱਗ ਵਿਚ ਕਦੇ ਪਾਣੀ ਵਿਚ। ਅਜਿਹੇ ਰਿਸ਼ਤਿਆਂ ਦੇ ਬਾਵਜੂਦ ਵੀ ਦੋਹਾਂ ਸਰਕਾਰਾਂ ਦਾ ਇਹ ਫ਼ੈਸਲਾ ਸ਼ਲਾਘਾਯੋਗ ਸੀ ਕਿ ਕਸ਼ਮੀਰ ਦੇ ਦੋਵਾਂ ਪਾਸੇ ਵਸਦੇ ਲੋਕਾਂ ਨੂੰ ਆਪੋ ਵਿਚ ਮਿਲਣ ਦਿੱਤਾ ਜਾਏ। ਐਸੇ ਫ਼ੈਸਲੇ ਦੇ ਮੁਜਬ ਪਾਕਿਸਤਾਨੀ ਪ੍ਰਸ਼ਾਸਨ ਵਾਲੇ ਕਸ਼ਮੀਰ ਵੱਲ ਜਾਣ ਲਈ ਮੈਨੂੰ ਤੇ ਮੇਰੀ ਪਤਨੀ ਨੂੰ ਸਰਕਾਰ ਵਲੋਂ ਪ੍ਰਵਾਨਗੀ ਤੇ ਰਵਾਨਗੀ ਪਰਮਟ ਮਿਲ ਗਿਆ ਸੀ। ਮਿੱਥੀ ਤਾਰੀਖ ਨੂੰ ਜਾਣ ਲਈ ਜਿਹੜੀ ਪਹਿਲੀ ਬੱਸ ਸ੍ਰੀਨਗਰ ਤੋਂ ਮੁਜ਼ੱਫਰਾਬਾਦ ਜਾਣੀ ਸੀ, ਉਸ ਵਿਚ ਹਾਲੀਂ ਦਸ-ਬਾਰਾਂ ਦਿਹਾੜੇ ਬਾਕੀ ਸਨ। ਮੈਨੂੰ ਖਾੜਕੂਆਂ ਵਲੋਂ ਕਤਲ ਦੀਆਂ ਧਮਕੀਆਂ ਵੀ ਮਿਲੀਆਂ ਸਨ ਪਰ ਮੈਂ ਆਪਣਾ ਇਰਾਦਾ ਨਹੀਂ ਸੀ ਬਦਲਿਆ। ਮੈਂ ਪਾਰਲੇ ਕਸ਼ਮੀਰ ਵਿਚ ਵਸਦੇ ਆਪਣਿਆਂ ਸਾਕਾਂ ਲਈ ਤੋਹਫ਼ੇ ਖ਼ਰੀਦਣ ਵਿਚ ਰੁਝਿਆ ਰਿਹਾ ਸਾਂ। ਅਸੀਂ ਦੋਵੇਂ ਮੀਆਂ-ਬੀਵੀ ਖ਼ੁਸ਼ ਸਾਂ। ਮੇਰੀ ਬੀਵੀ ਨਸੀਮ ਦੀਆਂ ਮਾਸੀਆਂ ਤੇ ਫੁਫੇਰੇ ਭੈਣ ਭਰਾ ਲਾਹੌਰ, ਰਾਵਲਪਿੰਡੀ, ਇਸਲਾਮਾਬਾਦ, ਮੀਰਪੁਰ ਤੇ ਸਿਆਲਕੋਟ ਵਿਚ ਰਹਿੰਦੇ ਨੇ। ਭਾਰਤ ਤੇ ਪਾਕ ਦੇ ਨਿੱਜੀ ਤੇ ਸਰਕਾਰੀ ਟੈਲੀਵਿਜ਼ਨ ਚੈਨਲ ਸਾਡੇ ਅਤੇ ਸਾਡੇ ਰਿਸ਼ਤੇਦਾਰਾਂ ਦੇ ਇੰਟਰਵਿਊ ਦਿਖਾ ਰਹੇ ਸਨ ਤੇ ਅਖ਼ਬਾਰਾਂ ਵਿਚ ਵੀ ਸਾਡੇ ਬਾਰੇ ਸੁਰਖੀਆਂ ਦਿੱਤੀਆਂ ਹੁੰਦੀਆਂ ਸਨ। ਇੰਜ ਦਿਨ ਲੰਘਦੇ ਗਏ ਤੇ ਫਿਰ 5 ਅਪ੍ਰੈਲ 2005 ਦਾ ਉਹ ਦਿਨ ਵੀ ਕੋਲ ਆ ਗਿਆ ਜਦੋਂ ਅਸਾਂ ਜੰਮੂ ਤੋਂ ਸ੍ਰੀਨਗਰ ਜਾਣਾ ਸੀ ਤਾਂ ਜੋ 7 ਅਪ੍ਰੈਲ ਨੂੰ ਉਥੋਂ ਮੁਜ਼ੱਫਰਾਬਾਦ ਜਾਣ ਵਾਲੀ ਪਹਿਲੀ ਬੱਸ ਵਿਚ ਸਵਾਰ ਹੋ ਸਕੀਏ। ਇਹ ਇਕ ਇਤਿਹਾਸਕ ਫ਼ੈਸਲਾ ਸੀ ਜਿਹੜਾ ਸ਼ਾਇਦ ਅਮਰੀਕੀ ਦਬਾਉ ਕਾਰਨ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਲਿਆ ਸੀ ਤੇ ਜਿਸ ਲਈ ਅਟਲ ਬਿਹਾਰੀ ਵਾਜਪਾਈ, ਸੋਨੀਆ ਗਾਂਧੀ, ਮਨਮੋਹਨ ਸਿੰਘ ਤੇ ਜਨਰਲ ਮੁਸ਼ੱਰਫ਼ ਦੀ ਸਭੇ ਪਾਸਿਉਂ ਚੋਖੀ ਵਾਹ-ਵਾਹ ਹੋ ਰਹੀ ਸੀ। ਸਾਡੀ ਤਿਆਰੀ ਪੂਰੀ ਹੋ ਚੁੱਕੀ ਸੀ। ਅਸੀਂ ਕੱਲ੍ਹ ਸਵੇਰੇ ਸ੍ਰੀਨਗਰ ਜਾਣ ਲਈ ਬਿਲਕੁਲ ਤਿਆਰ ਸਾਂ ਕਿ ਰਾਤੀਂ ਇਕ ਬਜ਼ੁਰਗ ਮੈਨੂੰ ਮਿਲਣ ਆਇਆ ਤੇ ਕਹਿਣ ਲੱਗਾ-

"ਮੈਂ ਤੁਹਾਡੇ ਨਾਲ ਦੋ ਗੱਲਾਂ ਕਰਨੀਆਂ ਨੇ।" ਮੈਂ ਬਾਬੇ ਨੂੰ ਇੱਜ਼ਤ ਨਾਲ

ਕੋਲ ਬੈਠਾਇਆ ਤੇ ਕਿਹਾ, "ਫ਼ਰਮਾਓ! ਕੀ ਗੱਲ ਏ?"

"ਮੈਂ ਤੁਹਾਡੇ ਨਾਲ ਇਕੱਲਿਆਂ ਗੱਲ ਕੱਥ ਕਰਨਾ ਚਾਹਨਾਂ ਵਾਂ। ਏਥੇ ਲੋਕਾਂ ਨਾਲ ਤੁਹਾਡੀ ਬੈਠਕ ਭਰੀ ਪਈ ਹੈ।"

ਮੈਂ ਉਸ ਬਜ਼ੁਰਗ ਦਾ ਮਾਨ ਰੱਖਿਆ ਤੇ ਉਹਨੂੰ ਦੂਜੇ ਕਮਰੇ ਵਿਚ ਲੈ ਗਿਆ। ਉਸ ਦੀ ਉਮਰ ਕੋਈ ਅੱਸੀਆਂ ਸਾਲਾਂ ਦੇ ਨੇੜੇ-ਤੇੜੇ ਹੋਵੇਗੀ ਪਰ ਉਹ ਹਾਲੀਂ ਵੀ ਉੱਚਾ-ਲੰਮਾ ਸੋਹਣਾ ਤੇ ਮਜਬੂਤ ਹੱਡ-ਗੋਡਿਆਂ ਦਾ ਮਾਲਕ ਸੀ। ਅਸੀਂ ਦੋਨੋਂ ਕਮਰੇ ਵਿਚ ਵਿਛੀ ਕਾਲੀਨ 'ਤੇ ਬਹਿ ਗਏ। ਮੈਂ ਦੇਸੀ ਲੂਣਕੀ ਚਾਹ ਮੰਗਵਾਈ ਤੇ ਉਸਨੂੰ ਕਿਹਾ, "ਬਾਬਾ ਜੀ! ਹੁਕਮ ਕਰੋ। ਮੈਂ ਤੁਹਾਡੀ ਕੀ ਖ਼ਿਦਮਤ ਕਰ ਸਕਨਾ ਵਾਂ।"

"ਪੁੱਤਰ! ਮੈਂ ਤੈਨੂੰ ਦੋ-ਚਾਰ ਵਾਰੀ ਟੈਲੀਵਿਜ਼ਨ ਚੈਨਲਾਂ 'ਤੇ ਵੇਖਿਆ ਅਤੇ ਪਤਾ ਚੱਲਿਆ ਕਿ ਤੂੰ ਪਾਰਲੇ ਕਸ਼ਮੀਰ ਜਾ ਰਿਹਾਂ, ਜਿੱਥੇ ਮੇਰੀ ਸਾਬਰੀ ਰਹਿੰਦੀ ਏ। ਤੈਨੂੰ ਵੇਖ ਕੇ ਖੌਰੇ ਮੈਨੂੰ ਕਿਉਂ ਇਹ ਯਕੀਨ ਹੋਣ ਲੱਗਾ ਕਿ ਤੂੰ ਮੈਨੂੰ ਨਿਰਾਸ਼ ਨਹੀਂ ਕਰੇਂਗਾ ਤੇ ਮੇਰਾ ਕੰਮ ਜ਼ਰੂਰ ਕਰ ਦੇਵੇਂਗਾ।"

"ਬਾਬਾ ਜੀ! ਤੁਸੀਂ ਫ਼ਰਮਾਓ। ਮੈਨੂੰ ਖ਼ੁਸ਼ੀ ਹੋਵੇਗੀ ਜੇ ਮੈਂ ਤੁਹਾਡੇ ਕਿਸੇ ਕੰਮ ਆ ਸਕਾਂ।" ਮੇਰਾ ਜਵਾਬ ਸੁਣ ਕੇ ਬਾਬੇ ਦੇ ਮੁਹਾਂਦਰੇ 'ਤੇ ਰੌਣਕ ਆ ਗਈ। ਉਹਨੇ ਖੰਘ ਨਾਲ ਸੰਘ ਸਾਫ਼ ਕੀਤਾ ਤੇ ਕਹਿਣ ਲੱਗਾ-

"ਪੁੱਤਰਾ! ਮੇਰਾ ਨਾਂ ਸਜਾਵਲ ਚੌਧਰੀ ਏ। ਮੈਂ ਪੁਰਾਣੀ ਤਹਿਸੀਲ ਬਾਗ ਦਾ ਰਹਿਣ ਵਾਲਾ ਹਾਂ। ਮੇਰਾ ਪਿੰਡ ਪੋਠ ਭਾਈਆਂ ਸੀ। ਦੇਸ਼ ਦੀ ਵੰਡ ਅਤੇ ਪਾਕਿਸਤਾਨ ਬਣਨ ਨਾਲ ਮੇਰੇ ਉਤੇ ਦੁੱਖਾਂ ਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਦਰਦ-ਸੂਲਾਂ ਨੇ ਮੇਰਾ ਸੀਨਾ ਛਲਣੀ ਕਰ ਦਿੱਤਾ। ਦਿਲ ਦੇ ਜ਼ਖ਼ਮਾਂ ਨੇ ਡਾਹਢਾ ਸ਼ੋਰ ਮਚਾਇਆ ਪਰ ਮੈਂ ਕੁੱਝ ਨਾ ਕਰ ਸਕਿਆ ਤੇ ਵੇਲੇ ਹੱਥੋਂ ਬੇਵੱਸ ਹੋ ਗਿਆ।"

"ਬਾਬਾ ਜੀ! ਗੱਲ ਛੇਤੀ ਮੁਕਾਉ। ਮੈਨੂੰ ਮਿਲਣ ਲਈ ਕਈ ਸਾਕ ਸਬੰਧੀ ਤੇ ਯਾਰ-ਬੇਲੀ ਆਏ ਨੇ। ਮੈਂ ਉਨ੍ਹਾਂ ਨਾਲ ਵੀ ਗੱਲਾਂ ਕਰਨੀਆਂ ਨੇ। ਫਿਰ ਸਵੇਰੇ ਸ਼੍ਰੀਨਗਰ ਦਾ ਸਫ਼ਰ ਵੀ ਕਰਨਾ ਹੈ।"

"ਚੰਗਾ ਪੁੱਤਰ, ਚੰਗਾ! ਮੈਂ ਛੇਤੀ ਗੱਲ ਮੁਕਾਉਣ ਦੀ ਕੋਸ਼ਿਸ਼ ਕਰਾਂਗਾ। ਪਰ ਤੂੰ ਗੌਰ ਨਾਲ ਸੁਣ ਤੇ ਮੇਰੀ ਮਦਦ ਕਰੀਂ। ਰੱਬ ਤੈਨੂੰ ਏਸ ਦਾ ਅਜੱਰ ਦੇਵੇਗਾ। ਪੁੱਤਰਾ! ਮੈਂ ਪਠੋ ਭਾਈਆਂ ਦੇ ਨੰਬਰਦਾਰ ਚੌਧਰੀ ਸਰਾਜਦੀਨ ਦੇ ਘਰ ਚਾਕਰੀ ਕਰਦਾ ਸਾਂ। ਮਾਲ ਡੰਗਰ ਤੇ ਭੇਡ ਬਕਰੀਆਂ ਚਰਾਣਾ, ਛਾਹ ਵੇਲੇ ਗਾਵਾਂ-ਮੱਝਾਂ ਦਾ ਦੁੱਧ ਚੋਣਾ, ਜੰਗਲ ਵਿਚ ਲਕੜੀ ਕੱਟਣੀ ਤੇ ਬਸਾਠੀਆਂ ਲਿਆਣੀਆਂ। ਬਾਗ਼ਾਂ ਦੇ ਰੁੱਖਾਂ ਨੂੰ ਛਾਂਗਣਾ। ਦਵਾਈਆਂ ਛਿੜਕਣੀਆਂ। ਘਰਾਟ ਜਾਣਾ ਤੇ

ਕਣਕ ਤੇ ਮੱਕੀ ਦਾ ਆਟਾ ਪਿਸਵਾ ਕੇ ਲਿਆਣਾ। ਬਉਲੀ ਤੋਂ ਪਾਣੀ ਲਿਆਣਾ। ਡੰਗਰਾਂ ਨੂੰ ਨਹਾਵਣਾ ਤੇ ਰੋਜ਼ ਦੇ ਹੋਰ ਕੰਮ ਕਰਨੇ। ਰਾਤੀਂ ਚੌਧਰੀ ਜੀ ਦੀਆਂ ਲੱਤਾਂ ਘੁਟਣੀਆਂ। ਮੇਰਾ ਪਿਉ ਨਿੱਕੀ ਉਮਰੇ ਹੀ ਫ਼ੌਤ ਹੋ ਗਿਆ ਸੀ। ਮਾਂ ਨੇ ਦੂਜਾ ਵਿਆਹ ਕਰਾ ਲਿਆ ਸੀ। ਮੇਰਾ ਮਤਰੇਆ ਪਿਉ ਗੱਲ ਗੱਲ 'ਤੇ ਮੈਨੂੰ ਮਾਰਦਾ, ਨਾਲੇ ਗੰਦੀਆਂ ਗਾਲ੍ਹਾਂ ਕੱਢਦਾ ਸੀ। ਅਖ਼ੀਰ ਤੰਗ ਆ ਕੇ ਮੈਂ ਘਰੋਂ ਭੱਜ ਗਿਆ ਤੇ ਚੌਧਰੀ ਸਰਾਜ ਹੋਰਾਂ ਕੋਲ ਆ ਗਿਆ। ਉਨ੍ਹਾਂ ਮੈਨੂੰ ਆਸਰਾ ਦਿੱਤਾ ਤੇ ਨੌਕਰ ਰੱਖ ਲਿਆ। ਸਾਫ਼ ਸੁਥਰੀ ਰੋਟੀ, ਖ਼ਾਲਸ ਦੁੱਧ-ਦਹੀਂ, ਮੱਖਣ ਤੇ ਘਿਉ ਖਾਣ ਨਾਲ ਮੇਰਾ ਸਰੀਰ ਵਧਣ-ਫੁੱਲਣ ਲੱਗਾ। ਜਵਾਨੀ ਨੂੰ ਪੁੰਗਰ ਪੈਣ ਲੱਗੀ ਤੇ ਫਿਰ ਭਾਗਾਂ ਸੜੀ ਜਵਾਨੀ ਢਲਕਾਂ ਮਾਰਨ ਲੱਗੀ। ਮੈਂ ਮੌਕਾ ਮਿਲਦਿਆਂ ਹੀ ਪਿੰਡ ਦੇ ਅਖਾੜੇ ਵਿਚ ਵੀ ਜਾਂਦਾ ਤੇ ਰੱਜ ਕੇ ਡੰਡ ਬੈਠਕਾਂ ਮਾਰਦਾ। ਪਹਿਲਵਾਨਾਂ ਨਾਲ ਜ਼ੋਰ ਕਰਦਾ ਤੇ ਪਹਿਲਵਾਨੀ ਦਾਅ ਸਿਖਦਾ। ਮੇਰੇ ਡੌਲੇ, ਪੱਟ ਤੇ ਛਾਤੀ ਵੇਖ ਕੇ ਮੁਟਿਆਰਾਂ ਮੈਨੂੰ ਰਿਝਾਣ ਦਾ ਯਤਨ ਕਰਦੀਆਂ। ਉਨ੍ਹਾਂ ਦੀਆਂ ਬੇ-ਹੱਦਾਇਤੀਆਂ ਅੱਖਾਂ ਮੈਨੂੰ ਰਾਹ ਅਵੱਲੜਾ ਦਸਦੀਆਂ। ਮੈਂ ਜਾਣ ਬੁਝ ਕੇ ਝੱਲਾ ਬਣ ਜਾਂਦਾ ਤੇ ਆਪਣਾ ਝੱਲਪੁਣਾ ਨਹੀਂ ਛੱਡਦਾ। ਪਰ ਇਕ ਗਾਜਰੀ ਰੰਗ ਦੀ ਮੁਟਿਆਰ ਮੇਰੇ ਪਿੱਛੇ ਹੀ ਪੈ ਗਈ। ਮੈਂ ਉਹਦੇ ਕੋਲੋਂ ਪਿੱਛਾ ਛੁਡਾਵਣ ਦੇ ਬਥੇਰੇ ਯਤਨ ਕੀਤੇ ਪਰ ਉਹ ਸ਼ਰਮਾਂ ਸੜੀ ਨੂੰ ਇਸ਼ਕ ਦਾ ਚਾਅ ਚੜ੍ਹਿਆ ਹੋਇਆ ਸੀ। ਉਸ ਦਾ ਨਾਂ ਸਾਬਰੀ ਸੀ ਤੇ ਉਹ ਚੌਧਰੀ ਸਰਾਜ ਦੀ ਧੀ ਸੀ। ਉਹਦੇ ਸਰੀਰ ਦੇ ਅੰਗ ਬੜੇ ਜਚਵੇਂ ਸਨ ਤੇ ਉਹਦੇ ਜਿਹੀ ਸੋਹਣੀ ਕੋਈ ਵਿਰਲੀ ਹੀ ਹੋਵੇਗੀ। ਪਰ ਮੈਨੂੰ ਕੋਈ ਹੱਕ ਨਹੀਂ ਸੀ ਕਿ ਮੈਂ ਨੰਬਰਦਾਰ ਦੀ ਪੱਤ 'ਤੇ ਹੱਥ ਪਾਵਾਂ। ਮੈਂ ਚੌਧਰੀ ਦੇ ਅਹਿਸਾਨਾਂ ਥੱਲੇ ਦੱਬਿਆ ਹੋਇਆ ਅਜਿਹਾ ਮਨੁੱਖ ਸਾਂ ਜਿਸਦਾ ਆਪਣਾ ਕੁਝ ਵੀ ਨਹੀਂ ਸੀ ਅਤੇ ਜਿਸਦੇ ਨਸੀਬੇ ਗੋਡੇ-ਗੋਡੇ ਭੁੱਖ ਭਰੀ ਹੋਈ ਸੀ। ਪਰ ਹੱਕੀ ਗੱਲ ਇਹ ਸੀ ਕਿ ਸਾਬਰੀ ਮੈਨੂੰ ਗੂੜ੍ਹ ਚਾਨਣ ਲੱਗੀ ਸੀ। ਮੈਂ ਜਿੰਨਾ ਉਸ ਕੋਲੋਂ ਦੂਰ ਭੱਜਦਾ, ਉਹ ਉਨਾ ਹੀ ਮੇਰੇ ਨੇੜੇ ਆਉਂਦੀ ਜਾਂਦੀ।

ਕੁੜੀਆਂ ਧਰੇਕ ਵਾਂਗਰ ਵਧ ਜਾਂਦੀਆਂ ਨੇ ਤੇ ਮਾਪਿਆਂ ਨੂੰ ਪਤਾ ਹੀ ਨਹੀਂ ਚਲਦਾ ਕਿ ਕਦ ਉਨ੍ਹਾਂ ਜਵਾਨੀ ਦੀ ਮੁਹਾਠ ਵੀ ਟੱਪ ਲਈ ਹੈ ਤੇ ਇਸ਼ਕੇ ਦੀ ਗੁੜ੍ਹਤੀ ਵੀ ਚੱਟ ਲਈ ਹੈ। ਸਾਬਰੀ ਦੇ ਹੁਸਨ ਦੀ ਬਹਾਰ ਵੇਖ ਕੇ ਵਿਚੋਲੇ ਚੌਧਰੀ ਦੇ ਘਰ ਆਉਣ-ਜਾਣ ਲੱਗੇ। ਚੌਧਰੀ ਦੀਆਂ ਵੀ ਅੱਖਾਂ ਖੁੱਲ੍ਹੀਆਂ ਤੇ ਉਹ ਵੀ ਧੀ ਲਈ ਚੰਗੇ ਰਿਸ਼ਤੇ ਦੀ ਭਾਲ ਕਰਨ ਲੱਗਾ।

ਮੈਂ ਚੌਧਰੀ ਦਾ ਨਮਕ ਹਲਾਲ ਸਾਂ ਤੇ ਨਹੀਂ ਸਾਂ ਚਾਹੁੰਦਾ ਕਿ ਇਸ਼ਕ ਦੀ ਮੁਸ਼ਕ ਕੋਠੀ ਵਿਚ ਫੈਲੇ। ਇਕ ਦਿਨ ਜਦ ਮੈਂ ਚੌਧਰੀ ਸਰਾਜ ਦੀਆਂ ਲੱਤਾਂ ਦਬਾ

ਰਿਹਾ ਸੀ ਤਾਂ ਉਨ੍ਹਾਂ ਮੈਨੂੰ ਹੁੱਕਾ ਤਾਜ਼ਾ ਕਰਨ ਦਾ ਹੁਕਮ ਦਿੱਤਾ। ਮੈਂ ਚਾਹਰੀ ਵਿਚ ਤਾਜ਼ਾ ਪਾਣੀ ਪਾਇਆ। ਚਿਲਮ ਵਿਚ ਤੰਮਾਕੂ ਭਰਿਆ। ਕੁੱਢਣ ਨਾਲ ਚੁਲ੍ਹਾ ਫਰੋਲਿਆ ਤੇ ਦੋ-ਤਿੰਨ ਅੰਗਿਆਰ ਟੋਪੀ ਵਿਚ ਪਾਏ ਤੇ ਹੁੱਕਾ ਨੰਬਰਦਾਰ ਸਾਮ੍ਹਣੇ ਜਾ ਰੱਖਿਆ। ਉਨ੍ਹਾਂ ਹੁੱਕੇ ਦੀ ਨਾਲ ਫੜੀ ਤੇ ਸੂਟੇ ਲਾਣ ਲੱਗੇ ਤੇ ਆਪਣੇ ਲੋਰ ਵਿਚ ਸੈਫਲ ਮਲੂਕ ਗਾਣ ਲੱਗੇ। ਮੈਂ ਮੌਕੇ ਨੂੰ ਗਨੀਮਤ ਸਮਝਿਆ ਤੇ ਹੌਲ਼ੀ ਜੇਹੀ ਕਿਹਾ।

"ਸਰਕਾਰ! ਮੈਂ ਆਪਣਾ ਘਰਾਟ ਚਲਾਣਾ ਚਾਹੁੰਨਾ ਵਾਂ। ਸਵੇਰੇ-ਸ਼ਾਮੀਂ ਤੁਹਾਡੀ ਚਾਕਰੀ ਕਰਦਾ ਰਹਾਂਗਾ ਪਰ ਦਿਨ ਨੂੰ ਘਰਾਟ ਚਲਾਵਾਂਗਾ। ਇੰਜ ਤਾਂ ਤੁਹਾਡੇ ਹੁੰਦਿਆਂ ਮੈਨੂੰ ਕਿਸੇ ਚੀਜ਼ ਦੀ ਥੋੜ ਨਹੀਂ ਏ ਪਰ ਮੈਂ ਆਪਣੇ ਪੈਰਾਂ 'ਤੇ ਖਲੋਣਾ ਚਾਹੁੰਦਾ ਹਾਂ। ਜੇ ਤੁਸੀਂ ਇਜਾਜ਼ਤ ਦਿਓ ਤਾਂ ਮੈਂ ਜੰਗਲ ਲਾਗੇ ਵਹਿੰਦੀ ਨਦੀ 'ਤੇ ਘਰਾਟ ਬਣਾਵਾਂਗਾ। ਸਵੇਰੇ ਘਰ ਦਾ ਸਾਰਾ ਕੰਮ ਮੁਕਾ ਕੇ ਡੰਗਰ ਲੈ ਜਾਇਆ ਕਰਾਂਗਾ। ਘਰਾਟ ਵੀ ਚਲਾਵਾਂਗਾ ਤੇ ਡੰਗਰ ਵੀ ਚਰਾ ਕੇ ਲਿਆਵਾਂਗਾ।"

ਚੌਧਰੀ ਹੁਰਾਂ ਮੈਨੂੰ ਇਜਾਜ਼ਤ ਦੇ ਦਿੱਤੀ। ਮੈਂ ਘਰਾਟ ਚਲਾਉਣ ਲੱਗਾ। ਮੈਂ ਸੋਚਿਆ ਸੀ ਕਿ ਇੰਜ ਸਾਬਰੀ ਕੋਲੋਂ ਮੇਰਾ ਪਿੱਛਾ ਛੁੱਟ ਜਾਏਗਾ ਪਰ ਮੈਂ ਗ਼ਲਤੀ 'ਤੇ ਸਾਂ। ਸਾਬਰੀ ਸ਼ਿਕਰੇ ਦੀ ਅੱਖ ਰੱਖਦੀ ਸੀ। ਉਹ ਆਪਣੀਆਂ ਸਹੇਲੀਆਂ ਨਾਲ ਰੋਜ਼ ਸੈਰ ਕਰਨ ਦੇ ਬਹਾਨੇ ਘਰਾਟ ਵਲ ਆ ਜਾਂਦੀ। ਉਹ ਸਾਰੀਆਂ ਮਾਹੀਏ, ਟੱਪੇ, ਬਾਲੋ ਤੇ ਕੈਂਚੀ ਗਾਂਵਦੀਆਂ ਤੇ ਮੈਨੂੰ ਰਿਝਾਂਵਦੀਆਂ। ਮੈਂ ਪਹਿਲਾਂ ਤਾਂ ਝਕਦਾ ਰਿਹਾ, ਸੰਗਦਾ ਰਿਹਾ। ਫਿਰ ਅੰਤ ਨੂੰ ਮੈਂ ਕੁੰਡੀ ਦਿਲ ਦੀ ਖੋਲ੍ਹ ਦਿੱਤੀ ਤੇ ਸਾਬਰੀ ਅਡੋਲ ਹੀ ਮੇਰੇ ਦਿਲ ਦੀ ਕੁਲੀ ਅੰਦਰ ਵੜ ਗਈ ਅਤੇ ਪਾਣੀ ਵਾਂਗਰ ਮੇਰੇ ਉਤੇ ਡੁੱਲ ਪਈ। ਤੁਹਾਨੂੰ ਤਾਂ ਪਤਾ ਹੀ ਹੋਵੇਗਾ ਕਿ ਪਾਣੀ ਬੜਾ ਮਨ ਮੌਜੀ ਹੁੰਦਾ ਹੈ। ਇਹਦਾ ਜੀ ਕਰੇ ਤਾਂ ਤਰਦਿਆਂ ਨੂੰ ਡੋਬ ਦਿੰਦਾ ਤੇ ਡੁਬਦਿਆਂ ਨੂੰ ਤਾਰ ਛੱਡਦਾ ਹੈ। ਖੌਰੇ ਮੈਂ ਡੁਬਿਆ ਸਾਂ ਕਿ ਤ਼ਰਿਆ ਸਾਂ ਪਰ ਖਰੀ ਗੱਲ ਇਹ ਹੈ ਕਿ ਪਾਣੀ ਜੇ ਅੱਗ ਕੋਲ ਰਹੇ ਤਾਂ ਪਾਣੀ ਨੂੰ ਉਬਾਲਾ ਆ ਹੀ ਜਾਂਦਾ ਹੈ। ਤੇ ਮੈਨੂੰ ਪਤਾ ਹੀ ਨਹੀਂ ਚਲਿਆ ਬਈ ਕਦੋਂ ਇਸ਼ਕ ਦਾ ਨਾਗ ਉਬਲਦੇ ਪਾਣੀ ਵਿਚੋਂ ਨਿਕਲਿਆ ਤੇ ਮੇਰੇ ਕਾਲਜੇ ਨੂੰ ਡੰਗ ਮਾਰ ਗਿਆ। ਮੈਂ ਉਸ ਨਾਰ ਪਟੋਲੀ ਨੂੰ ਅੱਖਾਂ ਦੀ ਪਟਾਰੀ ਵਿਚ ਰੱਖ ਲਿਆ ਤੇ ਉਹਦੇ ਸਦਕੜੇ ਜਾਣ ਲੱਗਾ। ਮੈਂ ਵੀ ਰਾਂਝੇ ਵਾਂਗੂੰ ਵੰਝਲੀ ਫੜ ਲਈ ਤੇ ਸਾਬਰੀ ਦੇ ਪਿਆਰ ਗੀਤਾਂ ਦਾ ਹਿੱਸਾ ਬਣ ਗਿਆ। ਅਸੀਂ ਰੋਜ਼ ਮਿਲਣ ਲੱਗੇ। ਸਾਡੇ ਨੈਣਾਂ ਨੇ ਅੰਗ ਅੰਗ ਵਿਚ ਪਿਆਰ ਪੀਂਘਾਂ ਪਾਈਆਂ ਤੇ ਮੈਂ ਆਪਣੀਆਂ ਨੀਂਦਰਾਂ ਸਾਬਰੀ ਦੇ ਨਾਂ ਕਰ ਦਿੱਤੀਆਂ। ਉਹ ਰੋਜ਼ ਰੋਜ਼ ਪੀਰ ਵੇਲੇ ਘਰਾਟ 'ਤੇ ਆਉਂਦੀ ਤੇ ਮੇਰੇ ਲਈ ਮੱਕ ਦਾ ਮਿਠਾ ਰੋਟ ਪਕਾ ਕੇ ਲਿਆਂਦੀ। ਗੋਕੇ

ਘਿਉ 'ਚ ਨਰੋਈ ਚੂਰੀ ਕੁੱਟ ਕੇ ਆਪਣੇ ਹੱਥੀਂ ਖੁਆਂਦੀ। ਫਿਰ ਅਸੀਂ ਗੱਲਾਂ ਕਰਦੇ, ਹਸਦੇ, ਗਾਂਵਦੇ। ਹੌਲ਼ੀ-ਹੌਲ਼ੀ ਸਾਡੇ ਇਸ਼ਕ ਦੇ ਤਾਪ ਦਾ ਸੇਕ ਸਾਬਰੀ ਦੇ ਮਾਪਿਆਂ ਤੀਕਰ ਪਹੁੰਚਣ ਲੱਗਾ। ਇਸ ਤੋਂ ਪਹਿਲਾਂ ਕਿ ਇਹ ਸੇਕ ਉਨ੍ਹਾਂ ਨੂੰ ਸਾੜ ਦੇਵੇ। ਉਹ ਸਾਬਰੀ ਲਈ ਵਰ ਢੂੰਡਣ ਲੱਗੇ। ਰਿਸ਼ਤੇ ਆਣ ਲੱਗੇ, ਪਰਖ ਪੜਚੋਲ ਹੋਣ ਲੱਗੀ। ਇਕ ਅੱਧ ਥਾਂ 'ਤੇ ਗੱਲ ਅੱਗੇ ਵਧਣ ਵੀ ਲੱਗੀ। ਮੈਂ ਚੁੱਪ ਸਾਂ ਕਿਉਂਕਿ ਚਾਕਰ ਹਮੇਸ਼ਾ ਮਾਲਕ ਦੇ ਦਾਬੇ ਹੇਠ ਰਹਿੰਦਾ ਹੈ, ਪਰ ਸਾਬਰੀ ਨੇ ਹੌਸਲਾ ਕਰਕੇ ਲਿੱਸੀ ਜੇਹੀ ਆਵਾਜ਼ ਵਿਚ ਆਪਣੀ ਮਾਂ ਨੂੰ ਕਿਹਾ।

"ਮੈਂ ਸਜਾਵਲ ਨਾਲ ਨਿਹੁੰ ਲਾਇਆ ਏ। ਉਹ ਮੇਰਾ ਰਾਂਝਾ ਜੋਗੀ ਏ ਤੇ ਮੈਂ ਉਸਦੀ ਜੋਗਨ। ਸਾਡੀ ਜੋੜੀ ਬੜੀ ਫਬਦੀ ਏ। ਮੈਂ ਉਹਦੇ ਬਗ਼ੈਰ ਜ਼ਿੰਦਾ ਨਹੀਂ ਰਹਿ ਸਕਦੀ। ਤੁਸੀਂ ਬਾਹਰ ਫੇਰੀਆਂ ਮਾਰਨੀਆਂ ਬੰਦ ਕਰੋ ਤੇ ਸਾਡਾ ਵਿਆਹ ਕਰ ਦਿਓ। ਮੈਂ ਤੁਹਾਡੀ ਇਕੱਲੀ ਧੀ ਹਾਂ। ਸਜਾਵਲ ਸਾਡੇ ਘਰ ਵਿਚ ਹੀ ਰਹੇਗਾ ਤੇ ਸਾਰੀ ਉਮਰ ਤੁਹਾਡੀ ਸੇਵਾ ਕਰੇਗਾ। ਉਸਦਾ ਤੁਹਾਡੇ ਬਗ਼ੈਰ ਹੋਰ ਕੋਈ ਨਹੀਂ। ਉਹ ਏਥੇ ਹੀ ਪਲਿਆ ਹੈ ਤੇ ਏਥੇ ਹੀ ਆਪਣੀ ਗ੍ਰਹਿਸਥੀ ਬਨਾਏਗਾ। ਮਾਂ! ਤੂੰ ਅੱਬਾ ਜੀ ਨੂੰ ਸਮਝਾ।" ਸਾਬਰੀ ਦੀ ਗੱਲ ਸੁਣ ਕੇ ਉਸਦੀ ਮਾਂ ਅੱਖਾਂ ਫਾੜ-ਫਾੜ ਕੇ ਵੇਖਣ ਲੱਗੀ ਤੇ ਕਹਿਣ ਲੱਗੀ।

"ਸਾਬਰੀ! ਚੌਧਰੀ ਨੂੰ ਕਹਿਰ ਚੜ੍ਹਿਆ ਹੋਇਆ ਏ। ਉਹ ਸਜਾਵਲ ਦੇ ਡੱਕਰੇ ਕਰ ਦੇਵੇਗਾ। ਇਹ ਗੱਲ ਕਦੇ ਸੋਚੀ ਵੀ ਨਹੀਂ ਜਾ ਸਕਦੀ। ਨੰਬਰਦਾਰ ਦੀ ਕੁੜੀ ਨੌਕਰ ਨਾਲ ਵਿਆਹੀ ਜਾਵੇ। ਇਹ ਅਨਰਥ ਹੈ। ਉਸ ਕੋਲ ਹੈ ਹੀ ਕੀ ਏ? ਉਹ ਤੈਨੂੰ ਕਿੱਥੋਂ ਖਵਾਏਗਾ? ਸਾਬਰੀ ਕੱਖਾਂ ਨਾਲ ਆਲ੍ਹਣੇ ਤਾਂ ਪੈਂਦੇ ਨੇ ਪਰ ਘਰ ਨਹੀਂ ਉਸਰਦੇ। ਤੈਨੂੰ ਸਜਾਵਲ ਨੇ ਟੂਣਾ ਕਰ ਦਿੱਤਾ ਏ। ਏਸ ਲਈ ਤੂੰ ਇੰਜ ਬਕਵਾਸ ਕਰ ਰਹੀ ਏਂ।"

"ਮਾਂ! ਸੁਣ, ਝੂਠ ਨੂੰ ਫਟਕਾਰ ਤੇ ਹੱਕ ਨੂੰ ਸਤਿਕਾਰ। ਏਸ ਲਈ ਆਪਣਾ ਤੇ ਸਾਡਾ ਮਾਨ ਰੱਖ ਲੈ।" ਪਰ ਉਹ ਟਸ ਤੋਂ ਮਸ ਨਹੀਂ ਹੋਈ। ਇਕ ਦਿਨ ਜਦ ਘਰ ਵਿਚ ਪਤਾਸਿਆਂ ਦੇ ਟੋਕਰੇ ਆਏ ਤਾਂ ਸਾਬਰੀ ਨੇ ਹੋਵਣ ਵਾਲੀ ਕੁੜਮਾਚਾਰੀ ਨੂੰ ਆਰੀ ਨਾਲ ਵੱਢਣ ਦਾ ਫ਼ੈਸਲਾ ਕਰ ਲਿਆ। ਕਹਿਣ ਲੱਗੀ, "ਚੱਲ ਨੱਠ ਚੱਲੀਏ ਏਥੋਂ। ਮੇਰੇ ਮਾਪੇ ਨਹੀਂ ਮੰਨਦੇ। ਚੱਲ ਚੱਲੀਏ ਤੇ ਕੋਈ ਅਜੇਹੀ ਥਾਂ ਢੂੰਡੀਏ, ਜਿੱਥੇ ਨਾ ਕੋਈ ਧਰਮ ਹੋਵੇ, ਨਾ ਹਸਬ ਨਸਬ ਤੇ ਜ਼ਾਤ ਹੋਵੇ। ਨਾ ਜੱਬਰ ਹੋਵੇ, ਨਾ ਕਹਿਰ। ਨਾ ਦਹਿਸ਼ਤ ਹੋਵੇ, ਨਾ ਵਹਿਸ਼ਤ। ਚੱਲ ਉਥੇ ਜਾ ਕੇ ਵੱਸੀਏ।"

ਮੈਂ ਬੜਾ ਰੋਕਿਆ। ਚੋਖਾ ਸਮਝਾਇਆ। ਪਰ ਉਸ ਨੇ ਇਕ ਨਾ ਸੁਣੀ ਤੇ ਫਿਰ ਅਸੀਂ ਦੋਵੇਂ ਰਾਤੋ ਰਾਤ ਉਥੋਂ ਨਿਕਲ ਪਏ। ਅਸੀਂ ਔਖੀਆਂ ਢੱਕੀਆਂ,

ਪਹਾੜੀ ਗਲੇ ਤੇ ਢੋਕਾਂ ਚੜ੍ਹਣ ਲੱਗੇ। ਨਦੀ, ਨਾਲੇ ਤੇ ਦਰਿਆ ਟਪਣ ਲੱਗੇ ਤੇ ਅਖੀਰ ਰਜੌਂਰੀ ਦੇ ਇਕ ਪਿੰਡ ਸਾਜ ਵਿਚ ਆ ਗਏ। ਅਸਾਂ ਦੋਨਾਂ ਨਿਕਾਹ ਕਰਾ ਲਿਆ। ਮੈਂ ਸਾਜ ਨਦੀ 'ਤੇ ਹੀ ਆਪਣਾ ਘਰਾਟ ਬਣਾਇਆ ਅਤੇ ਕਣਕ ਤੇ ਕੁਕੜੀਆਂ (ਮੱਕਾ) ਪੀਹ-ਪੀਹ ਕੇ ਨਾਲੇ ਆਟਾ ਵੇਚ-ਵੇਚ ਕੇ ਰਿਜ਼ਕ ਕਮਾਣ ਲੱਗਾ। ਮੈਂ ਸਾਬਰੀ ਦਾ ਪੂਰਾ ਖ਼ਿਆਲ ਰੱਖਦਾ। ਉਸ ਦੀ ਹਰ ਰੀਝ ਪੂਰੀ ਕਰਦਾ। ਕਿਉਂ ਜੇ ਉਹਨੇ ਆਪਣੇ ਸਾਰੇ ਸੁਫ਼ਨੇ ਮੇਰੇ ਨਾਂ ਕਰ ਦਿੱਤੇ ਸਨ। ਅਸੀਂ ਦੋਵੇਂ ਖ਼ੁਸ਼ ਸਾਂ। ਅਸਾਂ ਆਪਣਾ ਨਿੱਕਾ ਜੇਹਾ ਕੋਠਾ ਵੀ ਪਾ ਲਿਆ ਸੀ। ਚਾਰ ਸਾਲਾਂ ਦੇ ਅੰਦਰ ਅੰਦਰ ਸਾਡੇ ਵਿਹੜੇ ਸਾਂਵਲ ਤੇ ਨਫੀਸਾ ਖੇਡਣ ਲੱਗੇ। ਮੈਂ ਡਟ ਕੇ ਮਿਹਨਤ ਕਰਨ ਲੱਗਾ। ਘਰਾਟ ਦੇ ਨਾਲ ਹੀ ਇਕ ਨਿੱਕੀ ਜੇਹੀ ਦੁਕਾਨ ਵੀ ਖੋਲ੍ਹ ਲਈ ਜਿੱਥੇ ਪਿੰਡਾਂ ਦੇ ਲੋਕ ਸ਼ਹਿਦ, ਮੋਠ, ਰਾਜਮਾਂਹ, ਦੇਸੀ ਘਿਉ, ਗੀਜ਼ਾ ਚਾਵਲ, ਗੁੱਛੀਆਂ ਤੇ ਹੋਰ ਸ਼ੈਵਾਂ ਵੇਚਣ ਲਈ ਲਿਆਂਦੇ ਅਤੇ ਬਦਲੇ ਵਿਚ ਲੋੜੀਂਦਾ ਸੌਦਾ ਖ਼ਰੀਦ ਕੇ ਲੈ ਜਾਂਦੇ। ਅਸੀਂ ਆਪਣੀ ਨਿੱਕੀ ਜੇਹੀ ਦੁਨੀਆ ਵਿਚ ਖ਼ੁਸ਼ ਸਾਂ।

ਇਕ ਦਿਨ ਰਾਜੌਂਰੀ ਦੇ ਬਾਜ਼ਾਰ ਵਿਚ ਮੈਂ ਦੁਕਾਨ ਲਈ ਮਾਲ ਲੈ ਰਿਹਾ ਸਾਂ ਕਿ ਚੌਧਰੀ ਸਰਾਜ ਦੇ ਲੰਗੋਟੀਏ ਯਾਰ ਸਰਦਾਰ ਉੱਤਮ ਸਿੰਘ ਨੇ ਮੈਨੂੰ ਵੇਖ ਲਿਆ। ਮੈਂ ਉਸ ਕੋਲੋਂ ਅੱਖਾਂ ਚੁਰਾਉਣ ਦਾ ਬੜਾ ਜਤਨ ਕੀਤਾ ਪਰ ਸਭ ਬੇਕਾਰ। ਉਹਨੇ ਮੈਨੂੰ ਫੜ੍ਹ ਲਿਆ ਤੇ ਸਾਬਰੀ ਬਾਰੇ ਪੁੱਛਣ ਲੱਗਾ। ਉਸਦੇ ਜ਼ੋਰ ਪਾਣ ਨਾਲ ਮੈਂ ਚਾਚੇ ਉੱਤਮ ਸਿੰਘ ਨੂੰ ਆਪਣੇ ਘਰ ਲੈ ਆਇਆ। ਚਾਚੇ ਉੱਤਮ ਸਿੰਘ ਨੂੰ ਵੇਖ ਕੇ ਸਾਬਰੀ ਖ਼ੁਸ਼ੀ ਨਾਲ ਪਾਗਲ ਹੋ ਗਈ ਤੇ ਦੌੜ ਕੇ ਉਹਦੇ ਗਲ ਲੱਗ ਗਈ ਤੇ ਢਾਈਂ ਮਾਰ-ਮਾਰ ਕੇ ਰੋਣ ਲੱਗੀ। ਚਾਚਾ ਉੱਤਮ ਸਿੰਘ ਉਹਨੂੰ ਚੁਪ ਕਰਾਉਂਦਾ ਰਿਹਾ ਪਰ ਅੱਖਾਂ ਵਿਚ ਦਰਿਆ ਦਾ ਡੱਕਿਆ ਹੜ੍ਹ ਸਾਰੇ ਬੰਨ੍ਹੇ ਤੋੜ ਕੇ ਵਹਿ ਰਿਹਾ ਸੀ। ਚਾਚਾ ਉੱਤਮ ਸਿੰਘ ਵੀ ਕਿੰਨਾ ਚਿਰ ਉਭੇ ਸਾਹ ਲੈ ਕੇ ਰੋਂਦਾ ਰਿਹਾ। ਰੋ-ਰੋ ਕੇ ਸਾਬਰੀ ਹਫ਼ ਗਈ ਤਾਂ ਕਿਤੇ ਉਹਨੂੰ ਸਬਰ ਸੰਤੋਖ ਮਿਲਿਆ। ਉਹਨੇ ਚਾਚੇ ਨੂੰ ਖਟ 'ਤੇ ਬਿਠਾਇਆ। ਆਪਣੇ ਦੋਵੇਂ ਬੱਚਿਆਂ ਸਾਂਵਲ ਤੇ ਨਫ਼ੀਸਾ ਨੂੰ ਮਿਲਾਇਆ। ਫਿਰ ਚਾਅ ਪਿਲਾਈ। ਆਪਣੇ ਤੇ ਸਜਾਵਲ ਬਾਰੇ ਢੇਰ ਸਾਰੀਆਂ ਗੱਲਾਂ ਕੀਤੀਆਂ ਤੇ ਅਖ਼ੀਰ ਆਪਣਿਆਂ ਮਾਪਿਆਂ ਬਾਰੇ ਪੁੱਛਿਆ।

"ਧੀਏ! ਤੂੰ ਘਰੋਂ ਭੱਜ ਕੇ ਬੜਾ ਜ਼ੁਲਮ ਕੀਤਾ ਆਪਣਿਆਂ ਮਾਪਿਆਂ 'ਤੇ। ਤੂੰ ਚੌਧਰੀ ਸਰਾਜ ਦੀ ਟਾਬਰੀ ਦਾ ਚਿਰਾਗ਼ ਸੀ ਤੇ ਤੈਨੂੰ ਉਨ੍ਹਾਂ ਲਾਡਾਂ ਨਾਲ ਪਾਲਿਆ ਸੀ ਪਰ ਤੂੰ ਸਜਾਵਲ ਦੇ ਪਿਆਰ ਵਿਚ ਅੰਨ੍ਹੀ ਹੋ ਗਈ ਤੇ ਘਰੋਂ ਭੱਜ ਗਈ। ਤੂੰ ਪਿਉ ਦੀ ਲੱਜ ਨੂੰ ਕੱਜਣ ਦੀ ਥਾਂ ਭੰਡਣ ਦਾ ਕੰਮ ਕੀਤਾ। ਜਦ ਚੌਧਰੀ

ਨੂੰ ਪਤਾ ਚੱਲਿਆ ਤਾਂ ਉਸ ਨੇ ਆਪਣੀ ਦੁਨਾਲੀ ਕੱਢ ਲਈ ਤੇ ਸਜਾਵਲ ਨੂੰ ਮਾਰਨ ਲਈ ਤੁਰ ਪਿਆ। ਉਸ ਨਾਲ ਉਹਦੇ ਗੋਗੇ (ਗੁਰਗੇ) ਵੀ ਸਨ। ਕਿਸੇ ਦਾਤਰੀ ਫੜੀ, ਕਿਸੇ ਬਰਛੀ ਤੇ ਕਿਸੇ ਕਿਰਚ-ਤਲਵਾਰ। ਜਿਸਦੇ ਹੱਥ ਜੋ ਆਇਆ, ਉਹ ਚੌਧਰੀ ਨਾਲ ਤੁਰ ਪਿਆ। ਚੌਧਰੀ ਦੀਆਂ ਅੱਖਾਂ ਵਿਚ ਕਹਿਰ ਸੀ। ਉਸ ਨੇ ਗਵਾਂਢ ਦੇ ਸਾਰੇ ਪਿੰਡ, ਜੰਗਲ-ਬੇਲੇ, ਢੋਕਾਂ ਤੇ ਦਵਾਰਾਂ ਛਾਣ ਮਾਰੀਆਂ। ਪੁਲਿਸ ਵੀ ਤੁਹਾਨੂੰ ਫੜਨ ਲਈ ਥਾਂ-ਥਾਂ 'ਤੇ ਛਾਪੇ ਮਾਰਦੀ ਰਹੀ। ਚੌਧਰੀ ਦੇ ਦੁਮ-ਛੱਲੇ ਵੀ ਚੱਪਾ-ਚੱਪਾ ਲੱਭਦੇ ਰਹੇ। ਪਰ ਤੁਸੀਂ ਖੌਰੇ ਕਿਹੜੀ ਰੁਢ ਵਿਚ ਲੁਕੇ ਸੌ।

ਅਖ਼ੀਰ ਚੌਧਰੀ ਥੱਕ ਹਾਰ ਕੇ ਆਪਣੀ ਕੋਠੀ ਅੰਦਰ ਕੈਦ ਹੋ ਗਿਆ। ਉਹਨੇ ਆਪਣੇ ਦੁੱਖ ਨੂੰ ਮੂੰਹ ਰਾਹੀਂ ਨਹੀਂ ਸਗੋਂ ਅੱਥਰੂਆਂ ਰਾਹੀਂ ਕੱਢਿਆ। ਉਹਦੇ ਦਿਲ ਦੇ ਜ਼ਖ਼ਮਾਂ ਨੂੰ ਮਲ੍ਹਮ ਲਾਣ ਵਾਲਾ ਕੋਈ ਨਹੀਂ ਸੀ। ਤੇਰੀ ਨਮੋਸ਼ੀ ਨੇ ਉਸ ਦੀਆਂ ਸਾਰੀਆਂ ਖ਼ੁਸ਼ੀਆਂ ਨਿਚੋੜ ਲਈਆਂ ਸਨ। ਇਸ ਹਾਦਸੇ ਨੇ ਉਸ ਦੀ ਰੂਹ ਦੀ ਇਕ ਇਕ ਤਾਰ ਨੂੰ ਹਿਲਾ ਦਿੱਤਾ ਸੀ। ਤੇਰੇ ਕਾਰਨ ਚੌਧਰੀ ਦੇ ਸ਼ਰੀਕਾਂ ਕੱਛਾਂ ਮਾਰੀਆਂ ਤੇ ਆਪਣਾ ਸਾੜ ਕੱਢਣ ਲਈ ਮੰਦਾ ਬੋਲਣ ਲੱਗੇ। ਲੁੰਡੀ ਬੁੱਚੀ ਨੰਬਰਦਾਰ ਦੀ ਇੱਜ਼ਤ ਦੀਆਂ ਲੀਰਾਂ ਲਾਹੁਣ ਲੱਗੀ। ਤੇਰੀ ਮਾਂ ਵੀ ਦਿਨੇ ਰਾਤੀਂ ਹਾੜੇ ਮਾਰਦੀ। ਉਹਦੀਆਂ ਅੱਖਾਂ ਬੂਹੇ ਵੱਲ ਲੱਗੀਆਂ ਰਹਿੰਦੀਆਂ। ਕੱਖ ਹਿੱਲੇ, ਅੱਖ ਫੜਕੇ ਪਰ ਸਾਬਰੀ ਨਾ ਦਿਸੇ। ਤੁਸਾਂ ਉਸਦੀ ਖ਼ੁਸ਼ਬਖਤੀ 'ਤੇ ਹੂੰਝਾ ਫੇਰ ਦਿੱਤਾ। ਉਸ ਦੀਆਂ ਦੁਖਦੀਆਂ ਰਗਾਂ ਤੇ ਕਲੇਜੇ ਦੀਆਂ ਚੀਕਾਂ ਨੂੰ ਵੇਲੇ ਨੇ ਚੁੱਪ ਵਿਚ ਵਲੇਟ ਲਿਆ। ਅਸਾਂ ਦੋਹਾਂ ਯਾਰੀ ਦੀ ਪੱਗ ਵਟਾਈ ਸੀ ਪਰ ਮੈਂ ਵੀ ਕੁਝ ਨਹੀਂ ਕਰ ਸਕਿਆ। ਉਹ ਬਦਨਾਮੀ ਦੇ ਖੂਹ ਵਿਚ ਡੁੱਬ ਗਿਆ। ਉਹਨੇ ਜ਼ਿੰਦਗੀ ਨੂੰ ਮੌਤ ਦਾ ਫਾਹਾ ਲਾ ਲਿਆ। ਹਵੇਲੀ ਵੀਰਾਨ ਤੇ ਤੇਰੀ ਮਾਂ ਨਿੰਮੂਝਾਣ ਹੋ ਗਈ। ਉਸ ਦੀ ਇਕ ਅੱਖ ਰੋਂਦੀ ਤੇ ਇਕ ਅੱਖ ਸੌਂਦੀ ਏ। ਉਸ ਦੀ ਦੁਨੀਆਂ ਖ਼ਤਮ ਹੋ ਗਈ ਏ। ਉਹ ਕਦੇ ਚੌਧਰੀ ਨੂੰ ਤੇ ਕਦੇ ਤੈਨੂੰ ਯਾਦ ਕਰਕੇ ਰੋਂਦੀ ਰਹਿੰਦੀ ਏ।"

ਸਰਦਾਰ ਉੱਤਮ ਸਿੰਘ ਦੀਆਂ ਗੱਲਾਂ ਸੁਣ ਕੇ ਸਾਬਰੀ ਹੌਕੇ ਭਰਦੀ ਰਹੀ, ਹਾੜੇ ਮਾਰਦੀ ਰਹੀ। ਜਦ ਉਹ ਥੱਕ ਗਈ ਤਾਂ ਚਾਚੇ ਉੱਤਮ ਸਿੰਘ ਨੂੰ ਕਹਿਣ ਲੱਗੀ, "ਚਾਚਾ! ਜੇ ਸਾਨੂੰ ਅੱਬਾ ਜੀ ਦੀ ਫੌਤਗੀ ਦਾ ਪਤਾ ਚਲਦਾ ਤਾਂ ਅਸੀਂ ਜ਼ਰੂਰ ਘਰ ਆ ਜਾਂਦੇ। ਘਟੋ ਘਟ ਅੱਬਾ ਜੀ ਦੀ ਕਬਰ 'ਤੇ ਇਕ ਬੁੱਕ ਮਿੱਟੀ ਹੀ ਪਾਂਵਦੇ। ਫਾਤਿਹਾ ਪੜ੍ਹਦੇ। ਅੰਮੀ ਦੇ ਦੁਖ ਦੇ ਭਾਈਵਾਲ ਬਣ ਜਾਂਦੇ। ਪਰ ਸਾਨੂੰ ਕਿੰਝ ਪਤਾ ਚਲਦਾ। ਅਸਾਂ ਕਿਹੜਾ ਕਿਸੇ ਨੂੰ ਆਪਣਾ ਥਾਂ-ਥਹੋ ਦੱਸਿਆ ਸੀ। ਮੈਂ ਤਾਂ ਸਜਾਵਲ ਲਈ ਆਪਣੇ ਵਜੂਦ ਨੂੰ ਮਾਪਿਆਂ ਦੇ ਵਜੂਦ ਤੋਂ ਵੱਖ ਕਰ ਲਿਆ ਸੀ ਪਰ ਉਹ ਆਪਣੇ ਜਿਗਰ ਦੇ ਟੁਕੜੇ ਨੂੰ ਆਪਣੇ ਵਜੂਦ ਤੋਂ ਵੱਖ ਨਹੀਂ ਕਰ

ਸਕੇ ਅਤੇ ਵਿਛੋੜੇ ਦੀ ਅੱਗ ਵਿਚ ਸੜ ਬਲ ਗਏ। ਚਾਚਾ! ਤੇਰੀ ਖ਼ੈਰ ਹੋਵੇ। ਤੇਰੀ ਪੱਗ ਦਾ ਸ਼ਮਲਾ ਉੱਚਾ ਰਹੇ। ਮੈਨੂੰ ਮੇਰੀ ਮਾਂ ਕੋਲ ਲੈ ਚੱਲ। ਮੇਰੀ ਬੇਵੱਸ ਮਾਂ ਇਕੱਲੀ ਰਹਿ ਗਈ ਏ। ਉਸ ਦੇ ਦੁਖ ਵੰਡਾਣ ਵਾਲਾ ਉਥੇ ਕੋਈ ਨਹੀਂ। ਮੈਂ ਕੁਝ ਦਿਨ ਉਸ ਕੋਲ ਰਹਿ ਕੇ ਆਵਾਂਗੀ ਤੇ ਹੋ ਸਕਿਆ ਤਾਂ ਉਹਨੂੰ ਨਾਲ ਹੀ ਲੈ ਪਰਤਾਂਗੀ। ਉਹਦਾ ਉਥੇ ਹੁਣ ਕੌਣ ਏ। ਚਾਚਾ! ਮੈਂ ਤੇਰੀ ਵੀ ਧੀ ਹਾਂ। ਮੇਰੀ ਰੂਹ ਤੜਫ਼ ਰਹੀ ਏ। ਮੈਨੂੰ ਆਪਣੇ ਨਾਲ ਪਿੰਡ ਲੈ ਚੱਲ।" ਫਿਰ ਉਹਨੇ ਮੇਰੇ ਵੱਲ ਮੂੰਹ ਕੀਤਾ ਤੇ ਕਹਿਣ ਲੱਗੀ।

"ਸਜਾਵਲ ਕੀ ਅਸੀਂ ਆਪਣੇ ਪਿੰਡ ਵਾਪਸ ਨਹੀਂ ਜਾ ਸਕਦੇ। ਕੀ ਅਸੀਂ ਆਪਣੇ ਘਰ ਨਹੀਂ ਰਹਿ ਸਕਦੇ। ਉਥੇ ਰਹਿ ਕੇ ਅਸੀਂ ਅੰਮੀ ਦੀ ਸੇਵਾ ਕਰਾਂਗੇ। ਅੱਬੂ ਦਾ ਕੰਮਕਾਜ ਸੰਭਾਲਾਂਗੇ।" ਮੈਂ ਸਾਬਰੀ ਨੂੰ ਸਮਝਾਇਆ ਕਿ ਰੱਬ ਦੀ ਮਿਹਰ ਨਾਲ ਸਾਡਾ ਏਥੇ ਕਾਰੋਬਾਰ ਵਧੀਆ ਚੱਲ ਰਿਹਾ ਏ। ਬੱਚੇ ਵੀ ਚੰਗੇ ਸਕੂਲ ਵਿਚ ਪੜ੍ਹਣ ਲੱਗ ਪਏ ਨੇ। ਇਸ ਲਈ ਆਪਣੇ ਬੱਚਿਆਂ ਦੀ ਬੇਹਤਰੀ ਲਈ ਅਸੀਂ ਇੱਥੇ ਹੀ ਰਹਾਂਗੇ। ਰੁਝੇਵਿਆਂ ਕਾਰਨ ਮੈਂ ਆਪ ਨਾ ਗਿਆ ਪਰ ਸਾਬਰੀ ਨੂੰ ਚੌਧਰੀ ਦੀ ਕਬਰ 'ਤੇ ਫਾਤਿਹਾ ਪੜ੍ਹਣ ਤੇ ਮਾਂ ਨਾਲ ਕੁਝ ਦਿਨ ਰਹਿਣ ਵਾਸਤੇ ਜਾਣ ਦੀ ਇਜਾਜ਼ਤ ਦੇ ਦਿੱਤੀ। ਮੈਂ ਚਾਚੇ ਉੱਤਮ ਸਿੰਘ ਨੂੰ ਹੱਥ ਜੋੜ ਕੇ ਇਕੋ ਗੱਲ ਕਹੀ ਸੀ ਕਿ ਸਾਬਰੀ ਨੂੰ ਸਿਰਫ਼ ਤੇਰੇ ਭਰੋਸੇ ਘੱਲ ਰਿਹਾਂ। ਵਾਅਦਾ ਕਰ, ਕਿ ਤੂੰ ਉਹਨੂੰ ਮੁੜ ਵਾਪਸ ਲੈ ਕੇ ਆਵੇਂਗਾ ਤੇ ਮੇਰਾ ਮਾਨ ਨਹੀਂ ਤੋੜੇਂਗਾ। ਉਹਨੇ ਮੇਰੇ ਸਿਰ 'ਤੇ ਹੱਥ ਰੱਖ ਕੇ ਮੈਨੂੰ ਯਕੀਨ ਦਿਲਾਇਆ ਸੀ ਤੇ ਕਿਹਾ ਸੀ-

"ਪੁੱਤਰ! ਮੈਂ ਵਾਹਿਗੁਰੂ ਸੱਚੇ ਪਾਤਸ਼ਾਹ ਦੀ ਸਹੁੰ ਖਾ ਕੇ ਕਹਿੰਦਾ ਹਾਂ ਕਿ ਸਾਬਰੀ ਨੂੰ ਮਾਂ ਨਾਲ ਮਿਲਾ ਕੇ ਮੁੜ ਵਾਪਸ ਲੈ ਕੇ ਆਵਾਂਗਾ ਤੇ ਤੇਰੀ ਅਮਾਨਤ ਤੇਰੇ ਹਵਾਲੇ ਕਰਾਂਗਾ। ਇਹ ਇਕ ਸਿੱਖ ਦੀ ਜ਼ਬਾਨ ਹੈ ਤੇ ਸਿੱਖ ਕਦੇ ਆਪਣੀ ਜ਼ਬਾਨ ਤੋਂ ਮੁੜਦਾ ਨਹੀਂ।" ਇੰਜ ਸਾਬਰੀ ਚਾਚੇ ਉੱਤਮ ਸਿੰਘ ਨਾਲ ਆਪਣੇ ਪਿੰਡ ਚਲੀ ਗਈ। ਸਾਂਵਲ ਤੇ ਨਫ਼ੀਸਾ ਮੇਰੇ ਕੋਲ ਹੀ ਰਹੇ। ਸਾਬਰੀ ਦੇ ਜਾਣ ਦੇ ਕੁਝ ਦਿਨ ਮਗਰੋਂ ਦੇਸ਼ ਦੀ ਵੰਡ ਹੋ ਗਈ। ਕਬਾਇਲੀ ਹਮਲਾ ਹੋਇਆ। ਭਾਰਤੀ ਫ਼ੌਜਾਂ ਰਿਆਸਤ ਅੰਦਰ ਦਾਖ਼ਲ ਹੋਈਆਂ, ਕਬਾਇਲੀਆਂ ਨੂੰ ਖਦੇੜਣ ਲਈ। ਸਿੱਟਾ ਇਹ ਨਿਕਲਿਆ ਕਿ ਭਾਰਤ ਦੇ ਨਾਲ-ਨਾਲ ਜੰਮੂ ਤੇ ਕਸ਼ਮੀਰ ਦੀ ਵੀ ਵੰਡ ਹੋ ਗਈ। ਸਾਬਰੀ ਪੋਠ ਭਾਈਆਂ ਵਿਚ ਰਹਿ ਗਈ ਤੇ ਉਸ ਦਾ ਸਜਾਵਲ ਰਾਜੌਰੀ ਵਿਚ। ਉਸ ਦੇ ਜਾਣ ਮਗਰੋਂ ਮੈਂ ਵਿਛੋੜੇ ਦੇ ਤਾਪ ਵਿਚ ਤਪਦਾ ਰਿਹਾ ਪਰ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਦਾ ਰਿਹਾ। ਮੈਂ ਬੜੀ ਮਿਹਨਤ ਕੀਤੀ। ਸਾਂਵਲ ਤੇ ਨਫ਼ੀਸਾ ਨੂੰ ਪੜ੍ਹਾਇਆ ਤੇ ਰਾਜੌਰੀ ਵਿਚ ਆਟੇ ਦੀ ਇਕ ਵੱਡੀ ਮਿੱਲ ਲਾਈ।

ਨਫ਼ੀਸਾ ਦਾ ਵਿਆਹ ਇਕ ਸੌਖੇ ਘਰ ਵਿਚ ਕਰਾਇਆ। ਸਾਂਵਲ ਵੀ ਬੱਚਿਆਂ ਵਾਲਾ ਹੈ। ਉਹ ਅੱਜਕਲ੍ਹ ਮਿੱਲ ਦਾ ਸਾਰਾ ਕੰਮ ਕਾਜ ਸੰਭਾਲਦਾ ਏ। ਦਿਨ ਬੜੇ ਸੌਖੇ ਲੰਘ ਰਹੇ ਨੇ ਪਰ ਮੇਰੀ ਰੂਹ ਬੇਚੈਨ ਏ। ਉਹ ਸਾਬਰੀ ਨੂੰ ਮਿਲਣ ਲਈ ਤੜਫ਼ ਰਹੀ ਏ। ਜੀਵਨ ਦਾ ਕੀ ਭਰੋਸਾ ਕੀ ਪਤਾ, ਕਦ ਰੂਹ ਸਰੀਰ ਨੂੰ ਛੱਡ ਦੇਵੇ। ਇਸ ਲਈ ਪੁੱਤਰਾ! ਮੈਂ ਤੇਰੇ ਕੋਲ ਆਇਆ ਹਾਂ ਕਿ ਤੂੰ ਮੇਰੀ ਸਾਬਰੀ ਦਾ ਪਤਾ ਲਗਾ ਦੇ ਕਿ ਉਹ ਜ਼ਿੰਦਾ ਵੀ ਹੈ ਕਿ ਮਰ ਗਈ। ਜੇ ਹਯਾਤ ਹੈ ਤਾਂ ਕੀ ਆਪਣੇ ਘਰ ਵਿਚ ਹੀ ਰਹਿ ਰਹੀ ਹੈ ਜਾਂ ਕਿਤੇ ਹੋਰ। ਮੈਂ ਪੁੱਤਰਾ! ਮਰਨ ਤੋਂ ਪਹਿਲਾਂ ਸਾਬਰੀ ਦਾ ਮੂੰਹ ਵੇਖਣਾ ਚਾਹਨਾਂ ਵਾਂ। ਏਸ ਲਈ ਮੇਰੀ ਮਦਦ ਕਰ।"

ਬਾਬੇ ਦੀ ਕਹਾਣੀ ਸੁਣ ਕੇ ਮੈਂ ਬੜਾ ਦੁਖੀ ਹੋਇਆ ਤੇ ਉਹਨੂੰ ਯਕੀਨ ਦਿਲਾਇਆ ਕਿ ਮੁਜ਼ੱਫਰਾਬਾਦ ਪੁੱਜਣ ਸਾਰ ਹੀ ਸਭ ਤੋਂ ਪਹਿਲਾਂ ਮੈਂ ਬੇਬੇ ਸਾਬਰੀ ਦਾ ਪਤਾ ਲਾਵਾਂਗਾ। ਉਹਨੂੰ ਆਪ ਮਿਲ ਕੇ ਤੇਰੇ ਬਾਰੇ ਸਾਰੀਆਂ ਗੱਲਾਂ ਸੁਣਾਵਾਂਗਾ ਅਤੇ ਵਾਪਸੀ 'ਤੇ ਇੰਸ਼ਾ ਅੱਲਾ ਤੈਨੂੰ ਸਭ ਕੁਝ ਦੱਸਾਂਗਾ। ਬਾਬਾ ਮੈਨੂੰ ਦੁਆਵਾਂ ਦਿੰਦਾ ਚਲਾ ਗਿਆ। ਮੈਂ ਸੋਚਣ ਲੱਗਾ ਕਿ ਦੇਸ਼ ਦੀ ਵੰਡ ਕਾਰਨ ਲੱਖਾਂ ਹਜ਼ਾਰਾਂ ਬੰਦੇ ਇੰਜ ਹੀ ਉਜੜੇ ਤੇ ਰੁਲ-ਖੁਲ੍ਹ ਗਏ ਨੇ। ਮੈਂ ਮਨ ਹੀ ਮਨ ਵਿਚ ਵੰਡ ਦੇ ਜ਼ਿੰਮੇਵਾਰ ਮਜ਼ਹਬੀ ਜਨੂੰਨੀਆਂ ਤੇ ਸਿਆਸਤਦਾਨਾਂ ਨੂੰ ਫਿਟਕਾਰਦਾ ਰਿਹਾ। ਸਾਰੀ ਰਾਤ ਗਹਿਮਾ-ਗਹਿਮੀ ਰਹੀ। ਯਾਰ ਬੇਲੀ ਤੇ ਰਿਸ਼ਤੇਦਾਰ ਆਉਂਦੇ-ਜਾਂਦੇ ਰਹੇ। ਚਾਅ-ਕਾਹਵਾ ਚਲਦਾ ਰਿਹਾ। ਸਵੇਰੇ ਸਵੱਖਤੇ ਅਸੀਂ ਦੋਵੇਂ ਸ੍ਰੀਨਗਰ ਰਵਾਨਾ ਹੋ ਗਏ ਅਤੇ ਸ਼ਾਮੀਂ ਸ੍ਰੀਨਗਰ ਪਹੁੰਚ ਗਏ। ਰਾਤ ਆਪਣੇ ਬੇਲੀ ਤਾਜ ਦੇ ਘਰ ਗੁਜ਼ਾਰੀ ਜਿਹੜਾ ਸਕਿਉਰਟੀ ਜ਼ੋਨ ਵਿਚ ਰਹਿੰਦਾ ਸੀ। 7 ਅਪ੍ਰੈਲ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਤੇ ਉਨ੍ਹਾਂ ਨਾਲ ਆਏ ਕੁਝ ਕੇਂਦਰੀ ਮੰਤਰੀਆਂ ਅਤੇ ਕਸ਼ਮੀਰ ਦੇ ਮੁੱਖ ਮੰਤਰੀ ਨੇ ਅਮਰ ਸਿੰਘ ਕਲੱਬ ਵਿਖੇ ਇਸ ਇਤਿਹਾਸਕ ਸਫ਼ਰ 'ਤੇ ਜਾਣ ਵਾਲਿਆਂ ਨੂੰ ਰਵਾਨਾ ਕੀਤਾ। ਦੁਪਹਿਰ ਦੀ ਰੋਟੀ ਉੜੀ ਸਲਾਮਾਬਾਦ 'ਚ ਖਾਧੀ ਤੇ ਫਿਰ ਕਾਹਵਾ ਪੀਤਾ। ਅਮਨ ਦੀ ਬੱਸ ਕਮਾਨ ਪੁਲ ਵਲ ਚਲ ਪਈ। ਕਸਟਮ ਵਾਲਿਆਂ ਸਾਡੇ ਸਾਰਿਆਂ ਦੇ ਪਰਮਟ ਚੈੱਕ ਕੀਤੇ। ਸ਼ਨਾਖ਼ਤੀ ਕਾਰਡ ਵੇਖੇ। ਸਾਮਾਨ ਦੀ ਤਲਾਸ਼ੀ ਲਈ ਤੇ ਸਾਨੂੰ ਚਕੋਟੀ ਜਾਣ ਦੀ ਇਜਾਜ਼ਤ ਦੇ ਦਿੱਤੀ। ਕਮਾਨ ਪੁਲ ਦੇ ਦੂਜੇ ਪਾਸੇ ਪਾਕਿ ਫ਼ੌਜ ਦੇ ਅਫ਼ਸਰ ਤੇ ਜਵਾਨ ਨਾਲ ਹੀ ਮੁਜ਼ੱਫਰਾਬਾਦ ਡਿਵੀਜ਼ਨ ਦੇ ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਸਾਡੇ ਸਵਾਗਤ ਲਈ ਖੜ੍ਹੇ ਸਨ। ਚਕੋਟੀ ਵਿਚ ਪਾਕਿਸਤਾਨੀ ਪ੍ਰਸ਼ਾਸਨ ਵਾਲੇ ਕਸ਼ਮੀਰ ਦੇ ਪ੍ਰਧਾਨ ਮੰਤਰੀ ਤੇ ਦੂਜੇ ਮੰਤਰੀਆਂ ਸਾਡਾ ਸਵਾਗਤ ਕੀਤਾ। ਅਸੀਂ ਮੁਜ਼ੱਫਰਾਬਾਦ ਸ਼ਾਮ ਨੂੰ ਅਪੜੇ ਅਤੇ ਦੂਜੇ ਦਿਨ ਆਪਣੇ ਰਿਸ਼ਤੇਦਾਰਾਂ ਨਾਲ ਵੱਖ-ਵੱਖ ਥਾਵਾਂ ਲਈ ਟੁਰ

ਪਏ। ਸਾਨੂੰ ਵੀ ਲੈਣ ਲਈ ਮੀਰਪੁਰ ਤੋਂ ਆਸ਼ਕ ਭਾਈ ਆਇਆ ਸੀ। ਦੋ ਦਿਨ ਮੀਰਪੁਰ ਰਹਿਣ ਮਗਰੋਂ ਮੈਂ ਪਠੋ ਭਾਈਆਂ ਚਲਾ ਗਿਆ। ਪਤਾ ਪੁਛਦੇ-ਪੁਛਦੇ ਮੈਂ ਚੌਧਰੀ ਸਰਾਜ ਦੇ ਘਰ ਪੁਜ ਗਿਆ ਤੇ ਬੇਬੇ ਸਾਬਰੀ ਨੂੰ ਮਿਲਿਆ। ਉਹਨੂੰ ਮਿਲ ਕੇ ਮੈਂ ਬਹੁਤ ਖ਼ੁਸ਼ ਹੋਇਆ। ਉਹਦੀ ਆਵਾਜ਼ ਵਿਚ ਦਰਦ ਸੀ ਤੇ ਅੱਖਾਂ ਵਿਚ ਘੋਰ ਉਦਾਸੀ। ਉਸ ਨਾਲ ਢੇਰ ਸਾਰੀਆਂ ਗੱਲਾਂ ਕੀਤੀਆਂ। ਸਜਾਵਲ ਬਾਰੇ, ਸਾਂਵਲ ਬਾਰੇ ਤੇ ਨਫ਼ੀਸਾ ਬਾਰੇ ਸਾਰੀ ਜਾਣਕਾਰੀ ਦਿੱਤੀ। ਅਤੇ ਦੱਸਿਆ ਬਈ ਸਜਾਵਲ ਦੀਆਂ ਅੱਖਾਂ ਵਿਚ ਸਾਬਰੀ ਨੂੰ ਮਿਲਣ ਦੀ ਤੜਫ਼ ਹਾਲੀਂ ਵੀ ਸਜਰੀ ਏ। ਬੇਬੇ ਸਾਬਰੀ ਇਹ ਸਭ ਸੁਣ ਕੇ ਢਾਹੀਂ ਮਾਰ-ਮਾਰ ਕੇ ਰੋਣ ਲੱਗੀ ਤੇ ਕਹਿਣ ਲੱਗੀ-

"ਸਜਾਵਲ ਨੇ ਤਾਂ ਆਪਣੇ ਦੁਖ-ਸੁਨੇਹੇ ਸੁਣਾ ਦਿੱਤੇ ਪਰ ਮੇਰੇ ਦਰਦ ਵਿਛੋੜਿਆਂ ਦਾ ਉਹਨੂੰ ਕਿੰਜ ਪਤਾ ਚਲਦਾ। ਮੈਂ ਬੜੇ ਜਤਨ ਕੀਤੇ ਕਿ ਕਿਸੇ ਤਰ੍ਹਾਂ ਸਜਾਵਲ ਕੋਲ ਜਾ ਸਕਾਂ ਪਰ ਸਰਹੱਦਾਂ ਦੀ ਕੰਡਿਆਲੀ ਤਾਰ ਨੇ ਮੇਰੀ ਆਤਮਾ ਨੂੰ ਲਹੂ-ਲੁਹਾਣ ਕਰ ਦਿੱਤਾ। ਫਿਰ ਵੀ ਰੱਬ ਸੱਚੇ ਨੂੰ ਮੇਰੀ ਹਾਲਤ 'ਤੇ ਤਰਸ ਨਹੀਂ ਆਇਆ।" ਬੇਬੇ ਸਾਬਰੀ ਨੇ ਮੇਰੇ ਸਾਹਮਣੇ ਦੁੱਧ ਦਾ ਗਲਾਸ ਰੱਖਿਆ ਤੇ ਫਿਰ ਆਪਣੀ ਹੱਡਬੀਤੀ ਸੁਨਾਣ ਲੱਗੀ।

ਚਾਚੇ ਉੱਤਮ ਸਿੰਘ ਨਾਲ ਜਦੋਂ ਮੈਂ ਆਪਣੇ ਪਿੰਡ ਅੱਪੜੀ ਤਾਂ ਅਸਾਂ ਦੋਵੇਂ ਮਾਵਾਂ-ਧੀਆਂ ਆਪਣੇ ਦੁਖ-ਫਰੋਲੇ ਤੇ ਰੱਜ ਕੇ ਨੀਰ ਸਮੁੰਦਰ ਡੋਲੇ। ਮਾਂ ਨੇ ਮੈਨੂੰ ਕੋਸਿਆ ਤੇ ਕਿਹਾ, "ਸਾਡੀ ਸਿਰਫ਼ ਕਹਾਣੀ ਰਹਿ ਗਈ। ਕੱਲੀ ਜਿੰਦ ਨਿਮਾਣੀ ਰਹਿ ਗਈ। ਤੇਰੀ ਦੀਦ ਨੂੰ ਮੇਰੇ ਨੈਣ ਸਵਾਲੀ ਹੋ ਗਏ। ਆਸ ਦੇ ਭਾਂਡੇ ਖ਼ਾਲੀ ਹੋ ਗਏ। ਤੈਨੂੰ ਯਾਦ ਕਰ ਕਰ ਕੇ ਅੱਥਰੂ ਡੁਲ ਪੈਂਦੇ ਤੇ ਕੱਖਾਂ ਵਿਚ ਰੁਲ ਪੈਂਦੇ। ਮੇਰੇ ਦੁੱਖਾਂ ਦੀ ਬੇੜੀ ਦਰਦ ਦੀਆਂ ਛੱਲਾਂ ਨਾਲ ਖਹਿੰਦੀ ਰਹਿੰਦੀ। ਡੰਗਰ ਵੀ ਆਪਣੇ ਘਰ ਨੂੰ ਨਹੀਂ ਭੁੱਲਦੇ ਪਰ ਤੂੰ ਸਭ ਕੁਝ ਭੁੱਲ ਗਈ। ਮਾਪੇ, ਘਰ, ਪਿੰਡ ਸਭ ਕੁਝ। ਤੇਰੇ ਬ਼ਗੈਰ ਸੁੰਞੀ ਹਵੇਲੀ 'ਚ ਹਾਸੇ ਰੁਸ ਗਏ। ਫਿਰ ਹੰਝੂ ਮੁੱਕ ਗਏ ਤੇ ਹੌਕੇ ਸੁੱਕ ਗਏ। ਕਿਉਂ ਜੋ ਹਿਜਰ ਵਿਛੋੜੇ ਦੇ ਜ਼ਖ਼ਮਾਂ ਲਈ ਵੇਲਾ ਸਭ ਤੋਂ ਵੱਡੀ ਮਰਹਮ ਹੁੰਦਾ ਏ।

ਫਿਰ ਉਸ ਨੇ ਮੈਨੂੰ ਗਲਵਕੜੀ ਪਾ ਲਈ ਤੇ ਮੈਨੂੰ ਚੁੰਮਣ ਲੱਗੀ। ਬੇਚੈਨ ਰੂਹਾਂ ਨੂੰ ਸਕੂਨ ਮਿਲਿਆ। ਦਿਲਾਂ ਦੀ ਪਿਆਸ ਬੁਝੀ। ਕਾਲਜੇ ਵਿਚ ਠੰਡ ਪਈ। ਤੇ ਫਿਰ ਮੈਂ ਬੇਬੇ ਨੂੰ ਸਜਾਵਲ, ਸਾਂਵਲ ਤੇ ਨਫ਼ੀਸਾ ਬਾਰੇ ਦੱਸਿਆ ਅਤੇ ਉਸਨੂੰ ਯਕੀਨ ਦਿਲਾਇਆ ਕਿ ਅਸੀਂ ਸਭੇ ਰਾਜੌਰੀ ਵਿਚ ਸੁਖੀ ਜੀਵਨ ਗੁਜ਼ਾਰ ਰਹੇ ਹਾਂ ਅਤੇ ਕਿਸੇ ਗੱਲ ਦੀ ਮੁਹਤਾਜੀ ਨਹੀਂ ਹੈ। ਸਭ ਕੁਝ ਦਾਤੇ ਦਾ ਦਿੱਤਾ ਮੌਜੂਦ ਹੈ। ਸਜਾਵਲ ਮੈਨੂੰ ਤੇ ਬੱਚਿਆਂ ਨੂੰ ਅੱਤ ਦਾ ਪਿਆਰ ਕਰਦਾ ਹੈ। ਅਤੇ ਘਰ ਦੀਆਂ

ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ। ਸਾਰੇ ਸ਼ਰੀਕ ਤੇ ਰਿਸ਼ਤੇਦਾਰ ਅਤੇ ਪਿੰਡ ਵਾਲੇ ਵੀ ਮੈਨੂੰ ਮਿਲਣ ਆਏ। ਕੁਝ ਪਤਾ ਹੀ ਨਹੀਂ ਚੱਲਿਆ ਬਈ ਦਸ-ਬਾਰਾਂ ਦਿਨ ਕਿਵੇਂ ਲੰਘ ਗਏ। ਇਕ ਦਿਨ ਚਾਚਾ ਉੱਤਮ ਸਿੰਘ ਸਾਡੇ ਕੋਲ ਆਇਆ ਤੇ ਕਹਿਣ ਲੱਗਾ ਕਿ ਕਬਾਇਲੀ ਜੱਥੇ ਰਿਆਸਤ ਵਿਚ ਦਾਖ਼ਲ ਹੋ ਗਏ ਨੇ ਤੇ ਰਿਆਸਤੀ ਫ਼ੌਜਾਂ ਭੱਜ ਗਈਆਂ ਨੇ। ਮਹਾਰਾਜਾ ਜੰਮੂ ਚਲਾ ਗਿਆ ਏ ਤੇ ਕਬਾਇਲੀਆਂ ਕਹਿਰ ਮਚਾਇਆ ਹੋਇਆ ਹੈ। ਉਹ ਲੋਕਾਈ ਨੂੰ ਕਤਲ ਕਰ ਰਹੇ ਨੇ ਅਤੇ ਉਨ੍ਹਾਂ ਲੁੱਟਮਾਰ ਮਚਾਈ ਹੋਈ ਏ। ਦੋ-ਚਾਰ ਦਿਨਾਂ ਮਗਰੋਂ ਚਾਚਾ ਉੱਤਮ ਸਿੰਘ ਫਿਰ ਆਇਆ ਤੇ ਕਹਿਣ ਲੱਗਾ ਕਿ ਮਹਾਰਾਜੇ ਨੇ ਹਿੰਦੁਸਤਾਨ ਨਾਲ ਇਲਹਾਕ ਕੀਤਾ ਹੈ ਅਤੇ ਭਾਰਤੀ ਫ਼ੌਜਾਂ ਕਬਾਇਲੀਆਂ ਨੂੰ ਬਾਹਰ ਕੱਢਣ ਲਈ ਰਿਆਸਤ ਅੰਦਰ ਦਾਖ਼ਲ ਹੋ ਗਈਆਂ ਨੇ। ਜ਼ੋਰਦਾਰ ਯੁੱਧ ਚੱਲ ਰਿਹਾ ਏ। ਉਸ ਨੇ ਮੈਨੂੰ ਤਿਆਰ ਹੋਣ ਲਈ ਕਿਹਾ ਤਾਂ ਜੋ ਉਹ ਸਜਾਵਲ ਦੀ ਅਮਾਨਤ ਨੂੰ ਉਸ ਤੀਕਰ ਪੁਚਾ ਸਕੇ ਅਤੇ ਆਪਣਾ ਬਚਨ ਨਿਭਾ ਸਕੇ। ਉਸ ਨੇ ਦੱਸਿਆ-

"ਇਹ ਸਭ ਭਾਰਤ ਦੀ ਵੰਡ ਅਤੇ ਪਾਕਿਸਤਾਨ ਨਾਂ ਦਾ ਇਕ ਨਵਾਂ ਦੇਸ਼ ਬਣਨ ਕਾਰਨ ਹੋਇਆ ਹੈ। ਫਿਰਕੂ ਫਸਾਦ ਹੋ ਰਹੇ ਨੇ ਅਤੇ ਇਨਸਾਨ ਹਿੰਦੂ, ਮੁਸਲਮਾਨ ਤੇ ਸਿੱਖ ਦੇ ਨਾਂ 'ਤੇ ਥਾਂ-ਥਾਂ ਮਾਰੇ ਜਾ ਰਹੇ ਹਨ। ਫਿਰਕੂ ਅੱਗ ਦਾ ਸੇਕ ਇਧਰ ਵੀ ਵੱਧ ਰਿਹਾ ਹੈ। ਇੱਥੇ ਕੀ ਬਣੇਗਾ। ਇਸ ਲਈ ਭਲਕੇ ਤਿਆਰ ਰਹੀਂ। ਅਸੀਂ ਰਾਜੌਰੀ ਚੱਲਾਂਗੇ।"

ਮੈਂ ਬੇਬੇ ਨੂੰ ਨਾਲ ਚੱਲਣ ਲਈ ਬਥੇਰਾ ਜ਼ੋਰ ਪਾਇਆ ਪਰ ਉਹ ਨਾ ਮੰਨੀ ਤੇ ਆਪਣਾ ਘਰ ਛੱਡਣ ਲਈ ਤਿਆਰ ਨਾ ਹੋਈ। ਦੂਜੀ ਸਵੇਰੇ ਪਹੁ ਫੁਟਦੇ ਹੀ ਚਾਚਾ ਉੱਤਮ ਸਿੰਘ ਘੋੜੇ ਲੈ ਕੇ ਆ ਗਿਆ। ਬੇਬੇ ਨੇ ਰੋਂਦਿਆਂ ਵਿਦਾ ਕੀਤਾ। ਮੇਰੀਆਂ ਅੱਖਾਂ ਵਿਚ ਵੀ ਸੈਲਾਬ ਸੀ। ਅਸੀਂ ਮਦਾਰਪੁਰ ਦੇ ਰਸਤੇ ਬਲਨੋਈ ਅਪੜੇ। ਉਥੇ ਰਾਤ ਗੁਜ਼ਾਰੀ। ਦੂਜੇ ਦਿਨ ਲੋਏ ਲੋਏ ਅਸੀਂ ਉਥੋਂ ਤੁਰ ਪਏ। ਹਾਲੀਂ ਮੇਂਡਰ ਦੇ ਨੇੜੇ ਸਖੀ ਮੈਦਾਨ ਪੁੱਜੇ ਹੀ ਸਾਂ ਕਿ ਪਠਾਨ ਬਲਵਾਈਆਂ ਸਾਨੂੰ ਘੇਰ ਲਿਆ। ਇਕ ਬਲਵਾਈ ਜਦ ਮੇਰੇ ਵਲ ਵਧਿਆ ਤਾਂ ਚਾਚੇ ਉੱਤਮ ਸਿੰਘ ਨੇ ਉਹਨੂੰ ਲਲਕਾਰਿਆ ਤੇ ਤਲਵਾਰ ਕੱਢ ਲਈ ਪਰ ਬਲਵਈਆਂ ਕੋਲ ਬੰਦੂਕਾਂ ਸਨ। ਚਾਚੇ ਨੇ ਬੜੀ ਦਲੇਰੀ ਨਾਲ ਮੁਕਾਬਲਾ ਕੀਤਾ ਪਰ ਤਲਵਾਰ ਬੰਦੂਕ ਦਾ ਮੁਕਾਬਲਾ ਨਹੀਂ ਕਰ ਸਕੀ, ਚਾਚਾ ਉੱਤਮ ਸਿੰਘ ਸ਼ਹੀਦ ਹੋ ਗਿਆ। ਮੇਰੀ ਲੱਜ ਬਚਾਉਂਦਿਆਂ ਤੇ ਕੀਤਾ ਬਚਨ ਨਿਭਾਉਂਦਿਆਂ। ਇੱਜ਼ਤ ਤੇ ਸ਼ਰਾਫ਼ਤ ਦਾ ਥੰਮ ਢਹਿ ਗਿਆ। ਬਲਵਈਆਂ ਮੈਨੂੰ ਅਗਵਾ ਕਰ ਲਿਆ ਤੇ ਮਾਲ ਗਨੀਮਤ ਦੀ ਵੰਡ ਵਿਚ ਮੈਨੂੰ ਕਰਾਮਾਤ ਖ਼ਾਨ ਦੇ ਹਵਾਲੇ ਕਰ ਦਿੱਤਾ। ਉਹ ਮੈਨੂੰ ਭਾਗਾਂ ਸੜੀ ਨੂੰ ਜ਼ਬਰਦਸਤੀ

ਆਪਣੇ ਇਲਾਕੇ ਬਾਲਾਕੋਟ ਲੈ ਗਿਆ। ਮੈਂ ਉਸਨੂੰ ਆਪਣੀ ਜ਼ਿੰਦਗੀ ਦਾ ਸੱਚ ਸੁਣਾਇਆ ਪਰ ਉਸ ਨੂੰ ਰਹਿਮ ਨਹੀਂ ਆਇਆ। ਮੇਰਾ ਦਰਦ ਸਵਾਇਆ ਹੋ ਗਿਆ ਪਰ ਮੈਂ ਕੁਝ ਨਾ ਕਰ ਸਕੀ, ਸਿਰਫ਼ ਆਪਣੀ ਤਕਦੀਰ ਨੂੰ ਬਦ-ਦੁਆਵਾਂ ਦਿੰਦੀ ਰਹੀ। ਮੈਂ ਬੇਬਸ ਹੋ ਗਈ। ਮੈਂ ਜਾਣਦੀ ਸਾਂ ਕਿ ਭੇਡ ਜਿੱਥੇ ਵੀ ਜਾਸੀ ਕੁਤਰੀ ਜਾਸੀ। ਸੋ ਕਰਾਮਾਤ ਭੇਡ ਦੀ ਉਨ ਕੁਤਰਨ ਲੱਗਾ। ਉਹ ਟੁਟ ਪੈਣਾ ਬੜਾ ਜ਼ਾਲਿਮ ਸੀ, ਉਸਨੇ ਮੈਨੂੰ ਦੋ ਵਰ੍ਹਿਆਂ ਤੀਕਰ ਗ਼ੁਲਾਮ ਗਰਦਿਸ਼ ਵਿਚ ਕੈਦ ਰੱਖਿਆ। ਫੇਰ ਮੇਰੇ ਸਬਰ ਨੇ ਉਹਦੇ ਜ਼ੁਲਮ 'ਤੇ ਜਿੱਤ ਪਾ ਲਈ। ਇਕ ਨੇਕ ਸੁਆਣੀ ਦੀ ਸਹਾਇਤਾ ਨਾਲ ਮੈਂ ਉਥੋਂ ਭੱਜ ਨਿਕਲੀ ਤੇ ਆਪਣੇ ਪਿੰਡ ਮਾਂ ਕੋਲ ਆ ਗਈ। ਬੇਬੇ ਮੇਰੇ ਦੁੱਖ ਬਰਦਾਸ਼ਤ ਨਹੀਂ ਕਰ ਸਕੀ, ਉਹ ਹੱਡੀਆਂ ਦਾ ਪਿੰਜਰ ਬਣ ਗਈ। ਉਹ ਖੁਰਦੀ ਗਈ। ਉਹ ਮਰਦੀ ਗਈ ਤੇ ਅਖ਼ੀਰ ਖ਼ਤਮ ਹੋ ਗਈ। ਮੈਂ 'ਕੱਲੀ ਰਹਿ ਗਈ। ਵੇਲਾ ਪਰ ਲਾ ਕੇ ਉੱਡਣ ਲੱਗਾ ਪਰ ਮੇਰੇ ਅੰਦਰ ਦੇ ਸਮੁੰਦਰ ਵਿਚ ਬੇ-ਸ਼ੁਮਾਰ ਘੁੰਮਣ ਘੇਰੀਆਂ ਸਨ। ਸਜਾਵਲ, ਸਾਂਵਲ ਤੇ ਨਫ਼ੀਸਾ ਸਭ ਇਨ੍ਹਾਂ ਘੁੰਮਣਘੇਰੀਆਂ ਵਿਚ ਘੁੰਮਦੇ ਰਹਿੰਦੇ। ਮੈਂ ਕਈ ਵਾਰੀ ਮੌਤ ਨੂੰ ਗਲੇ ਲਾਉਣ ਦਾ ਯਤਨ ਕੀਤਾ ਪਰ ਜ਼ਿੰਦਗੀ ਨੇ ਮੈਨੂੰ ਮਰਨ ਨਹੀਂ ਦਿੱਤਾ ਮੈਂ ਦੁਆਵਾਂ ਮੰਗਣੀਆਂ ਛੱਡ ਦਿੱਤੀਆਂ ਕਿਉਂ ਜੋ ਦੁਆਵਾਂ ਕਬੂਲ ਹੋਣ ਦੀਆਂ ਸਿਫ਼ਤ ਭੁੱਲ ਚੁੱਕੀਆਂ ਸਨ। ਪਰ ਪੁੱਤਰਾ ਮੇਰੇ ਹੱਥ 'ਤੇ ਵਿਛੋੜੇ ਦੀ ਮਹਿੰਦੀ ਬੜੀ ਗੂੜ੍ਹੀ ਏ, ਇਹ ਹਾਲੇ ਵੀ ਫਿੱਕੀ ਨਹੀਂ ਪਈ ਅਤੇ ਸਜਾਵਲ ਮੇਰੀ ਹਕੀਕਤ ਐ, ਮੇਰੀ ਮੁਹੱਬਤ ਤੇ ਮੇਰੀ ਇਬਾਦਤ, ਮੇਰੇ ਦਿਲ ਨੇ ਸਦਾ ਉਸੇ ਨਾਂ ਦਾ ਹੀ ਸਿਮਰਨ ਕੀਤਾ ਹੈ ਤੇ ਉਦਾਸੀ ਦੇ ਇਸ ਲੰਮੇ ਮੌਸਮ ਵਿਚ ਤੂੰ ਪਹਿਲੀ ਵਾਰੀ ਫੁੱਲਾਂ ਦੀ ਖ਼ੁਸ਼ਬੂ ਦੇ ਵਾਂਗ ਆਇਆ ਐਂ। ਮੇਰੇ ਸੁਫ਼ਨਿਆਂ ਦੀ ਤਾਬੀਰ ਬਣ ਕੇ। ਮੈਂ ਤਾਂ ਖੂਹ ਦੀ ਕੰਧ ਵਿਚ ਉੱਗੇ ਪਿੱਪਲ ਵਾਂਗਣ ਸਾਂ, ਜਿਸ ਦੀ ਕੋਈ ਪੂਜਾ ਨਹੀਂ ਕਰਦਾ। ਜਿਸ ਨੂੰ ਕੋਈ ਧਾਗਾ ਨਹੀਂ ਬੰਨ੍ਹਦਾ। ਮੈਂ ਤਾਂ ਉਹ ਵਿਛੜੀ ਕੂੰਜ ਸਾਂ ਜਿਹੜੀ ਤੇਰੇ ਕਾਰਣ ਮੁੜ ਆਪਣੀ ਡਾਰ ਨਾਲ ਰਲ ਸਕਦੀ ਏ, ਕਹਿੰਦੇ ਨੇ ਕਿ ਜਿਸ ਨੂੰ ਰੱਬ ਤਾਰੇ, ਉਸ ਨੂੰ ਕੌਣ ਮਾਰੇ ਅਤੇ ਤੂੰ ਮੇਰੇ ਲਈ ਰੱਬ ਦਾ ਰੂਪ ਬਣ ਕੇ ਆਇਆ ਐਂ, ਇਸ ਲਈ ਮੇਰੀ ਮਦਦ ਕਰ। ਮੈਂ ਸਜਾਵਲ ਨੂੰ ਮਿਲਣਾ ਚਾਹੁੰਦੀ ਹਾਂ। ਸਾਂਵਲ ਤੇ ਨਫ਼ੀਸਾ ਨੂੰ ਦੇਖਣਾ ਚਾਹੁੰਦੀ ਹਾਂ। ਪੁੱਤਰ ਹਯਾਤੀ ਕੱਚੇ ਘੜੇ ਵਾਂਗਰ ਬੜੀ ਬੇ-ਇਤਬਾਰੀ ਹੁੰਦੀ ਏ। ਇਸ ਲਈ ਸਾਹਾਂ ਦੀ ਡੋਰ ਟੁੱਟਣ ਤੋਂ ਪਹਿਲਾਂ ਮੈਨੂੰ ਰਾਜੌਰੀ ਲੈ ਚੱਲ।"

ਬੇਬੇ ਸਾਬਰੀ ਦੀ ਹੱਡਬੀਤੀ ਸੁਣ ਕੇ ਮੈਂ ਨਿੰਮੋਝਾਣ ਸਾਂ ਤੇ ਸੋਚ ਰਿਹਾ ਸਾਂ ਕਿ ਇਸ ਵੰਡ ਨੇ ਹਰ ਥਾਂ ਡੰਡ ਪਾਈ। ਲੱਖਾਂ ਜਾਨਾਂ ਜ਼ਾਇਆ ਹੋਈਆਂ। ਧਰਮ ਤੇ ਜਨੂੰਨ ਦੀ ਰਾਜਨੀਤੀ ਨੇ ਅੱਗ ਤੇ ਖ਼ੂਨ ਦੀ ਹੋਲੀ ਖੇਡੀ। ਕਰੋੜਾਂ ਬੰਦੇ ਇਸ

ਸੁਨਾਮੀ ਵਿਚ ਤਬਾਹ ਹੋਏ ਪਰ ਹਾਸਲ ਕੁਝ ਨਹੀਂ ਹੋਇਆ। ਬਰਬਾਦੀ ਦੇ ਖੰਡਰਾਂ ਨੇ ਸਿਰਫ਼ ਇਤਿਹਾਸ ਬਣਾਇਆ। ਜ਼ਮੀਨ ਆਪਣੀ ਜਗ੍ਹਾ ਕਾਇਮ ਰਹੀ। ਇਹ ਨਹੀਂ ਵੰਡੀ ਜਾ ਸਕੀ। ਸਭਿਆਚਾਰ ਤੇ ਰਹਿਤਲ ਨਹੀਂ ਵੰਡਣ ਹੋਂਦੀ ਪਰ ਧਰਤੀ ਨੂੰ ਵੰਡਣ ਵਾਲੇ ਮਰ ਖਪ ਗਏ। ਖਾਕ ਵਿਚ ਮਿਲ ਗਏ।

ਮੈਂ ਬੇਬੇ ਸਾਬਰੀ ਨੂੰ ਯਕੀਨ ਦਿਲਾਇਆ ਕਿ ਮੈਂ ਉਸਦੇ ਪਰਮਟ ਲਈ ਪੂਰੀ ਕੋਸ਼ਿਸ਼ ਕਰਾਂਗਾ। ਫਿਰ ਮੈਂ ਦਸ ਦਿਨ ਤਕ ਲਾਹੌਰ, ਰਾਵਲਪਿੰਡੀ, ਸਿਆਲਕੋਟ, ਗੁਜਰਾਤ, ਕਸੂਰ, ਸਾਹੀਵਾਲ, ਟੈਕਸਲਾ ਤੇ ਹੜੱਪਾ ਅਤੇ ਸ਼ਾਰਦਾ ਫਿਰਦਾ ਰਿਹਾ। ਭਾਰਤੀ ਤਹਿਜ਼ੀਬ ਤੇ ਸਭਿਆਚਾਰ ਦਾ ਅਰੂਜ਼ ਤੇ ਜ਼ਵਾਲ ਵੇਖਦਾ ਰਿਹਾ। ਵੇਦਾਂ ਦੀ ਧਰਤੀ ਵਿਚ ਉਨ੍ਹਾਂ ਦੇ ਰਚਨਹਾਰਿਆਂ ਨੂੰ ਢੂੰਡਦਾ ਰਿਹਾ ਪਰ ਖੰਡਰਾਤ ਤੋਂ ਛੁੱਟ ਕੁਝ ਨਾ ਮਿਲਿਆ। ਪਾਗਲ ਇਨਸਾਨ ਨੇ ਆਪਣੀਆਂ ਜੜ੍ਹਾਂ ਆਪ ਵੱਢ ਦਿੱਤੀਆਂ ਸਨ। ਸਾਡੇ ਪਰਮਟ ਦੀ ਮਿਆਦ ਖ਼ਤਮ ਹੋ ਰਹੀ ਸੀ। ਅਸੀਂ ਮੁੜ ਮੁਜ਼ੱਫਰਾਬਾਦ ਆ ਗਏ ਤਾਂ ਜੋ ਦੂਜੇ ਦਿਨ ਵਾਪਸੀ ਦਾ ਸਫ਼ਰ ਕਰ ਸਕੀਏ। ਰਾਤੀਂ ਮੁਜ਼ੱਫਰਾਬਾਦ ਡਿਵੀਜ਼ਨ ਦੇ ਕਮਿਸ਼ਨਰ ਵਲੋਂ ਸਾਨੂੰ ਰਾਤ ਦੇ ਖਾਣੇ ਦੀ ਦਾਵ੍ਤ ਸੀ। ਉਥੇ ਮੈਂ ਕਮਿਸ਼ਨਰ ਸਾਹਿਬ ਨੂੰ ਬੇਬੇ ਸਾਬਰੀ ਤੇ ਸਜਾਵਲ ਬਾਬੇ ਦੀ ਦੁਖ ਭਰੀ ਕਹਾਣੀ ਸੁਣਾਈ ਤੇ ਗੁਜ਼ਾਰਿਸ਼ ਕੀਤੀ ਕਿ ਬੁੱਢੀ ਅੰਮਾ ਸਾਬਰੀ ਨੂੰ ਸਰਹੱਦ ਦੇ ਇਸ ਪਾਸੇ ਆਣ ਦੀ ਇਜਾਜ਼ਤ ਦਿੱਤੀ ਜਾਵੇ। ਉਹਨੂੰ ਪਰਮਟ ਦੇ ਕੇ ਚੱਕਾਂ ਦੇ ਬਾਗ਼ ਵਲੋਂ ਸਾਡੇ ਵਲ ਭੇਜਿਆ ਜਾਏ ਤਾਂ ਜੋ ਅੰਮਾ ਸਾਬਰੀ ਸਜਾਵਲ ਨੂੰ ਮਿਲ ਸਕੇ। ਆਪਣੇ ਬੱਚਿਆਂ ਸਾਂਵਲ ਤੇ ਨਫ਼ੀਸਾ ਨੂੰ ਗਲੇ ਲਾ ਸਕੇ। ਕਮਿਸ਼ਨਰ ਸਾਹਿਬ ਨੇ ਮੈਨੂੰ ਭਰੋਸਾ ਦਿਲਾਇਆ ਕਿ ਉਹ ਅੰਮਾ ਸਾਬਰੀ ਦਾ ਪਰਮਟ ਬਨਾਉਣ ਵਿਚ ਹਰ ਤਰ੍ਹਾਂ ਦੀ ਮਦਦ ਕਰਨਗੇ।

ਸਵੇਰੇ ਅਸੀਂ ਮੁਜ਼ੱਫਰਾਬਾਦ ਤੋਂ ਸ਼੍ਰੀਨਗਰ ਜਾਣ ਵਾਲੀ ਬੱਸ ਵਿਚ ਬਹਿ ਗਏ। ਸਰਕਾਰੀ ਅਫ਼ਸਰ ਅਤੇ ਹਜ਼ਾਰਾਂ ਲੋਕੀਂ ਸਾਨੂੰ ਰੁਖ਼ਸਤ ਕਰਨ ਲਈ ਆਏ ਸਨ। ਦੁਪਹਿਰ ਦਾ ਖਾਣਾ ਅਸਾਂ ਮੁੜ ਉੜੀ ਸਲਾਮਾਬਾਦ ਵਿਚ ਖਾਧਾ ਤੇ ਸ਼ਾਮੀਂ ਪੰਜ ਵਜੇ ਸ਼੍ਰੀਨਗਰ ਅਪੜੇ। ਕਸ਼ਮੀਰ ਦੇ ਇੰਸਪੈਕਟਰ ਜਨਰਲ ਪੁਲਿਸ ਜਾਵੇਦ ਮਖ਼ਦੂਮੀ ਹੋਰਾਂ ਮੈਨੂੰ ਸ਼੍ਰੀਨਗਰ ਦੇ ਪੁਲਿਸ ਗੈਸਟ ਹਾਊਸ ਵਿਚ ਰੱਖਿਆ। ਦੂਜੇ ਦਿਨ ਅਸੀਂ ਜੰਮੂ ਆਪਣੇ ਘਰ ਆ ਗਏ।

ਰਿਸ਼ਤੇਦਾਰ ਤੇ ਯਾਰ ਸਾਨੂੰ ਮਿਲਣ ਆਣ ਲੱਗੇ। ਉਥੋਂ ਦੇ ਹਾਲਾਤ ਬਾਰੇ ਪੁੱਛਣ ਲੱਗੇ। ਉਥੇ ਦੀ ਉਨਤੀ ਤੇ ਤਰੱਕੀ ਬਾਰੇ, ਤਾਲੀਮ ਬਾਰੇ, ਆਰਥਿਕ ਸਥਿਤੀ ਬਾਰੇ, ਲੋਕਾਂ ਦੀ ਸਿਆਸੀ ਸੋਚ ਬਾਰੇ। ਸਾਰਾ ਦਿਨ ਅਸੀਂ ਦੋਨੋਂ ਮੀਆਂ-ਬੀਵੀ ਆਪਣੇ ਰਿਸ਼ਤੇਦਾਰਾਂ ਬਾਰੇ, ਉਥੇ ਦੀ ਸਰਕਾਰ ਬਾਰੇ ਅਤੇ ਲੋਕਾਂ ਦੇ

ਖ਼ਿਆਲਾਂ ਬਾਰੇ ਗੱਲਾਂ ਕਰਦੇ ਰਹੇ। ਦੀਗਰ ਵੇਲੇ ਮੈਨੂੰ ਸਜਾਵਲ ਬਾਬਾ ਵੀ ਮਿਲਣ ਆ ਗਿਆ। ਮੈਂ ਸਾਰਿਆਂ ਕੋਲੋਂ ਇਜਾਜ਼ਤ ਮੰਗੀ ਤੇ ਬਾਬੇ ਨੂੰ ਲੈ ਕੇ ਆਪਣੇ ਸੌਣ ਵਾਲੇ ਕਮਰੇ ਵਿਚ ਆ ਗਿਆ। ਮੈਂ ਸਜਾਵਲ ਨੂੰ ਬੇਬੇ ਸਾਬਰੀ ਨਾਲ ਆਪਣੀ ਮੁਲਾਕਾਤ ਦਾ ਸਾਰਾ ਹਾਲ ਸੁਣਾਇਆ। ਉਸ ਨਾਲ ਬੀਤੀ ਸਾਰੀ ਕਹਾਣੀ ਸੁਣਾਈ। ਸਜਾਵਲ ਮੇਰੀਆਂ ਗੱਲਾਂ ਸੁਣ ਕੇ ਰੋਂਦਾ ਰਿਹਾ। ਮੈਂ ਉਹਨੂੰ ਹੌਸਲਾ ਦਿੱਤਾ ਤੇ ਦੱਸਿਆ ਕਿ ਛੇਤੀ ਹੀ ਬੇਬੇ ਸਾਬਰੀ ਤੁਹਾਨੂੰ ਮਿਲਣ ਆ ਰਹੀ ਹੈ। ਤੇ ਉਸ ਦੇ ਪਰਮਟ ਬਨਣ ਦੀ ਕਾਰਵਾਈ ਸ਼ੁਰੂ ਹੋ ਚੁੱਕੀ ਏ। ਉਥੇ ਦੇ ਸਰਕਾਰੀ ਅਫ਼ਸਰਾਂ ਮੈਨੂੰ ਯਕੀਨ ਦਿਲਾਇਆ ਹੈ ਕਿ ਉਹ ਇਸ ਸਿਲਸਿਲੇ ਵਿਚ ਅੰਮਾ ਸਾਬਰੀ ਦੀ ਪੂਰੀ ਮਦਦ ਕਰਨਗੇ। ਬਾਬਾ ਬੜਾ ਖ਼ੁਸ਼ ਹੋਇਆ ਤੇ ਮੈਨੂੰ ਢੇਰ ਸਾਰੀਆਂ ਦੁਆਵਾਂ ਦਿੰਦਾ ਹੋਇਆ ਚਲਾ ਗਿਆ।

ਡੇਢ-ਦੋ ਮਹੀਨਿਆਂ ਮਗਰੋਂ ਇਕ ਦਿਨ ਮੈਨੂੰ ਸਜਾਵਲ ਬਾਬੇ ਦਾ ਫ਼ੋਨ ਆਇਆ। ਉਹ ਬੜਾ ਖ਼ੁਸ਼ ਸੀ। ਉਹਨੇ ਦੱਸਿਆ ਕਿ ਬੇਬੇ ਸਾਬਰੀ ਚੱਕਾਂ ਦੇ ਬਾਗ਼ ਵਾਲੇ ਰਸਤੇ ਤੋਂ ਰਾਵਲਾਕੋਟ-ਪੁੰਛ ਵਾਲੀ ਬੱਸ ਰਾਹੀਂ ਰਾਜੌਰੀ ਅਪੜੀ ਹੈ। ਉਹਨੂੰ ਲੈਣ ਲਈ ਸਜਾਵਲ ਬਾਬਾ, ਸਾਂਵਲ, ਨਫ਼ੀਸਾ ਤੇ ਉਨ੍ਹਾਂ ਦੇ ਬੱਚੇ ਸਭ ਚੱਕਾਂ ਦੇ ਬਾਗ਼ ਗਏ ਸਨ। ਸਜਾਵਲ ਨੇ ਦੱਸਿਆ ਕਿ ਬੇਬੇ ਸਾਬਰੀ ਨੂੰ ਪੰਦਰਾਂ ਦਿਨਾਂ ਦਾ ਪਰਮਟ ਮਿਲਿਆ ਹੈ ਜਿਸਨੂੰ ਹੋਰ ਪੰਦਰਾਂ ਦਿਨਾਂ ਤੋੜੀ ਵਧਾਇਆ ਜਾ ਸਕਦਾ ਏ ਪਰ ਉਹ ਚਾਹੁੰਦਾ ਸੀ ਕਿ ਬੇਬੇ ਸਾਬਰੀ ਨੂੰ ਰਾਜੌਰੀ ਵਿਚ ਪੱਕੀ ਤਰ੍ਹਾਂ ਰਹਿਣ ਦੀ ਇਜਾਜ਼ਤ ਮਿਲ ਜਾਏ ਤੇ ਇਸ ਕੰਮ ਲਈ ਉਹ ਮੇਰੀ ਮਦਦ ਲੈਣਾ ਚਾਹੁੰਦਾ ਸੀ। ਮੈਂ ਬਾਬੇ ਨੂੰ ਸਮਝਾਇਆ ਬਈ ਦੋਹਾਂ ਦੇਸ਼ਾਂ ਵਿਚਕਾਰ ਹੋਏ ਸਮਝੌਤੇ ਮੁਤਾਬਕ ਇੰਜ ਨਹੀਂ ਹੋ ਸਕਦਾ ਪਰ ਫਿਰ ਵੀ ਮੈਂ ਕੋਸ਼ਿਸ਼ ਕਰਾਂਗਾ।

ਦਿਨ ਲੰਘਦੇ ਗਏ। ਮੈਂ ਹੋਮ ਮਨਿਸਟਰੀ ਤੇ ਚੀਫ਼ ਮਨਿਸਟਰ ਨਾਲ ਰਾਬਤਾ ਕੀਤਾ। ਸਜਾਵਲ ਤੇ ਬੇਬੇ ਸਾਬਰੀ ਦੀ ਉਮਰ ਦਾ ਵਾਸਤਾ ਦਿੱਤਾ। ਪਰ ਕੁਝ ਨਾ ਬਣਿਆ। ਮੇਰੀ ਸਾਰੀ ਕੋਸ਼ਿਸ਼ ਨਾਕਾਮ ਹੋ ਗਈ। ਪਤਾ ਹੀ ਨਹੀਂ ਚੱਲਿਆ ਕਿ ਇਕ ਮਹੀਨਾ ਕਿੰਜ ਬੀਤ ਗਿਆ। ਬੇਬੇ ਸਾਬਰੀ ਦੇ ਜਾਣ ਦਾ ਵੇਲਾ ਹੋ ਗਿਆ ਸੀ। ਵਾਪਸ ਜਾਣ ਤੋਂ ਦੋ ਦਿਨ ਪਹਿਲਾਂ ਮੈਂ ਬੇਬੇ ਨੂੰ ਮਿਲਣ ਰਾਜੌਰੀ ਗਿਆ। ਮੈਂ ਦੇਖਿਆ ਉਥੇ ਕੁਹਰਾਮ ਮਚਿਆ ਹੋਇਆ ਸੀ। ਸਭ ਉਦਾਸ ਤੇ ਨਿੰਮੋਝਾਣ ਬੈਠੇ ਸਨ। ਸਜਾਵਲ ਦੇ ਵੀਰਾਨ ਦਿਲ ਅੰਦਰ ਖ਼ੁਸ਼ੀਆਂ ਦਾ ਜਿਹੜਾ ਬਾਗ਼ ਕੁਝ ਚਿਰ ਲਈ ਸਜਿਆ ਸੀ, ਉਹ ਵੀਰਾਨ ਹੋ ਗਿਆ ਸੀ। ਉਹਦੀ ਦੁਨੀਆਂ ਮਰ ਚੁੱਕੀ ਸੀ। ਉਹਦੇ ਸੀਨੇ ਦੇ ਜ਼ਖ਼ਮ ਮੁੜ ਹਰੇ ਹੋ ਗਏ ਸਨ। ਉਹ ਕੁਰਲਾ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਉਹ ਦੋਨੋਂ ਇਕੱਠੇ ਕਿਉਂ ਨਹੀਂ ਰਹਿ ਸਕਦੇ। ਸਜਾਵਲ ਨੇ ਆਪਣੇ

ਤੌਰ 'ਤੇ ਵੀ ਸਾਰੇ ਸਰਕਾਰੀ ਬੂਹੇ ਠਕੋਰੇ ਪਰ ਕਿਸੇ ਬੂਹਾ ਨਾ ਖੋਲ੍ਹਿਆ। ਦੋਹਾਂ ਮੁਲਕਾਂ ਵਿਚਕਾਰ ਅਜੇਹਾ ਕੋਈ ਸਮਝੌਤਾ ਨਹੀਂ ਸੀ। ਖ਼ੈਰ ਉਹ ਦਿਨ ਆ ਗਿਆ ਜਦੋਂ ਬੇਬੇ ਸਾਬਰੀ ਦੀ ਬੱਸ ਚੱਕਾਂ ਦੇ ਬਾਗ਼ ਤੋਂ ਰਾਵਲਕੋਟ ਜਾਣੀ ਸੀ।

ਸਜਾਵਲ, ਸਾਂਵਲ, ਨਫ਼ੀਸਾ ਤੇ ਉਨ੍ਹਾਂ ਦੇ ਬੱਚੇ ਬੇਬੇ ਸਾਬਰੀ ਨੂੰ ਲੈ ਕੇ ਸਰਹੱਦ ਤੀਕਰ ਛੱਡਣ ਗਏ। ਕਸਟਮ ਪੋਸਟ 'ਤੇ ਜ਼ਰੂਰੀ ਪੜਤਾਲ ਹੋਣ ਮਗਰੋਂ ਬੇਬੇ ਹੌਲ਼ੀ-ਹੌਲੀ ਨੋ ਮੈਨ ਲੈਂਡ ਵਿਚ ਚੱਲ ਰਹੀ ਸੀ। ਸਜਾਵਲ, ਸਾਂਵਲ ਤੇ ਨਫ਼ੀਸਾ ਬੇਬੇ ਸਾਬਰੀ ਨੂੰ ਜਾਂਦੇ ਵੇਖ ਰਹੇ ਸਨ। ਬੇਬੇ ਸਾਬਰੀ ਦੀ ਖ਼ਵਾਹਿਸ਼ ਸੀ ਕਿ ਉਹ ਜ਼ਿੰਦਗੀ ਦੀਆਂ ਆਖ਼ਰੀ ਘੜੀਆਂ ਸਜਾਵਲ ਨਾਲ ਗੁਜ਼ਾਰੇ ਪਰ ਇੰਜ ਹੋ ਨਹੀਂ ਸਕਿਆ। ਬੇਬੇ ਅੱਧੇ ਰਸਤੇ ਤੀਕਰ ਪਹੁੰਚਣ ਮਗਰੋਂ ਖੜੋ ਗਈ। ਸ਼ਾਇਦ ਬੱਸਾਂ ਲੈਣ ਲਈ। ਉਹ ਨੋ ਮੈਨਸ ਲੈਂਡ ਦੇ ਦੋਵਾਂ ਪਾਸੇ ਵੇਖ ਰਹੀ ਸੀ। ਉਹਦੀਆਂ ਨਜ਼ਰਾਂ ਕਦੇ ਸਜਾਵਲ ਨੂੰ ਵੇਖ ਰਹੀਆਂ ਸਨ ਤੇ ਕਦੇ ਆਪਣੇ ਬੱਚਿਆਂ ਨੂੰ। ਫਿਰ ਉਹ ਮੁੜ ਚਲਣ ਲੱਗੀ ਪਰ ਉਹਦੀਆਂ ਲੱਤਾਂ ਜਵਾਬ ਦੇ ਚੁੱਕੀਆਂ ਸਨ। ਉਹ ਡਿੱਗ ਪਈ। ਉਹਨੂੰ ਚੁੱਕਣ ਲਈ ਦੋਹਾਂ ਮੁਲਕਾਂ ਦੇ ਸਰਹੱਦੀ ਮੁਹਾਫ਼ਿਜ਼ ਦੌੜੇ। ਪਰ ਜਦ ਉਹ ਬੇਬੇ ਸਾਬਰੀ ਕੋਲ ਅਪੜੇ ਤਾਂ ਉਨ੍ਹਾਂ ਦੇਖਿਆ ਬਈ ਬੇਬੇ ਦੀ ਰੂਹ ਉਸ ਦਾ ਸਰੀਰ ਛੱਡ ਚੁੱਕੀ ਸੀ ਤੇ ਸਾਰੇ ਕਾਇਦੇ-ਕਾਨੂੰਨਾਂ ਤੋਂ ਆਜ਼ਾਦ ਹੋ ਚੁੱਕੀ ਸੀ।

•

# ਖੂਹ ਤੇ ਖਾਈ

ਬਲ ਤੇ ਬਲਵਾਨ ਲਿੱਸੇ ਬੰਦਿਆਂ ਦਾ ਹੀ ਸ਼ਿਕਾਰ ਕਰਦੇ ਨੇ ਅਤੇ ਸਮਾਜ ਨੂੰ ਆਪਣੀ ਚਾਬਕ ਨਾਲ ਚਲਾਂਦੇ ਨੇ। ਗ਼ਰੀਬ ਤੇ ਮਸਕੀਨ ਲੋਕਾਈ ਨੂੰ ਛੱਮ ਚਾੜਦੇ ਨੇ। ਬੇਚਾਰੇ ਲਿੱਸੇ ਤੇ ਮਾੜੇ, ਘਰਾਂ ਅੰਦਰ ਲੁਕ ਕੇ ਫੱਕੜ ਤੋਲਦੇ ਰਹਿੰਦੇ ਨੇ ਅਤੇ ਸ਼ਬਦਾਂ ਦਾ ਪਿੰਡਾ ਜ਼ਖ਼ਮੀ ਕਰਕੇ ਆਪਣਾ ਮਨ ਹੌਲਾ ਕਰਦੇ ਨੇ। ਉਹ ਹੋਰ ਕਰ ਵੀ ਕੀ ਸਕਦੇ ਨੇ। ਬੇਸ਼ਕ ਉਹ ਆਪਣੀਆਂ ਤਾਂਘਾਂ ਦੇ ਦੀਵਿਆਂ ਨਾਲ ਆਪਣਿਆਂ ਘਰਾਂ ਨੂੰ ਚਾਨਣ ਕਰਨ ਦਾ ਆਹਰ ਕਰਦੇ ਨੇ ਪਰ ਉਨ੍ਹਾਂ ਦੇ ਭਾਗਾਂ ਦਾ ਹਨੇਰਾ ਦੂਰ ਨਹੀਂ ਹੁੰਦਾ। ਉਨ੍ਹਾਂ ਦੇ ਸਿਰਾਂ ਦੀਆਂ ਪੱਗਾਂ ਪੈਰਾਂ ਵਿਚ ਰੁਲਦੀਆਂ ਨੇ। ਲੋਕੀਂ ਭਾਵੇਂ ਆਪਣੀ-ਆਪਣੀ ਪਸੰਦ ਦੇ ਮੌਸਮ ਵਿਚ ਜਿਊਣਾ ਚਾਹੁੰਦੇ ਨੇ ਪਰ ਜੀਅ ਨਹੀਂ ਸਕਦੇ ਕਿਉਂਜੇ ਉਨ੍ਹਾਂ ਦੀਆਂ ਸਧਰਾਂ ਦਾ ਬਾਲਣ ਹਮੇਸ਼ਾ ਸਿੱਲਾ ਤੇ ਗਿੱਲਾ ਹੀ ਰਹਿੰਦਾ ਹੈ। ਵੇਲੇ ਦੇ ਜਬਰ ਨੇ ਉਨ੍ਹਾਂ ਦਾ ਜੀਣਾ ਨਰਕ ਬਣਾ ਦਿੱਤਾ ਹੈ। ਹਾਕਮ, ਲੋਕਾਈ ਨੂੰ ਆਪਣਾ ਬੰਦੀ ਬਣਾਉਣ ਲਈ ਬਲ ਦੇ ਨਾਲ-ਨਾਲ ਵੱਲ ਤੇ ਛੱਲ ਨਾਲ ਵੀ ਇਤਿਹਾਸ ਰੱਚਦੇ ਨੇ। ਹਾਕਮ ਦੇ ਹੁਕਮ ਅਨੁਸਾਰ ਲੋਕੀਂ ਸਿਰਾਂ ’ਤੇ ਪੱਗਾਂ ਨਹੀਂ ਰੱਖ ਸਕਦੇ ਸਗੋਂ ਗਲ ਵਿਚ ਸਾਫ਼ਾ ਤੇ ਮੂੰਹ ਵਿਚ ਘਾਹ ਦਾ ਤੀਲਾ ਰਖਦੇ ਨੇ। ਆਜ਼ਾਦੀ ਵਿਚ ਗ਼ੁਲਾਮੀ ਦੀ ਇਹ ਰਸਮ ਅੱਜ ਵੀ ਚਲਦੀ ਹੈ ਤੇ ਖੌਰੇ ਕਦੋਂ ਤੀਕਰ ਚਲਦੀ ਰਵੇਗੀ। ਚੰਡਾਲਾਂ ਤੇ ਸਿਆਸੀ ਦਲਾਲਾਂ ਦੀਆਂ ਚਾਲਾਂ ਕਾਰਨ ਆਜ਼ਾਦੀ ਇਕ ਜ਼ੁਰਮ ਵਾਂਗ ਉਨ੍ਹਾਂ ਦੇ ਨਾਵੇਂ ਲੱਗੀ ਹੋਈ ਹੈ। ‘ਅੰਨੀ ਪੀਹੇ ਤੇ ਕੁੱਤੀ ਚੱਟੇ’ ਵਾਲੀ ਸਰਕਾਰ ਹੈ, ਜਿੱਥੇ ਨਿਰਾ ਅੰਧਿਆਰ ਹੈ। ਅੱਜ ਸਾਧ ਝੂਠਾ ਤੇ ਚੋਰ ਸਚਿਆਰ ਹੈ। ਇਸ ਮਾਹੌਲ ਤੇ ਵਾਤਾਵਰਣ ਵਿਚ ਕੋਈ ਵੀ ਆਪਣੇ ਦਿਲ ਦੀ ਜ਼ਮੀਨ ਤੇ ਖ਼ੁਸ਼ੀ ਦੇ ਫੁੱਲ ਨਹੀਂ ਉਗਾ ਸਕਦਾ। ਚਾਰ ਚੁਫ਼ੇਰੇ ਬਾਰੂਦ ਦਾ ਧੂੰਆਂ, ਮਿੱਟੀ ਘੱਟਾ, ਹਨੇਰੀ ਝੱਖੜ, ਅੱਗ ਦਾ ਭਾਂਬੜ, ਸ਼ੋਰ ਸ਼ਰਾਬਾ ਤੇ ਲਾਸ਼ਾਂ ਦੀ ਸੜਾਂਦ ਨੇ ਡਾਢਾ ਹਨੇਰ ਪਾਇਆ ਹੋਇਆ ਹੈ। ਦੋਮੂਹੇ ਸੱਪ ਅਕਸਰ ਲੋਕਾਈ ਨੂੰ ਡੰਗ ਮਾਰਦੇ ਰਹਿੰਦੇ ਨੇ। ਦਿਲ ਟੁੱਟ ਚੀਖ਼ਾਂ ਉਨ੍ਹਾਂ ਦਾ ਮਾਤਮ ਕਰਦੀਆਂ ਨੇ ਅਤੇ ਉਨ੍ਹਾਂ ਮਾਤਮੀ ਚੀਖ਼ਾਂ ਨੇ ਉਸ ਪਿੰਡ ਵਿਚ ਵੀ ਕਰਲੱਧ ਮਚਾਇਆ ਸੀ ਜਿੱਥੇ ਕਈ ਔਰਤਾਂ ਦਾ ਬਲਾਤਕਾਰ ਹੋਇਆ ਸੀ। ਹਾਕਮ ਦੇ ਹਵਾਰੀਆਂ ਨੇ ਖਾੜਕੂਆਂ ਅਤੇ ਬਾਗੀਆਂ ਨੂੰ ਫੜਣ ਲਈ ਪੂਰੇ ਪਿੰਡ ਨੂੰ ਘੇਰ ਲਿਆ ਸੀ। ਪੂਰੀ ਬਸਤੀ ਵਿਚ ਕ੍ਰੈਕ

ਡਾਊਨ ਲੱਗ ਗਿਆ ਸੀ। ਇਕ ਜਵਾਨ ਲਾਊਡ ਸਪੀਕਰ 'ਤੇ ਐਲਾਨ ਕਰ ਗਿਆ ਸੀ ਕਿ ਸਾਰੇ ਬੰਦੇ ਆਪਣਿਆਂ-ਆਪਣਿਆਂ ਘਰਾਂ ਵਿਚੋਂ ਬਾਹਰ ਆ ਜਾਣ ਤੇ ਸਕੂਲ ਵਾਲੇ ਮੈਦਾਨ ਵਿਚ ਜਮ੍ਹਾਂ ਹੋ ਜਾਣ ਕਿਉਂਜੇ ਉਨ੍ਹਾਂ ਦੇ ਮਕਾਨਾਂ ਦੀ ਤਲਾਸ਼ੀ ਲੈਣੀ ਹੈ ਅਤੇ ਖਾੜਕੂਆਂ ਨੂੰ ਫੜਨਾ ਹੈ। ਸਵਾਣੀਆਂ ਤੇ ਬੱਚੇ ਆਪਣੇ ਘਰਾਂ ਅੰਦਰ ਰਹਿ ਸਕਦੇ ਨੇ। ਲੋਕੀਂ ਸਕੂਲ ਗਰਾਊਂਡ ਵਿਚ ਇਕੱਠੇ ਹੋ ਗਏ ਸਨ ਤੇ ਵਰਦੀ ਪੋਸ਼ਾਂ ਨੇ ਉਨ੍ਹਾਂ ਨੂੰ ਘੇਰ ਲਿਆ ਸੀ। ਚਾਰ ਜੀਪਾਂ ਵਿਚ ਮੂੰਹ ਢੱਕ ਕੇ ਬੈਠੇ ਮੁਖ਼ਬਰਾਂ ਸਾਹਮਣੇ ਪਿੰਡ ਵਾਸੀਆਂ ਦੀ ਸ਼ਨਾਖ਼ਤ ਪਰੇਡ ਹੋਣ ਲੱਗੀ। ਜਿਸ ਬੰਦੇ ਵਲ ਖ਼ਬਰੀ ਉਂਗਲ ਚੁਕਦੇ ਉਸਨੂੰ ਫੜ ਕੇ ਹਿਕ ਬਕਤਰ ਬੰਦ ਜੀਪ ਵਿਚ ਬਿਠਾ ਦਿੱਤਾ ਜਾਂਦਾ। ਕਈ ਘੰਟਿਆਂ ਤੀਕਰ ਇਹ ਕਾਰਵਾਈ ਚਲਦੀ ਰਹੀ।

ਦੂਜੇ ਪਾਸੇ ਸ਼ੀਂਹ ਜਵਾਨਾਂ ਦੇ ਦੋ ਜੱਥੇ ਪਿੰਡ ਦੇ ਘਰਾਂ ਦੀ ਤਲਾਸ਼ੀ ਲੈਂਦੇ ਰਹੇ ਤੇ ਬਾਰ੍ਹਾਂ ਵਰ੍ਹਿਆਂ ਦੀਆਂ ਬੱਚੀਆਂ ਤੋਂ ਲੈ ਕੇ ਸੱਤਰ ਸਾਲਾਂ ਤਕ ਦੀਆਂ ਔਰਤਾਂ ਦੇ ਇਕ ਇਕ ਅੰਗ ਟੋਲਦੇ ਰਹੇ ਤੇ ਗੜਾਕੇ ਮਾਰਦੇ ਰਹੇ। ਅਣਖਿੜੇ, ਖਿੜੇ ਤੇ ਮੁਰਝਾਏ ਫੁੱਲਾਂ ਨੂੰ ਰੱਜ ਕੇ ਮਧੋਲਿਆ ਗਿਆ। ਇਕ ਕਹਿਰ ਟੁੱਟਿਆ ਸੀ। ਘੁੱਗੀਆਂ ਸ਼ਿਕਾਰ ਹੋ ਗਈਆਂ ਸਨ। ਮਾਸੂਮ ਯੌਵਨਾਂ ਤੇ ਅਬਲਾ ਜੋਗਨਾਂ ਦੇ ਸਵਾਦ ਦੀ ਜੁਗਾਲੀ ਕਰਦਿਆਂ ਹੋਇਆਂ ਸ਼ੀਂਹ ਜਵਾਨ ਸਕੂਲ ਦੇ ਮੈਦਾਨ ਵਿਚ ਆ ਗਏ ਸਨ। ਕ੍ਰੈਕ ਡਾਊਨ ਮੁਕ ਗਿਆ ਸੀ। ਹਾਕਮ ਦੇ ਹਵਾਰੀ ਆਪਣਾ ਕੰਮ ਮੁਕਾ ਕੇ ਜਾ ਚੁੱਕੇ ਸਨ ਤੇ ਲੋਕੀਂ ਆਪਣਿਆਂ-ਆਪਣਿਆਂ ਘਰਾਂ ਨੂੰ ਪਰਤ ਆਏ ਸਨ।

ਘਰਾਂ ਵਿਚ ਉਨ੍ਹਾਂ ਆਪਣੀਆਂ ਮਾਵਾਂ, ਭੈਣਾਂ, ਬੱਚੀਆਂ ਤੇ ਸਵਾਣੀਆਂ ਦੀਆਂ ਵੰਗਾਂ ਟੁੱਟੀਆਂ ਵੇਖੀਆਂ, ਲੀੜੇ ਲੀਰੋ ਲੀਰ ਤੇ ਰੱਤੇ ਹੋਏ ਪਏ ਸਨ। ਸਾਰੀਆਂ ਔਰਤਾਂ ਆਪਣੀ ਸ਼ਰਮ ਤੇ ਨੰਗੇਜ਼ ਦਾ ਮਾਤਮ ਕਰ ਰਹੀਆਂ ਸਨ। ਇਹ ਸਭ ਵੇਖ ਕੇ ਬੇਵਸ ਤੇ ਮਜਬੂਰ ਪਿੰਡ ਵਾਸੀ ਹਾੜੇ ਮਾਰਨ ਲੱਗੇ। ਵੈਰੀ ਰੁੱਤਾਂ ਦਾ ਮਾਤਮ ਕਰਨ ਲੱਗੇ। ਆਪਣਿਆਂ ਲੇਖਾਂ ਦਾ ਮਾਤਮ। ਆਪਣੀ ਬੇਵਸੀ ਤੇ ਮੰਦਹਾਲੀ ਦਾ ਮਾਤਮ। ਉਨ੍ਹਾਂ ਦੇ ਹੰਝੂਆਂ ਦਾ ਪਾਣੀ ਅੱਖਾਂ ਸਾੜਨ ਲੱਗਾ। ਦੁੱਖ, ਦਰਦ, ਉਦਾਸੀ, ਮਾਯੂਸੀ ਤੇ ਜ਼ਿਲਤ ਨੇ ਉਨ੍ਹਾਂ ਦੇ ਸਾਹ ਡਕ ਲਏ ਸਨ। ਕਿਉਂਜੇ ਕਾਨੂੰਨ ਦੀ ਗਿੱਚੀ ਬੰਦੂਕ ਦੇ ਹੱਥ ਵਿਚ ਫਸੀ ਹੋਈ ਸੀ ਤੇ ਇਨਸਾਨ ਬਲ ਤੇ ਛੱਲ ਹੇਠਾਂ ਦਬਿਆ ਪਿਆ ਸੀ ਅਤੇ ਪਰਜਾਤੰਤਰ ਲੋਕਾਂ ਨੂੰ ਚਿਘ ਰਿਹਾ ਸੀ। ਹੜਤਾਲਾਂ, ਜਲੂਸਾਂ ਤੇ ਜਲਸਿਆਂ ਉਤੇ ਬਾਰੂਦ ਛਿੜਕਿਆ ਗਿਆ ਸੀ। ਦੁਖ ਰੋਣੀਆਂ ਲਾਸ਼ਾਂ ਮਿੱਟੀ ਚੁੰਮ ਰਹੀਆਂ ਸਨ ਤੇ ਬੇਨਾਮ ਜਨਾਜ਼ੇ ਵੈਣ ਕਰਦੇ ਪਏ ਸਨ। ਪਿੰਡ ਦੇ ਨਿਆਣਿਆਂ ਤੇ ਸਿਆਣਿਆਂ ਅੰਦਰ ਰੋਸ ਦਾ ਜਵਾਲਾਮੁਖੀ ਧੁਖ਼ਣ ਲੱਗਾ। ਜਵਾਲਾਮੁਖੀ 'ਚੋਂ ਕ੍ਰੋਧ ਦੇ ਗੋਲੇ ਫਟਣ ਲੱਗੇ। ਕਿਸੇ ਦੀ ਮਾਂ ਦੀ ਪੱਤ ਲੁੱਟੀ ਸੀ,

ਕਿਸੇ ਦੀ ਭੈਣ ਦੀ ਨੱਥ ਖੁੱਲ੍ਹੀ ਸੀ ਤੇ ਕਿਸੇ ਦੀ ਧੀ ਉਜੜੀ ਸੀ।

ਜ਼ਬਰਦਸਤੀ ਸਲਾਮ ਪੰਡਿਤ ਦੀ ਵੱਡੀ ਭੈਣ ਤੇ ਮਾਂ ਨਾਲ ਵੀ ਹੋਈ ਸੀ। ਕੁਝ ਦਿਨਾਂ ਤੀਕਰ ਕ੍ਰੋਧ ਦਾ ਮੱਚ ਮੱਚਦਾ ਰਿਹਾ। ਫਿਰ ਕੁਝ ਜੁਝਾਰੂ ਗਭਰੂਆਂ ਨੇ ਬਦਲਾ ਲੈਣ ਦਾ ਫ਼ੈਸਲਾ ਕਰ ਲਿਆ। ਉਹ ਖਾੜਕੂਆਂ ਦੇ ਆਗੂਆਂ ਨੂੰ ਮਿਲੇ ਤੇ ਉਨ੍ਹਾਂ ਦੀ ਪੁੱਠੀ ਮਤ ਦੀ ਫੱਟੀ ਪੜ੍ਹਣ ਲੱਗੇ। ਇਹ ਜਾਣਦਿਆਂ ਹੋਇਆਂ ਵੀ ਕਿ ਹਥਿਆਰ ਕਿਸੇ ਦੇ ਯਾਰ ਨਹੀਂ ਹੁੰਦੇ, ਉਹ ਹਥਿਆਰ ਚਲਾਉਣ ਦੀ ਟ੍ਰੇਨਿੰਗ ਲੈਣ ਲਈ ਸਰਹੱਦ ਪਾਰ ਚਲੇ ਗਏ। ਸਰਹੱਦ ਟੱਪਣ ਵਾਲਿਆਂ ਵਿਚ ਸਲਾਮ ਪੰਡਿਤ ਵੀ ਸ਼ਾਮਿਲ ਸੀ, ਜਿਹੜਾ ਆਪਣੇ ਮਾਂ-ਪਿਉ ਦਾ ਇਕੱਲਾ ਪੁੱਤਰ ਸੀ ਤੇ ਪੀਰਾਂ, ਫ਼ਕੀਰਾਂ ਦੀ ਤੁਫੈਲ ਅਲਾ ਸਾਈਂ ਨੇ ਇਹ ਮਿੱਠਾ ਫਲ ਉਨ੍ਹਾਂ ਨੂੰ ਦਿੱਤਾ ਸੀ।

ਉੱਥੇ ਉਨ੍ਹਾਂ ਨੂੰ ਨੀਲਮ ਘਾਟੀ ਵਿਚ ਲਗਾਏ ਗਏ ਇਕ ਤਰਬੀਤੀ ਕੈਂਪ ਵਿਚ ਘੱਲਿਆ ਗਿਆ। ਟ੍ਰੇਨਿੰਗ ਸ਼ੁਰੂ ਹੋਈ। ਹਥਿਆਰ ਚਲਾਣ ਦੇ ਨਾਲ-ਨਾਲ ਇਸਲਾਮ ਦੇ ਨਵੇਂ ਅਰਥ ਸਮਝਾਏ ਜਾਣ ਲੱਗੇ। ਕੱਟੜਵਾਦ ਦੇ ਮੰਤਰ ਰਟਾਏ ਜਾਣ ਲੱਗੇ। ਜੰਨਤ ਦੇ ਖ਼੍ਵਾਬ ਤੇ ਦੋਜ਼ਖ਼ ਦੇ ਅਜ਼ਾਬ ਦੀਆਂ ਕਹਾਣੀਆਂ ਸੁਣਾਈਆਂ ਜਾਣ ਲੱਗੀਆਂ। ਸ਼ਹੀਦ ਤੇ ਗਾਜ਼ੀ ਦੇ ਸਬਕ ਪੜ੍ਹਾਏ ਜਾਣ ਲੱਗੇ। ਕਾਫ਼ਰ ਤੇ ਮੋਮਨ ਦਾ ਫ਼ਰਕ ਬਿਆਨ ਕੀਤਾ ਜਾਣ ਲੱਗਾ। ਪਰ ਸਲਾਮ ਪੰਡਿਤ ਨੇ ਤਾਂ ਰੂਹ ਤੇ ਕਲਬੂਤ ਦਾ ਪਾਠ ਪੜ੍ਹਿਆ ਸੀ। ਇਰਫ਼ਾਨ ਦੇ ਗਿਆਨ ਵਿਚ ਅੱਖਾਂ ਖੋਲ੍ਹੀਆਂ ਸਨ। ਉਹਦੇ ਅੰਤਰ ਮਨ ਵਿਚ ਸੂਫ਼ੀ, ਰਿਸ਼ੀ ਤੇ ਸੰਤ ਫ਼ਕੀਰਾਂ ਦਾ ਵਾਸਾ ਸੀ। ਉਹ ਤੇ ਸਿਰਫ਼ ਉਨ੍ਹਾਂ ਫ਼ੌਜੀਆਂ ਨਾਲ ਬਦਲਾ ਲੈਣਾ ਚਾਹੁੰਦਾ ਸੀ, ਜਿਨ੍ਹਾਂ ਉਸ ਦੀ ਭੈਣ ਤੇ ਮਾਂ ਦੀ ਪੱਤ ਲੁੱਟੀ ਸੀ। ਨਹੀਂ ਤਾਂ ਉਸ ਨੂੰ ਖਾੜਕੂ ਬਣਨ ਦਾ ਉੱਕਾ ਕੋਈ ਚਾਹ ਨਹੀਂ ਸੀ। ਉਹ ਛੇਤੀ ਹੀ ਉੱਥੇ ਅਵਾਜ਼ਾਰ ਹੋ ਗਿਆ। ਕੈਂਪ ਵਿਚ ਫ਼ੌਜੀਆਂ ਤੋਂ ਛੁਟ ਮੌਲਵਾਣੇ ਵੀ ਆਉਂਦੇ ਸਨ ਤੇ ਸਿੱਧੀਆਂ ਪੁੱਠੀਆਂ ਪੱਟੀਆਂ ਪੜ੍ਹਾਂਦੇ ਸਨ। ਸਲਾਮ ਪੰਡਿਤ ਨੂੰ ਕੈਂਪ ਦਾ ਮਾਹੌਲ ਵੇਖ ਕੇ ਸਮਝ ਆ ਗਿਆ ਸੀ ਕਿ ਇੱਥੇ, 'ਬਾਹਰੋਂ ਬੀਬੀਆਂ ਦਾੜ੍ਹੀਆਂ ਪਰ ਅੰਦਰੋਂ ਕਾਲੇ ਕਾਂ' ਵਾਲੀ ਗੱਲ ਹੈ। ਇਥੇ ਆਜ਼ਾਦੀ ਦੇ ਨਾਂ 'ਤੇ ਬਰਬਾਦੀ ਦਾ ਸਬਕ ਪੜ੍ਹਾਇਆ ਜਾਂਦਾ ਹੈ। ਸਲਾਮ ਪੰਡਿਤ ਕਈ-ਕਈ ਰਾਤਾਂ ਚੁਪ ਦੇ ਜਗਰਾਤੇ ਕਰਦਾ ਰਹਿੰਦਾ ਤੇ ਅਸਮਾਨ ਵੱਲ ਝੂਰਦਾ ਰਹਿੰਦਾ। ਤਰਬੀਤੀ ਕੈਂਪ ਵਿਚ ਰਹਿੰਦਿਆਂ ਹੋਇਆਂ ਵੀ ਉਸਦੀਆਂ ਅੱਖਾਂ ਹਿਜ਼ਰਤ ਕਰਦੀਆਂ ਤੇ ਆਪਣੇ ਘਰ ਦੇ ਗੇੜੇ ਮਾਰਦੀਆਂ। ਮਾਂ-ਪਿਉ ਤੇ ਭੈਣ ਦੀ ਯਾਦ ਆਉਂਦੇ ਹੀ ਉਹਦੇ ਸਾਹ ਕੁਰਲਾਂਦੇ ਤੇ ਅੱਖਾਂ ਨੀਰ ਛਲਕਾਉਂਦੀਆਂ। ਉਹ ਸੋਚਦਾ ਕਿ ਉਹ ਖੂਹ ਵਿਚੋਂ ਨਿਕਲ ਕੇ ਖੱਡੇ ਵਿਚ ਫਸ ਗਿਆ ਹੈ। ਉਨ੍ਹਾਂ ਦੇ ਚਾਲੇ ਵੇਖ ਕੇ ਉਸ ਦੇ ਮਨ ਅੰਦਰ ਘੁੰਮਣ ਘੇਰੀਆਂ ਪੈਂਦੀਆਂ ਕਿਉਂਜੋ ਇਥੇ ਜੇਹੀ ਸੰਗਤ ਸੀ ਤੇਹੀ ਰੰਗਤ ਸੀ, ਜਿਹੜੀ ਸਲਾਮ ਪੰਡਿਤ ਨੇ ਪਹਿਲਾਂ ਕਦੇ

ਨਹੀਂ ਸੀ ਵੇਖੀ। ਇਥੇ ਸਲਾਮ ਪੰਡਿਤ ਨੂੰ ਲੋਕਾਂ ਦੇ ਘਰ ਸਾੜ ਕੇ ਅੱਗ ਸੇਕਣ ਵਾਲੀ ਮਖ਼ਲੂਕ ਮਿਲੀ। ਉਨ੍ਹਾਂ ਨੂੰ ਕੌਣ ਸਮਝਾਂਦਾ ਜਿਹੜੇ ਹਥਿਆਰ ਫੱਟ ਮਾਰਦੇ ਨੇ ਉਨ੍ਹਾਂ ਨੂੰ ਅਖ਼ੀਰ ਜ਼ੰਗ ਲੱਗ ਜਾਂਦਾ ਹੈ। ਸਲਾਮ ਲਈ ਬੜੇ ਔਖੇ ਦੇਹਾੜ ਆਏ ਸਨ। ਦੁੱਖਾਂ ਦੀ ਸੁਨਾਮੀ ਵਿਚ ਉਹ ਡੁੱਬ ਮਰਿਆ ਸੀ। ਉਸਦਾ ਮਨ ਕੈਂਪ 'ਚੋਂ ਉਚਾਟ ਹੋ ਗਿਆ ਸੀ। ਉਹ ਆਪਣਿਆਂ ਸਾਥੀਆਂ ਨੂੰ ਕਹਿਣ ਲੱਗਾ ਕਿ ਉਹ ਕੈਂਪ ਛੱਡ ਕੇ ਵਾਪਿਸ ਆਪਣੇ ਘਰ ਪਰਤਣਾ ਚਾਹੁੰਦਾ ਹੈ। ਇਸ ਗੱਲ ਦਾ ਪਤਾ ਜਦ ਕੈਂਪ ਕਮਾਂਡਰ ਤੇ ਏਜੰਸੀਆਂ ਨੂੰ ਲੱਗਾ ਤਾਂ ਉਹ ਸਲਾਮ ਪੰਡਿਤ ਨੂੰ ਅੰਤ ਭੈੜੇ ਅੱਖਰਾਂ ਦੇ ਪੱਥਰ ਮਾਰਨ ਲੱਗੇ। ਗਾਲ੍ਹਾਂ ਦੇ ਫੱਟ ਉਹਦਾ ਕਲੇਜਾ ਸਾੜਣ ਲੱਗੇ ਪਰ ਉਹ ਕੈਂਪ ਤੋਂ ਭੱਜਣ ਦਾ ਮਨ ਬਣਾ ਚੁੱਕਾ ਸੀ ਕਿਉਂਕਿ ਉਨ੍ਹਾਂ ਨਾਲ ਰਹਿ ਕੇ ਵੀ ਉਹ ਇਕੱਲਾ ਰਹਿੰਦਾ ਸੀ ਤੇ ਰਾਤਾਂ ਨੂੰ ਜਾਗ ਜਾਗ ਕੇ ਰੋਂਦਾ ਰਹਿੰਦਾ। ਉਹਦੇ ਮਨ ਦੀ ਮਿੱਟੀ ਗਿੱਲੀ ਤੇ ਚਿੱਕੜ ਭਰੀ ਹੋ ਗਈ ਸੀ। ਅਗਲੀ ਸਵੇਰੇ ਫ਼ਜਰ ਵੇਲੇ ਉਹ ਕੈਂਪ ਨੂੰ ਛੱਡ ਕੇ ਸ਼ਾਰਦਾ ਵਲ ਜਾਣ ਦੀ ਤਿਆਰੀ ਕਰਨ ਲੱਗਾ ਤਾਂ ਜੋ ਉਹ ਕਿਸ਼ਨ ਗੰਗਾ ਨੂੰ ਪਾਰ ਕਰਕੇ ਟੀਟਵਾਲ ਦੇ ਜੰਗਲਾਂ ਵਿਚ ਲੁਕ ਕੇ ਰਾਤ ਹੋਣ ਦੀ ਉਡੀਕ ਕਰ ਸਕੇ ਪਰ ਉਸੇ ਦਿਨ ਇਕ ਹੋਰ ਜੱਥਾ, ਗਾਇਡ ਦੀ ਅਗਵਾਈ ਵਿਚ ਕੈਂਪ ਪਹੁੰਚਿਆ ਸੀ। ਉਨ੍ਹਾਂ ਵਿਚੋਂ ਇਕ ਮੁੰਡੇ ਨੇ ਸਲਾਮ ਨੂੰ ਉਹਦੇ ਪਿਉ ਦੀ ਚਿੱਠੀ ਦਿੱਤੀ ਜਿਸ ਵਿਚ ਲਿਖਿਆ ਸੀ ਕਿ ਉਹ ਵਾਪਿਸ ਘਰ ਪਰਤਣ ਲਈ ਬਿਲਕੁਲ ਨਾ ਸੋਚੇ ਕਿਉਂਜੋ ਪੁਲਿਸ ਤੇ ਫ਼ੌਜੀ ਮੁਸ਼ਕੀ ਕੁੱਤਿਆਂ ਨੂੰ ਲੈ ਕੇ ਉਹਨੂੰ ਢੂੰਡ ਰਹੇ ਨੇ। ਸਰਹੱਦ ਟਪਦਿਆਂ ਸਾਰ ਹੀ ਖ਼ਬਰੀ ਤੇ ਇਖਵਾਨੀ ਉਹਦੀ ਦੱਸ ਪਾ ਦੇਣਗੇ, ਇਸ ਲਈ ਉਹ ਘਰ ਆਉਣ ਦੀ ਭੁੱਲ ਹਰਗਿਜ਼ ਨਾ ਕਰੇ। ਉਹ ਮੁੰਡਾ ਸਲਾਮ ਦਾ ਗਵਾਂਢੀ ਸੀ। ਉਹਨੇ ਸਲਾਮ ਨੂੰ ਦੱਸਿਆ ਕਿ ਪੁਲਿਸ ਉਹਦੇ ਪਿਉ ਨੂੰ ਕਈ ਵਾਰੀ ਫੜ ਕੇ ਲੈ ਗਈ ਸੀ ਤੇ ਉਹਦਾ ਅਤਾ-ਪਤਾ ਪੁੱਛਦੀ ਸੀ। ਉਸਦੇ ਪਿਉ ਨੂੰ ਤਸੀਹੇ ਵੀ ਦਿੱਤੇ ਗਏ ਤੇ ਉਨ੍ਹਾਂ ਦਾ ਜੀਣਾ ਔਖਾ ਬਣਾ ਦਿੱਤਾ ਗਿਆ ਹੈ। ਖ਼ਬਰੀ, ਇਖਵਾਨੀ ਤੇ ਖ਼ੁਫ਼ੀਆ ਅਦਾਰੇ ਉਸਦੀ ਖੋਜ ਵਿਚ ਥਾਂ-ਥਾਂ ਛਾਪੇ ਮਾਰਦੇ ਰਹਿੰਦੇ ਨੇ। ਇਸ ਲਈ ਵਾਪਿਸ ਜਾਣਾ ਮੌਤ ਨੂੰ ਬੁਲਾਣਾ ਹੈ।

ਸਲਾਮ ਪੰਡਿਤ ਬੜਾ ਨਿੰਮੋਝਾਣ ਤੇ ਪਰੇਸ਼ਾਨ ਸੀ। ਉਸ ਨੂੰ ਆਪਣੇ ਘਰ ਵਾਲਿਆਂ ਦੀ ਫ਼ਿਕਰ ਲੱਗੀ ਹੋਈ ਸੀ ਪਰ ਉਹ ਕੁਝ ਨਹੀਂ ਸੀ ਕਰ ਸਕਦਾ। ਉਹ ਆਪਣੀ ਉਜੜੀ ਝੋਕ ਨੂੰ ਮੁੜ ਆਬਾਦ ਕਰਨਾ ਚਾਹੁੰਦਾ ਸੀ। ਮਾਂ-ਪਿਉ ਦਾ ਸਹਾਰਾ ਬਣਨਾ ਚਾਹੁੰਦਾ ਸੀ। ਆਪਣੀ ਜੰਨਤ ਵਿਚੋਂ ਹਿੰਸਾ, ਖ਼ੌਫ਼, ਡਰ, ਬੇਬਸੀ ਤੇ ਨਾਇਨਸਾਫ਼ੀ ਨੂੰ ਖ਼ਤਮ ਕਰਨਾ ਚਾਹੁੰਦਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਸਰਹੱਦ ਪਾਰ ਆ ਕੇ ਆਪਣੀ ਜ਼ਮੀਨ ਨਾਲ ਉਸਦੇ ਰਿਸ਼ਤੇ ਗਵਾਚ ਜਾਣ ਕਿਉਂਜੋ ਕੰਧ ਓਹਲੇ ਪਰਦੇਸ ਹੀ ਤਾਂ ਹੁੰਦਾ ਹੈ। ਇਸ ਲਈ ਉਹ ਛੇਤੀ ਤੋਂ ਛੇਤੀ ਆਪਣਿਆਂ ਰਿਸ਼ਤਿਆ ਦੀ ਡੋਰ

ਨੂੰ ਫੜਨਾ ਚਾਹੁੰਦਾ ਸੀ ਪਰ ਪਿਉ ਦੀ ਚਿੱਠੀ ਨੇ ਉਸਦੀ ਆਸ ਦੀ ਘੜੋਲੀ ਭੰਨ ਛੱਡੀ ਸੀ। ਪਰ ਇਹ ਗੱਲ ਪੱਕੀ ਸੀ ਕਿ ਉਹ ਕੈਂਪ ਵਿਚ ਬਿਲਕੁਲ ਨਹੀਂ ਸੀ ਰਹਿਣਾ ਚਾਹੁੰਦਾ। ਉਹਨੂੰ ਪਤਾ ਸੀ ਕਿ ਅੱਤ ਤੇ ਰੱਤ ਦਾ ਵੈਰ ਭੈੜਾ ਹੁੰਦਾ ਹੈ ਤਾਹੀਓ ਮੌਕਾ ਮਿਲਦਿਆਂ ਹੀ ਉਹ ਆਪਣੇ ਕੈਂਪ ਵਿਚੋਂ ਭੱਜ ਗਿਆ ਤੇ ਸਾਰੀ ਰਾਤ ਚਲਦਾ ਰਿਹਾ ਤੇ ਸਰਘੀ ਵੇਲੇ ਉਹ ਤੰਬੋਲੀ ਕਸਬੇ ਵਿਚ ਪਹੁੰਚ ਗਿਆ। ਉੱਥੇ ਉਸ ਦੀ ਮਿਲਣੀ ਇਕ ਮੁਟਿਆਰ ਨਾਲ ਹੋਈ ਜਿਹੜੀ ਬੱਚਿਆਂ ਦੇ ਸਕੂਲ ਵਿਚ ਪੜ੍ਹਾਉਂਦੀ ਸੀ। ਸਲਾਮ ਪੰਡਿਤ ਨੇ ਉਸ ਨੂੰ ਆਪਣੀ ਸਾਰੀ ਕਹਾਣੀ ਸੁਣਾਈ। ਗੋਰਾ, ਚਿੱਟਾ ਸੋਹਣਾ ਤੇ ਸ਼ਨਾਕਾ ਗੱਭਰੂ ਵੇਖ ਕੇ ਉਸ ਮੁਟਿਆਰ ਨੂੰ ਸਲਾਮ 'ਤੇ ਤਰਸ ਆ ਗਿਆ। ਉਹ ਉਸ ਨੂੰ ਆਪਣੇ ਘਰ ਲੈ ਆਈ। ਉਸਦਾ ਨਾਂ ਜ਼ੈਨਬ ਸੀ ਤੇ ਉਸਦੇ ਪਿਉ ਦਾ ਨਾਂ ਰਹੀਮ ਬਖ਼ਸ਼। ਰਹੀਮ ਬਖ਼ਸ਼ ਨੇ ਕੁਝ ਸਿਆਸੀ ਸਿਫ਼ਾਰਸ਼ਾਂ ਤੇ ਕੁਝ ਪੈਸੇ ਦੀ ਬਾਰਸ਼ਾਂ ਨਾਲ ਸਲਾਮ ਪੰਡਿਤ ਦੀ ਖਲਾਸੀ ਕਰਾਈ। ਉਸ ਨੇ ਕਾਰੋਬਾਰ ਕਰਨ ਲਈ ਸਲਾਮ ਦੀ ਚੋਖੀ ਸਹਾਇਤਾ ਕੀਤੀ। ਰਹੀਮ ਬਖ਼ਸ਼ ਦੀ ਸਲਾਹ ਨਾਲ ਸਲਾਮ ਨੇ ਤੰਬੋਲੀ ਵਿਚ ਹੀ ਆਪਣੀ ਦੁਕਾਨ ਖੋਲ੍ਹ ਲਈ, ਜਿਸ ਵਿਚ ਕਰਿਆਨਾ, ਕਪੜਾ ਤੇ ਆਮ ਇਸਤੇਮਾਲ ਦੀਆਂ ਦੂਜੀਆਂ ਚੀਜ਼ਾਂ ਵੇਚਣ ਲਈ ਰੱਖੀਆਂ ਗਈਆਂ ਸਨ। ਸਲਾਮ ਪੰਡਿਤ ਦਾ ਕੰਮ ਹੌਲ਼ੀ-ਹੌਲ਼ੀ ਚੱਲਣ ਲੱਗਾ ਅਤੇ ਬਾਣੀਆਂ ਦੇ ਇਸ ਅਖਾਣ 'ਤੇ ਪੂਰਾ ਉਤਰਨ ਲੱਗਾ ਕਿ 'ਪਹਿਲੇ ਸਾਲ ਚੱਟੀ, ਦੂਜੇ ਸਾਲ ਹੱਟੀ ਤੇ ਤੀਜੇ ਸਾਲ ਖੱਟੀ।' ਸਲਾਮ ਦੀ ਦੁਕਾਨ ਹੁਣ ਖੱਟੀ ਕਰ ਰਹੀ ਸੀ। ਉਹ ਜ਼ੈਨਬ ਤੇ ਰਹੀਮ ਬਖ਼ਸ਼ ਦਾ ਬੜਾ ਅਭਾਰੀ ਸੀ, ਜਿਨ੍ਹਾਂ ਦੀ ਮੁਹੱਬਤ ਤੇ ਸ਼ਫ਼ਕਤ ਤੇ ਮਾਇਕ ਸਹਾਇਤਾ ਨਾਲ ਸਲਾਮ ਆਪਣੇ ਪੈਰਾਂ 'ਤੇ ਖੜਾ ਹੋ ਸਕਿਆ ਸੀ। ਸਲਾਮ ਅਕਸਰ ਉਨ੍ਹਾਂ ਦੇ ਘਰ ਜਾਂਦਾ। ਜ਼ੈਨਬ ਨਾਲ ਮਿਲ ਕੇ ਉਸ ਨੂੰ ਬੜਾ ਸਕੂਨ ਮਿਲਦਾ। ਆਹਿਸਤਾ ਆਹਿਸਤਾ ਨਿੱਘ ਦਾ ਇਹ ਰਿਸ਼ਤਾ ਰਿਸ਼ਤੇਦਾਰੀ ਵਿਚ ਬਦਲ ਗਿਆ। ਸਲਾਮ ਤੇ ਜ਼ੈਨਬ ਦਾ ਵਿਆਹ ਹੋ ਗਿਆ ਤੇ ਦੋਵੇਂ ਸੁਖੀ ਜੀਵਨ ਗੁਜ਼ਾਰਨ ਲੱਗੇ। ਉਨ੍ਹਾਂ ਦੇ ਘਰ ਦੋ ਬੱਚੇ ਇਮਰਾਨ ਤੇ ਆਮਿਨਾ ਪੈਦਾ ਹੋਏ। ਦਿਨ ਸੌਖੇ ਲੰਘ ਰਹੇ ਸਨ। ਸਰਹੱਦ ਦੇ ਇਧਰ ਰਹਿੰਦੇ ਹੋਏ ਸਲਾਮ ਨੂੰ ਸਤਾਰਾਂ ਸਾਲ ਹੋ ਚੁੱਕੇ ਸਨ। ਉਹਦੇ ਬੱਚਿਆਂ ਨੇ ਅੱਠਵੀਂ ਤੇ ਦੱਸਵੀਂ ਪਾਸ ਕਰ ਲਈ ਸੀ। ਸਲਾਮ ਕਈ ਵਾਰੀ ਸਰਹੱਦ ਦੇ ਆਰ-ਪਾਰ ਜਾਣ ਵਾਲਿਆਂ ਖਾੜਕੂਆਂ ਦੇ ਹੱਥ ਆਪਣੇ ਮਾਂ-ਪਿਉ ਨੂੰ ਚਿੱਠੀਆਂ ਘੱਲਦਾ। ਆਪਣੇ ਪਰਿਵਾਰ ਦੇ ਫ਼ੋਟੋ ਭੇਜਦਾ ਤੇ ਉਨ੍ਹਾਂ ਨੂੰ ਲਿਖਦਾ ਕਿ ਉਸ ਲਈ ਹਾਲਾਤ ਸਾਜ਼ਗਾਰ ਬਣਾਏ ਜਾਣ ਤਾਂ ਕਿ ਉਹ ਮੁੜ ਆਪਣੇ ਮਾਂ-ਪਿਉ ਕੋਲ ਆ ਸਕੇ। ਪਰ ਇੰਝ ਨਹੀਂ ਸੀ ਹੋ ਸਕਿਆ।

ਇਕ ਦਿਨ ਸਲਾਮ ਤੇ ਜ਼ੈਨਬ ਆਪਣੇ ਕਿਸੇ ਸਾਕ ਦੇ ਮਰਨੇ 'ਤੇ ਮਾਤਮ ਪੁਰਸ਼ੀ ਲਈ ਲਿਪਾਵਾਦੀ ਗਏ ਸਨ। ਵਾਪਸੀ 'ਤੇ ਪੁਲਿਸ ਨੇ ਸਲਾਮ ਪੰਡਿਤ ਨੂੰ

ਫੜ ਲਿਆ ਤੇ ਥਾਣੇ ਲੈ ਗਈ। ਥਾਣੇ ਤੋਂ ਉਸ ਨੂੰ ਮੁਜ਼ੱਫਰਾਬਾਦ ਦੇ ਤਫ਼ਤੀਸ਼ੀ ਸੈਂਟਰ ਲੈ ਜਾਇਆ ਗਿਆ। ਰਹੀਮ ਬਖ਼ਸ਼ ਤੇ ਜ਼ੈਨਬ ਪੁਲਿਸ ਦੇ ਵੱਡੇ ਅਫ਼ਸਰ ਤੇ ਡਿਪਟੀ ਕਮਿਸ਼ਨਰ ਨੂੰ ਮਿਲੇ ਤੇ ਸਲਾਮ ਪੰਡਿਤ ਦੀ ਬੇਗੁਨਾਹੀ ਦੇ ਸਬੂਤ ਦੇਣ ਲੱਗੇ ਪਰ ਉਨ੍ਹਾਂ ਦੀ ਕਿਸੇ ਨਾ ਸੁਣੀ। ਜ਼ੈਨਬ ਨੇ ਹਾਕਮਾਂ ਦੇ ਬੂਹੇ ਖੜਕਾਏ ਪਰ ਕੁਝ ਨਾ ਬਣਿਆ। ਤਫ਼ਤੀਸ਼ੀ ਕੇਂਦਰ ਵਿਚ ਸਲਾਮ ਨੂੰ ਬੜੇ ਤਸੀਹੇ ਦਿੱਤੇ ਗਏ। ਉਸਦੇ ਗੁੱਟ ਤੇ ਗੋਡੇ ਤੋੜ ਛੱਡੇ। ਉਸ ਨੂੰ ਡਾਢ੍ਹਾ ਫੱਟੜ ਕਰ ਦਿੱਤਾ ਸੀ। ਜਿਸ ਕਰਕੇ ਉਸਨੂੰ ਇਲਾਜ ਲਈ ਖ਼ਲੀਫਾ ਬਿਨ ਜ਼ਿਆਦ ਹਸਪਤਾਲ ਵਿਚ ਲਿਆਂਦਾ ਗਿਆ। ਜਦ ਜ਼ੈਨਬ ਤੇ ਰਹੀਮ ਬਖ਼ਸ਼ ਨੂੰ ਪਤਾ ਚੱਲਿਆ ਤਾਂ ਉਹ ਸਲਾਮ ਨੂੰ ਮਿਲਣ ਹਸਪਤਾਲ ਵਿਚ ਗਏ ਪਰ ਉਨ੍ਹਾਂ ਨੂੰ ਸਲਾਮ ਨਾਲ ਮਿਲਣ ਨਹੀਂ ਦਿੱਤਾ ਗਿਆ।

ਕੁਝ ਚਿਰ ਮਗਰੋਂ ਜ਼ੈਨਬ ਨੂੰ ਪੱਕੀ ਸੂਹ ਮਿਲੀ ਕਿ ਸਲਾਮ ਪੰਡਿਤ ਨੂੰ ਏਜੰਸੀ ਵਾਲੇ ਰਾਵਲਪਿੰਡੀ ਲੈ ਗਏ ਨੇ। ਜ਼ੈਨਬ ਦੀ ਦੁਨੀਆ ਉੱਜੜ ਗਈ ਸੀ। ਟੁੱਟ ਪੈਣਿਆਂ ਨੇ ਉਸਦੀਆਂ ਅੱਖਾਂ ਵਿਚ ਮੀਂਹ ਭਰ ਦਿੱਤਾ ਸੀ। ਉਹ ਖ਼ੁਫ਼ੀਆ ਮਹਿਕਮੇ ਦੇ ਹਰ ਅਫ਼ਸਰ ਅੱਗੇ ਸਵਾਲੀ ਬਣੀ ਸੀ ਪਰ ਉਸਦੀ ਆਸ ਖ਼ਾਲੀ ਰਹੀ। ਹਰ ਪਾਸੇ ਉਸਨੂੰ ਵਹਿਸ਼ੀ, ਜ਼ਾਲਮ ਦਰਿੰਦੇ ਹੀ ਮਿਲੇ। ਉਹ ਸੋਚਦੀ ਕਿ ਸ਼ਾਇਦ ਰੱਬ ਸੋਹਣੇ ਬੰਦੇ ਬਣਾਨੇ ਭੁੱਲ ਗਿਆ ਹੈ। ਪੱਤਝੜ ਦੇ ਮੌਸਮ ਨੇ ਉਹਦੇ ਵੇਹੜੇ ਵਿਚ ਡੇਰੇ ਲਾਏ ਸਨ। ਸਲਾਮ ਬਾਝ ਉਹ ਖ਼ਾਕ ਦੀ ਢੇਰੀ ਬਣ ਗਈ। ਉਹਦੇ ਬੱਚੇ ਹੱਸਣਾ ਭੁੱਲ ਗਏ ਸਨ। ਉਸਦਾ ਘਰ ਵਿਰਾਨ ਹੋ ਗਿਆ ਸੀ। ਜ਼ਿੰਦਗੀ ਦੇ ਵਿਰਲਾਪ ਨੇ ਜ਼ੈਨਬ ਦੇ ਦਿਲ ਦੀ ਕੁੱਲੀ ਸਾੜ ਛੱਡੀ ਸੀ। ਅਫ਼ਸਰਾਂ ਵਲੋਂ ਮੱਕਰ, ਫਰੇਬ, ਜ਼ਿੱਲਤ ਅਤੇ ਨਾਮੋਸ਼ੀ ਉਸਨੂੰ ਨੌਂਹਦਰਾਂ ਮਾਰਦੀ। ਦੁੱਖ ਦਰਦ, ਬਦਬਖ਼ਤੀ ਤੇ ਮੁਹਤਾਜੀ ਰਾਤ ਦਿਨ ਪਰਛਾਵੇਂ ਵਾਂਗ ਉਸਦੇ ਨਾਲ ਨਾਲ ਟੁਰਦੀ। ਉਹ ਰਾਵਲਪਿੰਡੀ ਗਈ ਤੇ ਖ਼ੁਫ਼ੀਆ ਵਿਭਾਗ ਦੇ ਵੱਡੇ ਅਫ਼ਸਰ ਨੂੰ ਮਿਲੀ ਤੇ ਕਹਿਣ ਲੱਗੀ।

"ਅਸੀਂ ਤੁਹਾਡੀਆਂ ਨਮਾਜ਼ਾਂ ਪੜ੍ਹੀਆਂ ਤੇ ਤੁਸਾਂ ਸਾਡੇ ਲੋਟੇ ਭੰਨੇ। ਪਾਰਲੇ ਹਾਕਮਾਂ ਦੇ ਜ਼ੁਲਮ ਕਾਰਨ ਸਲਾਮ ਬੇਚਾਰਾ ਇੱਧਰ ਭੱਜ ਆਇਆ ਸੀ ਪਰ ਤੁਸਾਂ ਉਸਦੀ ਜ਼ਿੰਦ ਕੜਾਹੀ ਭੱਠੀ 'ਤੇ ਚਾੜ੍ਹ ਕੇ ਸਾੜ ਦਿੱਤੀ। ਉਸ ਨਸੀਬ ਸੜੇ ਨੇ ਕੀ ਖੱਟਿਆ ਤੇ ਕੀ ਵਟਿਆ? ਹਾਕਮ ਦੀ ਸਰਦਾਰੀ ਤਾਂ ਦੋਹਾਂ ਪਾਸੇ ਇਕੋ ਜੇਹੀ ਹੈ।"

"ਬੀਬੀ! ਉਹਨੇ ਆਪਣਾ ਜ਼ੁਰਮ ਕਬੂਲਿਆ ਹੈ।"

"ਸਰਕਾਰ! ਡੰਡੇ ਅੱਗੇ ਤਾਂ ਭੂਤ ਵੀ ਨੱਚਦਾ ਹੈ। ਉਸ ਗ਼ਰੀਬੜੇ ਦੀ ਔਕਾਤ ਹੀ ਕੀ ਹੈ ਪਰ ਤੁਹਾਨੂੰ ਸੱਚ ਨੂੰ ਆਦਰ ਦੇਣਾ ਕੌਣ ਸਿਖਾਏ। ਸਾਹਬ ਜੀ! ਸਲਾਮ ਖਰਾ, ਨਿੱਘਾ ਤੇ ਬੀਬਾ ਬੰਦਾ ਹੈ। ਉਸ ਨੇ ਕਦੇ ਕਾਨੂੰਨ ਦੀ ਨਾਫੁਰਮਾਨੀ ਨਹੀਂ ਕੀਤੀ। ਉਹ ਮੇਰੇ ਮੱਥੇ ਦਾ ਟਿੱਕਾ ਸੀ। ਅਸੀਂ ਆਪਣੀ ਮਜ਼ਦੂਰੀ ਕਰਕੇ ਚੂਰੀ

ਖਾਂਦੇ ਸਾਂ ਤੇ ਰੱਬ ਸੱਚੇ ਦਾ ਸ਼ੁਕਰਾਨਾ ਪੜ੍ਹਦੇ ਸਾਂ। ਤੁਸਾਂ ਨਾਹੱਕ ਸਲਾਮ ਨੂੰ ਫੜਿਆ ਹੈ। ਸਰਕਾਰ! ਗ਼ਰੀਬ ਮਸਕੀਨ ਦੇ ਹੰਝ ਤੇ ਬੇੜੀ ਦਾ ਵੰਝ ਪਾਤਾਲ ਨੂੰ ਜਾਂਦਾ ਹੈ। ਇਸ ਲਈ ਰੱਬ ਦਾ ਖ਼ੌਫ਼ ਖਾਓ ਤੇ ਸਲਾਮ ਨੂੰ ਛੱਡ ਦਿਉ। ਉਸਦੇ ਜਾਣ ਮਗਰੋਂ ਸਾਡੇ ਘਰ ਵਿਚ ਭੁੱਖ ਨੱਚਣ ਲੱਗੀ ਹੈ। ਨਾ ਚੁਲ੍ਹੇ ਅੱਗ ਹੈ, ਨਾ ਘੜੇ ਪਾਣੀ। ਇਹ ਜੇ ਸਾਡੀ ਜ਼ਿੰਦਗਾਨੀ। ਸਾਹਿਬ ਜੀ! ਜਿਊਂਦਿਆਂ ਬੰਦਿਆਂ 'ਤੇ ਮਿੱਟੀ ਨਹੀਂ ਪਾਈ ਦੀ। ਤੁਸੀਂ ਭਾਵੇਂ ਪੱਗ ਬਣੋ ਜਾਂ ਪਟਕਾ ਪਰ ਦੁਨੀਆਂ ਚਾਰ ਦਿਨਾਂ ਦਾ ਲਟਕਾ ਹੈ। ਫੇਰ ਸਾਰਿਆਂ ਕਬਰੀਂ ਪੈਣਾ ਹੈ। ਇਹ ਕੂੜ ਸਿਆਪੇ ਸਭ ਮੁਕ ਜਾਣਗੇ। ਸਿਰਫ਼ ਰੱਬ ਦਾ ਨਾਂ ਰਹਿਣਾ ਹੈ। ਸਾਡੇ ਇੱਥੇ ਮੁਸਲਮਾਨ ਲੁੱਟ, ਖਸੁੱਟ ਤੇ ਫੁੱਟ 'ਚ ਪੈ ਗਏ ਨੇ ਅਤੇ ਇਸਲਾਮ ਕਿਤਾਬਾਂ ਵਿਚ ਕੈਦ ਹੋ ਗਿਆ ਹੈ। ਕਿਸ ਅੱਗੇ ਫਰਿਆਦ ਕਰੀਏ। ਭਲਾ ਅੱਕ ਦੇ ਬੂਟੇ ਨੂੰ ਵੀ ਕਦੇ ਸ਼ਹਿਦ ਲੱਗਿਆ ਹੈ ਪਰ ਜਦ ਤੀਕਰ ਮੇਰੇ ਦਮ ਵਿਚ ਦਮ ਹੈ ਮੈਂ ਦਮ ਨਹੀਂ ਹਾਰਾਂਗੀ ਜਦ ਦਮ ਨਹੀਂ ਰਹੇਗਾ ਫਿਰ ਕਾਹਦਾ ਗ਼ਮ। ਸਰਕਾਰ! ਤੁਸਾਂ ਇਕ ਗੱਲ ਮੈਨੂੰ ਸਮਝਾ ਦਿੱਤੀ ਹੈ ਕਿ ਜਬਰ ਅੱਗੇ ਸਬਰ ਬਗ਼ੈਰ ਕੋਈ ਚਾਰਾ ਨਹੀਂ ਪਰ ਮੇਰੀ ਗੱਲ ਵੀ ਯਾਦ ਰੱਖਿਓ ਕਿ ਕਿਆਮਤ ਵਾਲੇ ਦਿਨ ਮੈਦਾਨ-ਏ-ਹਸ਼ਰ ਵਿਚ ਤੁਹਾਡਾ ਗਿਰੇਬਾਨ ਮੇਰੇ ਹੱਥ ਵਿਚ ਹੋਵੇਗਾ।"

"ਬੀਬੀ! ਬਹੁਤਾ ਬਕਵਾਸ ਨਾ ਕਰ। ਤੇਰੇ ਖ਼ਸਮ ਨੇ ਇਹ ਗੱਲ ਲਿਖਤੀ ਰੂਪ ਵਿਚ ਮੰਨੀ ਹੈ ਕਿ ਉਹ ਦੁਸ਼ਮਣ ਦੇਸ਼ ਦਾ ਏਜੰਟ ਹੈ। ਉਸਦੀ ਮੁਖ਼ਬਰੀ ਕਾਰਨ ਸਾਡੇ ਕਈ ਮੁਜਾਹਿਦ ਸ਼ਹੀਦ ਹੋਏ ਨੇ। ਇਸ ਲਈ ਅਸੀਂ ਸਲਾਮ ਪੰਡਿਤ ਨੂੰ ਨਹੀਂ ਛੱਡ ਸਕਦੇ।"

ਇਹ ਗੱਲ ਸੁਣ ਕੇ ਜ਼ੈਨਬ ਬੜੀ ਹੈਰਾਨ ਹੋਈ ਤੇ ਕਹਿਣ ਲੱਗੀ,

"ਪਰ ਸਾਹਿਬ ਜੀ! ਜੇ ਉਹ ਦੁਸ਼ਮਣ ਦੇਸ਼ ਦਾ ਏਜੰਟ ਤੇ ਜਾਸੂਸ ਹੈ ਤਾਂ ਉਨ੍ਹਾਂ ਸਲਾਮ ਪੰਡਿਤ ਨੂੰ ਜ਼ਿੰਦਾ ਜਾਂ ਮੁਰਦਾ ਫੜਨ ਲਈ ਦਸ ਲੱਖ ਰੁਪਏ ਦਾ ਇਨਾਮ ਕਿਉਂ ਰੱਖਿਆ ਹੋਇਆ ਹੈ।"

ਜ਼ੈਨਬ ਦਾ ਤਰਕ ਸੁਣ ਕੇ ਖ਼ੁਫ਼ੀਆ ਅਦਾਰੇ ਦਾ ਅਫ਼ਸਰ ਹੱਕਾ-ਬੱਕਾ ਹੋ ਗਿਆ ਤੇ ਗ਼ੌਰ ਨਾਲ ਉਸ ਵੱਲ ਵੇਖਣ ਲੱਗਾ ਤੇ ਫੇਰ ਬੋਲਿਆ।

"ਮੈਂ ਇਸ ਕੇਸ ਦੀ ਇੰਕੁਆਇਰੀ ਮੁੜ ਆਪ ਕਰਾਂਗਾ ਪਰ ਸਾਡੇ ਖ਼ਬਰੀ ਗ਼ਲਤ ਰਿਪੋਰਟ ਨਹੀਂ ਦੇ ਸਕਦੇ।"

ਕਰਮਾਂ ਸੜੀ ਜ਼ੈਨਬ ਆਪਣਾ ਸਭ ਕੁਝ ਹਾਰ ਕੇ ਉੱਠੀ ਤੇ ਬੇਵਸ ਹੋ ਕੇ ਜਾਂਦਿਆਂ-ਜਾਂਦਿਆਂ ਕਹਿ ਗਈ।

"ਆਹੋ ਸਾਹਿਬ ਜੀ! ਦੋਹਾਂ ਪਾਸੇ ਖ਼ਬਰੀ ਹੀ ਸੱਚ ਬੋਲਦੇ ਨੇ, ਬਾਕੀ ਸਭ ਝੂਠੇ...।"

•

# ਰੂਹ ਤੇ ਕਲਬੂਤ

ਤੇਜ਼ ਹਵਾ ਤੇ ਮੀਂਹ ਬੜੇ ਜ਼ੋਰ ਨਾਲ ਪੈ ਰਿਹਾ ਸੀ। ਮੇਰੇ ਬਾਪੂ ਦੀ ਬੁੱਢੀ ਛੱਤਰੀ ਮੇਰੇ ਬਾਪੂ ਵਾਂਗਰ ਹੀ ਲਾਗਰ ਸੀ। ਬੱਦਲਾਂ ਦੀ ਗਰਜ ਤੇ ਬਿਜਲੀ ਦੀ ਕੜਕ ਨੇ ਤਾਂ ਕਿਆਮਤ ਮਚਾਈ ਹੋਈ ਸੀ। ਮੈਂ ਉਨ੍ਹਾਂ ਵਿਰਾਨ ਜੰਗਲਾਂ ਵਿਚ ਬਣੇ ਹੋਏ ਸਦੀਆਂ ਪੁਰਾਣੇ ਰਸਤਿਆਂ ਉਤੇ ਤੁਰ ਰਿਹਾ ਸਾਂ। ਸ਼ਹਿਰਾਂ ਵਿਚ ਤਾਂ ਪੁਰਾਣਿਆਂ ਰਸਤਿਆਂ ਦੇ ਮਿਟ ਰਹੇ ਨਿਸ਼ਾਨਾਂ ਉਤੇ ਨਵੀਆਂ ਲੀਕਾਂ ਪੈ ਚੁੱਕੀਆਂ ਨੇ ਪਰ ਉਥੇ ਅਜਿਹੀ ਕੋਈ ਗੱਲ ਨਹੀਂ। ਉਨ੍ਹਾਂ ਰਾਹਵਾਂ ਨਾਲ ਮੇਰੀ ਮਿਲਾਟੀ ਕੋਈ ਦੋ ਕੁ ਵਰ੍ਹੇ ਪਹਿਲਾਂ ਹੋਈ ਸੀ। ਦੋ ਵਰ੍ਹੇ ਪਹਿਲਾਂ ਉਨ੍ਹਾਂ ਰਸਤਿਆਂ ਵਿਚੋਂ ਮੇਰੀ ਬਰਾਤ ਲੰਘੀ ਸੀ। ਅੱਗੇ ਅੱਗੇ ਇਕ ਢੋਲੀਆ, ਦੋ ਬੀਨਾਂ ਵਾਲੇ, ਇਕ ਲੋਹੇ ਦੀ ਘੰਟੀ ਵਜਾਣ ਵਾਲਾ ਅਤੇ ਇਕ ਨੱਚਣ ਵਾਲਾ ਭੰਡ। ਬੀਨਾਂ ਵਾਲੇ ਸਾਡੇ ਡੁਗਰ ਦੇਸ਼ ਦੇ ਮਸ਼ਹੂਰ ਲੋਕ ਗੀਤਾਂ ਦੀਆਂ ਧੁਨਾਂ ਵਜਾ ਰਹੇ ਸਨ ਤੇ ਢੋਲੀਏ ਦੀ ਤਾਲ ਉਤੇ ਮੇਰੇ ਕੁਝ ਲੰਗੋਟੀਏ ਯਾਰ ਨੱਚ ਰਹੇ ਸਨ ਅਤੇ ਗਾ ਰਹੇ ਸਨ:

*"ਹੋ ਮਾੜੇ ਗਦੀਆ... ਅੱਜੇਂ ਦੀ ਰਾਤੀਂ ਰੋਹ*
*ਛਿਲਤੂ ਬੀ ਦੀਨੀਆਂ ਬਕਰੂ ਬੀ ਦੀਨੀਆਂ*
*ਖਾਣੇ ਗੀ ਦੀਨੀਆਂ ਘਿਉ... ਅੱਜੇਂ ਦੀ ਰਾਤੀਂ ਰੋਹ"*

ਤੇ ਮੈਂ ਇਕ ਪੜ੍ਹਿਆ ਲਿਖਿਆ ਗੱਦੀ- ਉਸ ਰਾਤੀਂ ਲਾਟੀ ਪਿੰਡ ਵਿਚ ਰਹਿ ਪਿਆ ਤੇ ਸੱਜਰੀ ਸਵੇਰੇ ਇਕ ਗੱਦਣ ਨਾਲ ਲਾਵਾਂ ਫੇਰੇ ਲੈ ਕੇ ਉਨ੍ਹਾਂ ਰਸਤਿਆਂ ਤੋਂ ਹੀ ਲੰਘ ਕੇ ਮੁੜ ਵਾਪਸ ਉਧਮਪੁਰ ਬਹੁੜਿਆ। ਹੁਣ ਤਾਂ ਸਗੋਂ ਉਨ੍ਹਾਂ ਰਾਹਵਾਂ ਨਾਲ ਮੇਰਾ ਸਾਕ ਦੋਹਰਾ ਹੋ ਗਿਆ ਹੈ। ਉਹ ਵਾਟਾਂ ਮੇਰੇ ਨਾਨਕਿਆਂ ਤੇ ਸਹੁਰਿਆਂ ਦੇ ਪਿੰਡਾਂ ਨੂੰ ਜਾ ਮਿਲਾਂਦੀਆਂ ਨੇ। ਤੇ ਉਨ੍ਹਾਂ ਜਾਣੂ ਰਾਹਵਾਂ ਉਤੇ ਮੈਂ ਦੂਜੀ ਵਾਰ ਤੁਰ ਰਿਹਾ ਸਾਂ। ਮੇਰੀ ਬਾਂਹ 'ਤੇ ਬੱਝੀ ਘੜੀ ਦੀਆਂ ਸੂਈਆਂ ਮੇਰੇ ਕੋਲੋਂ ਵੀ ਤੇਜ਼ ਚੱਲ ਰਹੀਆਂ ਸਨ। ਪਰ ਮੇਰੀ ਮੰਜ਼ਲ ਬੜੀ ਦੂਰ ਸੀ- ਦਿਨ ਦੀ ਚਿੱਟੀ ਲੋਹ ਨੂੰ ਰਾਤ ਦਾ ਕਾਲਾ ਸਾਗਰ ਨਿੱਗਲ ਰਿਹਾ ਹੈ। ਬੱਦਲਾਂ ਦੀ ਗਰਜ ਤੇ ਬਿਜਲੀ ਦੀ ਕੜਕ ਨੇ ਡਾਢਾ ਡਰਾਉਣਾ ਮਾਹੌਲ ਬਣਾਇਆ ਹੋਇਆ ਹੈ। ਪਰ ਮੈਂ

ਤੁਰ ਰਿਹਾ ਸਾਂ... ਬੇਖ਼ੌਫ਼ ਹੋ ਕੇ। ਮੈਂ ਚਾਹੁੰਦਾ ਸਾਂ ਪਈ ਹਨੇਰਾ ਹੋਣ ਤੋਂ ਪਹਿਲਾਂ ਹੀ ਮੈਂ ਲਾਟੀ ਪਹੁੰਚ ਜਾਵਾਂ, ਆਪਣੇ ਸਹੁਰਿਆਂ ਦੇ ਘਰ, ਆਪਣੀ ਗੱਦਣ ਕੋਲ... ਜਿਹਨੂੰ ਪੇਕੇ ਗਿਆਂ ਹੋਇਆਂ ਦੋ ਮਹੀਨੇ ਹੋ ਗਏ ਸਨ। ਮੈਂ ਸੁੱਧ ਮਹਾਂਦੇਵ ਤੋਂ ਦਿਨ ਦੇ ਦੋ ਵਜੇ ਚਲਿਆ ਸਾਂ ਉਸ ਵੇਲੇ ਆਸਮਾਨ ਬੱਦਲਾਂ ਨਾਲ ਭਰੋਚਿਆ ਹੋਇਆ ਸੀ ਪਰ ਮੀਂਹ ਨਹੀਂ ਸੀ ਪੈ ਰਿਹਾ। ਮੇਰੇ ਬੇਕਰਾਰ ਮੰਨ ਨੇ ਮੈਨੂੰ ਹੱਲਾਸ਼ੇਰੀ ਦਿੱਤੀ ਤੇ ਮੈਂ ਤੁਰ ਪਿਆ। ਮੇਰਾ ਜੀ ਆਪਣੀ ਗੱਦਣ ਤੋਂ ਬਗ਼ੈਰ ਉਦਾਸ ਹੋ ਗਿਆ ਸੀ ਤੇ ਮੈਂ ਉਹਨੂੰ ਲੈਣ ਜਾ ਰਿਹਾ ਸਾਂ। ਲਾਟੀ ਦਾ ਖ਼ੂਬਸੂਰਤ ਪਿੰਡ... ਉਸ ਪਿੰਡ ਅੰਦਰ ਦਿਆਰਾਂ ਦੇ ਰੁੱਖਾਂ ਨਾਲ ਕੱਜਿਆ ਹੋਇਆ ਮੇਰੇ ਸਹੁਰੇ ਦਾ ਕੱਚਾ ਕੋਠਾ ਤੇ ਕੱਚੇ ਕੋਠੇ ਅੰਦਰ ਮੇਰੀ ਸੋਹਣੀ ਗੱਦਣ ਕਿਸੇ ਟੁੱਟੀ ਭੱਜੀ ਮੰਜੀ ਉਤੇ ਜਵਾਨੀ ਦੀ ਖੁਮਾਰੀ ਵਿਚ ਮਸਤ ਸੁੱਤੀ ਪਈ... ਸਭ ਕੁਝ ਮੇਰੀਆਂ ਅੱਖਾਂ ਅੱਗੇ ਨੱਚ ਰਿਹਾ ਸੀ ਤੇ ਮੈਂ ਪੰਛੀ ਵਾਂਗਰ ਉਡਾਰੀ ਮਾਰ ਕੇ ਉਸ ਕੋਲ ਪਹੁੰਚ ਜਾਣਾ ਚਾਹੁੰਦਾ ਸੀ। ਮਾਨ ਤਲਾਈ, ਬਨੇਕ, ਮਰੋਠੀ ਤੇ ਕੋਈਆਂ ਦੀਆਂ ਢੱਕੀਆਂ ਮੇਰਾ ਸਾਥ ਛੱਡਦੀਆਂ ਗਈਆਂ। ਮੈਂ ਇਕੱਲਾ ਅੱਗੇ ਵਧਦਾ ਰਿਹਾ। ਮੈਨੂੰ ਇੰਜ ਭਾਸਿਆ ਜਿਵੇਂ ਮੈਂ ਆਪ ਇਕ ਤੂਫ਼ਾਨ ਹਾਂ। ਇਕ ਹੜ੍ਹ, ਇਕ ਗਰਜ ਰਿਹਾ ਬੱਦਲ, ਇਕ ਕੜਕ ਰਹੀ ਬਿਜਲੀ... ਡਿੱਗਣ ਲਈ ਬੇਤਾਬ। ਰਾਤ ਦੀ ਸਿਆਹੀ ਫੈਲ ਚੁੱਕੀ ਸੀ ਪਰ ਮੈਂ ਚੱਲ ਰਿਹਾ ਸਾਂ। ਮੈਨੂੰ ਦੂਰੋਂ ਪੰਗਾਰਾ ਪਿੰਡ ਵਿਚ ਇਕ ਦੀਵਾ ਬਲਦਾ ਦਿਸ ਰਿਹਾ ਸੀ। ਪੰਗਾਰਾ... ਆਹੋ ਇਹੋ ਉਹ ਥਾਂ ਹੈ ਜਿੱਥੇ ਮੇਰੇ ਨਾਲ ਹਿਆਤੀ ਦੀ ਸਭ ਤੋਂ ਵੱਡੀ ਘਟਨਾ ਵਾਪਰੀ ਤੇ ਜਿਸ ਬਾਰੇ ਪੂਰੀ ਗੱਲ ਬੱਸ ਮੈਂ ਹੁਣੇ ਤੁਹਾਨੂੰ ਸੁਣਾ ਰਿਹਾ ਹਾਂ- ਪੰਗਾਰਾ ਤੋਂ ਲਾਟੀ ਅਜੇ ਵੀ ਕੋਈ ਤਿੰਨ ਮੀਲ ਦੂਰ ਸੀ ਤੇ ਮੇਰਾ ਉਥੇ ਪੁੱਜਣਾ ਬਹੁਤ ਹੀ ਔਖਾ। ਚਾਰੇ ਪਾਸੇ ਘੁੱਪ ਹਨੇਰਾ। ਸਿਰਫ਼ ਕਦੇ ਕਦੇ ਬੱਦਲਾਂ ਨਾਲ ਲੜ ਰਹੀ ਬਿਜਲੀ ਹੀ ਸਹੀ ਰਸਤੇ ਦਾ ਪਤਾ ਦਸ ਰਹੀ ਸੀ। ਮੈਂ ਇਕ ਬੂਹਾ ਠੋਰਿਆ।

'ਕੁੰਡੀ ਖੁਲ੍ਹੀ ਏ। ਭਿੱਤ ਖੋਲੀ ਏ ਅੰਦਰ ਲੰਘੀ ਆਉ।"

ਅੰਦਰੋਂ ਆਵਾਜ਼ ਆਈ।

ਮੈਂ ਅੰਦਰ ਆ ਗਿਆ। ਉਹ ਦੋਵੇਂ ਚੁਲ੍ਹੇ ਕੋਲ ਅੱਗ ਸੇਕ ਰਹੇ ਸਨ।...

"ਮੈਂ ਲਾਟੀ ਜਾਣਾ ਏ ਪਰ ਬਾਹਰ ਸਖ਼ਤ ਬਾਰਸ਼ ਪੈ ਰਹੀ ਏ। ਹਨੇਰੇ ਵਿਚ ਰਾਹ ਉੱਕਾ ਹੀ ਨਹੀਂ ਦਿਸ ਰਿਹਾ, ਮੈਨੂੰ ਰਾਤ ਰਹਿਣ ਲਈ ਥਾਂ ਮਿਲੇਗੀ?"

"ਤੁਸ ਕੁਨ ਉਂਦੇ ਓ?"

"ਇਕ ਇਨਸਾਨ।"

"ਇਹ ਤਾਂ ਮਿਗੀ ਬੀ ਲੱਭ ਰਿਹਾ ਏ ਪਰ ਤੂੰਦੀ ਜਾਤ ਕੇ ਏ। ਲਾਟੀ ਤੁਸੇਂ ਕੂੰਦੇ ਘਰ ਜਾਣਾ ਏ?"

"ਮੈਂ ਗਦੀਆਂ ਦਾ ਮੁੰਡਾ ਵਾਂ। ਅੱਗੇ ਲਾਟੀ, ਮੈਂ ਆਪਣੇ ਸਹੁਰਿਆਂ ਦੇ ਘਰ ਜਾਣਾ ਏ, ਮੇਰੇ ਸਹੁਰੇ ਦਾ ਨਾਂ ਕ੍ਰਿਪੂ ਏ"

"ਅੱਛਾ! ਤੂੰ ਕਾਕੇ ਕ੍ਰਿਪੂ ਦਾ ਜਮਾਤਰਾ ਏਂ, ਤਾਂ ਪੀ ਤੁਗੀ ਕੁਣ ਜੰਮਿਆ ਇਥੋਂਆਂ ਕੱਢਣ ਆਲਾ।"

ਉਹ ਹੱਸਦਿਆਂ ਹੋਇਆ ਬੋਲਿਆ। ਉਹਨੇ ਸੱਗੜੀ ਵਿਚ ਅੱਗ ਪਾ ਦਿੱਤੀ ਤੇ ਕਹਿਣ ਲੱਗਾ,

"ਅੱਗ ਸੇਕੀ ਲੈ। ਬਾਹਰ ਬੜਾ ਪਾਲਾ ਏ। ਤੁਗੀ ਸੀਤ ਲੱਗਦਾ ਹੋਣਾ।"

ਗੱਲ ਕੱਥ ਤੋਂ ਮੈਨੂੰ ਪਤਾ ਲੱਗ ਗਿਆ ਸੀ ਕਿ ਇਹ ਮੁਸਲਮਾਨਾਂ ਦਾ ਘਰ ਏ। ਸਰੋਂ ਦਾ ਸਾਗ ਤੇ ਮੱਕਾਂ ਦੇ ਢੋਡੇ ਖਵਾਣ ਮਗਰੋਂ ਮੈਨੂੰ ਉਨ੍ਹਾਂ ਨਾਲ ਦੀ ਕੋਠੜੀ ਵਿਚ ਮੰਜੀ ਡਾਹ ਦਿੱਤੀ। ਮੈਂ ਬਿਸਤਰੇ ਵਿਚ ਲੇਟ ਗਿਆ। ਮੇਰੀ ਸੋਹਣੀ ਗੱਦਣ ਮੇਰੇ ਦਿਲ ਤੇ ਦਿਮਾਗ਼ ਉਤੇ ਹਥੌੜੇ ਮਾਰ ਰਹੀ ਸੀ। ਮੇਰਾ ਆਪਾ ਮੈਨੂੰ ਵੱਢ ਖਾ ਰਿਹਾ ਸੀ ਤੇ ਮੈਂ ਇਕ ਫੱਟੜ ਪੰਛੀ... ਫੜਫੜਾਂਦਾ ਖੌਰੇ ਕਦੋਂ ਸੌਂ ਗਿਆ।

-ਅੱਧੀ ਰਾਤੀਂ ਚਾਨਚੱਕ ਮੇਰੀ ਅੱਖ ਖੁਲ੍ਹ ਗਈ। ਕਮਰੇ ਵਿਚ ਘੁਪ ਹਨੇਰਾ ਸੀ। ਮੀਂਹ ਪੈਣ ਦਾ ਸ਼ੋਰ ਅਜੇ ਵੀ ਸੁਣਾਈ ਦੇ ਰਿਹਾ ਸੀ। ਮੈਂ ਸਿਰ ਹੇਠ ਰੱਖੇ ਕੋਟ ਦੇ ਬੋਝੇ ਵਿਚ, ਤੀਲਾਂ ਵਾਲੀ ਡੱਬੀ ਕੱਢਣ ਲਈ ਹੱਥ ਪਾਇਆ ਪਰ ਡੱਬੀ ਖ਼ਾਲੀ ਸੀ। ਮੈਂ ਪਾਸਾ ਪਰਤ ਕੇ ਸੌਣ ਦਾ ਯਤਨ ਕਰਨ ਲੱਗਾ। ਅਡੋਲ ਹੀ ਬਾਰੀ ਖੁਲ੍ਹਣ ਦੀ ਆਵਾਜ਼ ਆਈ। ਇਕ ਲੰਮਾ ਜਿਹਾ ਪਰਛਾਵਾਂ ਮੈਨੂੰ ਲੱਭਣ ਲੱਗਾ। ਮੈਂ ਸਮਝਿਆ ਉਹ ਕੋਈ ਚੋਰ ਏ ਤੇ ਸੋਨੇ ਦਾ ਹਾਰ ਚੋਰੀ ਕਰਨ ਆਇਆ ਏ ਜਿਹੜਾ ਮੈਂ ਮਾਂ ਕੋਲੋਂ ਚੋਰੀ ਆਪਣੀ ਗੱਦਣ ਲਈ ਲਿਆਂਦਾ ਹੋਇਆ ਸੀ। ਮੈਂ ਉਹਨੇ ਪਕੜਨ ਲਈ ਬਿਸਤਰੇ ਵਿਚੋਂ ਨਿਕਲਣ ਹੀ ਲੱਗਾ ਸਾਂ ਕਿ ਉਹਨੇ ਬੜੇ ਜ਼ੋਰ ਨਾਲ ਕਿਹਾ:

"ਮੈਨੂੰ ਛੂਹਣ ਦੀ ਗ਼ਲਤੀ ਨਾ ਕਰੀਂ। ਮੈਂ ਚੋਰ ਨਹੀਂ ਹਾਂ। ਮੇਰੀ ਆਵਾਜ਼ ਇਕ ਮਰੇ ਹੋਏ ਬੰਦੇ ਦੀ ਆਵਾਜ਼ ਹੈ। ਮੈਂ ਤੇਰੇ ਨਾਲ ਇਕ ਜ਼ਰੂਰੀ ਗੱਲ ਕਰਨੀ ਚਾਹੁੰਦਾ ਹਾਂ।"

ਇਹ ਸੁਣਦਿਆਂ ਹੀ ਮੇਰਾ ਦਿਲ ਜ਼ੋਰ ਨਾਲ ਧੜਕਣ ਲੱਗਾ। ਮੇਰੇ ਸਰੀਰ ਵਿਚ ਕਾਂਬਾ ਛਿੜ ਪਿਆ ਤੇ ਠੰਡੀ ਤਰੇਲੀ ਨਾਲ ਮੇਰੇ ਕਪੜੇ ਗਿੱਲੇ ਹੋ ਗਏ। ਮੇਰੇ ਸਰੀਰ ਅੰਦਰ ਹਥੌੜੇ ਚੱਲਣੇ ਬੰਦ ਹੋ ਗਏ। ਮੈਨੂੰ ਇੰਜ ਜਾਪਿਆ ਜਿਵੇਂ ਮੈਂ ਇਕ ਸੁਫ਼ਨਾ ਦੇਖ ਰਿਹਾ ਹਾਂ, ਪਰ ਇਹ ਸੁਫ਼ਨਾ ਨਹੀਂ ਸੀ ਕਿਉਂ ਜੋ ਮੇਰੀਆਂ ਅੱਖਾਂ ਇਕ ਇਨਸਾਨੀ ਰੂਹ ਦੇ ਸਾਏ ਨੂੰ ਆਪਣੇ ਸਾਹਮਣੇ ਗੱਲਾਂ ਕਰਦਿਆਂ ਹੋਇਆਂ ਵੇਖ ਰਹੀਆਂ ਸਨ। "ਮੈਂ ਸਿਰਫ਼ ਤੈਨੂੰ ਆਪਣੀ ਕਹਾਣੀ ਸੁਨਾਣੀ ਚਾਹੁੰਦਾ ਹਾਂ। ਤੂੰ ਹੋਸ਼

ਵਿਚ ਆ ਤੇ ਮੇਰੀ ਗੱਲ ਸੁਣ- ਮੈਂ ਬੰਧੋਲ ਦਾ ਰਹਿਣ ਵਾਲਾ ਸਾਂ। ਮੇਰਾ ਨਾਂ ਗਨੀਆ ਸੀ। ਮੈਂ ਇਕ ਗ਼ਰੀਬ ਕਿਰਸਾਨ ਹਾਂ। ਇਹ ਜਿਹੜੀ ਤੂੰ ਸੁਆਣੀ ਇੱਥੇ ਵੇਖੀ ਏ ਇਹ ਪਹਿਲਾਂ ਮੇਰੀ ਬੀਵੀ ਹੁੰਦੀ ਸੀ। ਸਾਡਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਸੀ। ਘਰ ਗ੍ਰਿਹਿਸਤੀ ਨੂੰ ਚਲਾਣ ਲਈ ਮੈਨੂੰ ਘਰੋਂ ਬਾਹਰ ਜਾਣਾ ਪੈਂਦਾ ਸੀ ਤੇ ਲੰਮੀ ਲੰਮੀ ਗ਼ੈਰਹਾਜ਼ਰੀ ਹੀ ਮੇਰੀ ਮੌਤ ਦਾ ਕਾਰਣ ਬਣੀ। ਮੇਰੀ ਜ਼ਨਾਨੀ ਇਸ ਮਰਦ ਦੇ ਜਾਲ ਵਿਚ ਫਸ ਗਈ ਤੇ ਇਸ ਬੰਦੇ ਨਾਲ ਇੱਥੇ ਟੁਰ ਆਈ। ਮੈਂ ਜਦੋਂ ਮਾਹਨ ਤੋਂ ਘਰ ਅਪੜਿਆ ਤਾਂ ਬੁੱਢੀ ਮਾਂ ਨੇ ਮੈਨੂੰ ਸਾਰੀ ਗੱਲ ਸੁਣਾਈ ਤੇ ਕਹਿਣ ਲੱਗੀ, "ਮੇਰੇ ਕੁਆਰੇ ਹੁੰਦਿਆਂ ਦੀ ਗੱਲ ਹੈ ਕਿ ਸਾਡੇ ਪਿੰਡ ਵਿਚ ਦੀਨੂ ਨਾਂ ਦੇ ਇਕ ਦੁਕਾਨਦਾਰ ਦੀ ਵਹੁਟੀ ਇਕ ਬਦਮਾਸ਼ ਨਾਲ ਭੱਜ ਗਈ ਸੀ। ਦੀਨੂ ਦੀ ਗ਼ੈਰਤ ਨੇ ਜੋਸ਼ ਮਾਰਿਆ ਤੇ ਉਹਨੇ ਦੋਹਾਂ ਨੂੰ ਜਹਾਨੁਮ ਵਿਚ ਪੁਜਾ ਕੇ ਦਮ ਲਿਆ ਸੀ। ਪੁੱਤਰ, ਮੈਂ ਵੀ ਤਦ ਤੀਕਰ ਤੈਨੂੰ ਆਪਣਾ ਦੁੱਧ ਨਹੀਂ ਬਖਸ਼ਾਂਗੀ ਜਦ ਤੀਕ ਤੂੰ ਆਪਣੇ ਪੁਰਖਾਂ ਦੀ ਚਿੱਟੀ ਚੱਦਰ 'ਤੇ ਲੱਗਾ ਦਾਗ਼ ਨਾ ਧੋ ਛੱਡੇਂ।..." ਮੇਰੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਗੁੱਸੇ ਨਾਲ ਦੇਸੀ ਬੰਦੂਕ ਵਿਚ ਬਾਰੂਦ ਭਰਿਆ ਤੇ ਦੋਹਾਂ ਨੂੰ ਖ਼ਤਮ ਕਰਨ ਲਈ ਘਰੋਂ ਤੁਰ ਪਿਆ- ਮੈਂ ਗੰਦ ਖਿਲਾਰਨ ਵਾਲੇ ਇਨ੍ਹਾਂ ਕੀੜਿਆਂ ਨੂੰ ਲਲਕਾਰਿਆ ਤੇ ਬੰਦੂਕ ਦਾ ਘੋੜਾ ਦਬਾ ਦਿੱਤਾ। ਪਰ ਇਨ੍ਹਾਂ ਦੀ ਕਿਸਮਤ, ਬੰਦੂਕ ਚੱਲੀ ਹੀ ਨਹੀਂ। ਅਲੀਆ ਮੇਰੇ ਉਪਰ ਕੁੱਦ ਕੇ ਪੈ ਗਿਆ ਤੇ ਅਸੀਂ ਦੋਵੇਂ ਗੁੱਥਮ ਗੁੱਥਾ ਹੋ ਗਏ... ਤੇ ਫੇਰ ਇਸ ਬਦਜ਼ਾਤ ਔਰਤ ਨੇ ਮੇਰੇ ਸਿਰ ਵਿਚ ਕੁਹਾੜੀ ਦੀਆਂ ਤਿੰਨ ਸੱਟਾਂ ਮਾਰੀਆਂ ਤੇ ਮੈਂ ਰੱਤ ਵਿਚ ਲੱਤ ਪੱਤ... ਜ਼ਮੀਨ 'ਤੇ ਢੇਰ ਹੋ ਗਿਆ- ਇਨ੍ਹਾਂ ਦੋਹਾਂ ਮੇਰੀ ਲਾਸ਼ ਨੂੰ ਠਿਕਾਣੇ ਲਾਣ ਦਾ ਮਨਸੂਬਾ ਬਣਾਇਆ। ਪਹਿਲੂ ਅਲੀਏ ਨੇ ਮੇਰੀਆਂ ਬਾਹਾਂ ਕੱਟੀਆਂ, ਫੇਰ ਮੇਰਾ ਸਿਰ ਧੜ ਤੋਂ ਵੱਖ ਕਰਕੇ ਉਹਦੀ ਚਮੜੀ ਉਤਾਰੀ ਤਾਂ ਜੋ ਮੇਰੀ ਸ਼ਨਾਖ਼ਤ ਨਾ ਹੋ ਸਕੇ। ਫੇਰ ਲੱਤਾਂ ਦੇ ਡੱਕਰੇ ਕੀਤੇ। ਬਾਹਵਾਂ ਤੇ ਖੋਪੜੀ ਹੱਟੀ ਵਾਲੇ ਤਲਾਹ ਵਿਚ ਸੁੱਟ ਛੱਡੀ। ਇਸ ਗੱਲ ਨੂੰ ਛੇ ਮਹੀਨੇ ਹੋ ਗਏ ਨੇ। ਮੇਰੀ ਬੁੱਢੀ ਮਾਂ ਬਹੁਤ ਰੋਈ ਪਿੱਟੀ। ਉਹਨੇ ਹਾਕਮਾਂ ਅੱਗੇ ਬੜੀ ਫਰਿਆਦ ਕੀਤੀ ਪਰ ਸਬੂਤ ਨਾ ਮਿਲਣ ਕਾਰਨ ਕੁਝ ਨਹੀਂ ਬਣਿਆ। ਮੇਰੀ ਰੂਹ ਭਟਕ ਰਹੀ ਏ। ਮੇਰੀ ਰੂਹ ਨੂੰ ਚੈਨ ਨਹੀਂ ਮਿਲ ਰਿਹਾ। ਮੈਂ ਬਦਲਾ ਲੈਣਾ ਚਾਹੁਣਾ।"

"ਪਰ ਤੂੰ ਆਪਣੇ ਕਤਲ ਦਾ ਬਦਲਾ ਕਿੰਝ ਲੈ ਸਕਦਾ ਏਂ।" ਮੈਂ ਆਪਣਾ ਆਪ ਸੰਭਾਲਦਿਆਂ ਹੋਇਆਂ ਪੁੱਛਿਆ।... "ਤੇਰੀ ਮਦਦ ਨਾਲ, ਤੂੰ ਜੇ ਪੁਲਿਸ ਨੂੰ ਮੇਰੇ ਕਤਲ ਦੀ ਕਹਾਣੀ ਸੁਣਾਵੇਂ, ਨਾਲੇ ਮੌਕੇ 'ਤੇ ਉਨ੍ਹਾਂ ਨੂੰ ਲਿਆ ਕੇ ਉਹ ਸਾਰੀਆਂ ਥਾਵਾਂ ਦੱਸੇਂ ਤਾਂ ਪੁਲਿਸ ਨੂੰ ਮੇਰੇ ਸਰੀਰ ਦੇ ਸਾਰੇ ਕੱਟੇ ਹੋਏ ਅੰਗ

ਮਿਲ ਜਾਣਗੇ। ਤੇ ਇਨ੍ਹਾਂ ਕਾਤਲਾਂ 'ਤੇ ਮੁਕੱਦਮਾ ਚੱਲੇਗਾ। ਸਾਰੇ ਸਬੂਤ ਹੋਣ ਕਾਰਨ ਇਨ੍ਹਾਂ ਨੂੰ ਸਜ਼ਾ ਮਿਲੇਗੀ ਅਤੇ ਮੇਰੀ ਰੂਹ ਨੂੰ ਸ਼ਾਂਤੀ। ਦਸ ਕੀ ਤੂੰ ਮੇਰਾ ਕੰਮ ਕਰੇਂਗਾ, ਮੇਰੀ ਰੂਹ ਦੀ ਸ਼ਾਂਤੀ ਲਈ ? ਜ਼ੁਲਮ ਨੂੰ ਮਿਟਾਣ ਲਈ, ਕਾਤਲਾਂ ਨੂੰ ਕਾਨੂੰਨ ਦੇ ਸ਼ਿਕੰਜੇ ਵਿਚ ਫਸਾਣ ਲਈ, ਹੱਕ ਤੇ ਇਨਸਾਫ਼ ਨੂੰ ਜ਼ਿੰਦਾ ਰੱਖਣ ਲਈ। ਦੱਸ ਕੀ ਤੂੰ ਮੇਰਾ ਕੰਮ ਕਰੇਂਗਾ ?" ਉਹ ਬੜੀ ਬੇਤਾਬੀ ਨਾਲ ਬੋਲਿਆ।

"ਮੈਂ ਵਾਅਦਾ ਕਰਦਾ ਹਾਂ ਕਿ ਮੈਂ ਤੇਰੇ ਹਤਿਆਰੇ ਦੇ ਗਲ ਫ਼ਾਂਸੀ ਦਾ ਫਾਹ ਜ਼ਰੂਰ ਪੁਆਵਾਂਗਾ।"

ਮੇਰੀ ਗੱਲ ਸੁਣਦਿਆਂ ਹੀ ਉਹ ਪਰਛਾਵਾਂ ਗਾਇਬ ਹੋ ਗਿਆ ਤੇ ਫੇਰ ਖੌਰੇ ਕਦੋਂ ਮੇਰੀ ਅੱਖ ਲੱਗ ਗਈ। ਸੂਰਜ ਦੀ ਪਹਿਲੀ ਛਿੱਟ ਨਾਲ ਮੇਰੀ ਜਾਗ ਖੁਲ੍ਹ ਗਈ। ਰਾਤ ਦਾ ਹਾਦਸਾ ਮੇਰੀਆਂ ਅੱਖਾਂ ਅੱਗੇ ਇਕ ਸੁਫ਼ਨਾ ਬਣ ਕੇ ਨੱਚਣ ਲੱਗਾ– ਮੈਂ ਉਥੋਂ ਚਲ ਪਿਆ ਤੇ ਦੋ ਘੰਟਿਆਂ ਮਗਰੋਂ ਲਾਟੀ ਪਹੁੰਚ ਗਿਆ। ਮੈਨੂੰ ਵੇਖ ਕੇ ਸਹੁਰੀਏ ਬਹੁਤ ਖ਼ੁਸ਼ ਹੋਏ। ਖ਼ਾਸ ਕਰ ਮੇਰੀ ਗੱਦਣ। ਮੇਰੀ ਬੜੀ ਆਓ ਭਗਤ ਹੋਣ ਲੱਗੀ ਪਰ ਮੇਰੇ ਦਿਮਾਗ਼ 'ਤੇ ਰਾਤ ਦੀ ਘਟਨਾ ਦਾ ਭਾਰ ਸੀ। ਮੈਂ ਹੱਥ ਮੂੰਹ ਧੋ ਕੇ ਰੋਟੀ ਖਾਧੀ ਤੇ ਸੋਚਾਂ ਵਿਚ ਡੁਬਿਆ ਤੱਤੇ ਪਾਣੀ ਵੱਲ ਤੁਰ ਪਿਆ। ਮੈਂ ਲੋਹੇ ਦੇ ਉਸ ਪਹਾੜ ਨੂੰ ਵੇਖਦਾ ਰਿਹਾ, ਜਿਸ ਵਿਚੋਂ ਨਿਕਲ ਰਹੇ ਪਾਣੀ ਵਿਚ ਲੋਹੇ ਦੀ ਮੁਸ਼ਕ ਆਉਂਦੀ ਏ। ਮੇਰਾ ਦਿਲ ਉਥੇ ਵੀ ਨਹੀਂ ਲੱਗਿਆ। ਮੈਂ ਮੁੜ ਘਰ ਪਰਤ ਆਇਆ।

"ਬਾਪੂ! ਕੀ ਬੰਧੋਲ ਵਿਚ ਕੋਈ ਗਨੀਆਂ ਰਹਿੰਦਾ ਹੈ।" ਮੈਂ ਆਪਣੇ ਸਹੁਰੇ ਨੂੰ ਪੁੱਛਿਆ।

"ਆਹੋ! ਰਹਿੰਦਾ ਏ, ਪਰ ਉਸੀ ਛੇ ਮਹੀਨੇ ਹੋਈਗੇ ਨੇ, ਉਹ ਪਰਤੋਈਏ ਪਿੰਡ ਨਹੀਂ ਆਇਆ।"

"ਕਿਉਂ ਉਸ ਨੂੰ ਕਿਸੇ ਕਤਲ ਕਰ ਦਿੱਤਾ ਏ ?'

"ਪੁੱਤਰ ਅਸੇਂ ਗੀ ਕਿੱਛ ਪਤਾ ਨਹੀਂ ਪਰ ਗਨੀਏ ਦੀ ਮਾਉ ਨੇ ਬੜਾ ਰੋਣ ਪਿੱਟਣ ਪਾਇਆ ਥਾ। ਉਹ ਗਲਾਂਦੀ ਥੀ ਜੇ ਪੰਗਾਰਾ ਆਲੇ ਆਲੀਏ ਨੇ ਨਾੜੇ ਪੂਤਰੇ ਗੀ ਮਾਰੀ ਉੜਿਆ ਏ। ਪੁਲਸ ਅਲੀਏ ਗੀ ਪਕੜੀ ਲਈ ਗਈ ਥੀ ਪਰ ਉਸੀ ਮਗਰੂਆਂ ਛੱਡੀ ਉੜਿਆ ਥਾ।"

ਮੇਰੇ ਦਿਲ ਦਾ ਭਾਰ ਹੌਲਾ ਹੋਇਆ। ਕੱਲ ਰਾਤ ਦੀ ਘਟਨਾ ਇਕ ਹਕੀਕਤ ਬਣ ਕੇ ਸਾਹਮਣੇ ਆ ਗਈ ਸੀ– ਤੇ ਫੇਰ ਤੀਜੇ ਦਿਨ ਮੈਂ ਇਕ ਨਵੇਂ ਸਫ਼ਰ ਵਲ ਤੁਰ ਪਿਆ। ਇਕ ਦਿਹਾੜੀ ਦੇ ਪੈਦਲ ਸਫ਼ਰ ਮਗਰੋਂ ਮੈਂ ਪੁਲਿਸ ਚੌਂਕੀ ਬਸੰਤ ਗੜ੍ਹ ਪਹੁੰਚ ਗਿਆ।

–"ਅੱਜ ਤੋਂ ਛੇ ਮਹੀਨੇ ਪਹਿਲਾਂ ਪੰਗਾਰਾ ਪਿੰਡ ਵਿਚ ਕਤਲ ਹੋਇਆ

ਸੀ। ਮੈਂ ਉਸ ਕਤਲ ਦਾ ਐਨੀ ਗੁਆਹ ਹਾਂ। ਮੈਂ ਕਾਤਲ ਨੂੰ ਚੰਗੀ ਤਰ੍ਹਾਂ ਪਛਾਣਦਾ ਹਾਂ ਤੇ ਮਕਤੂਲ ਦੀ ਲਾਸ਼ ਦੇ ਡਕਰੇ ਵੀ ਦੱਸ ਸਕਦਾ ਹਾਂ।"... ਪੁਲਿਸ ਨੇ ਮੇਰੇ ਬਿਆਨ ਕਲਮ ਬੰਦ ਕੀਤੇ ਤੇ ਸਬ ਇੰਸਪੈਕਟਰ ਪੰਜ ਸਿਪਾਹੀਆਂ ਨੂੰ ਨਾਲ ਲੈ ਕੇ ਮੇਰੇ ਨਾਲ ਤੁਰ ਪਿਆ। - ਮੇਰੀਆਂ ਦਸੀਆਂ ਹੋਈਆਂ ਥਾਵਾਂ ਤੋਂ ਪੁਲਿਸ ਨੇ ਇਨਸਾਨੀ ਸਰੀਰ ਦੀਆਂ ਹੱਡੀਆਂ ਬਰਾਮਦ ਕਰ ਲਈਆਂ- ਅਲੀਏ ਤੇ ਉਹਦੀ ਨਵੀਂ ਪਤਨੀ ਨੂੰ ਪੁਲਿਸ ਨੇ ਫੜ ਲਿਆ। ਪਾਠਕ ਹੁਣ ਸਮਝਣਗੇ ਕਿ ਮੁਲਜ਼ਮਾਂ ਤੇ ਦੋਸ਼ੀਆਂ ਤੇ ਮੁਕੱਦਮਾ ਚਲਣ ਮਗਰੋਂ ਉਨ੍ਹਾਂ ਨੂੰ ਸਜ਼ਾ ਹੋਵੇਗੀ ਤੇ ਇੰਝ ਇਸ ਕਹਾਣੀ ਦਾ ਅੰਤ ਹੋ ਜਾਏਗਾ ਪਰ ਇਸ ਕਹਾਣੀ ਦਾ ਅੰਜ਼ਾਮ ਇੰਝ ਰਵਾਇਤੀ ਢੰਗ ਨਾਲ ਨਹੀਂ ਹੋਇਆ। ਇਸ ਕਹਾਣੀ ਨੇ ਤਾਂ ਇਕ ਨਵਾਂ ਮੋੜ ਲਿਆ ਹੈ। ਇਸ ਕਹਾਣੀ ਵਿਚ ਵੀ ਮੁਕੱਦਮਾ ਚਲਿਆ, ਸਗੋਂ ਦੋ ਸਾਲਾਂ ਤੀਕਰ ਲੰਮਕੋਂਦਾ ਰਿਹਾ ਅਤੇ ਦੋ ਵਰ੍ਹੇ ਤਕ ਅਦਾਲਤ ਵਿਚ ਹਾਜ਼ਰੀ ਦਿੰਦਿਆਂ-ਦਿੰਦਿਆਂ ਮੇਰੀ ਮੱਤ ਮਾਰੀ ਗਈ। ਮੈਂ ਅਦਾਲਤ ਸਾਹਮਣੇ ਕਤਲ ਦੇ ਸਬੂਤ ਵਿਚ ਉਸ ਰਾਤ ਵਾਲੀ ਘਟਨਾ ਸੁਣਾਂਦਾ ਰਿਹਾ ਪਰ ਕਿਸੇ ਨੂੰ ਮੇਰੀ ਗੱਲ ਦਾ ਯਕੀਨ ਨਹੀਂ ਆਇਆ। ਉਲਟਾ ਪੁਲਿਸ ਤੇ ਅਦਾਲਤ ਮੈਨੂੰ ਹੀ ਇਸ ਮੁਕੱਦਮੇ ਵਿਚ ਫਸਾਣ ਲੱਗੀ ਸੀ ਪਰ ਰੱਬ ਦਾ ਸ਼ੁਕਰ ਹੋਇਆ ਕਿ ਲਾਟੀ ਪੁੱਜਣ 'ਤੇ ਦੋ ਦਿਨ ਪਹਿਲਾਂ ਤਕ ਮੇਰੀ ਹਾਜ਼ਰੀ ਆਪਣੇ ਦਫ਼ਤਰ ਵਿਚ ਪੂਰੀ ਸੀ ਤੇ ਸਾਰੇ ਪਿੰਡ ਨੇ ਮੇਰੇ ਹੱਕ ਵਿਚ ਸ਼ਹਾਦਤਾਂ ਦਿੱਤੀਆਂ ਸਨ... ਖ਼ੈਰ, ਜੱਜ ਸਾਹਿਬ ਤੇ ਪੁਲਿਸ ਦਾ ਵਤੀਰਾ ਦਿਨੋ ਦਿਨ ਰੁੱਖਾ ਹੁੰਦਾ ਗਿਆ ਤੇ ਅਖ਼ੀਰ ਜੱਜ ਸਾਹਿਬ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ:

"ਡਾਕਟਰੀ ਰਿਪੋਰਟ ਅਨੁਸਾਰ ਇਹ ਗੱਲ ਤਾਂ ਠੀਕ ਹੈ ਪਈ ਇਸ ਕੇਸ ਵਿਚ ਖੋਪੜੀ ਤੇ ਹੱਡੀਆਂ ਇਕ ਇਨਸਾਨ ਦੀਆਂ ਨੇ ਪਰ ਸ਼ਹਾਦਤਾਂ ਰਾਹੀਂ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਹੱਡੀਆਂ ਜਾਂ ਖੋਪੜੀ ਗਨੀਏ ਦੀ ਹੈ, ਜਿਹਨੂੰ ਸ਼ਾਇਦ ਕੋਈ ਰਿੱਛ ਖਾ ਗਿਆ ਹੈ। ਤੇ ਨਾ ਹੀ ਮੁਕੱਦਮੇ ਦੇ ਦੌਰਾਨ ਕੋਈ ਅਜਿਹਾ ਚਸ਼ਮਦੀਦ ਗੁਆਹ ਪੇਸ਼ ਹੋਇਆ ਹੈ ਜਿੰਨੇ ਅਲੀਏ ਨੂੰ ਗਨੀਏ ਦਾ ਕਤਲ ਕਰਦਿਆਂ ਵੇਖਿਆ ਹੋਵੇ। ਇਸ ਲਈ ਅਦਾਲਤ ਅਲੀਏ ਤੇ ਉਹਦੀ ਸੁਆਣੀ ਨੂੰ ਇੱਜ਼ਤ ਨਾਲ ਇਸ ਮੁਕੱਦਮੇ ਤੋਂ ਬਰੀ ਕਰਦੀ ਹੈ।"

- ਹੁਣ ਚੋਖਾ ਚਿਰ ਹੋ ਗਿਆ ਏ... ਮੈਨੂੰ ਆਪਣੇ ਸਹੁਰਿਆਂ ਦੇ ਘਰ ਗਏ ਹੋਏ। ਮੇਰੀ ਗੱਦਣ ਕਈ ਵਾਰੀ ਮੈਨੂੰ ਲਾਟੀ ਜਾਣ ਲਈ ਤਰਲੇ ਪਾਉਂਦੀ ਏ ਪਰ ਮੈਂ ਤਾਂ ਹੁਣ ਉਧਮਪੁਰ ਦੇ ਜ਼ਿਲ੍ਹੇ ਵਿਚੋਂ ਹੀ ਆਪਣੀ ਬਦਲੀ ਕਰਾਣ ਲਈ ਸੋਚ ਰਿਹਾ ਹਾਂ। ਤੁਸੀਂ ਤਾਂ ਸਮਝ ਹੀ ਗਏ ਹੋਵੋਗੇ ਕਿ ਕਿਉਂ।

•

# ਜਿਉਂਦਿਆਂ ਮਰ ਰਹੀਏ

ਇਹ ਘਾਟੀ ਪੂਰੀ ਤਰ੍ਹਾਂ ਪਹਾੜਾਂ ਨਾਲ ਘਿਰੀ ਹੋਈ ਹੈ। ਚਾਰੋਂ ਪਾਸੇ ਪਹਾੜ ਕਿੱਲਾਂ ਵਾਂਗਰ ਧਰਤੀ ਅੰਦਰ ਖੁੱਬੇ ਹੋਏ ਨੇ। ਘਾਟੀ ਤੋਂ ਬਾਹਰ ਰਹਿਣ ਵਾਲੀ ਯਾਜੂਜ, ਮਾਜੂਜ ਦੀ ਕੌਮ ਪਹਾੜਾਂ ਵਿਚ ਦਰਾੜਾਂ ਪਾ ਰਹੀ ਹੈ। ਸੁਰੰਗਾਂ ਕੱਢ-ਕੱਢ ਕੇ ਪਹਾੜਾਂ ਨੂੰ ਛਲਣੀ ਕਰ ਰਹੀ ਹੈ। ਯਾਜੂਜ ਤੇ ਮਾਜੂਜ ਦਿਆਂ ਵਾਰਸਾਂ ਦਾ ਦਾਅਵਾ ਹੈ ਕਿ ਘਾਟੀ ਉਨ੍ਹਾਂ ਦੀ ਮਲਕੀਅਤ ਹੈ... ਪਰ ਘਾਟੀ ਦੀ ਖਲਕਤ ਨੂੰ ਇਹ ਗੱਲ ਮੰਜ਼ੂਰ ਨਹੀਂ। ਉਹ ਆਪਣੀ ਮਰਜ਼ੀ ਮੁਤਾਬਿਕ ਜਿਊਣਾ ਚਾਹੁੰਦੀ ਹੈ ਪਰ ਇਹ ਫੈਸਲਾ ਯਾਜੂਜ* ਤੇ ਮਾਜੂਜ* ਦੀ ਕੌਮ ਨੂੰ ਕਬੂਲ ਨਹੀਂ। ਲੋਕਾਈ ਦੀ ਅਵਾਜ਼ ਨੂੰ ਦਬਾਅ ਤੇ ਸ਼ੋਰ-ਸ਼ਰਾਬੇ ਨੂੰ ਖ਼ਤਮ ਕਰਾਉਣ ਲਈ, ਗੋਲੀਆਂ ਚਲਾਉਣ ਤੇ ਬਾਰੂਦ ਨਾਲ ਹਾਸਲ ਕਰਾਉਣ ਦਾ ਰਿਵਾਜ ਆਮ ਹੈ। ਸਿੱਟੇ ਵੱਜੋਂ ਲਾਸ਼ਾਂ ਨੂੰ ਠਿਕਾਣੇ ਲਾਣ ਤੇ ਗਿੱਧਾਂ ਨੂੰ ਮਾਸ ਖਵਾਣ ਲਈ ਕੰਨ-ਪਾਟੇ ਰਾਤ-ਦਿਨ ਜੁਗਾੜ ਕਰਦੇ ਰਹਿੰਦੇ ਨੇ ਅਤੇ ਆਪਣੇ ਪਰਜਾਤੰਤਰ ਹੋਣ ਦੇ ਗੁਣ-ਗਾਣ ਵੀ ਕਰਦੇ ਰਹਿੰਦੇ ਹਨ।

ਪਹਾੜਾਂ ਕੱਟਣ ਤੇ ਮੀਲਾਂ ਲੰਬੀਆਂ ਸੁਰੰਗਾਂ ਬਣਾਉਣ ਕਾਰਨ ਸਾਰੀ ਧਰਤੀ ਬੰਜਰ ਕਦੀਮ ਬਣ ਗਈ ਹੈ। ਫਿਰ ਵੀ ਘਾਟੀ ਉੱਤੇ ਆਪਣਾ ਹੱਕ ਜਤਾਉਣ ਨੂੰ ਇਹ ਮੁੜਦੇ ਨਹੀਂ, ਸਗੋਂ ਦੋਵੇਂ ਆਪੇ ਵਿਚ ਲੜਦੇ-ਮਰਦੇ ਰਹਿੰਦੇ ਹਨ। ਇੱਕ-ਦੂਜੇ ਉੱਪਰ ਦੋਸ਼ ਮੜ੍ਹਦੇ ਰਹਿੰਦੇ ਹਨ। ਗਲੋਬਲੀ ਸਰਪੰਚ ਦੂਰੋਂ ਬਹਿ ਕੇ ਤਮਾਸ਼ਾ ਵੇਖਦਾ ਰਹਿੰਦਾ ਹੈ। ਕਦੇ-ਕਦੇ ਉਹ ਦੋਹਾਂ ਨੂੰ ਘੂਰਦਾ ਵੀ ਹੈ ਤੇ ਕੰਨ ਮਰੋੜਨ ਦੀ ਧਮਕੀ ਵੀ ਦਿੰਦਾ ਹੈ, ਪਰ ਕੋਈ ਬਾਜ਼ ਨਹੀਂ ਆਉਂਦਾ। ਕਿਉਂਕਿ ਦੋਹਾਂ ਦੇ ਕੰਨ-ਪਾਟੇ ਹੋਏ ਨੇ ਤੇ ਪਾਟੇ ਕੰਨਾਂ ਨੂੰ ਕਿਝ ਮਰੋੜਿਆ ਜਾ ਸਕਦਾ ਹੈ। ਇਨ੍ਹਾਂ ਦੀ ਦਾਦਾਗੀਰੀ ਅਤੇ ਦਾਰੂਗਰੀ ਤੇ ਕੋਈ ਰੋਕ ਨਹੀਂ ਲਾ ਸਕਿਆ ਹੈ।

ਵਾਦੀ ਦੀ ਆਬਾਦੀ ਬਾਰੂਦ ਨਾਲ ਹੋ ਰਹੀ ਤਬਾਹੀ ਤੋਂ ਚੌਖੀ ਆਵਾਜ਼ਾਰ ਹੈ। ਕਬਰਾਂ ਖੋਦ-ਖੋਦ ਕੇ ਤੇ ਲਾਸ਼ਾਂ ਦਫ਼ਨਾ-ਦਫ਼ਨਾ ਕੇ ਥੱਕ ਗਈ ਹੈ। ਜ਼ਿਲੱਤ ਤੇ ਰੁਸਵਾਈ ਸਹਿ-ਸਹਿ ਕੇ ਅੱਕ ਗਈ ਹੈ। ਪਰ ਤਾਕਤ ਤੇ ਦਹਿਸ਼ਤ ਅੱਗੇ ਬੇਵੱਸ ਹੈ ਅਤੇ ਹਮੇਸ਼ਾ ਡਰੀ ਸਹਿਮੀ ਰਹਿੰਦੀ ਹੈ।

ਪਰ ਹੁਣ ਇਸ ਘਾਟੀ ਵਿਚ ਨਵੀਂ ਨਸਲ ਸਿਆਣੀ ਹੋ ਰਹੀ ਹੈ। ਇਹ

ਨਸਲ ਜਿਸਨੇ ਆਪਣੇ ਸਕੇ-ਰਿਸ਼ਤਿਆਂ ਨੂੰ ਮਰਦਿਆਂ ਵੇਖਿਆ ਹੈ, ਔਰਤਾਂ ਦੀਆਂ ਇੱਜ਼ਤਾਂ ਲੁਟਦਿਆਂ ਵੇਖਿਆ ਹੈ, ਜ਼ਿਲੱਤ, ਨਫ਼ਰਤ ਤੇ ਦਹਿਸ਼ਤ ਦਾ ਨੰਗਾ ਨਾਚ ਵੇਖਿਆ ਹੈ, ਇਹ ਨਸਲ ਹੁਣ ਵਿਰੋਧ ਕਰਦਿਆਂ ਡਰਦੀ ਨਹੀਂ। ਇਸ ਨਸਲ ਨੇ ਡਰ, ਖ਼ੌਫ਼, ਦਹਿਸ਼ਤ, ਨਫ਼ਰਤ ਤੇ ਜ਼ਿਲੱਤ ਨੂੰ ਨਵੇਂ ਢੰਗ ਨਾਲ ਜਿਊਣ ਦੇ ਅਰਥ ਲੱਭ ਲਏ ਨੇ। ਇਹ ਨਸਲ ਆਪਣੀ ਮਰਜ਼ੀ ਮਨਵਾਣ ਲਈ ਮਰਨਾ ਜ਼ਰੂਰੀ ਸਮਝਦੀ ਹੈ ਅਤੇ ਜੈ-ਕਾਰੇ ਤੇ ਲੱਲ-ਕਾਰੇ ਮਾਰਦੇ ਹੋਏ ਕਹਿੰਦੀ ਹੈ: "ਆਉ! ਸਾਡੀਆਂ ਛਾਤੀਆਂ ਗੋਲੀਆਂ ਨਾਲ ਛਲਣੀਂ ਕਰ ਦਿਉ। ਸਾਨੂੰ ਅੰਨ੍ਹਿਆਂ ਕਰ ਦਿਉ। ਸਾਡੇ ਸਿਰ ਚਿੱਥ ਦਿਉ। ਲਾਸ਼ਾਂ ਦੇ ਅੰਬਰ ਲਾ ਦਿਉ, ਪਰ ਅਸੀਂ ਥੱਕਾਂਗੇ ਨਹੀਂ। ਬੇਸ਼ੱਕ ਸਾਡੀ ਸਾਹਰਗ ਵੱਢਦੇ ਰਹੋ, ਸਾਡੇ ਅਟੁੱਟ ਅੰਗ ਤੋੜਦੇ ਰਹੋ, ਸਾਡੇ ਲਹੂ ਨਾਲ ਜਿੰਨੀ ਮਰਜ਼ੀ ਹੋਲੀ ਖੇਡਦੇ ਰਹੋ, ਅਸੀਂ ਮਰਾਂਗੇ ਨਹੀਂ। ਅਸੀਂ ਜ਼ਿੰਦਾ ਰਹਾਂਗੇ। ਸਾਡੀਆਂ ਰਗਾਂ ਵਿਚ ਲਹੂ ਦੌੜਦਾ ਰਹੇਗਾ।"

ਇੰਝ ਪਹਿਲੀ ਵਾਰੀ ਹੋ ਰਿਹਾ ਹੈ ਕਿ ਦੁੱਧ ਪੀਂਦੇ ਬਾਲ, ਆਯਾਣ ਤੇ ਜਵਾਨ ਸਭ ਸੜਕਾਂ 'ਤੇ ਆ ਜਾਂਦੇ ਨੇ, ਪੱਥਰਾਂ ਦੇ ਬਦਲੇ ਗੋਲੀਆਂ ਖਾਂਦੇ ਨੇ ਪਰ ਭੱਜਦੇ ਨਹੀਂ। ਡੱਟ ਕੇ ਖੜ੍ਹ ਜਾਂਦੇ ਨੇ ਤੇ ਯਾਜੂਜ ਤੇ ਮਾਜੂਜ ਦੀ ਕੌਮ ਦੇ ਖ਼ਿਲਾਫ਼ ਨਾਰੇਬਾਜ਼ੀ ਕਰਦੇ ਨੇ। ਆਪਣੀਆਂ ਲਾਸ਼ਾਂ ਦੇ ਕਸੀਦੇ ਪੜ੍ਹਦੇ ਨੇ। ਹਜ਼ਾਰਾਂ-ਲੱਖਾਂ ਦੀ ਗਿਣਤੀ ਜਨਾਜ਼ਿਆਂ ਵਿਚ ਸ਼ਾਮਿਲ ਹੁੰਦੀ ਹੈ। ਸ਼ਹੀਦੀ ਗੀਤਾਂ ਨੂੰ ਲੋਕ ਗੀਤ ਬਣਦਿਆਂ ਚਿਰ ਨਹੀਂ ਲਗਦਾ। ਫਿਰ ਚਾਰ-ਚੁਫ਼ੇਰੇ ਲੋਕ-ਗੀਤਾਂ ਦੀ ਗੂੰਝ ਸੁਣਾਈ ਦਿੰਦੀ ਰਹਿੰਦੀ ਹੈ।

ਇੰਝ ਲਗਦਾ ਹੈ ਜਿਵੇਂ ਵਰ੍ਹਿਆਂ ਪੁਰਾਣੀ ਮਕਰ-ਫਰੇਬ ਦੀ ਰਾਜਨੀਤੀ ਕੰਗਾਲ ਹੋ ਗਈ ਹੈ। ਰਾਜ ਦਰਬਾਰ ਦੇ ਖੋਟੇ ਸਿੱਕੇ ਚੱਲਣੇ ਬੰਦ ਹੋ ਗਏ ਨੇ। ਇੰਝ ਦਿਸ ਰਿਹਾ ਹੈ ਕਿ ਸਾਰੀ ਘਾਟੀ ਇਕ ਜਵਾਲਾ ਮੁਖੀ ਬਣ ਗਈ ਹੈ ਜਿਸ 'ਚੋਂ ਅੱਗ ਦੇ ਭਾਂਬੜ ਨਿਕਲਣ ਲੱਗ ਪਏ ਨੇ। ਅੱਗ ਦੇ ਲਾਂਬੂ ਖੇਤਾਂ ਖਲਿਆਨਾ ਤੇ ਜੰਗਲ ਬੇਲਿਆਂ ਨੂੰ ਸਵਾਹ ਦੀ ਢੇਰੀ ਬਣਾ ਰਹੇ ਹਨ। ਤੇ ਇਸ ਰਾਖ 'ਚੋਂ ਉੱਗੀ ਨਵੀਂ ਨਸਲ ਮਰਨ ਤੇ ਮਾਰਣ ਲਈ ਤਿਆਰ ਹੋ ਗਈ ਹੈ।

ਬਸਤੀਆਂ ਵਿਚ ਕਾਲੇ ਬੱਦਲਾਂ ਕਾਰਨ ਦਮ-ਘੁੱਟ ਹਨੇਰਾ ਫੈਲ ਰਿਹਾ ਹੈ।
ਘਰਾਂ ਵਿਚ ਮਿੱਟੀ, ਘੱਟੇ ਦੀ ਫ਼ਸਲ ਨੇ ਡੇਰੇ ਲਾਏ ਹੋਏ ਨੇ। ਝੱਖੜ ਨਿਰੰਤਰ ਝੁਲਦੇ
ਰਹਿੰਦੇ ਹਨ। ਥੰਮਣ ਦਾ ਨਾਂ ਹੀ ਨਹੀਂ ਲੈਂਦੇ। ਸਾਰੇ ਘਰ ਮਿੱਟੀ ਰੰਗੇ ਹੋ ਗਏ ਨੇ।
ਜਿੰਨੀ ਮਰਜ਼ੀ ਸਫ਼ਾਈ, ਸੁਥਰਾਈ ਕਰੀਏ... ਗਰਦਾ ਘਰਾਂ 'ਚੋਂ ਬਾਹਰ ਨਿਕਲਣ ਦਾ
ਨਾਂ ਹੀ ਨਹੀਂ ਲੈਂਦਾ। ਜਵਾਲਾਮੁਖੀ ਧਰਤੀ ਦਾ ਪਿੰਡਾ ਸਾੜ ਰਿਹਾ ਹੈ।
ਬਾਲਾਂ ਦੇ ਲਜਪਾਲ ਬੜੀ ਸਾਂਭ-ਸੰਭਾਲ ਕਰਦੇ ਨੇ। ਉਨ੍ਹਾਂ ਨੂੰ ਸਮਝਾਂਦੇ

ਨੇ ਪਰ ਇਹ ਹੱੜ ਉਨ੍ਹਾਂ ਕੋਲੋਂ ਡੱਕਿਆ ਨਹੀਂ ਜਾ ਰਿਹਾ। ਘਾਟੀ ਦੀ ਨਵੀਂ ਨਸਲ ਨੇ ਆਪਣੇ ਜੁੱਸੇ ਤੇ ਲੱਗੇ ਜ਼ਖ਼ਮਾਂ ਨੂੰ ਜ਼ਿੰਦਾ ਰੱਖਣ ਦਾ ਫ਼ੈਸਲਾ ਕਰ ਲਿਆ ਹੈ ਕਿਉਂ ਜੋ ਇਨ੍ਹਾਂ ਦੇ ਦਿਲਾਂ ਉੱਤੇ ਪਏ ਛਾਲਿਆਂ ਨੇ ਇਨ੍ਹਾਂ ਦੀ ਰੂਹ ਨੂੰ ਝੁਲਸਾ ਦਿੱਤਾ ਹੈ। ਜਵਾਕਾਂ ਨੇ ਆਪਣੇ ਖ਼੍ਵਾਬ ਦਰਿਆ ਵਿਚ ਰੋੜ ਦਿੱਤੇ ਨੇ ਤੇ ਜੰਮਣ ਦਿਹਾੜੇ ਤੋਂ ਹੀ ਮਰਣ ਦਾ ਸਬਕ ਰਟ ਲਿਆ ਹੈ।

ਇਨ੍ਹਾਂ ਦੇ ਰੋਸ ਤੇ ਕ੍ਰੋਧ ਨੂੰ ਜਨੂੰਨ ਵਿਚ ਬਦਲਣ ਲਈ ਟੈਲੀਵਿਜਨ ਚੈਨਲਾਂ ਦੀਆਂ ਚਾਟੀਆਂ ਵਿਚ ਹਰ ਵੇਲੇ ਘਾਟੀ ਬਾਰੇ ਖੱਟੀ ਲੱਸੀ ਰਿੜਕਣ ਵਾਲੇ ਹਰਫਨ ਮੌਲਾ ਕਲਾਕਾਰਾਂ ਦਾ ਵੀ ਵੱਡਾ ਹੱਥ ਹੈ। ਜਿਹੜੇ ਸੱਚ ਦੀ ਖਲ ਨੂੰ ਝੂਠ ਤੇ ਛਲ ਨਾਲ ਉਤਾਰਦੇ ਰਹਿੰਦੇ ਨੇ ਅਤੇ ਦੇਸ-ਭਗਤੀ ਦਾ ਸਬੂਤ ਦਿੰਦੇ ਰਹਿੰਦੇ ਹਨ ਤੇ ਜਿਸ ਕਾਰਨ ਨਵੀਂ ਨਸਲ ਵਿਚ ਲਾਵਾ ਪੱਕਦਾ ਰਹਿੰਦਾ ਹੈ। ਮੱਕਰ ਫਰੇਬ ਦੀਆਂ ਕਹਾਣੀਆਂ ਤੇ ਬੇਈਮਾਨੀਆਂ ਨੇ ਜਵਾਕਾਂ ਨੂੰ ਕੱਟੜਵਾਦੀ ਬਣਾਨ ਵਿਚ ਕੋਈ ਕਸਰ ਨਹੀਂ ਛੱਡੀ। ਉੱਪਰੋਂ ਅਖੌਤੀ ਧਾਰਮਿਕ ਗੁਰੂਆਂ ਤੇ ਮਲਵਾਣਿਆਂ ਨੇ ਬਲ਼ਦੀ ਉੱਤੇ ਤੇਲ ਪਾਣ ਦਾ ਕੰਮ ਕੀਤਾ ਹੈ।

ਯਾਜੂਜ ਤੇ ਮਾਜੂਜ ਦੀ ਕੌਮ ਇਸ ਸਥਿਤੀ ਲਈ ਇਕ-ਦੂਜੇ ਨੂੰ ਦੋਸ਼ੀ ਕਹਿ ਰਹੀ ਹੈ ਤੇ ਮਾਰੂ ਸ਼ਬਦਾਂ ਦੇ ਤੀਰ ਚਲਾ ਰਹੀ ਹੈ ਪਰ ਕ੍ਰੋਧ ਦੀ ਲਹਿਰ ਨੂੰ ਛੰਡਿਆਂ ਕਰਨ ਦਾ ਕੋਈ ਉਪਰਾਲਾ ਨਹੀਂ ਕਰਦਾ ਸਗੋਂ ਤਰਸ਼ੂਲੀ ਗੀਤ ਤੇ ਚੰਨ-ਤਾਰੇ ਦੇ ਤਰਾਨੇ ਗਾਉਣ ਲੱਗ ਪੈਂਦੇ ਨੇ। ਸਾਹਰਗ ਤੇ ਅਟੁੱਟ ਅੰਗ ਦੇ ਫਿੱਕੇ ਰੰਗਾਂ ਨੂੰ ਵੰਦੇ ਮਾਤਰਮ ਤੇ ਅੱਲਾ ਹੂ ਅਕਬਰ ਦੇ ਨਾਅਰਿਆਂ ਨਾਲ ਗੂੜਾ ਕਰਨ ਲੱਗ ਪੈਂਦੇ ਨੇ, ਨਾਲੇ ਇਕ-ਦੂਜੇ 'ਤੇ ਬਾਹਾਂ ਕੁੰਜ ਲੈਂਦੇ ਨੇ। ਇਹ ਪਹਿਲਾਂ ਵੀ ਕਈ ਵਾਰੀ ਬਾਹਾਂ ਕੁੰਜ-ਕੁੰਜ ਕੇ ਆਪੋ ਵਿਚ ਮਾਰ ਕੁਟਾਈ ਕਰ ਚੁੱਕੇ ਹਨ। ਧਰਤੀ ਦੀ ਤਬਾਹੀ ਕਾਰਨ ਆਦਮ ਦੀ ਨਸਲ ਉਜਾੜ ਚੁੱਕੇ ਹਨ ਪਰ ਫਿਰ ਵੀ ਬਾਜ਼ ਨਹੀਂ ਆਉਂਦੇ... ਆਪਸ ਵਿਚ ਬਹਿ ਕੇ ਕੋਈ ਪੱਕਾ ਹਲ ਕੱਢਣ ਦੀ ਥਾਂ, ਸਿੱਧੀਆਂ-ਪੁੱਠੀਆਂ ਜੁਗਤਾਂ ਮਾਰਦੇ ਰਹਿੰਦੇ ਨੇ। ਇਹ ਮਿੱਟੀ ਦੇ ਖਿਡੌਣੇ ਨੇ ਪਰ ਇਨ੍ਹਾਂ ਦੀ ਮਿੱਟੀ ਵਿਚ ਹੰਕਾਰ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਇਨ੍ਹਾਂ ਅਕਲ ਤੇ ਸੂਝ ਨੂੰ ਜਿੰਦਰੇ ਲਾਏ ਹੋਏ ਨੇ। ਕਾਸ਼ ਇਨ੍ਹਾਂ ਨੂੰ ਕੋਈ ਨੰਦ-ਰਿਸ਼ੀ ਦਾ ਕਥਨ ਯਾਦ ਕਰਾਏ ਕਿ ਇਹ ਦੋਵੇਂ ਦੁੱਧ ਤੇ ਖੰਡ ਨੇ। ਤੇ ਦੁੱਧ ਤੇ ਖੰਡ ਨੂੰ ਮਿਲਾ ਕੇ ਪੀਣ ਨਾਲ ਪਿਆਰ ਦੀ ਮਿਠਾਸ ਵਧਦੀ ਹੈ। ਜੇ ਇਨ੍ਹਾਂ ਇਸ ਕਥਨ 'ਤੇ ਅਮਲ ਨਹੀਂ ਕੀਤਾ ਤਾਂ ਦੁੱਧ ਫੁੱਟ ਜਾਏਗਾ ਤੇ ਸਭ ਕੁਝ ਟੁੱਟ ਜਾਏਗਾ ਤੇ ਕੋਈ ਤੀਜਾ ਆ ਕੇ ਲੁੱਟ ਜਾਏਗਾ।

•

# ਬਾਬੇ ਨੂਰੇ ਦੀ ਵੇਲ

ਬਾਬੇ ਦਾ ਨਾਂ ਨਵਰਾਜ ਸੰਧੂ ਸੀ। 80-82 ਵਰ੍ਹਿਆਂ ਦੇ ਬਾਬੇ ਨੂੰ ਸਾਰੇ ਨੂਰਾ ਸੰਧੂ ਬੁਲਾਂਦੇ ਸਨ ਪਰ ਉਸਦੇ ਹਾਣ ਦੇ ਬੁੱਢੜੇ ਉਹਨੂੰ ਨੂਰਾ ਹੀ ਸੱਦਦੇ। ਉਹਦੋਂ ਮੈਂ ਵਕਫ਼ ਬੋਰਡ ਜੰਮੂ ਦਾ ਮੁੱਖੀ ਨਾਲੇ ਜ਼ਿਲੇ ਦਾ ਡਿਪਟੀ ਕਮੀਸ਼ਨਰ ਸਾਂ, ਜਦੋਂ ਬਾਬਾ ਨੂਰਾ ਮੇਰੇ ਦਫ਼ਤਰ ਆਇਆ ਤੇ ਇਕ ਹਰੇ ਰੰਗ ਦੀ ਪੋਟਲੀ ਮੇਰੀ ਮੇਜ਼ 'ਤੇ ਰੱਖਦਿਆਂ ਹੋਇਆਂ ਰੋਣ ਲੱਗਾ। ਮੈਂ ਆਪਣੀ ਕੁਰਸੀ ਤੋਂ ਉਠਿਆ ਤੇ ਬਾਬੇ ਨੂੰ ਚੁੱਪ ਕਰਵਾਉਣ ਲੱਗਾ ਪਰ ਉਸਦੀਆਂ ਅੱਖਾਂ ਨੇ ਖ਼ਵਰੇ ਕਦੋਂ ਦਾ ਹੰਝੂਆਂ ਦਾ ਹੜ੍ਹ ਡਕਿਆ ਹੋਇਆ ਸੀ ਜਿਹੜਾ ਸ਼ਾਂਤ ਹੋਣ 'ਚ ਹੀ ਨਹੀਂ ਸੀ ਆ ਰਿਹਾ। ਮੈਂ ਚਪੜਾਸੀ ਨੂੰ ਪਾਣੀ ਲਿਆਉਣ ਲਈ ਕਿਹਾ ਤੇ ਆਪਣੇ ਹੱਥੀਂ ਬਾਬੇ ਨੂਰੇ ਨੂੰ ਪਾਣੀ ਪਿਲਾਇਆ ਤੇ ਉਸ ਲਈ ਚਾਅ ਮੰਗਵਾਈ। ਉਹਨੇ ਚਾਅ ਪੀਤੀ। ਜਦ ਉਹਦੇ ਸਾਹ ਸੌਖੇ ਹੋਏ ਤਾਂ ਉਹ ਕਹਿਣ ਲੱਗਾ-

"ਇਹ ਜਿਹੜੀ ਪੋਟਲੀ ਮੈਂ ਮੇਜ਼ 'ਤੇ ਰੱਖੀ ਹੈ ਇਸ ਵਿਚ ਮੇਰੇ ਚਾਚੇ ਚੌਧਰੀ ਲਾਲਦੀਨ ਬਾਜਵੇ ਦੀਆਂ ਹੱਡੀਆਂ ਪਈਆਂ ਹੋਈਆਂ ਨੇ। ਚਾਚੇ ਦੀਨੇ ਤੇ ਮੇਰੇ ਪਿਉ ਵਰਿਆਮ ਸੰਧੂ ਨੇ ਮਿਤਰੀ ਕੀਤੀ ਸੀ ਤੇ ਵਿਆਹ ਵੇਲੇ ਪੱਗਾਂ ਵਟਾਈਆਂ ਸਨ। ਚਾਚਾ ਲਾਲ ਦੀਨ ਸਾਡਾ ਗਵਾਂਢੀ ਸੀ। ਸਾਡਾ ਸਾਕਾ ਬਹੁਤ ਪੁਰਾਣਾ ਸੀ। ਮੇਰਾ ਦਾਦਾ ਤੇ ਚਾਚੇ ਦੀਨੇ ਦਾ ਪਿਉ ਬਚਪਣ ਦੇ ਬੇਲੀ ਸਨ। ਸਾਡਾ ਪਿੰਡ ਖੌੜ, ਛੰਬ ਤੇ ਅਖਨੂਰ ਵਿਚਕਾਰ ਪੈਂਦਾ ਹੈ। ਦੇਸ਼ਵੰਡ ਤੋਂ ਪਹਿਲਾਂ ਛੰਬ ਤੇ ਅਖਨੂਰ, ਭਿੰਬਰ ਤਹਿਸੀਲ ਦੀਆਂ ਨਿਆਬਤਾਂ ਸਨ, ਜਦਕਿ ਅੱਜ ਛੰਬ ਜ਼ਿਲਾ ਭਿੰਬਰ ਦੀ ਤਹਿਸੀਲ ਹੈ ਤੇ ਅਖਨੂਰ, ਜੰਮੂ ਜ਼ਿਲੇ ਦੀ। ਖੌੜ ਪਟਵਾਰ ਵੰਡ ਤੋਂ ਪਹਿਲਾਂ ਹਿੰਦੂ, ਸਿੱਖ ਤੇ ਮੁਸਲਮਾਨ ਜੱਟਾਂ ਤੇ ਵਡੇਰਿਆਂ ਕਾਰਨ ਮਸ਼ਹੂਰ ਸੀ। ਚਾਚੇ ਲਾਲ ਦੀਨ ਦਾ ਪੁੱਤਰ ਮਨਜ਼ੂਰ ਬਾਜਵਾ ਤੇ ਮੈਂ ਖੌੜ ਦੇ ਪ੍ਰਾਇਮਰੀ ਸਕੂਲ 'ਚ ਇਕੱਠੇ ਦਾਖ਼ਿਲ ਹੋਏ। ਅਸੀਂ ਦੋਵੇਂ 'ਅੱਤਰ-ਪੱਤਰ', 'ਸੰਤੋਲੀਆ', 'ਝੱਜਰ ਫੀਸੀ', ਤੇ 'ਬਾਂਟੇ' ਖੇਡਦਿਆਂ ਅਤੇ ਬੋਹੜ, ਪਿਪਲਾਂ, ਧਰੇਕਾਂ, ਟਾਲ੍ਹੀਆਂ ਤੇ ਬੇਰੀਆਂ ਦੀ ਧੁੱਪ-ਛਾਂ ਹੰਡਾਉਂਦਿਆਂ, ਗਰਨੇ, ਬੇਰ ਤੇ ਖਖੜੀਆਂ ਖਾਂਦਿਆਂ, ਨਾਲੇ ਅੰਬੀਆਂ ਤੇ ਖਟੀਆਂ ਚੂਸਦਿਆਂ ਜਵਾਨ ਹੋਏ। ਭਿੰਬਰ ਹਾਈ ਸਕੂਲ ਦੇ ਸਿਦਕੀ ਉਸਤਾਦਾਂ ਕੋਲੋਂ

ਅੱਖਰਾਂ ਨੂੰ ਸਿੱਖਣ ਤੇ ਵਰਤਣ ਦਾ ਚੱਜ ਸਿਖਿਆ। ਹਰ ਐਤਵਾਰ ਨੂੰ ਸਾਡੇ ਪਿੰਡ ਦੀ ਚੁਪਾਲ ਵਿਚ ਸੱਚੇ ਤੇ ਸੁੱਚੇ ਯਾਰ-ਬੇਲੀਆਂ ਦੀ ਮਜਲਿਸ ਸੱਜਦੀ। ਸੈਫ਼ ਮਲੂਕ, ਹੀਰ, ਪੂਰਨ ਭਗਤ ਤੇ ਮਿਰਜ਼ਾ ਜੱਟ ਗਾਉਣ ਦੇ ਮੁਕਾਬਲੇ ਹੁੰਦੇ। ਪਿੰਡ ਦਾ ਲੰਬੜ ਚੌਧਰੀ ਸਾਧਕ ਘੁੰਮਣ ਵਧੀਆ ਗਾਉਣ ਵਾਲੇ ਨੂੰ ਧੇਲੀ ਇਨਾਮ ਦਿੰਦਾ। ਸਾਧਗੀ, ਮੁਹੱਬਤ, ਯਾਰੀਆਂ ਤੇ ਦਿਲਦਾਰੀਆਂ ਦੇ ਸੇਹਰੇ ਗਾਏ ਜਾਂਦੇ। ਪਿੰਡ ਦੇ ਗੱਭਰੂ ਅਖਾੜਿਆਂ ਵਿਚ ਜ਼ੋਰ-ਅਜ਼ਮਾਈ ਕਰਦੇ ਤੇ ਪਹਿਲਵਾਨੀ ਦਾਅ-ਪੇਚ ਸਿੱਖਦੇ। ਦੁੱਧ, ਘਿਉ, ਲੱਸੀ ਦੀਆਂ ਚਾਟੀਆਂ, ਸ਼ਹਿਦ, ਗੁੜ ਤੇ ਸ਼ੱਕਰ ਦੀਆਂ ਮੌਜਾਂ ਲੱਗੀਆਂ ਰਹਿੰਦੀਆਂ। ਮੇਰੇ ਬਾਪ ਚੌਧਰੀ ਵਰਿਆਮ ਸੰਧੂ ਤੇ ਚਾਚੇ ਲਾਲਦੀਨ ਬਾਜਵੇ ਨੇ ਆਪਣੀ ਮਿਤਰੀ ਮਰਦੇ ਦਮ ਤੀਕਰ ਨਿਭਾਈ। ਸੱਚ ਦੱਸਾਂ ਪੁੱਤਰਾ! ਮੈਨੂੰ ਪਾਲਿਆ ਹੀ ਚਾਚੇ ਦੀਨੇ ਨੇ ਸੀ ਪਰ ਅੱਜ ਸ਼ੰਕਰ ਭੱਠੇ ਵਾਲੇ ਨੇ ਮੇਰੇ ਚਾਚੇ ਦੀ ਕਬਰ ਪੁੱਟ ਕੇ ਹੱਡੀਆਂ ਬਾਹਰ ਸੁੱਟ ਦਿੱਤੀਆਂ ਤੇ ਮਿੱਟੀ ਖੋਤਿਆਂ ਤੇ ਲੱਦ ਕੇ ਆਪਣੇ ਭੱਠੇ 'ਤੇ ਲੈ ਗਿਆ। ਪੁੱਤਰਾ! ਸ਼ੰਕਰ ਭੱਠੇ ਵਾਲੇ ਨੇ ਖੌੜ ਦਾ ਅੱਧਾ ਕਬਰਸਤਾਨ ਪੁੱਟ ਮਾਰਿਆ ਹੈ। ਉਸਦੀ ਜੇ ਸੀ ਬੀ ਕਬਰਾਂ ਤੋੜਨ ਤੇ ਮਿੱਟੀ ਖੋਦਨ ਦਾ ਕੰਮ ਪਿੱਛਲੇ ਮਹੀਨੇ ਤੋਂ ਕਰ ਰਹੀ ਹੈ। ਜੋੜੀਆਂ ਦੇ ਸਰਪੰਚ ਤੇ ਅਖਨੂਰ ਦੇ ਮੰਤਰੀ ਨੇ ਮਿਲ ਕੇ ਇੱਟਾਂ ਦਾ ਭੱਠਾ ਲਾਇਆ ਹੈ। ਦੋਵੇਂ ਭਾਈਵਾਲ ਹਨ। ਸ਼ੰਕਰ ਸਰਪੰਚ ਦਾ ਹੀ ਪੁੱਤਰ ਹੈ ਤੇ ਭੱਠੇ ਦਾ ਕੰਮ ਸੰਭਾਲਦਾ ਹੈ ਅਤੇ ਮੁਰਦਿਆਂ ਦੀਆਂ ਕਬਰਾਂ ਦੀ ਮਿੱਟੀ ਨਾਲ ਇੱਟਾਂ ਬਣਾ ਕੇ ਵੇਚਦਾ ਹੈ। ਰੱਬ ਦਾ ਡਰ ਖੌਫ਼ ਹੀ ਨਹੀਂ ਰਿਹਾ। ਤੋਬਾ-ਤੋਬਾ! ਕੀ ਵੇਲਾ ਆ ਗਿਆ ਹੈ। ਠੀਕ ਹੈ ਕਿ ਭੱਠੇ ਵਾਲੇ ਆਪਣਾ ਰਿੱਜਕ ਮਿੱਟੀ ਤੇ ਅੱਗ ਤੋਂ ਹੀ ਕਸ਼ੀਦ ਕਰਦੇ ਹਨ ਪਰ ਕਬਰਾਂ ਦੀ ਮਿੱਟੀ ਨਾਲ ਬਣੀ ਇੱਟਾਂ ਦੀ ਕਮਾਈ ਖਾਂਦਿਆਂ ਇਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ। ਇਹ ਅਨਰਥ ਦੇਖ ਕੇ ਮੇਰਾ ਜ਼ਮੀਰ ਜਾਗ ਪਿਆ ਤੇ ਮੈਂ ਚਾਚੇ ਦੀਨੇ ਦੀਆਂ ਹੱਡੀਆਂ ਇਕੱਠੀਆਂ ਕੀਤੀਆਂ ਤੇ ਤੁਹਾਨੂੰ ਦੱਸਣ ਆ ਗਿਆ। ਤੁਸੀਂ ਮੇਰੇ ਨਾਲ ਚਲੋ ਤੇ ਆਪਣੀ ਅੱਖੀਂ ਮੌਕਾ ਮੁਲਾਜ਼ਾ ਕਰੋ।"

ਬਾਬੇ ਨੂਰੇ ਦੀਆਂ ਗੱਲਾਂ ਸੁਣ ਕੇ ਅਤੇ ਇਕ ਮਰੇ ਬੰਦੇ ਦੀਆਂ ਹੱਡੀਆਂ ਦੇਖ ਕੇ ਮੈਨੂੰ ਡਾਢਾ ਵੱਟ ਚੜ੍ਹਿਆ। ਮੈਂ ਵਕਫ਼ ਬੋਰਡ ਦੇ ਫੀਲਡ ਇੰਸਪੈਕਟਰ ਨੂੰ ਬੁਲਾਇਆ ਤੇ ਬਾਬੇ ਨੂੰ ਨਾਲ ਲੈ ਕੇ ਤਹਿਸੀਲਦਾਰ ਅਖਨੂਰ ਦੇ ਦਫ਼ਤਰ ਪਹੁੰਚ ਗਿਆ। ਉੱਥੋਂ ਤਹਿਸੀਲਦਾਰ, ਨਾਇਬ-ਤਹਿਸੀਲਦਾਰ, ਪਟਵਾਰੀ ਤੇ ਥਾਣੇਦਾਰ ਨਾਲ ਖੌੜ ਦੇ ਕਬਰਸਤਾਨ ਅਪੜਿਆ। ਮੈਂ ਵੇਖਿਆ ਕਿ ਬਾਬਾ ਨੂਰਾ ਠੀਕ ਕਹਿ ਰਿਹਾ ਸੀ। ਸ਼ੰਕਰ ਹਰਾਮਜ਼ਾਦੇ ਨੇ ਤਾਂ ਅੱਧਾ ਕਬਰਸਤਾਨ ਪੁੱਟ ਛੱਡਿਆ ਸੀ। ਪੰਦਰਾ-ਵੀਹ ਫੁੱਟ ਤੱਕ ਡੂੰਘੀ ਖੁਦਾਈ ਕੀਤੀ ਜਾ ਚੁੱਕੀ ਸੀ। ਕਬਰਾਂ ਤੇ ਲੱਗੀਆਂ

ਸਿੱਲਾਂ ਤੇ ਮੁਰਦਿਆਂ ਦੀਆਂ ਹੱਡੀਆਂ ਦਾ ਢੇਰ ਦੂਰ ਇਕ ਨੁਕਰੇ ਪਿਆ ਸੀ। ਜੇ ਸੀ ਬੀ ਕਬਰਾਂ ਪੁੱਟਣ ਤੇ ਮਿੱਟੀ ਕੱਢਣ ਦਾ ਕੰਮ ਬਰਾਬਰ ਕਰ ਰਹੀ ਸੀ। ਮੇਰੇ ਹੁਕਮ 'ਤੇ ਜੇ ਸੀ ਬੀ ਜ਼ੱਬਤ ਕਰ ਲਈ ਗਈ ਤੇ ਥਾਣੇਦਾਰ ਨੇ ਚੌਂਕੀ ਅਫ਼ਸਰ ਨੂੰ ਕਿਹਾ ਕਿ ਉਹ ਸ਼ੰਕਰ ਨੂੰ ਬੁਲਾਉਣ ਲਈ ਦੋ ਸਿਪਾਹੀ ਭੇਜੇ। ਅੱਧੇ ਘੰਟੇ ਮਗਰੋਂ ਸਿਪਾਹੀ ਬਦਬਖ਼ਤ ਸ਼ੰਕਰ ਨੂੰ ਫੜ ਕੇ ਲਿਆਏ। ਉਸਨੇ ਚਿੱਟੀ ਪੈਂਟ, ਚਿੱਟੀ ਕਮੀਜ਼ ਤੇ ਚਿੱਟੇ ਬੂਟ ਪਾਏ ਹੋਏ ਸਨ। ਉਂਗਲਾਂ ਵਿਚ ਸੋਨੇ ਤੇ ਹੀਰੇ ਦੀਆਂ ਛਾਪਾਂ ਤੇ ਗਲੇ ਵਿਚ ਘੱਟੋ-ਘਟ ਦਸ ਤੋਲੇ ਦੀ ਚੈਨੀ ਪਾਈ ਹੋਈ ਸੀ। ਉਸਨੇ ਆਉਂਦਿਆਂ ਹੀ ਥਾਣੇਦਾਰ ਨੂੰ ਪੁੱਛਿਆ-

"ਮੈਨੂੰ ਕਿਉਂ ਬੁਲਾਇਆ ਜੇ ਥਾਣੇਦਾਰ ਸਾਹਿਬ?"

ਥਾਣੇਦਾਰ ਨੇ ਮੇਰੇ ਵੱਲ ਇਸ਼ਾਰਾ ਕਰਦਿਆਂ ਕਿਹਾ, "ਤੈਨੂੰ ਡੀ ਸੀ ਸਾਹਿਬ ਨੇ ਬੁਲਾਇਆ ਹੈ।"

"ਦੱਸੋ ਜਨਾਬ ਕੀ ਹੁਕਮ ਹੈ?" ਉਸਨੇ ਗਰਧਨ ਅਕੜਾ ਕੇ ਮੇਰੇ ਤੋਂ ਪੁੱਛਿਆ।

"ਇਹ ਕਬਰਾਂ ਤੂੰ ਪੁਟੀਆਂ ਨੇ?"———— ਉਹਨੇ ਕੋਈ ਜਵਾਬ ਨਹੀਂ ਦਿੱਤਾ।

"ਇਹ ਕਬਰਸਤਾਨ ਤੇਰੇ ਪਿਉ ਦੀ ਜਾਗੀਰ ਹੈ?"

"ਜਨਾਬ! ਮੇਰੇ ਪਿਉ ਤੀਕਰ ਪੁੱਜਣ ਦੀ ਲੋੜ ਨਹੀਂ, ਤੁਸੀਂ ਮੇਰੇ ਨਾਲ ਗੱਲ ਕਰੋ।"

"ਮੈਂ ਤੈਨੂੰ ਪੁੱਛ ਰਿਹਾ ਹਾਂ ਕਿ ਇਹ ਕਬਰਾਂ ਤੂੰ ਪੁਟੀਆਂ ਨੇ?" ਅੱਗੋਂ ਕੋਈ ਜਵਾਬ ਨਹੀਂ ਮਿਲਿਆ। ਉਹ ਚੁੱਪ-ਚੁਪੀਤੇ ਮੱਥੇ ਤਿਉੜੀਆਂ ਚਾੜ ਕੇ ਮੈਨੂੰ ਘੂਰਦਾ ਰਿਹਾ ਪਰ ਬੋਲਿਆ ਕੁੱਝ ਨਹੀਂ।

"ਖ਼ੰਜ਼ੀਰ ਦਿਆ ਪੁੱਤਰਾ, ਮੈਂ ਤੈਨੂੰ ਪੁੱਛ ਰਿਹਾ ਹਾਂ।"

"ਗਾਲ੍ਹ ਨਾ ਕੱਢੋ ਸਾਹਿਬ। ਆਪਣੇ ਓਹਦੇ ਦਾ ਨਾਜਾਇਜ਼ ਫ਼ਾਇਦਾ ਨਹੀਂ ਚੁੱਕੋ। ਅਦਾਲਤਾਂ ਖੁੱਲ੍ਹੀਆਂ ਨੇ, ਜਾਉ ਮੇਰੇ ਖ਼ਿਲਾਫ਼ ਕੇਸ ਕਰੋ।"

ਮੈਂ ਗੁੱਸੇ ਨਾਲ ਤਪਿਆ, ਉਸਨੂੰ ਚਪੇੜ ਮਾਰੀ ਨਾਲੇ ਤਿੰਨ-ਚਾਰ ਠੁੱਡੇ ਵੀ ਮਾਰੇ। ਮੈਨੂੰ ਵੇਖ ਕੇ ਮੇਰੇ ਬਾਡੀਗਾਰਡ ਨੇ ਵੀ ਉਸਦੀ ਵਾਹਵਾ ਛਿਤਰੋਲ ਕੀਤੀ।

"ਹਰਾਮ ਦਿਆ ਪੁੱਤਰਾ! ਮੜ੍ਹੀ ਮਸਾਨਾ ਤੇ ਕਬਰਸਤਾਨਾਂ ਦਾ ਆਦਰ ਕਰਨਾ ਰੱਬ ਦਾ ਸ਼ੁਕਰਾਨਾ ਹੁੰਦਾ ਹੈ ਪਰ ਤੂੰ ਕਬਰਾਂ ਦੀ ਮਿੱਟੀ ਨਾਲ ਇੱਟਾਂ ਬਣਾ ਕੇ ਵੇਚਣਾ ਐਂ। ਤੈਨੂੰ ਮੌਤ ਯਾਦ ਨਹੀਂ । ਤੂੰ ਇਨਸਾਨ ਹੈਂ ਜਾਂ ਬਘਿਆੜ? ਤੂੰ

ਮਾਂ ਦੀ ਕੁੱਖ 'ਚੋਂ ਜੰਮਿਆ ਹੈਂ ਜਾਂ ਪੱਥਰ ਤੋਂ ਨਿਕਲਿਆ ਹੈਂ ? ਖ਼ਬੀਸਾ! ਤੂੰ ਆਪਣੇ ਕਾਰੋਬਾਰ ਲਈ ਕਬਰਸਤਾਨ ਪੁੱਟ ਮਾਰਿਆ। ਬੇਸ਼ਰਮਾ, ਅਤਿ ਖ਼ੁਦਾ ਦਾ ਵੈਰ ਹੁੰਦਾ ਹੈ।"

"ਜਨਾਬ ਮੁਆਫ਼ੀ ਦੇ ਦਿਉ। ਇਹ ਸਾਰੀ ਥਾਂ ਵਿਰਾਨ ਸੀ। ਕੋਈ ਵਾਰਿਸ ਨਹੀਂ ਸੀ। ਜਿਸੇ ਨੇ ਇਤਰਾਜ਼ ਵੀ ਨਹੀਂ ਕੀਤਾ। ਇਸ ਲਈ।"

ਇਸ ਲਈ ਤੂੰ ਕਬਰਸਤਾਨ ਦੀਆਂ ਧੂੜਾਂ ਪੁੱਟ ਛੱਡੀਆਂ। ਕਿਹ ਵੇਲਾ ਆ ਗਿਆ ਹੈ, ਇਨਸਾਨੀ ਕਦਰਾਂ ਕੀਮਤਾਂ ਹੀ ਮੁੱਕ ਗਈਆਂ ਹਨ। ਅੱਜ ਹਾਲਤ ਇਹ ਹੋ ਗਈ ਹੈ ਕਿ ਭੂਤਾਂ ਨੂੰ ਕੀ ਲੱਗੇ ਤਬੂਤਾਂ ਨਾਲ। ਬਾਬਾ! ਤੇਰਾ ਧੰਨਵਾਦ। ਤੂੰ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਨੇ। ਤੇਰੇ ਜਿਹੇ ਲੋਕਾਂ ਕਾਰਨ ਹੀ ਮਨੁੱਖਤਾ ਹਾਲੇ ਜ਼ਿੰਦਾ ਹੈ। ਬਾਬਾ ਤੂੰ ਅੱਜ ਆਪਣੇ ਪੁਰਖਾਂ ਦੀ ਸੰਗਤ ਦੀ ਸਜਨਾਈ ਦਾ ਸਦਕਾ ਉਤਾਰਿਆ ਹੈ। ਤੇਰਾ ਸ਼ੁਕਰੀਆ।"

"ਪੁੱਤਰਾ! ਮੈਂ ਘੁਣ ਲੱਗਾ ਰੁੱਖ ਹਾਂ, ਰੱਬੀ ਆਸਰੇ ਖਲੋਤਾ। ਖੌਰੇ ਕਦੋਂ ਢਹਿ ਪਵਾਂ। ਮੇਰੇ ਵਾਂਗਰ ਇਸ ਕਬਰਸਤਾਨ ਦੇ ਮੁਰਦਿਆਂ ਦੀਆਂ ਰੂਹਾਂ ਵੀ ਕੁਰਲਾ ਰਹੀਆਂ ਹੋਣਗੀਆਂ। ਇਸ ਲਈ ਤੂੰ ਆਪਣਾ ਫ਼ਰਜ਼ ਨਿਭਾ ਤੇ ਸ਼ੰਕਰ ਜਿਹੇ ਨਾਮੁਰਾਦਾਂ ਨੂੰ ਸਬਕ ਸਿਖਾ।"

ਮੈਂ ਥਾਣੇਦਾਰ ਨੂੰ ਲਿਖਤੀ ਹੁਕਮ ਦਿੱਤਾ ਕਿ ਉਹ ਸ਼ੰਕਰ ਦੇ ਖ਼ਿਲਾਫ਼ ਕੇਸ ਦਰਜ ਕਰੇ। ਉਹਨੂੰ ਗ੍ਰਿਫਤਾਰ ਕਰਕੇ ਚਲਾਨ ਅਦਾਲਤ ਵਿਚ ਪੇਸ਼ ਕਰੇ। ਵਕਫ਼ ਬੋਰਡ ਦੇ ਫੀਲਡ ਇੰਸਪੈਕਟਰ ਨੂੰ ਹਦਾਇਤ ਕੀਤੀ ਕਿ ਉਹ ਕਬਰਸਤਾਨ ਦੀ ਪੱਕੀ ਚਾਰਦੀਵਾਰੀ ਕਰਵਾਏ ਅਤੇ ਚੌਕੀਦਾਰੀ ਲਈ ਮੁਲਾਜ਼ਮ ਰੱਖੇ।

ਦੂਜੇ ਦਿਨ ਮੈਨੂੰ ਇਕ ਫੋਨ ਆਇਆ। ਉਹਨੇ ਬੜੇ ਗੁੱਸੇ ਨਾਲ ਮੈਨੂੰ ਪੁੱਛਿਆ, "ਤੂੰ ਡੀ ਸੀ ਬੋਲ ਰਿਹਾ ਹੈਂ ?"

"ਜੀ ਮੈਂ ਡੀ ਸੀ ਬੋਲ ਰਿਹਾ ਹਾਂ, ਦੱਸੋ।"

"ਤੈਨੂੰ ਕਿਸਨੇ ਇਹ ਇਖ਼ਤਿਆਰ ਦਿੱਤਾ ਹੈ ਕਿ ਤੂੰ ਇਕ ਸ਼ਰੀਫ਼ ਤੇ ਇਮਾਨਦਾਰ ਬੰਦੇ ਨਾਲ ਮਾਰ ਕੁਟਾਈ ਕਰੇਂ ਅਤੇ ਉਹਨੂੰ ਹਵਾਲਾਤ ਵਿਚ ਬੰਦ ਕਰਵਾਏਂ ?"

"ਤੂੰ ਕੌਣ ਬੋਲ ਰਿਹਾ ਹੈ ?"

"ਮੈਂ ਮਾਲ ਮੰਤਰੀ ਅਰਵਿੰਦ ਸ਼ਰਮਾ ਬੋਲ ਰਿਹਾ ਹਾਂ।"

"ਮੰਤਰੀ ਜੀ! ਤੁਹਾਨੂੰ ਡਿਪਟੀ ਕਮਿਸ਼ਨਰ ਦੇ ਇਖ਼ਤਿਆਰਾਂ ਦਾ ਪਤਾ ਹੋਣਾ ਚਾਹੀਦਾ ਹੈ। ਜੇ ਡੀ ਸੀ ਚਾਹਵੇ ਤਾਂ ਕਨੂੰਨ ਤੋੜਨ ਵਾਲੇ ਕਿਸੇ ਵੀ ਬੰਦੇ ਨੂੰ ਆਪਣੇ ਜ਼ਿਲੇ ਦੀ ਹਦੂਦ ਤੋਂ ਬਾਹਰ ਕੱਢ ਸਕਦਾ ਹੈ। ਫਿਰ ਉਹ ਭਾਵੇਂ ਮੰਤਰੀ ਹੀ

ਕਿਉਂ ਨਾ ਹੋਵੇ।"

"ਤੂੰ ਬਕਵਾਸ ਨਾ ਕਰ। ਮੈਨੂੰ ਕਨੂੰਨ ਦੱਸਣ ਦੀ ਲੋੜ ਨਹੀਂ। ਮੈਂ ਸਭ ਜਾਣਦਾ ਹਾਂ। ਬਸ ਤੂੰ ਸ਼ੰਕਰ ਦੀ ਰਿਹਾਈ ਦਾ ਹੁਕਮ ਦੇ। ਨਹੀਂ ਤਾਂ ਕੱਲ ਤੱਕ ਤੈਨੂੰ ਖੁੱਧੇ ਵਾੜ ਕੇ ਤੇਰੀ ਹੈਂਕੜ ਭੰਨ ਦਿਆਂਗਾ।"

"ਜ਼ੁਬਾਨ ਸੰਭਾਲ ਕੇ ਗੱਲ ਕਰ। ਬਕਬਾਸ ਤੂੰ ਕਰ ਰਿਹਾ ਹੈਂ। ਕਬਰਾਂ ਦੀ ਬੇਹੁਰਮਤੀ ਤੇ ਕਬਰਸਤਾਨ ਦੀ ਖੁਦਾਈ ਕਰਨ ਅਤੇ ਉਹਦੀ ਮਿੱਟੀ ਨਾਲ ਇੱਟਾਂ ਬਣਾਉਣ ਦੇ ਜ਼ੁਰਮ ਵਿਚ ਉਸਦਾ ਚਲਾਨ ਅਦਾਲਤ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਤੂੰ ਅਦਾਲਤ ਦਾ ਬੂਹਾ ਖੜਕਾ ਜਾ ਕੇ। ਤੂੰ ਸੁਣਿਆ ਨਹੀਂ ਹੈ ਕਿ ਤੁਰਸ਼ ਆਦਮੀ ਦਾ ਸ਼ਹਿਦ ਵੀ ਕੌੜਾ ਹੁੰਦਾ ਹੈ। ਬਾਕੀ ਮੈਂ ਤੇਰੀਆਂ ਕਰਤੂਤਾਂ ਜਾਣਦਾ ਹਾਂ। ਇਹ ਗੱਲ ਯਾਦ ਰੱਖੀਂ ਕਿ ਲਿੱਸੇ ਤੇ ਬੁੱਢੇ ਸ਼ੇਰ ਦੇ ਯਾਰ ਕੁੱਤੇ, ਗਿੱਦੜ ਤੇ ਬਘਿਆੜ ਹੁੰਦੇ ਹਨ। ਇਸ ਲਈ ਜੀਭ ਤੇ ਤੱਤਾ ਕੋਲ਼ਾ ਨਹੀਂ ਰੱਖਿਆ ਕਰ। ਮੇਰੇ ਲਈ ਆਦਰਯੋਗ ਤਾਂ ਬਾਬਾ ਨਵਰਾਜ ਸੰਧੂ ਹੈ ਜਿਸਨੇ ਕਨੂੰਨ ਦੀ ਰੱਖਿਆ ਕਰਦਿਆਂ ਹੋਇਆਂ ਆਪਣੇ ਜ਼ਮੀਰ ਤੇ ਮਨੁੱਖਤਾ ਦਾ ਝੰਡਾ ਉੱਚਾ ਰੱਖਿਆ ਹੈ। ਮੈਨੂੰ ਧਮਕੀਆਂ ਦੇਣ ਦੀ ਥਾਂ ਅਦਾਲਤ ਵਿਚ ਜਾ।" ਮੇਰੀ ਗੱਲ ਸੁਣ ਕੇ ਮੰਤਰੀ ਯਰਕ ਗਿਆ ਤੇ ਫ਼ੋਨ ਬੰਦ ਕਰ ਦਿੱਤਾ।

ਦੁਪਹਿਰ ਵੇਲੇ ਜੱਦ ਮੈਂ ਆਪਣੇ ਦਫ਼ਤਰ ਦੇ ਕੰਮਾਂ ਵਿਚ ਰੁੱਝਿਆ ਹੋਇਆ ਸਾਂ ਤਾਂ ਚੀਫ਼ ਸੈਕਟਰੀ ਸਾਹਿਬ ਦਾ ਬੁਲਾਵਾ ਆ ਗਿਆ। ਮੈਂ ਸਮਝ ਗਿਆ ਕਿ ਮੰਤਰੀ ਦੇ ਕ੍ਰੋਧ ਦੀ ਹਾਂਡੀ ਉਬਲ ਰਹੀ ਹੋਵੇਗੀ ਪਰ ਮੈਂ ਜਾਣਦਾ ਸਾਂ ਕਿ ਹਾਂਡੀ ਦਾ ਛੱਲਾ ਤੇ ਤਵੇ ਦਾ ਥੱਲਾ ਹਮੇਸ਼ਾਂ ਕਾਲਾ ਹੀ ਰਹਿੰਦਾ ਹੈ। ਜੱਦ ਮੈਂ ਚੀਫ਼ ਸੈਕਟਰੀ ਸਾਹਿਬ ਦੇ ਰੂ-ਬ-ਰੂ ਹੋਇਆ ਤਾਂ ਉਹਨਾ ਮੈਨੂੰ ਗੁੱਸੇ 'ਚ ਪੁੱਛਿਆ-

"ਕਿ ਤੂੰ ਮੰਤਰੀ ਜੀ ਨੂੰ ਗਾਲ੍ਹਾਂ ਕੱਢੀਆਂ ਹਨ ਅਤੇ ਉਹਨਾਂ ਦੇ ਇਕ ਵਰਕਰ ਨੂੰ ਹਵਾਲਾਤ ਵਿਚ ਬੰਦ ਕਰਵਾਇਆ ਹੈ ?"

"ਸਰ ! ਗਾਲ੍ਹਾਂ ਮੈਂ ਨਹੀਂ ਸਗੋਂ ਮੰਤਰੀ ਨੇ ਕੱਢੀਆਂ ਸਨ। ਘਟੀਆ ਭਾਸ਼ਾ ਦਾ ਪ੍ਰਯੋਗ ਕਰਦਿਆਂ ਹੋਇਆਂ ਉਸਨੇ ਮੈਨੂੰ ਖੁੱਧੇ ਵਾੜਨ ਦੀ ਧਮਕੀ ਵੀ ਦਿੱਤੀ ਸੀ। ਮੈਂ ਮਰਿਯਾਦਾ ਦੇ ਦਾਇਰੇ ਵਿਚ ਰਹਿੰਦਿਆਂ ਹੋਇਆਂ ਉਹਨੂੰ ਸਿਰਫ਼ ਜਵਾਬ ਦਿੱਤਾ ਸੀ। ਉਸਨੇ ਮੈਨੂੰ ਕਿੱਕਰ ਕੰਡਾ ਕਿਹਾ ਤੇ ਆਪਣੇ ਆਪ ਨੂੰ ਟਾਹਲੀ ਦਾ ਰੁੱਖ। ਮੈਂ ਵੀ ਉੱਤਰ ਦਿੱਤਾ ਕਿ ਤੂੰ ਕੱਚੀ ਮਿੱਟੀ ਦਾ ਠੂਠਾ ਹੈਂ ਤੇ ਦੋ ਛੱਲਾਂ ਦੀ ਮਾਰ ਨਹੀਂ ਸਹਿ ਸਕਦਾ। ਜਦਕਿ ਮੈਂ ਸਿਲਵਰ ਦਾ ਛੰਨਾ ਹਾਂ ਅਤੇ ਠੂਠੇ ਤੇ ਛੰਨੇ ਦਾ ਕੀ ਮੇਲ।"

ਫਿਰ ਮੈਂ ਚੀਫ਼ ਸੈਕਟਰੀ ਸਾਹਿਬ ਨੂੰ ਸਾਰੀ ਘਟਨਾ ਬਾਰੇ ਤਫ਼ਸੀਲੀ ਰਿਪੋਰਟ

ਦਿੱਤੀ ਅਤੇ ਭੱਠੇ ਵਿਚ ਮੰਤਰੀ ਦੀ ਭਾਈਵਾਲੀ ਦੇ ਸਬੂਤ ਵੀ ਦਿੱਤੇ। ਚੀਫ਼ ਸੈਕਟਰੀ ਸਾਹਿਬ ਨੇ ਮੇਰੀ ਬਾਂਹ ਫੜੀ ਤੇ ਮੈਨੂੰ ਮੁੱਖ ਮੰਤਰੀ ਸਾਹਿਬ ਦੇ ਕਮਰੇ ਵਿਚ ਲੈ ਗਏ। ਉਹਨਾਂ ਨੇ ਮੰਤਰੀ ਦੀਆਂ ਸਾਰੀਆਂ ਕਰਤੂਤਾਂ ਦਾ ਭਾਂਡਾ ਫੋੜਿਆ। ਚੀਫ਼ ਮਨਿਸਟਰ ਸਾਹਿਬ ਨੇ ਆਪਣੇ ਮੰਤਰੀ ਨੂੰ ਲਾਅਨਤਾਂ ਤੇ ਮਲਾਮਤਾਂ ਕੀਤੀਆਂ ਤੇ ਫਿਰ ਕਹਿਣ ਲੱਗੇ-

"ਮੈਂ ਅਜਿਹੇ ਕਮੀਨੇ ਤੇ ਘਟੀਆ ਬੰਦੇ ਨੂੰ ਆਪਣੀ ਕੈਬਨਿਟ ਵਿਚ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦਾ। ਮੈਂ ਕਲ੍ਹ ਹੀ ਕੈਬਨਿਟ ਦੀ ਮੀਟਿੰਗ ਵਿਚ ਸਾਰਿਆਂ ਵਜ਼ੀਰਾਂ ਸਾਹਮਣੇ ਇਸਨੂੰ ਜ਼ਲੀਲ ਕਰਾਂਗਾ ਤੇ ਫਿਰ ਉਸ ਤੋਂ ਤਿਆਗ ਪੱਤਰ ਮੰਗਾਂਗਾ।" ਚੀਫ਼ ਸੈਕਟਰੀ ਨੇ ਮੇਰੀ ਪਿੱਠ ਥੱਪ-ਥਪਾਈ ਤੇ ਮੈਨੂੰ ਬੇਖ਼ੌਫ਼ੀ ਨਾਲ ਆਪਣੀ ਡਿਊਟੀ ਕਰਨ ਦੀ ਹਦਾਇਤ ਕੀਤੀ।

ਫਿਰ ਕੁਝ ਚਿਰ ਮਗਰੋਂ ਮੈਨੂੰ ਖੁੱਡੇ ਲਾਇਨ ਲਾ ਦਿੱਤਾ ਗਿਆ ਤੇ ਇਕ ਫ਼ਜ਼ੂਲ ਜਿਹੀ ਕਾਰਪੋਰੇਸ਼ਨ ਦਾ ਚੇਅਰਮੈਨ ਬਣਾ ਦਿੱਤਾ ਗਿਆ ਅਤੇ ਇੰਝ ਇਹ ਸਾਬਿਤ ਕਰ ਦਿੱਤਾ ਗਿਆ ਕਿ ਅੱਜ ਦੀ ਦੋਗਲੀ ਰਾਜਨੀਤੀ ਵਿਚ ਰਾਜ ਧਰਮ ਦਾ ਕਾਲ ਪਿਆ ਹੋਇਆ ਹੈ ਤੇ ਸਿਆਸਤ ਦੇ ਤੇਲੀ ਸੱਚ ਦੇ ਬੇਲੀ ਨਹੀਂ ਹੁੰਦੇ। ਕਿਉਂ ਜੋ ਮੰਤਰੀ ਸਾਹਿਬ ਅੱਜ ਵੀ ਮੁੱਖ ਮੰਤਰੀ ਦੀ ਕੈਬਨਿਟ ਦੇ ਹਰਮਨ ਪਿਆਰੇ ਵਜ਼ੀਰ ਹਨ ਤੇ ਕੌਮ ਦੀ ਸੇਵਾ ਕਰ ਰਹੇ ਹਨ।

•

# ਰੂਹ ਨਗਰ ਦਾ ਸਫ਼ਰਨਾਮਾ

ਮੈਂ ਲੱਲਮਾਂ ਤੇ ਨੰਦਰਿਸ਼ੀ ਦਾ ਚੇਲਾ ਰੋਜ਼ ਸੁੱਤਿਆਂ-ਜਾਗਦਿਆਂ ਉਨ੍ਹਾਂ ਨਾਲ ਗੱਲਾਂ ਕਰਦਾ ਰਹਿਨਾ ਵਾਂ। ਉਹ ਆਪਣੇ ਸਵਰਗ ਵਿਚ ਨਰਕ ਦੇ ਭਾਂਬੜ ਵੇਖ-ਵੇਖ ਕੇ ਚੋਖੇ ਦੁਖੀ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਧਰਮਾਂ ਨੂੰ ਇਕ-ਦੂਜੇ ਦੇ ਨੇੜੇ ਲਿਆਉਣ ਲਈ ਰੱਜ ਉਪਰਾਲੇ ਕੀਤੇ ਅਤੇ ਲੁਕਾਈ ਨੇ ਵੀ ਉਨ੍ਹਾਂ ਨੂੰ ਆਦਰ ਦਿੱਤਾ। ਸੱਚੇ ਮਨ ਨਾਲ ਵਲੀ ਤੇ ਅਵਤਾਰ ਮੰਨਿਆ, ਕਿਉਂ ਜੋ ਉਨ੍ਹਾਂ ਲਈ ਧਰਮ ਤੇ ਜ਼ਾਤਾਂ ਦੀਆਂ ਵੰਡੀਆਂ ਪਾਉਣਾ ਕੁਫ਼ਰ ਬਰਾਬਰ ਸੀ। ਉਹ ਹੈਰਾਨ ਹਨ ਕਿ ਲੋਕਾਈ ਸਿੱਧੇ ਰਾਹੇ ਚਲਦੇ-ਚਲਦੇ ਕਿੰਝ ਕੁਰਾਹੇ ਪੈ ਗਈ। ਉਹ ਪ੍ਰੇਸ਼ਾਨ ਹਨ ਕਿ ਰਿਸ਼ੀਆਂ ਨੇ ਤਾਂ ਸਦੀਆਂ ਤੋਂ ਗੰਢ ਤਰੁੱਪ ਕਰਨ ਅਤੇ ਜੋੜਨ ਦਾ ਉਪਰਾਲਾ ਕੀਤਾ, ਪਰ ਧਰਮਾਂ ਦੇ ਨਾਂ 'ਤੇ ਲੱਠ-ਬਰਦਾਰ ਕਿੰਝ ਬਾਂਦਰ-ਕਿੱਲਾ ਖੇਡਣ ਲੱਗ ਪਏ। ਕਿੰਝ ਧਰਮਾਂ ਦੇ ਨਵੇਂ ਰੂਪ ਤੇ ਸਰੂਪ ਸਾਹਮਣੇ ਆਉਣ ਲੱਗੇ ਅਤੇ ਕਿੰਝ ਵਹਾਬੀਆਂ ਤੇ ਬਜਰੰਗੀਆਂ ਮਨੁੱਖਤਾ ਨੂੰ ਸੂਲ਼ੀ ਟੰਗ ਦਿੱਤਾ। ਇਨ੍ਹਾਂ ਅਜਿਹਾ ਡਾਂਗ-ਸੋਟਾ ਚਲਾਇਆ ਕਿ ਸਾਂਝ ਪਿਆਰ ਦੇ ਘਰ ਅੱਗ ਦੇ ਬੁਖ਼ਾਰ ਨਾਲ ਤਪਣ ਲੱਗੇ। ਸਿੱਟੇ ਵਜੋਂ ਖ਼ਲਕਤ ਖਿਲਰ-ਪੁਲਰ ਗਈ। ਨਫ਼ਰਤ ਤੇ ਹੀਣਤਾ ਹਰ ਪਾਸੇ ਫੈਲ ਗਈ, ਪਰ ਉਹ ਇਸ ਗੱਲ 'ਤੇ ਖ਼ੁਸ਼ ਵੀ ਹਨ ਕਿ ਵਰ੍ਹਿਆਂ ਤੀਕਰ ਤੰਬੂਵਾਸ ਤੇ ਝੁੱਗੀਵਾਸ ਹੋਣ ਦੇ ਬਾਵਜੂਦ ਵੀ ਇਨ੍ਹਾਂ ਦੇ ਪਿਛਲੱਗ ਸਾਂਗੇ ਹਾਲੀ ਵੀ ਹਰੇ ਨੇ। ਬੇਸ਼ੱਕ ਇਨ੍ਹਾਂ ਦੇ ਕੁੱਝ ਅਖੌਤੀ ਲਾਈਲੱਗ ਲੰਬੜਾਂ ਦਾ ਸਾੜ ਮੁੱਕਦਾ ਨਹੀਂ ਅਤੇ ਇਹ ਹਸੱਦ ਤੇ ਬੁਖ਼ਲ ਦੀ ਅੱਗ ਬਾਲੀ ਰੱਖਣਾ ਚਾਹੁੰਦੇ ਹਨ। ਇਹ ਵਡੇਰੇ ਆਪਣੇ ਸਵਾਰਥਾਂ ਲਈ ਸਾਂਝਾਂ ਵਿਚ ਪਈਆਂ ਗੰਢਾਂ ਖੋਲ੍ਹਣ ਹੀ ਨਹੀਂ ਦਿੰਦੇ। ਦੂਜੇ ਪਾਸੇ ਡਰ, ਖ਼ੌਫ਼, ਬੇਵਸੀ ਤੇ ਉਦਾਸੀ ਨੇ ਜਿਨ੍ਹਾਂ ਦੀਆਂ ਨੀਂਦਰਾਂ ਹਰਾਮ ਕੀਤੀਆਂ ਹੋਈਆਂ ਹਨ ਅਤੇ ਪ੍ਰਸ਼ਾਸਨ ਨੇ ਜਿਨ੍ਹਾਂ ਦੀਆਂ ਬਹਾਰਾਂ ਲੁੱਟ ਲਈਆਂ ਨੇ, ਉਹ ਵੀ ਦਿਲ ਦੀ ਬੁਗਣੀ ਵਿਚ ਸਕੂਨ ਤੇ ਅਮਨ ਸ਼ਾਂਤੀ ਦੀ ਦੌਲਤ ਭਰਨੀ ਚਾਹੁੰਦੇ ਨੇ, ਪਰ ਉਨ੍ਹਾਂ ਦੇ ਕੁਝ ਸਿੱਧੜ ਤੇ ਅਯਾਣ ਉਮਰ ਬਾਲਾਂ ਨੇ ਧਰਮ ਦੇ ਮੋਢੇ ਚੜ੍ਹ ਕੇ ਬੜੀ ਅੱਤ ਚੁੱਕੀ ਹੋਈ ਹੈ ਤੇ ਉਹ ਮੌਤ ਨਾਲ ਮਖੌਲ ਕਰਦੇ ਰਹਿੰਦੇ ਨੇ, ਜਿਸ ਕਾਰਣ ਲੋਕਾਂ ਦੇ ਘਰ ਤੇ ਕਲੇਜੇ ਸੜਦੇ ਫਕੋਂਦੇ ਰਹਿੰਦੇ ਹਨ ਤੇ ਦੁੱਖ-

ਦਰਦ ਉਨ੍ਹਾਂ ਨੂੰ ਸੌਣ ਨਹੀਂ ਦਿੰਦੇ। ਮੈਨੂੰ ਮੇਰੀ ਦੇਵੀ ਮਾਂ ਤੇ ਮੇਰੇ ਮੁਰਸ਼ਦ ਨੇ ਸਮਝਾਇਆ ਤੇ ਕਿਹਾ ਕਿ ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਤੇ ਹਦਾਇਤ ਕੀਤੀ ਕਿ ਪਿਆਰ ਸਮੁੰਦਰ ਸੁੱਕਣ ਨਾ ਦੇਵੀਂ, ਮਿੱਟੀ ਦਾ ਮੋਹ ਮੁੱਕਣ ਨਾ ਦੇਵੀਂ, ਸਾਂਝੀਆਂ ਜੜ੍ਹਾਂ ਪੁੱਟਣ ਨਾ ਦੇਵੀਂ। ਉਨ੍ਹਾਂ ਕਿਹਾ ਕਿ ਬਾਗੜ ਬਿੱਲਿਆਂ ਨੂੰ ਨੰਗਿਆਂ ਕਰ ਦੇ ਤੇ ਖਲਕਤ ਨੂੰ ਸਤਰੰਗਿਆਂ ਕਰ ਦੇ।

ਉਨ੍ਹਾਂ ਮੈਨੂੰ ਕੌੜੀਆਂ-ਕੁਸੈਲੀਆਂ ਤੇ ਖੰਡ-ਮਿੱਠੀਆਂ ਰੂਹਾਂ ਨਾਲ ਭਰੀ ਇਕ ਪੋਟਲੀ ਦਿੱਤੀ ਤੇ ਕਿਹਾ ਕਿ ਨਫ਼ਰਤ ਤੇ ਕ੍ਰੋਧ ਵਾਲੀਆਂ ਰੂਹਾਂ ਅਤੇ ਦੁੱਧ ਸ਼ੱਕਰ ਵਿਚ ਘੁਲ਼ੀਆਂ ਰੂਹਾਂ ਨੂੰ ਅੱਡ-ਅੱਡ ਕਰਾਂ ਤੇ ਇਨ੍ਹਾਂ ਨੂੰ ਅਧਰਮੀ ਰਾਜਨੀਤੀ ਦੀ ਬਾਂਦਰ ਵੰਡ ਤੋਂ ਬਚਾਵਾਂ ਅਤੇ ਸਮਝਾਵਾਂ ਕਿ ਆਪਣੀ ਮਿੱਟੀ ਨੂੰ ਇੰਨਾ ਨਾ ਖੋਤਰੋ ਕਿ ਉਹ ਵੇਲੇ ਤੋਂ ਪਹਿਲਾਂ ਖੋਲਾ ਨਾ ਬਣ ਜਾਏ ਤੇ ਧਰਤੀ ਬੰਜਰ ਹੋ ਜਾਏ।

ਚੌਖੇ ਚਿਰ ਤੀਕਰ ਮੈਂ ਇਸ ਪੋਟਲੀ ਨੂੰ ਨੂਰੀ ਰਿਸ਼ਮਾਂ ਵਾਲੇ ਹੁਜਰੇ ਵਿਚ ਸੰਭਾਲ ਕੇ ਰੱਖਿਆ- ਪਰ ਇਕ ਦਿਨ ਮੈਂ ਵੇਖਿਆ ਕਿ ਹੁਜਰੇ ਵਿਚ ਰਿਸ਼ਮਾਂ ਮੱਧਮ ਪੈ ਰਹੀਆਂ ਹਨ ਤੇ ਇਕ ਹਿੱਸੇ ਵਿਚ ਹਨੇਰਾ ਫੈਲ ਚੁੱਕਿਆ ਹੈ। ਮੈਂ ਡਰ ਗਿਆ ਤੇ ਤੁਰੰਤ ਹੁਜਰੇ ਦਾ ਬੂਹਾ ਖੋਲ੍ਹਿਆ। ਮੈਂ ਵੇਖਿਆ ਕਿ ਪੋਟਲੀ ਅੰਦਰ ਲੁਬਾਲ ਦੀ ਖ਼ੁਸ਼ਬੋ, ਨਫ਼ਰਤ ਦੀ ਬਦਬੋ ਵਿਚ ਅਲੋਪ ਹੋ ਰਹੀ ਹੈ। ਮੈਂ ਪੋਟਲੀ ਨੂੰ ਹੁਜਰੇ ਵਿਚੋਂ ਬਾਹਰ ਲਿਆਂਦਾ ਤੇ ਗੰਢ ਖੋਲ੍ਹ ਕੇ ਪੋਟਲੀ ਫਰੋਲਣ ਲੱਗਾ ਤਾਂ ਜੋ ਕੌੜੀਆਂ ਤੇ ਮਿੱਠੀਆਂ ਰੂਹਾਂ ਨੂੰ ਵੱਖ-ਵੱਖ ਕਰ ਸਕਾਂ। ਪੋਟਲੀ ਵਿਚ ਦੁਖ-ਦਰਦਾਂ, ਮੁਸੀਬਤਾਂ, ਨਮੋਸ਼ੀਆਂ, ਨਫ਼ਰਤਾਂ ਦੇ ਨਾਲ-ਨਾਲ ਦੋਸਤੀਆਂ, ਹਮਦਰਦੀਆਂ ਤੇ ਦਿਲਦਾਰੀਆਂ ਵਾਲੀਆਂ ਰੂਹਾਂ ਨੂੰ ਵੱਖ ਕਰਨ ਵਿਚ ਚੋਖਾ ਸਮਾਂ ਲੱਗਿਆ- ਨਫ਼ਰਤ ਨਾਲ ਭਰੀਆਂ ਜ਼ਹਿਰ ਕੌੜੀਆਂ ਰੂਹਾਂ ਨੂੰ ਮੈਂ ਇਕ ਪਾਸੇ ਰੱਖ ਕੇ ਸੋਚਣ ਲੱਗਾ ਕਿ ਇਨ੍ਹਾਂ ਦਾ ਦਾਰੂ ਕਿੰਝ ਕੀਤਾ ਜਾਵੇ। ਅਖ਼ੀਰ ਮੈਂ ਫੈਸਲਾ ਕੀਤਾ ਕਿ ਗੁੱਲ-ਬਕਾਉਲੀ ਤੇ ਸੰਜੀਵਨੀ ਬੂਟੀ ਨਾਲ ਇਨ੍ਹਾਂ ਦਾ ਇਲਾਜ ਕਰਾਂ ਤੇ ਇਨ੍ਹਾਂ ਅੰਦਰ ਜੰਮੀ ਕੁੜੱਤਣ ਨੂੰ ਖ਼ਤਮ ਕਰਕੇ ਇਨ੍ਹਾਂ ਦੀਆਂ ਸਧਰਾਂ ਤੇ ਤਾਂਘਾਂ ਨਾਲ ਜੁੜੀਆਂ ਮਹਿਰੂਮੀਆਂ ਨੂੰ ਦੂਰ ਕੀਤਾ ਜਾਏ, ਪਰ ਇਸ ਤੋਂ ਪਹਿਲਾਂ ਮੈਂ ਸਾਰੀਆਂ ਰੂਹਾਂ ਦਾ ਡੀ. ਐਨ. ਏ. ਕਰਾਇਆ ਤੇ ਪਤਾ ਚੱਲਿਆ ਕਿ ਇਹ ਸਭੇ ਇਕੋ ਨਸਲ, ਭਾਸ਼ਾ, ਸਭਿਆਚਾਰ ਤੇ ਵਸੇਬ ਨੂੰ ਹੰਢਾਉਣ ਵਾਲੀਆਂ ਕਸ਼ਮੀਰੀ ਰੂਹਾਂ ਨੇ। ਕੌੜੀਆਂ ਰੂਹਾਂ ਵਿਚੋਂ ਬਹੁਤਿਆਂ ਨੇ ਆਪਣੇ ਜ਼ਮੀਰ ਵੇਚ ਖਾਧੇ ਸਨ ਪਰ ਕੁਝ ਰੂਹਾਂ ਦਾ ਕ੍ਰੋਧ ਵਾਜ਼ਿਬ ਵੀ ਸੀ। ਮਿੱਠੀਆਂ ਰੂਹਾਂ ਦੇ ਜ਼ਮੀਰ ਜਾਗਦੇ ਸਨ ਅਤੇ ਇਹ ਆਪਣੇ ਦ੍ਰਿੜ ਵਿਸ਼ਵਾਸ ਨਾਲ ਆਪਣੀ ਨਸਲ, ਸਭਿਆਚਾਰ ਤੇ ਭਾਸ਼ਾ ਨਾਲ ਜੁੜੇ ਹੋਏ ਸਨ। ਸਬੂਤ ਵਜੋਂ ਮੈਂ ਇਨ੍ਹਾਂ ਵਿਚੋਂ ਕੁਝ ਅਨਮੋਲ ਕਸ਼ਮੀਰੀ ਰੂਹਾਂ ਤੁਹਾਡੇ ਰੂ-ਬ-ਰੂ ਕਰਾ ਰਿਹਾ ਹਾਂ,

ਕਿਉਂਕਿ ਅੱਜ ਦੇ ਸਾਇੰਸੀ ਯੁਗ ਵਿਚ ਮੀਡੀਆ ਦੇ ਸਾਰੇ ਮਾਧਿਅਮ ਝੂਠ ਦਾ ਕਾਰੋਬਾਰ ਚਲਾ ਰਹੇ ਹਨ। ਉਨ੍ਹਾਂ ਮੱਕਰ-ਚੱਕਰ ਦਾ ਅਜਿਹਾ ਜਾਲ਼ ਵਿਛਾਇਆ ਹੋਇਆ ਹੈ ਕਿ ਲੋਕਾਂ ਦੀ ਸੋਚਣ ਸ਼ਕਤੀ, ਅਕਲ ਤੇ ਸੂਝ ਮਾਰੀ ਗਈ ਹੈ। ਮੀਡੀਆ ਦੇ ਕਲਾਕਾਰਾਂ ਨੇ ਇੰਨੀ ਧਮਾਲ ਪਾਈ ਹੋਈ ਹੈ ਕਿ ਇਸ ਸ਼ੋਰ ਸ਼ਰਾਬੇ ਵਿਚ ਸੱਚ ਲੱਭਣਾ ਔਖਾ ਹੋ ਗਿਆ ਹੈ। ਸੂਝਵਾਨ ਅਤੇ ਹੱਕ-ਸੱਚ ਦੇ ਦਰਬਾਨ ਆਪਣੀ ਇੱਜ਼ਤ ਬਚਾਉਣ ਲਈ ਲੁਕਦੇ ਫਿਰਦੇ ਨੇ ਅਤੇ ਕਹਿੰਦੇ ਹਨ ਕਿ ਚੋਰਾਂ ਦੇ ਵਿਹੜੇ ਨੱਚੇ ਕਿਹੜਾ।

ਜਾਗਦੇ ਜ਼ਮੀਰ ਵਾਲੀ ਇਕ ਕਸ਼ਮੀਰੀ ਰੂਹ ਰੀਨੂੰ ਬਖ਼ਸ਼ੀ ਦੀ ਹੈ, ਜਿਸਦਾ ਸਾਰਾ ਟੱਬਰ ਭਾਰਤ-ਪਾਕਿ ਦੀ ਕੂੜ ਰਾਜਨੀਤੀ ਅਤੇ ਅੱਤਵਾਦ ਦੀ ਭੇਂਟ ਚੜ੍ਹ ਕੇ 1990 ਵਿਚ ਦਿੱਲੀ ਹਿਜਰਤ ਕਰ ਗਿਆ। ਦਿੱਲੀ ਵਿਚ ਰੁਲ਼-ਰੁਲ਼ ਕੇ ਉਹ ਪੜ੍ਹੀ ਤੇ ਪੜ੍ਹ-ਪੜ੍ਹ ਕੇ ਰੁਲ਼ੀ। ਅਖ਼ੀਰ ਉਸਨੂੰ ਇਕ ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀ ਮਿਲ ਗਈ ਤੇ ਉਹ ਕੁਵੈਤ ਚਲੀ ਗਈ ਪਰ ਉਸ ਦੀ ਰਹਿਤਲ ਦੀਆਂ ਜੜ੍ਹਾਂ ਆਪਣੀ ਧਰਤੀ ਅੰਦਰ ਗਹਿਰਾਈ ਤੱਕ ਫੈਲੀਆਂ ਹੋਈਆਂ ਸਨ। ਉਹ ਅਕਸਰ ਖ਼ੁਆਬਾਂ ਦੇ ਉੱਡਣ ਖਟੋਲੇ ਵਿਚ ਬਹਿ ਕੇ ਕਸ਼ਮੀਰ ਜਾਂਦੀ। ਆਪਣੇ ਜੱਦੀ ਪੁਸ਼ਤੀ ਘਰ ਵਿਚ ਖੇਡਦੀ। ਮਾਪਿਆਂ ਤੇ ਭੈਣਾਂ-ਭਰਾਵਾਂ ਨਾਲ ਗੱਲਾਂ ਕਰਦੀ। ਬਚਪਨ ਦੀਆਂ ਸਹੇਲੀਆਂ ਨਾਲ ਮਿਲਦੀ ਤੇ ਗੱਪਾਂ ਮਾਰਦੀ, ਲੋਕ-ਗੀਤ ਗਾਉਂਦੀ, ਸੇਬਾਂ ਦੇ ਬਾਗਾਂ ਤੇ ਸ਼ਾਲੀ ਦੇ ਖੇਤਾਂ 'ਚ ਨੱਚਦੀ-ਟੱਪਦੀ। ਕੱਚੇ ਬਦਾਮ ਤੇ ਆੜੂ ਖਾਂਦੀ। ਆਪਣੇ ਮਾਪਿਆਂ ਨਾਲ ਬਦਾਮਵਾਰੀ ਤੇ ਦੁੱਧਪੱਖਰੀ ਦੀ ਸੈਰ ਕਰਦੀ ਪਰ ਨੀਂਦਰ ਖੁੱਲ੍ਹਦਿਆਂ ਹੀ ਉਹਦੇ ਸੁਫ਼ਨੇ ਟੁੱਟ ਜਾਂਦੇ। ਉਹ ਉਦਾਸ ਰਹਿੰਦੀ ਤੇ ਕਸ਼ਮੀਰ ਵਿਚ ਚੱਲ ਰਹੀ ਬਾਰੂਦ ਦੀ ਖੇਡ ਤੋਂ ਦੁਖੀ ਹੁੰਦੀ। ਉਹ ਦੋਪਾਸੜ ਦੰਦਿਆਂ ਵਾਲੀ ਆਰੀ ਨੂੰ ਤੋੜਨਾ ਚਾਹੁੰਦੀ। ਆਪਣੀ ਨਸਲ ਨੂੰ ਉਜੜਨ ਤੋਂ ਬਚਾਉਣਾ ਚਾਹੁੰਦੀ, ਕਿਉਂ ਜੇ ਉਸਦਾ ਮੰਨ ਰੂਪੀ ਬੁੱਤ ਤਾਂ ਕੁਵੈਤ ਵਿਚ ਰਹਿੰਦਾ ਸੀ ਪਰ ਚਿੱਤ ਕਦੇ ਕਸ਼ਮੀਰ ਤੋਂ ਬਾਹਰ ਨਹੀਂ ਗਿਆ। ਉਹ ਭਲੀ ਭਾਂਤੀ ਜਾਣਦੀ ਸੀ ਕਿ ਉਸਦੀ ਧਰਤੀ ਦੀਆਂ ਸਾਰੀਆਂ ਪਵਿੱਤਰ ਪੋਥੀਆਂ ਉੱਤੇ ਸਿਆਸੀ ਚਾਲਬਾਜ਼ਾਂ ਨੇ ਸਿਆਹੀ ਪੋਤ ਦਿੱਤੀ ਹੈ ਜਿਸ ਕਰਕੇ ਰਿਸ਼ਤਿਆਂ ਵਿਚ ਵਿੱਥ ਪੈ ਗਈ ਹੈ ਪਰ ਉਹ ਰਿਸ਼ੀਅਤ ਦੀ ਦੌਲਤ ਨਾਲ ਮਾਲਾਮਾਲ 'ਮੌਂਜ ਕਸ਼ਮੀਰ' ਦੀ ਸੇਵਾ ਕਰਨਾ ਚਾਹੁੰਦੀ ਸੀ। ਇਕ ਦਿਨ ਉਸਨੇ ਅਖ਼ਬਾਰ ਵਿਚ ਇਕ ਅਪੀਲ ਪੜ੍ਹੀ। ਮੁਸ਼ਤਾਕ ਅਹਿਮਦ ਪੱਰੇ ਨੇ ਆਪਣੀ ਪਤਨੀ ਮੁਸਰੱਤ ਜਾਨ ਦੀ ਬਿਮਾਰੀ ਦਾ ਇਲਾਜ ਕਰਾਉਣ ਲਈ ਧਨਾਡ ਤੇ ਦਿਆਲੂ ਸੱਜਣਾਂ ਕੋਲੋਂ ਮਾਇਕ ਸਹਾਇਤਾ ਮੰਗੀ ਸੀ। ਮੁਸ਼ਤਾਕ ਪੱਰੇ ਪੁਲਵਾਮਾ ਜ਼ਿਲ੍ਹੇ ਦੇ ਪਿੰਡ ਦਰੁੱਬਗਾਮ ਦਾ ਇਕ ਦਿਹਾੜੀਦਾਰ

ਮਜ਼ਦੂਰ ਸੀ। ਉਸ ਦੀ ਪਤਨੀ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੀ ਸੀ। ਉਹ ਆਪਣੀ ਪਤਨੀ ਦੀ ਮਹਿੰਗੀ ਬਿਮਾਰੀ ਦਾ ਖ਼ਰਚਾ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜਿਸ ਕਰਕੇ ਦੁੱਖਾਂ ਦੀ ਤ੍ਰੇਲ ਨਾਲ ਉਸਦੀਆਂ ਅੱਖਾਂ ਰੋਜ਼ ਚੋਂਦੀਆਂ ਰਹਿੰਦੀਆਂ। ਰੀਨੂੰ ਬਖ਼ਸ਼ੀ ਇਸ ਅਪੀਲ ਨੂੰ ਪੜ੍ਹ ਕੇ ਹਿੱਲ ਗਈ। ਉਸਨੇ ਛੁੱਟੀ ਲਈ ਤੇ ਕਸ਼ਮੀਰ ਅੱਪੜੀ। ਉਸਨੇ ਮੁਸਰੱਤ ਜਾਨ ਦਾ ਆਪ੍ਰੇਸ਼ਨ ਦਿੱਲੀ ਦੇ ਗੰਗਾਰਾਮ ਹਸਪਤਾਲ ਵਿਚ ਕਰਾਇਆ। ਮਗਰੋਂ ਉਸਦੀ ਕੀਮੋਥੈਰੇਪੀ ਕਰਾਈ। ਜਦ ਉਹ ਵੱਲ ਹੋ ਗਈ ਤਾਂ ਉਸਨੂੰ ਮੁੜ ਕਸ਼ਮੀਰ ਲਿਆਈ। ਉਸਦੇ ਬੱਚਿਆਂ ਨੂੰ ਚੰਗਾ ਸ਼ਹਿਰੀ ਬਣਨ ਲਈ ਸਕੂਲ ਵਿਚ ਦਾਖ਼ਲ ਕਰਾਇਆ ਤੇ ਇਕ ਮੋਟੀ ਰਕਮ ਉਨ੍ਹਾਂ ਦੀ ਪੜ੍ਹਾਈ ਦੇ ਖ਼ਰਚੇ ਲਈ ਜੰਮੂ-ਕਸ਼ਮੀਰ ਬੈਂਕ ਦੀ ਪੁਲਵਾਮਾ ਬਰਾਂਚ ਵਿਚ ਜਮ੍ਹਾਂ ਕਰਾਈ। ਮੁਸ਼ਤਾਕ ਪੱਰੇ ਨੂੰ ਇਕ ਨਿੱਕਾ ਜਿਹਾ ਮਕਾਨ ਬਣਵਾ ਕੇ ਦਿੱਤਾ, ਜਿੱਥੇ ਉਹ ਅੱਜ ਆਪਣੇ ਟੱਬਰ ਨਾਲ ਰਹਿ ਰਿਹਾ ਹੈ। ਰੀਨੂੰ ਬਖ਼ਸ਼ੀ ਤਿੰਨ-ਚਾਰ ਮਹੀਨੇ ਕਸ਼ਮੀਰ ਵਿਚ ਰਹੀ। ਉਸਨੇ ਆਪਣੇ ਘਰ ਦੀ ਮੁਰੰਮਤ ਤੇ ਕਲੀ ਕਰਾਈ। ਆਪਣੇ ਹਮਸਾਇਆਂ ਤੇ ਸਹੇਲੀਆਂ ਦੇ ਘਰਾਂ ਵਿਚ ਦਾਅਵਤਾਂ ਖਾਧੀਆਂ ਤੇ ਖਵਾਈਆਂ। ਆਪਣੀ ਸੋਹਣੀ ਧਰਤੀ ਦਾ ਅਨੰਦ ਮਾਣਿਆ ਤੇ ਆਖ਼ਿਰ ਵਾਪਿਸ ਕੁਵੈਤ ਚਲੀ ਗਈ।

ਦੂਜੀ ਕਸ਼ਮੀਰੀ ਰੂਹ ਰਾਜਨ ਜੁਤਸ਼ੀ ਦੀ ਹੈ ਜਿਸਦਾ ਪਰਿਵਾਰ 1990 ਵਿਚ ਪਲਾਇਨ ਕਰਕੇ ਜੰਮੂ ਵਸ ਗਿਆ ਸੀ। ਜਦ ਬੇਰੁਜ਼ਗਾਰ ਕਸ਼ਮੀਰੀ ਸ਼ਰਨਾਰਥੀਆਂ ਲਈ ਕੇਂਦਰੀ ਸਰਕਾਰ ਨੇ ਕਸ਼ਮੀਰ ਵਿਚ ਨੌਕਰੀਆਂ ਦੇਣ ਦੀ ਯੋਜਨਾ ਬਣਾਈ ਤਾਂ ਰਾਜਨ ਜੁਤਸ਼ੀ ਵੀ ਆਨੰਤਨਾਗ ਦੇ ਇਕ ਸਕੂਲ ਵਿਚ ਮਾਸਟਰ ਲੱਗ ਗਿਆ। ਉਹ ਉਨ੍ਹਾਂ ਸਰਕਾਰੀ ਕਵਾਰਟਰਾਂ ਵਿਚ ਰਹਿੰਦਾ ਸੀ ਜਿਹੜੇ ਰਿਆਸਤੀ ਸਰਕਾਰ ਨੇ ਮਸ਼ਹੂਰ ਤੀਰਥ ਸਥਾਨ ਮਟਨ ਵਿਚ ਉਨ੍ਹਾਂ ਲਈ ਬਣਾਏ ਸਨ। ਇਕ ਵਾਰ ਰਾਜਨ ਨੂੰ ਪਤਾ ਚੱਲਿਆ ਕਿ ਗੁਆਂਢ ਦੇ ਪਿੰਡ ਹਾਪਤਨਾਰ ਵਿਚ ਸੱਠਾਂ ਸਾਲਾਂ ਤੋਂ ਵੱਧ ਉਮਰ ਦੀ ਇਕ ਬੁੱਢੀ ਰਾਜਾ ਬੇਗਮ ਆਪਣੇ ਟੱਬਰ ਨਾਲ ਮਿੱਟੀ-ਗਾਰੇ ਦੇ ਬਣੇ ਕੱਚੇ ਮਕਾਨ ਵਿਚ ਰਹਿ ਰਹੀ ਹੈ ਜਿਸਦੀ ਛੱਤ ਵੀ ਟੁੱਟੀ-ਭੱਜੀ ਲੱਕੜ ਤੇ ਘਾਹ ਨਾਲ ਛੱਤੀ ਹੋਈ ਸੀ। ਉਸਦਾ ਖ਼ਸਮ ਮਜ਼ਦੂਰੀ ਕਰਦਿਆਂ ਇਕ ਲੱਤ ਤੁੜਵਾ ਬੈਠਾ ਸੀ ਤੇ ਵਿਕਲਾਂਗ ਹੋ ਕੇ ਘਰ ਬਹਿ ਗਿਆ ਸੀ। ਭੁੱਖ-ਨੰਗ ਨੇ ਪੂਰੇ ਟੱਬਰ ਨਾਲ ਆਢਾ ਲਾਇਆ ਹੋਇਆ ਸੀ ਤੇ ਦੁੱਖ ਉਨ੍ਹਾਂ ਦੇ ਪੱਲੇ ਪੈ ਗਿਆ ਸੀ। ਫ਼ਾਕੇ ਉਨ੍ਹਾਂ ਦਾ ਸਾਰਾ ਮਾਸ ਚੱਟ ਕਰ ਗਏ ਸਨ। ਰਾਜਨ ਜੁਤਸ਼ੀ ਕੋਲੋਂ ਉਨ੍ਹਾਂ ਦੀ ਲਾਚਾਰੀ ਵੇਖੀ ਨਹੀਂ ਗਈ। ਉਹਨੇ ਆਪਣੀ ਸਾਰੀ ਜਮ੍ਹਾਂ ਪੂੰਜੀ ਰਾਜਾ ਬੇਗਮ ਦੇ ਘਰ ਦੀਆਂ ਲੋੜਾਂ ਪੂਰੀਆਂ ਕਰਨ 'ਤੇ ਖ਼ਰਚ ਕਰ ਦਿੱਤੀ।

ਆਟਾ, ਚੌਲ, ਦਾਲਾਂ, ਤੇਲ, ਲੂਣ, ਮਿਰਚ ਤੇ ਹੋਰ ਕਰਿਆਨੇ ਦਾ ਸਾਮਾਨ ਖਰੀਦ ਕੇ ਦਿੱਤਾ। ਪਾਲ਼ੇ ਤੇ ਕਟੱਕਸ਼ੂ ਤੋਂ ਬਚਣ ਲਈ ਗਰਮ ਕੱਪੜੇ ਤੇ ਕੰਬਲ ਲਿਆ ਕੇ ਦਿੱਤੇ। ਫਿਰ ਉਸਨੇ ਆਪਣੇ ਕੁਝ ਯਾਰ ਬੇਲੀਆਂ... ਵਿਨੋਦ ਟਿੱਕੂ, ਸ਼ਸ਼ੀ ਭੂਸ਼ਨ, ਸੁਨੀਲ ਰੈਨਾ, ਬਿਕਰਮ ਖ਼ਰ ਤੇ ਰੂਪ ਕ੍ਰਿਸ਼ਨ ਨਾਲ ਮਿਲ ਕੇ ਰਾਜਾ ਬੇਗਮ ਦੇ ਟੱਬਰ ਲਈ ਆਰਥਿਕ ਸਹਾਇਤਾ ਦੀ ਅਪੀਲ ਕੀਤੀ। ਉਸਨੇ ਆਪਣੇ ਪੈਸਿਆਂ ਨਾਲ ਬੈਂਕ ਵਿਚ ਉਸਦਾ ਅਕਾਊਂਟ ਖੁੱਲ੍ਹਵਾਇਆ। ਕੁਝ ਹੀ ਮਹੀਨਿਆਂ ਵਿਚ ਦਾਨੀਆਂ ਨੇ ਰਾਜਾ ਬੇਗਮ ਦੇ ਖਾਤੇ ਵਿਚ ਸਤਾਰਾਂ ਲੱਖ ਰੁਪਏ ਜਮ੍ਹਾਂ ਕਰਾ ਦਿੱਤੇ। ਅੱਜ ਰਾਜਾ ਬੇਗਮ ਆਪਣੇ ਪਰਿਵਾਰ ਨਾਲ ਸੁਖੀ ਜੀਵਨ ਗੁਜ਼ਾਰ ਰਹੀ ਹੈ ਅਤੇ ਆਪਣੇ ਪੁੱਤਰਾਂ ਨੂੰ ਝੋਲ਼ੀ ਅੱਡ-ਅੱਡ ਕੇ ਦੁਆਵਾਂ ਦੇ ਰਹੀ ਹੈ। ਪ੍ਰੋਫ਼ੈਸਰ ਨਿਤਾਸ਼ਾ ਕੌਲ, ਪੱਤਰਕਾਰ ਸਾਗਰੀਕਾ ਕਿੱਸੂ ਤੇ ਹੋਰ ਕਈ ਨੌਜਵਾਨ ਕਸ਼ਮੀਰੀ, ਰਿਸ਼ੀਅਤ ਤੇ ਕਸ਼ਮੀਰੀਅਤ ਦੀ ਵਕਾਲਤ ਕਰਦਿਆਂ ਕਹਿੰਦੇ ਹਨ ਕਿ ਜੋ ਕੁਝ 1990 ਦੀ ਦਿਹਾਈ ਵਿਚ ਕਸ਼ਮੀਰੀਆਂ ਨਾਲ ਹੋਇਆ ਜਾਂ ਜੋ ਕੁਝ ਘਾਟੀ ਵਿਚ ਰਹਿੰਦੇ ਕਸ਼ਮੀਰੀਆਂ ਨਾਲ ਪਿਛਲੇ ਕਈ ਦਹਾਕਿਆਂ ਤੋਂ ਹੋ ਰਿਹਾ ਹੈ, ਇਹ ਸਭ ਬੜਾ ਭਿਆਨਕ ਤੇ ਦਰਦਨਾਕ ਹੈ, ਪਰ ਇਸ ਲਈ ਕਸ਼ਮੀਰੀ ਜ਼ਿੰਮੇਵਾਰ ਨਹੀਂ ਹਨ ਸਗੋਂ ਇੱਥੇ ਦਾ ਰਾਜਨੀਤਕ ਟਾਕਰਾ ਹੈ ਜੋ ਸਿਆਸੀ ਸਾਂਡ ਆਪਣੇ ਸਵਾਰਥਾਂ ਲਈ ਮੁੱਕਣ ਨਹੀਂ ਦਿੰਦੇ ਅਤੇ ਇਕ-ਦੂਜੇ ਦੀ ਪੂਛਲ ਤੇ ਪੈਰ ਰੱਖ ਕੇ ਰਾਜਨੀਤੀ ਦੀ ਖੇਹ ਉਡਾਉਂਦੇ ਰਹਿੰਦੇ ਹਨ।

ਸਾਂਝ, ਪਿਆਰ ਤੇ ਮਨੁੱਖੀ ਕਦਰਾਂ ਦੀ ਮਿਸਾਲ ਕਾਜ਼ੀਗੁੰਡ ਦਾ ਬ੍ਰਿਜਨਾਥ ਕੌਲ ਵੀ ਹੈ ਜਿਹੜਾ ਅੱਤਵਾਦ ਸ਼ੁਰੂ ਹੋਣ ਮਗਰੋਂ ਜੰਮੂ ਆ ਵਸਿਆ ਸੀ ਤੇ ਆਉਣ ਤੋਂ ਪਹਿਲਾਂ ਆਪਣਾ ਬਾਗ਼ ਤੇ ਧਾਨ ਦੇ ਖੇਤ ਆਪਣੇ ਗਵਾਂਢੀ ਗੁਲਾਮ ਮੁਹੰਮਦ ਪੰਡਿਤ ਦੇ ਹਵਾਲੇ ਕਰ ਗਿਆ ਸੀ। ਗੁਲਾਮ ਪੰਡਿਤ ਹਰ ਸਾਲ ਉਸਦੇ ਬਦਾਮਾਂ ਵਾਲੇ ਬਾਗ਼ ਨੂੰ ਠੇਕੇ 'ਤੇ ਦਿੰਦਾ ਅਤੇ ਅੱਧੀ ਫ਼ਸਲ ਦੇ ਬਦਲੇ ਝੋਨੇ ਦੇ ਖੇਤਾਂ ਦੀ ਵਾਹੀ ਕਰਾਉਂਦਾ ਤੇ ਕਮਾਈ ਦੀ ਰਕਮ ਜੰਮੂ ਜਾ ਕੇ ਬ੍ਰਿਜਨਾਥ ਕੌਲ ਨੂੰ ਦਿੰਦਾ। ਅਖੌਤੀ ਮੁਜਾਹਿਦਾਂ ਨੂੰ ਗੁਲਾਮ ਮੁਹੰਮਦ ਪੰਡਿਤ ਦੀ ਸ਼ਰਾਫ਼ਤ ਤੇ ਇਮਾਨਦਾਰੀ ਅੱਖਾਂ ਵਿਚ ਰੜਕਣ ਲੱਗੀ। ਉਨ੍ਹਾਂ ਉਸ ਗਰੀਬੜੇ ਨੂੰ ਮਾਰ ਦਿੱਤਾ। ਗੁਲਾਮ ਪੰਡਿਤ ਦੀ ਅਭਾਗਣ ਬੇਵਾ ਆਪਣੇ ਦੋ ਬੱਚਿਆਂ ਨਾਲ ਲਕੜੀ ਦੀਆਂ ਛਿਲਤਰਾਂ ਨਾਲ ਬਣੀ ਝੁੱਗੀ ਵਿਚ ਆਪਣੀ ਕਿਸਮਤ ਨੂੰ ਰੋਂਦੀ ਪਿੱਟਦੀ ਰਹੀ। ਜਦ ਬ੍ਰਿਜਨਾਥ ਨੂੰ ਇਸ ਘਟਨਾ ਦਾ ਪਤਾ ਚੱਲਿਆ ਤਾਂ ਉਹ ਜੰਮੂ ਤੋਂ ਕਾਜ਼ੀਗੁੰਡ ਆਇਆ। ਆਪਣੀ ਜ਼ਮੀਨ ਵਿਚੋਂ ਪੰਜ ਕਨਾਲ ਦਾ ਇਕ ਟੋਟਾ ਗੁਲਾਮ ਪੰਡਿਤ ਦੀ ਵਿਧਵਾ ਮਾਹ-ਜਬੀਨ ਦੇ ਨਾਂ ਹਿੱਬਾ ਕਰਾ ਕੇ ਦਿੱਤਾ ਅਤੇ ਰਹਿਣ ਲਈ ਇਕ

ਪੱਕਾ ਮਕਾਨ ਵੀ ਬਣਾ ਕੇ ਦਿੱਤਾ। ਅੱਜ ਮਾਹ-ਜਬੀਨ ਸੀਣ-ਪਰੋਣ ਦਾ ਕੰਮ ਕਰਕੇ ਆਪਣੇ ਦੋਹਾਂ ਪੁੱਤਰਾਂ ਨੂੰ ਪਾਲ਼ ਰਹੀ ਹੈ। ਉਸਦਾ ਵੱਡਾ ਮੁੰਡਾ ਦਸਵੀਂ ਵਿਚ ਪੜ੍ਹ ਰਿਹਾ ਹੈ ਤੇ ਨਿੱਕਾ ਛੇਵੀਂ ਵਿਚ। ਉਨ੍ਹਾਂ ਦੀ ਪੜ੍ਹਾਈ ਦਾ ਖਰਚਾ ਬ੍ਰਿਜਨਾਥ ਹੀ ਚੁੱਕ ਰਿਹਾ ਹੈ ਕਿਉਂਕਿ ਮਾਹਜਬੀਨ ਤੇ ਉਸਦਾ ਪੁੱਤਰ ਅੱਜ ਵੀ ਬ੍ਰਿਜਨਾਥ ਕੌਲ ਦੀ ਜਾਇਦਾਦ ਦੀ ਰਾਖੀ ਕਰਦੇ ਹਨ।

ਮੈਂ ਪੋਟਲੀ ਵਿਚੋਂ ਕੁਝ ਹੋਰ ਮਿੱਠੀਆਂ ਰੂਹਾਂ ਕੱਢੀਆਂ। ਉਨ੍ਹਾਂ ਦੇ ਜੁੱਸਿਆਂ ਵਿਚੋਂ ਆਉਂਦੀ ਬੈਦ ਮੁਸ਼ਕ, ਗੁਲਾਬ ਤੇ ਪੰਪੋਸ਼ ਦੀ ਖ਼ੁਸ਼ਬੂ ਨੇ ਮੈਨੂੰ ਨਿਹਾਲ ਕਰ ਦਿੱਤਾ। ਇਨ੍ਹਾਂ ਫੁੱਲਾਂ ਵਿਚੋਂ ਕਸ਼ੀਦ ਕੀਤੇ ਹੋਏ ਅਤਰ ਦਾ ਤੁਸੀਂ ਵੀ ਆਨੰਦ ਮਾਣੋ।

ਕਾਜ਼ੀਗੁੰਡ ਤੋਂ ਦੋ ਕਿਲੋਮੀਟਰ ਦੂਰ ਲਵਡੋਰਾ ਪਿੰਡ ਦੇ ਕਸ਼ਮੀਰੀ ਮਹਾਰਾਜ ਕ੍ਰਿਸ਼ਨ ਕੌਲ ਨੇ ਆਪਣੀ ਜਨਮਭੂਮੀ ਤੋਂ ਹਿਜਰਤ ਨਹੀਂ ਸੀ ਕੀਤੀ ਪਰ ਕੁਝ ਵਰ੍ਹਿਆਂ ਮਗਰੋਂ ਉਸਦਾ ਦੇਹਾਂਤ ਹੋ ਗਿਆ। ਉਸਦਾ ਅੰਤਿਮ ਸੰਸਕਾਰ ਪਿੰਡ ਵਾਸੀਆਂ ਹਿੰਦੂ ਮਾਨ-ਮਰਿਆਦਾ ਨਾਲ ਕੀਤਾ। ਮਹਾਰਾਜ ਕ੍ਰਿਸ਼ਨ ਦੀ ਮੌਤ ਮਗਰੋਂ ਉਸਦੀ ਪਤਨੀ ਵੀ ਕੁਝ ਮਹੀਨਿਆਂ ਬਾਅਦ ਸਵਰਗਾਂ ਨੂੰ ਟੁਰ ਗਈ।

ਪਿੰਡ ਵਾਲਿਆਂ ਨੇ ਬੜੇ ਆਦਰ ਨਾਲ ਹਿੰਦੂ ਰੀਤੀ ਅਨੁਸਾਰ ਉਸਦਾ ਕਿਰਿਆ ਕਰਮ ਕੀਤਾ ਤੇ ਮੰਤਰ ਪੜ੍ਹਨ ਲਈ ਨਾਲ ਲਗਦੇ ਫੌਜੀ ਕੈਂਪ ਦੇ ਪੰਡਿਤਾਂ ਨੂੰ ਬੁਲਾਇਆ। ਮਹਾਰਾਜ ਕ੍ਰਿਸ਼ਨ ਦੇ ਚਾਰ ਬੱਚੇ ਹਨ। ਵੱਡੀ ਧੀ ਦਾ ਨਾਂ ਮੀਨਾ ਕੌਲ ਹੈ ਜਿਹੜੀ ਮਾਤਾ ਦੇ ਦੇਹਾਂਤ ਵੇਲੇ ਪੰਦਰਾਂ ਸਾਲਾਂ ਦੀ ਸੀ। ਜੰਮੂ ਤੇ ਦਿੱਲੀ ਤੋਂ ਕਈ ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਨਾਲ ਲੈ ਕੇ ਜਾਣ ਲਈ ਬਥੇਰਾ ਜ਼ੋਰ ਪਾਇਆ ਪਰ ਮੀਨਾ ਕੌਲ ਨੇ ਉਨ੍ਹਾਂ ਦੀ ਇਕ ਨਹੀਂ ਸੁਣੀ। ਉਸਨੇ ਆਪਣਾ ਘਰ ਤੇ ਆਪਣੀ ਧਰਤੀ ਛੱਡਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮੀਨਾ ਕੌਲ ਦੇ ਇਸ ਫ਼ੈਸਲੇ ਕਾਰਨ ਪਿੰਡ ਵਾਸੀਆਂ ਨੇ ਕਸਮਾਂ ਖਾਧੀਆਂ ਕਿ ਉਹ ਮੀਨਾ ਕੌਲ ਤੇ ਉਸਦੇ ਭੈਣ-ਭਰਾਵਾਂ ਦਾ ਪੂਰਾ ਖ਼ਿਆਲ ਰੱਖਣਗੇ, ਕਿਉਂਕਿ ਇਹ ਹੁਣ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਸੀ। ਪਿੰਡ ਵਾਲਿਆਂ ਨੇ ਮਹਾਰਾਜ ਕ੍ਰਿਸ਼ਨ ਦੀ ਜੱਦੀ ਜ਼ਮੀਨ ਤੇ ਮਿਲ਼ਕੇ ਖੇਤੀ ਕੀਤੀ। ਫ਼ਸਲ ਉਨ੍ਹਾਂ ਦੇ ਘਰ ਪੁਜਾਈ ਤੇ ਗੁਆਂਢ ਦੀਆਂ ਦੋ ਸੁਆਣੀਆਂ ਵਾਰੋ-ਵਾਰੀ ਮੀਨਾ ਕੌਲ ਦੇ ਘਰ ਸੌਣ ਲਈ ਆਉਂਦੀਆਂ। ਮੀਨਾ ਕੌਲ ਦਾ ਅੱਧਾ ਘਰ ਬਿਜਲੀ ਦੇ ਸ਼ਾਰਟ-ਸਰਕਟ ਕਾਰਣ ਸੜ ਗਿਆ ਸੀ ਪਰ ਪਿੰਡ ਵਾਸੀਆਂ ਚੰਦਾ ਇਕੱਠਾ ਕਰਕੇ ਉਨ੍ਹਾਂ ਦੇ ਮਕਾਨ ਦੀ ਮੁਰੰਮਤ ਕਰਵਾਈ ਅਤੇ ਨਵੇਂ ਬਿਸਤਰ, ਕੰਬਲ ਤੇ ਹੋਰ ਲੋੜੀਂਦਾ ਸਾਮਾਨ ਲਿਆ ਕੇ ਦਿੱਤਾ। ਜਦ ਮੀਨਾ ਕੌਲ ਅਠਾਰਾਂ ਵਰ੍ਹਿਆਂ ਦੀ ਹੋਈ ਤਾਂ ਉਸ ਨੂੰ ਆਪਣੀ ਮਾਂ ਦੀ ਥਾਂ ਬੈਂਕ ਵਿਚ

ਕਲਰਕ ਦੀ ਨੌਕਰੀ ਮਿਲ ਗਈ। ਅੱਜ ਮੀਨਾ ਕੋਲ ਆਪਣੀ ਭੈਣ ਤੇ ਦੋ ਭਰਾਵਾਂ ਨੂੰ ਪਾਲ ਰਹੀ ਹੈ।

2008 ਵਿਚ ਜਦ ਅਮਰਨਾਥ ਸ਼ਰਾਇਨ ਬੋਰਡ ਨੂੰ ਜ਼ਮੀਨ ਅਲਾਰਟ ਕਰਨ ਦਾ ਪੁਆੜਾ ਪਿਆ ਤਾਂ ਜੰਮੂ ਤੇ ਕਸ਼ਮੀਰ ਘਾਟੀ ਵਿਚ ਦੋ ਮਹੀਨਿਆਂ ਤੋਂ ਵੱਧ ਐਜੀਟੇਸ਼ਨ ਚੱਲੀ। ਰਾਜਨੀਤੀ ਦੇ ਹਰਕਾਰਿਆਂ ਰੱਜ ਕੇ ਨਫ਼ਰਤ ਫੈਲਾਈ। ਜੰਮੂ ਦੇ ਵਪਾਰੀਆਂ ਕਸ਼ਮੀਰ ਮਾਲ ਭੇਜਣਾ ਬੰਦ ਕਰ ਦਿੱਤਾ। ਘਾਟੀ ਵਿਚ ਕਰਫਿਊ ਲੱਗ ਗਿਆ। ਜੰਮੂ ਕਸ਼ਮੀਰ ਮਾਰਗ ਬੰਦ ਹੋਣ ਕਾਰਣ ਬਾਬਾ ਬਰਫ਼ਾਨੀ ਦੇ ਦਰਸ਼ਨ ਕਰਨ ਆਏ ਯਾਤਰੀ ਕਸ਼ਮੀਰ ਵਿਚ ਫੱਸ ਗਏ। ਲੋਕਾਂ ਦੇ ਗੁੱਸੇ ਅਤੇ ਜਲਾਲ ਅੱਗੇ ਸਰਕਾਰ ਕੋਈ ਕਮਾਲ ਨਹੀਂ ਵਿਖਾ ਸਕੀ। ਉਸ ਵੇਲੇ ਕਸ਼ਮੀਰੀਆਂ ਗੱਭਰੂਆਂ ਨੇ ਥਾਂ-ਥਾਂ ਯਾਤਰੀਆਂ ਲਈ ਲੰਗਰ ਲਗਾਏ ਅਤੇ ਆਪਣੇ ਘਰਾਂ ਵਿਚ ਉਨ੍ਹਾਂ ਦੇ ਰਹਿਣ ਦਾ ਬੰਦੋਬਸਤ ਕੀਤਾ।

ਸ੍ਰੀਨਗਰ ਦੇ ਮੁਹੱਲਾ ਰੈਨਾਵਾਰੀ ਵਿਚ ਸਿਰਫ਼ ਮੋਤੀਲਾਲ ਹੀ ਇਕ ਅਜਿਹਾ ਕਸ਼ਮੀਰੀ ਸੀ ਜੋ ਆਪਣੇ ਟੱਬਰ ਸਮੇਤ ਅੱਤਵਾਦ ਨੂੰ ਨਕਾਰਦਾ ਆਪਣੇ ਘਰ ਵਿਚ ਹੀ ਡੱਟਿਆ ਰਿਹਾ। 2014 ਦੇ ਭਿਆਨਕ ਹੜ੍ਹ ਵਿਚ ਜੇਹਲਮ ਦਰਿਆ ਨੇ ਡਾਢਾ ਕਹਿਰ ਮਚਾਇਆ ਤੇ ਪੂਰਾ ਸ੍ਰੀਨਗਰ ਸ਼ਹਿਰ ਪਾਣੀ ਵਿਚ ਡੁੱਬ ਗਿਆ। ਹਜ਼ਾਰਾਂ ਮਕਾਨ ਢਹਿ ਗਏ। ਮੋਤੀ ਲਾਲ ਦਾ ਮਕਾਨ ਵੀ ਸੈਲਾਬ ਦੀ ਭੇਂਟ ਚੜ੍ਹ ਗਿਆ। ਮੁਹੱਲੇਦਾਰਾਂ ਨੇ ਫ਼ੈਸਲਾ ਕੀਤਾ ਕਿ ਸਭ ਤੋਂ ਪਹਿਲਾਂ ਮੋਤੀ ਲਾਲ ਦਾ ਮਕਾਨ ਉਸਾਰਿਆ ਜਾਏਗਾ ਮਗਰੋਂ ਬਾਕੀ ਲੋਕਾਂ ਦੇ ਘਰ ਬਣਨਗੇ, ਤਾਂ ਜੋ ਮੋਤੀ ਲਾਲ ਆਪਣੇ ਬੱਚਿਆਂ ਨਾ ਸੌਖਿਆਂ ਰਹਿ ਸਕੇ। ਇੰਝ ਹੀ 2016 ਵਿਚ ਜਦ ਖਾੜਕੂ ਬੁਹਰਾਨਵਾਨੀ ਪੁਲਿਸ ਨੇ ਮਾਰ ਦਿੱਤਾ ਤਾਂ ਪੂਰੇ ਕਸ਼ਮੀਰ ਵਿਚ ਸਰਕਾਰ ਦੇ ਖ਼ਿਲਾਫ਼ ਜਲੂਸ ਨਿਕਲਣ ਲੱਗੇ। ਪੱਥਰਬਾਜ਼ੀ ਤੇ ਗੋਲ਼ੀਬਾਰੀ ਨਾਲ ਲੋਕੀ ਲਹੂ-ਲੁਹਾਨ ਹੋਣ ਲੱਗੇ ਪਰ ਉਸ ਵੇਲੇ ਵੀ ਕਸ਼ਮੀਰੀਆਂ ਨੇ ਰਿਸ਼ੀਅਤ ਤੇ ਕਸ਼ਮੀਰੀਅਤ ਨੂੰ ਜ਼ਿੰਦਾ ਰੱਖਿਆ। ਅਨੰਤਨਾਗ ਤੋਂ ਪਹਿਲਗਾਮ ਵੱਲ ਜਾ ਰਹੀ ਇਕ ਯਾਤਰੂ ਬੱਸ ਦੁਰਘਟਨਾ ਦਾ ਸ਼ਿਕਾਰ ਹੋ ਗਈ। ਚਾਰ ਸੌ ਫੁੱਟ ਗਹਿਰੀ ਖੱਡ ਵਿਚ ਡਿੱਗਣ ਕਾਰਣ ਕੁਝ ਯਾਤਰੂ ਮਰ ਗਏ ਤੇ ਕਈ ਫੱਟੜ ਹੋਏ। ਰਾਤ ਦਾ ਸਮਾਂ ਸੀ ਪਰ ਜਦ ਚੀਖ਼-ਚਹਾੜੇ ਦੀਆਂ ਅਵਾਜ਼ਾਂ ਪਿੰਡ ਦੇ ਲੋਕਾਂ ਨੇ ਸੁਣੀਆਂ ਤਾਂ ਉਹ ਦੁਰਘਟਨਾ ਵਾਲੀ ਥਾਂ ਦੌੜੇ ਤੇ ਜ਼ਖ਼ਮੀਆਂ ਨੂੰ ਹਸਪਤਾਲ ਪੁਜਾਣ ਲੱਗੇ ਅਤੇ ਮ੍ਰਿਤਕ ਸ਼ਰੀਰਾਂ ਲਈ ਕਫ਼ਨ ਦਾ ਇੰਤਜ਼ਾਮ ਕਰਨ ਲੱਗੇ। ਉਹ ਬਾਕੀ ਯਾਤਰੀਆਂ ਨੂੰ ਆਪਣੇ ਘਰਾਂ ਵਿਚ ਲੈ ਗਏ। ਯਾਤਰੂ ਬੱਸ ਮੇਰਠ ਤੋਂ ਆਈ ਸੀ। ਇਕ ਜ਼ਖ਼ਮੀ ਯਾਤਰੀ ਅਜੀਤ ਕੁਮਾਰ ਅਰੋੜ ਨੇ ਦੱਸਿਆ ਕਿ ਉਸਨੇ ਪੁਲਿਸ ਨੂੰ ਕਈ ਵਾਰੀ

ਫ਼ੋਨ ਕੀਤਾ ਪਰ ਕੋਈ ਨਹੀਂ ਆਇਆ। ਲਾਂਭ ਦੇ ਫੌਜੀ ਕੈਂਪ ਵਿਚ ਸਹਾਇਤਾ ਮੰਗਣ ਲਈ ਗਿਆ ਪਰ ਸੰਤਰੀਆਂ ਨੇ ਗੇਟ ਨਹੀਂ ਖੋਹਲਿਆ। ਸਿਰਫ਼ ਸਥਾਨਕ ਲੋਕਾਂ ਨੇ ਹੀ ਉਨ੍ਹਾਂ ਦੀ ਮਦਦ ਕੀਤੀ। ਸ਼ੁਪਈਆਂ ਦੇ ਪਿੰਡ ਤਰਾਪੜ ਪੂਰਾ ਦੇ ਤਰਲੋਕੀ ਨਾਥ ਵਾਂਗਨੂ ਦੀ ਧਰਮ ਪਤਨੀ, ਕੁਲਗਾਮ ਦੇ ਪਿੰਡ ਮਾਣੂ ਦੇ ਜਾਨਕੀ ਨਾਥ, ਗਾਂਦਰਬਲ ਦੇ ਪਿੰਡ ਕੋਲਨਗੁੰਡ ਦੇ ਅਵਤਾਰ ਕ੍ਰਿਸ਼ਨ, ਵਸੱਨਗਾਮ ਟੰਗਮਰਗ ਦੇ ਨਰਿੰਦਰ ਕੌਲ, ਪੁਲਵਾਮਾ ਦੇ ਪਿੰਡ ਕਾਰਪੂਰਾ ਸਰਨੂ ਦੇ ਸੋਮਨਾਥ ਦੀ ਪਤਨੀ ਅਤੇ ਹੋਰ ਬੇਸ਼ੁਮਾਰ ਕਸ਼ਮੀਰੀ ਭੈਣ-ਭਰਾਵਾਂ ਦੇ ਸਵਰਗਵਾਸ ਵੇਲੇ ਉਨ੍ਹਾਂ ਦੇ ਅੰਤਿਮ ਸੰਸਕਾਰਾਂ ਦਾ ਸਾਰਾ ਬੰਦੋਬਸਤ ਕਸ਼ਮੀਰੀ ਭਰਾਵਾਂ ਨੇ ਹੀ ਕੀਤਾ ਤੇ ਹੁਣ ਵੀ ਕਰ ਰਹੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਦਾ ਨਸਲੀ ਰਿਸ਼ਤਾ, ਹੱਡ-ਮਾਸ ਵਿਚ ਦੌੜਦਾ ਲਹੂ, ਭਾਸ਼ਾ ਤੇ ਸਭਿਆਚਾਰ ਸਭ ਸਾਂਝਾ ਹੈ।

ਫਿਰ ਮੈਂ ਕੌੜੀਆਂ ਰੂਹਾਂ ਵੱਲ ਮੁੜਿਆ ਤੇ ਉਨ੍ਹਾਂ ਦੇ ਦਿਮਾਗਾਂ ਵਿਚ ਜੰਮੀ ਕੁੜੱਤਣ ਨੂੰ ਖ਼ਤਮ ਕਰਨ ਲਈ ਮੈਂ ਗੁੱਲਬਕਾਵਲੀ ਤੇ ਸੰਜੀਵਨੀ ਬੂਟੀ ਦਾ ਦੁਸ਼ਾਂਦਾ ਬਣਾ ਕੇ ਉਨ੍ਹਾਂ ਨੂੰ ਪਿਲਾਇਆ। ਫਿਰ ਮਿੱਠੀਆਂ ਰੂਹਾਂ ਦਾ ਹਾਲ ਏਹਵਾਲ ਸੁਣਾਇਆ ਤੇ ਉਨ੍ਹਾਂ ਦੀ ਆਪਸ ਵਿਚ ਵਾਰਤਾਲਾਪ ਵੀ ਕਰਵਾਈ। ਦੋਹਾਂ ਆਪਣੀਆਂ ਪੀੜਾਂ ਸਾਂਝੀਆਂ ਕੀਤੀਆਂ। ਗਿਲੇ ਸ਼ਿਕਵੇ ਹੋਏ। ਦਿਲਾਂ ਵਿਚ ਪਈਆਂ ਗੰਢਾਂ ਖੁੱਲ੍ਹਣ ਲੱਗੀਆਂ। ਵੱਟ ਨਿਕਲਣ ਲੱਗੇ ਅਤੇ ਦੋਹਾਂ ਨੂੰ ਇਹ ਗੱਲ ਸਮਝ ਆ ਗਈ ਕਿ ਸਰਕਾਰਾਂ ਦੇ ਦਰਿਆਵਾਂ ਵਿਚੋਂ ਨਿਕਲੀਆਂ ਚਾਂਦੀ ਦੀਆਂ ਨਹਿਰਾਂ ਬੇਸ਼ੱਕ ਕੁਝ ਕਾਲੀਆਂ ਭਿੰਡਾਂ ਦੀਆਂ ਲਹਿਰਾਂ-ਬਹਿਰਾਂ ਕਰਾ ਦਿੰਦੀਆਂ ਨੇ ਪਰ ਇਹ ਨਹਿਰਾਂ ਇੱਥੇ ਦੀ ਬੰਜਰ ਧਰਤੀ ਨੂੰ ਹਰਿਆਂ ਨਹੀਂ ਕਰ ਸਕਦੀ। ਲੱਖ ਯਤਨ ਕਰਕੇ ਵੀ ਸਾਡੀ ਧਰਤੀ ਦੀਆਂ ਚੀਖ਼ਾਂ ਕਾਬੂ ਤੋਂ ਬਾਹਰ ਹੋ ਜਾਂਦੀਆਂ ਹਨ ਅਤੇ ਪ੍ਰਸ਼ਾਸਨ ਨੂੰ ਨਮੋਸ਼ੀ ਭੁਗਤਣੀ ਪੈਂਦੀ ਹੈ। ਦੁਸ਼ਾਂਦੇ ਦਾ ਅਸਰ ਕੌੜੀਆਂ ਰੂਹਾਂ ਦੇ ਚਿਹਰਿਆਂ 'ਤੇ ਸਾਫ਼ ਦਿਸ ਰਿਹਾ ਸੀ। ਫਿਰ ਮੈਂ ਉਨ੍ਹਾਂ ਨੂੰ ਲੱਲ ਮਾਂ ਤੇ ਨੰਦ ਰਿਸ਼ੀ ਦੇ ਵਾਕ ਸੁਣਾਏ ਤੇ ਸਮਝਾਇਆ ਕਿ ਸਾਡੇ ਲਈ ਇਕ ਦਰ ਅੱਗ ਹੈ ਤੇ ਦੂਜੇ ਦਰ ਖਾਈ ਅਤੇ ਵਿਚਕਾਰ ਰਾਜਨੀਤੀ ਦੀ ਸ਼ਾਹੀ। ਇਸ ਲਈ ਲਾਈਲੱਗਾਂ ਦੇ ਆਖੇ ਲੱਗ ਕੇ ਆਪਣੀ ਧਰਤੀ ਨੂੰ ਹੋਰ ਬਰਬਾਦ ਨਾ ਕੀਤਾ ਜਾਏ। ਆਪਣੀਆਂ ਸੋਚਾਂ 'ਤੇ ਲੱਗਾ ਜ਼ੰਗ ਉਤਾਰਿਆ ਜਾਏ ਅਤੇ ਖ਼ਰਬੂਜ਼ੇ ਤੇ ਛੁਰੀ ਦੀ ਖੇਡ ਹਮੇਸ਼ਾ ਲਈ ਬੰਦ ਕੀਤੀ ਜਾਏ, ਕਿਉਂਕਿ ਛੁਰੀ ਦਾ ਕੁਝ ਨਹੀਂ ਜਾਂਦਾ ਵੱਢ-ਟੁੱਕ ਤਾਂ ਖ਼ਰਬੂਜ਼ਿਆਂ ਦੀ ਹੀ ਹੁੰਦੀ ਹੈ। ਆਪਣੀਆਂ ਸਾਂਝਾਂ ਨੂੰ ਸੂਲ਼ੀ ਨਾ ਚਾੜ੍ਹਿਆ ਜਾਏ। ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਕਸ਼ਮੀਰੀਅਤ ਦਾ ਫਿਰਨ ਪਾਈ ਰਖੀਏ ਤੇ ਪਿਆਰ ਦੀ ਲੋਈ ਦਾ ਨਿੱਘ ਮਾਣਦੇ ਰਹੀਏ। ਸਾਡੇ ਲਈ ਹੀ ਲੱਲ ਮਾਂ ਨੇ ਫ਼ਰਮਾਇਆ ਸੀ-

*ਸ਼ਿਵ ਤੁਹਾਨੂੰ ਟਿਕ-ਟਿਕ ਵੇਖ ਰਿਹਾ ਹੈ*
*ਮੂਰਖੋ, ਕਿਉਂ ਹਿੰਦੂ ਤੇ ਮੁਸਲਮਾਨ ਵਿਚ ਫ਼ਰਕ ਕਰਦੇ ਹੋ*
*ਜੇ ਮੁਕਤੀ ਚਾਹੁੰਦੇ ਹੋ ਤਾਂ ਇਨਸਾਨਾਂ ਨੂੰ ਵੰਡਣ ਦੀ ਥਾਂ*
*ਆਪਣੀ ਜੱਦ ਨੂੰ ਪਛਾਣੋ"*
ਅਤੇ ਨੰਦ ਰਿਸ਼ੀ ਨੇ ਕਿਹਾ ਸੀ-
*"ਅਸੀਂ ਇਕੋ ਮਾਈ ਬਾਪ ਦੀ ਸੰਤਾਨ ਹਾਂ*
*ਫੇਰ ਇਹ ਵੱਖਵਾਦ ਕਿਉਂ*
*ਇਸ ਧਰਤੀ 'ਤੇ ਸਾਨੂੰ*
*ਆਪਣੇ ਦੁੱਖ-ਸੁੱਖ ਸਾਂਝੇ ਕਰਨੇ ਚਾਹੀਦੇ ਨੇ"*

ਇਸ ਲਈ ਆਓ ਅਸੀਂ ਸਾਰੇ ਦੁੱਧ-ਸ਼ੱਕਰ ਵਾਂਗ ਆਪਣੇ ਜੀਵਨ ਨੂੰ ਸਵਾਦਲਾ ਬਣਾਈਏ।

•

# ਜਿਨ੍ਹਾਂ ਖਾਧੀ ਚੋਪੜੀ

ਸੂਰਜ ਦਾ ਲਿਸ਼ਕਾਰਾ ਧਰਤੀ ਉਤੇ ਚਾਨਣ ਖਿਲਾਰਦਾ ਹੈ ਤੇ ਧੁਪ ਦੀਆਂ ਰੁੱਤਾਂ ਜੱਗ ਨੂੰ ਵੰਡਦਾ ਹੈ ਪਰ ਸੂਰਜ ਔੜਕ ਨੂੰ ਡੁਬ ਜਾਂਦਾ ਹੈ ਤੇ ਹਨੇਰਾ ਧੁੱਪ ਦੇ ਚਮਾਸੇ ਨੂੰ ਖਾ ਜਾਂਦਾ ਹੈ। ਦਿਨ ਰਾਤ ਦੀ ਏਹੋ ਹੀ ਹਕੀਕਤ ਹੈ। ਏਹੋ ਰੱਬ ਦੀ ਬਾਣੀ ਹੈ ਤੇ ਏਹੋ ਧੁੱਪ ਛਾਂ ਦੀ ਕਹਾਣੀ ਹੈ।

ਧੁੱਪ ਛਾਂ ਦੀ ਇਹ ਕਹਾਣੀ ਜਗਤੂ ਜੱਟ ਦੇ ਮੱਥੇ ਉਤੇ ਸਿਆਣਿਆਂ ਬਹੁਤ ਪਹਿਲਾਂ ਪੜ੍ਹ ਲਈ ਸੀ ਪਰ ਪਰਾਏ ਵੇਲਣੇ 'ਚ ਬਾਂਹ ਦੇਣ ਤੋਂ ਡਰਦੇ ਉਹ ਦੜ ਵੱਟ ਲੈਂਦੇ ਸਨ। ਉਸ ਦੇ ਵਡੱਕੇ ਤੇ ਸ਼ਰੀਕੇ ਵੇਖਦੇ ਰਹਿੰਦੇ ਸਨ ਕਿ ਜਗਤੂ ਜੱਟ ਨੇ ਜੀਵਨ ਵਿਚ ਕਦੇ ਕੋਈ ਚੱਜ ਦਾ ਕੰਮ ਨਹੀਂ ਸੀ ਕੀਤਾ। ਸਗੋਂ ਹਮੇਸ਼ਾ ਵੱਲ ਫਰੇਬ ਨਾਲ ਹੀ ਆਪਣੀਆਂ ਸਧਰਾਂ ਨੂੰ ਪੂਰਾ ਕਰਨ ਦਾ ਯਤਨ ਕਰਦਾ ਰਹਿੰਦਾ ਸੀ। ਉਹਦੀ ਯਾਰੀ ਕੰਨ ਪਾਟਿਆਂ ਨਾਲ ਬੜੀ ਗੂੜ੍ਹੀ ਸੀ ਜਿਨ੍ਹਾਂ ਦੀ ਸੰਗਤ ਵਿਚ ਬੈਠ ਕੇ ਉਹ ਤੁਰੰਤ ਅਮੀਰ ਬਣਨ ਦੇ ਮਨਸੂਬੇ ਬਣਾਉਂਦਾ ਰਹਿੰਦਾ। ਆਪਣੀ ਹੁਸ਼ਿਆਰੀ ਤੇ ਮਕਾਰੀ ਕਾਰਨ ਉਹ ਕੰਨ ਪਾਟਿਆਂ ਦੇ ਅਖਾੜੇ ਦਾ ਉਸਤਾਦ ਬਣ ਗਿਆ ਸੀ ਅਤੇ ਛੇਤੀ ਤੋਂ ਛੇਤੀ ਮੰਦਹਾਲੀ ਦਾ ਤੋਕ ਗਲੋਂ ਉਤਾਰਨਾ ਚਾਹੁੰਦਾ ਸੀ ਤੇ ਅਮੀਰੀ ਦਾ ਪਟਾ ਗਲ ਪਾਉਣਾ ਚਾਹੁੰਦਾ ਸੀ। ਪਰ ਉਸ ਨੂੰ ਕੌਣ ਸਮਝਾਉਂਦਾ ਕਿ ਬੰਦੇ ਨੂੰ ਸਬਰ ਦੀ ਗੁੜ੍ਹਤੀ ਚੱਟਣੀ ਚਾਹੀਦੀ ਹੈ ਕਿਉਂ ਜੇ ਅੱਜ ਦੀਆਂ ਥੱਪੀਆਂ ਪਾਥੀਆਂ ਅੱਜ ਨਈਂ ਬਲਦੀਆਂ। ਪਰ ਉਹ ਤਾਂ ਆਪਣੀਆਂ ਖ਼ਾਹਸ਼ਾਂ ਦੀ ਪੀਂਘ ਉੱਚੇ ਬੂਟੇ ਨਾਲ ਪਾਉਣੀ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਉਸ ਦੀ ਪੱਗ ਦਾ ਸ਼ਮਲਾ ਉਚਾ ਰਵੇ ਤਾਂ ਜੋ ਮਾੜਿਆਂ ਨੂੰ ਸਲਾਮਾਂ ਦੀ ਚੱਟੀ ਪੈਂਦੀ ਰਵੇ। ਉਹ ਕਹਿੰਦਾ ਸੀ ਪਈ "ਜਿਸਦੇ ਪੱਲੇ ਜ਼ਰ ਉਹ ਨਰ, ਨਹੀਂ ਤਾਂ ਖਰ।"

ਜਗਤੂ ਜੱਟ ਨੇ ਖੱਚਰਾਂ ਉਤੇ ਰੇਤ ਮਿੱਟੀ ਤੇ ਬੱਜਰੀ ਢੋਈ, ਡਰੈਵਰੀ ਕੀਤੀ, ਟਰੱਕ ਚਲਾਇਆ, ਟਰੈਕਟਰ ਚਲਾਇਆ, ਦੇਸੀ ਸ਼ਰਾਬ ਦੀਆਂ ਭੱਠੀਆਂ ਲਾਈਆਂ, ਕੰਨ ਪਾਟਿਆਂ ਨਾਲ ਮਿਲ ਕੇ ਸਰਹੱਦ ਦੇ ਆਰ-ਪਾਰ ਤਸਕਰੀ ਕੀਤੀ। ਚੋਰੀ ਦਾ ਸੀਮਿੰਟ ਤੇ ਸਰੀਆ ਵੇਚਿਆ। ਕੌਡੀਆਂ ਦੇ ਭਾਅ ਜ਼ਮੀਨਾਂ ਖ਼ਰੀਦੀਆਂ ਤੇ ਸੋਨੇ ਦੇ ਭਾਅ ਵੇਚੀਆਂ ਤੇ ਇੰਝ 10-15 ਵਰ੍ਹਿਆਂ ਵਿਚ ਹੀ ਜਗਤੂ ਜੱਟ...

ਚੌਧਰੀ ਜਗਤ ਸਿੰਘ ਬਣ ਗਿਆ ਤੇ ਇਹ ਅਖਾਣ ਸੱਚਾ ਹੋ ਗਿਆ ਕਿ ਰੱਬ ਦੀਆਂ ਬੇਪਰਵਾਹੀਆਂ, ਕੁੱਤੇ ਖਾਣ ਮਲਾਈਆਂ।... ਕੋਠਿਆਂ ਦੀ ਥਾਂ ਪੱਕੀਆਂ ਹਵੇਲੀਆਂ ਬਣ ਗਈਆਂ। ਖੱਚਰਾਂ ਦੀ ਥਾਂ ਵੰਨ ਸਵੰਨੀਆਂ ਕਾਰਾਂ ਆ ਗਈਆਂ ਅਤੇ ਖੁਰਲੀਆਂ ਪੱਕੇ ਗੈਰਾਜਾਂ ਵਿਚ ਤਬਦੀਲ ਹੋ ਗਈਆਂ। ਹਯਾਤੀ ਨੇ ਅਜਿਹੀ ਪਲਟੀ ਖਾਧੀ ਕਿ ਚਾਰੇ ਪਾਸੇ ਲਹਿਰਾਂ ਬਹਿਰਾਂ ਹੋ ਗਈਆਂ। ਛੱਪੜ ਪਾੜ ਕੇ ਵੀ ਏਨਾ ਮਾਲ ਖ਼ਜ਼ਾਨਾ ਨਹੀਂ ਮਿਲਦਾ ਜਿੰਨਾ ਚੌਧਰੀ ਜਗਤ ਸਿੰਘ ਕੋਲ ਆ ਗਿਆ ਸੀ। ਠੀਕ ਹੀ ਕਹਿੰਦੇ ਨੇ ਅੱਲ੍ਹਾ ਮੇਹਰਬਾਨ ਤੇ ਖੋਤਾ ਪਹਿਲਵਾਨ।

ਚੌਧਰੀ ਜਗਤ ਸਿੰਘ ਵੱਡੇ-ਵੱਡੇ ਠੇਕੇ ਲੈਣ ਲੱਗਿਆ। ਟਰਾਂਸਪੋਰਟ ਕੰਪਨੀ ਖੋਲ੍ਹ ਲਈ। ਠੇਕੇ ਲੈਣ ਲਈ ਸਰਕਾਰੀ ਕਰਿੰਦਿਆਂ ਦੇ ਸਿਰਾਂ ਉਤੇ ਪੈਸਿਆਂ ਦੀਆਂ ਪੋਟਲੀਆਂ ਵਾਰੀਆਂ ਗਈਆਂ। ਭਰਾ, ਭਤੀਜੇ, ਸਾਲੇ, ਭਾਣਜੇ ਸਭ ਕਾਰੋਬਾਰ ਵਿਚ ਦਵਾਨੀ-ਚੁਵਾਨੀ ਦੇ ਹਿੱਸੇਦਾਰ ਬਣਾਏ ਗਏ। ਇਨਕਮ ਟੈਕਸ ਤੇ ਸੇਲ ਟੈਕਸ ਰਿਟਰਨਾਂ ਭਰਨ ਲਈ ਅਕਾਊਂਟੈਂਟ ਰੱਖੇ ਗਏ। ਦਫ਼ਤਰ ਬਣ ਗਏ। ਪੜ੍ਹੇ ਲਿਖੇ ਮੁਲਾਜ਼ਿਮ ਰੱਖੇ ਗਏ। ਬੈਂਕ ਖਾਤੇ ਸਾਰਿਆਂ ਦੇ ਨਾਵਾਂ 'ਤੇ ਖੋਲ੍ਹੇ ਗਏ। ਸੂਦ ਤੇ ਪੈਸੇ ਦਿੱਤੇ ਜਾਣ ਲੱਗੇ। ਕੰਨ ਪਾਟੇ ਗੁੰਡਾ ਗਰਦੀ, ਮਾਰ ਕੁਟਾਈ ਤੇ ਵਸੂਲੀਆਂ ਕਰਨ ਲੱਗੇ। ਇੰਜ ਆਪਣੀ ਦੁਨੀਆਂ ਵਿਚ ਜਗਤੂ ਜੱਟ ਉਸਤਾਦ ਜੀ ਬਣ ਗਿਆ ਤੇ ਨਵੀਂ ਸ਼ਬਦਾਵਲੀ ਵਿਚ ਡਾਨ।

ਤਰੱਕੀ ਤੇ ਉੱਨਤੀ ਦਾ ਇਹ ਪੈਂਡਾ ਤੈਅ ਕਰਨ ਲਈ ਚੌਧਰੀ ਜਗਤ ਸਿੰਘ ਨੇ ਕਿੰਨੇ ਲੋਕਾਂ ਦਾ ਹੱਕ ਮਾਰਿਆ ਸੀ ਉਸਨੂੰ ਆਪ ਵੀ ਯਾਦ ਨਹੀਂ ਸੀ। ਉਸ ਨੇ ਅਤੇ ਉਸਦੇ ਕੰਨ ਪਾਟਿਆਂ ਨੇ ਕਿੰਨੇ ਲੋਕਾਂ 'ਤੇ ਗੋਲੀਆਂ ਚਲਾਈਆਂ ਸਨ, ਕਿੰਨੇ ਫੱਟੜ ਹੋਏ ਸਨ, ਉਸਦਾ ਵੀ ਕੋਈ ਹਿਸਾਬ ਨਹੀਂ ਸੀ। ਹਰ ਘਟਨਾ ਨੂੰ ਪੁਲਿਸ ਦਬਾ ਦੇਂਦੀ। ਰੋਜ਼ਨਾਮਚੇ ਨੋਟਾਂ ਦੀ ਸਿਆਹੀ ਨਾਲ ਲਿਖੇ ਜਾਂਦੇ। ਸੰਤਰੀ, ਤੰਤਰੀ ਤੇ ਮੰਤਰੀ ਸਭ ਚੌਧਰੀ ਦੇ ਰੋਗਣੀ ਘੜੇ ਦਾ ਸ਼ਰਬਤ ਪੀਂਦੇ ਰਹਿੰਦੇ।

ਫੇਰ ਉਸ ਦੀ ਵਹੁਟੀ ਨੇ ਮੁੰਡਾ ਜੰਮਿਆ ਤੇ ਸਾਰੇ ਪਿੰਡ ਵਿਚ ਵਧਾਈਆਂ ਤੇ ਮਿਠਾਈਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਢੋਲ, ਧਮਾਕੇ, ਗੀਤ ਤੇ ਭੰਗੜੇ ਕਈ ਦਿਨਾਂ ਤੀਕ ਚਲਦੇ ਰਹੇ। ਮੁੰਡੇ ਨੂੰ ਬੜੇ ਲਾਡ, ਪਿਆਰ ਨਾਲ ਪਾਲਿਆ ਗਿਆ। ਏਨੇ ਲਾਡਾਂ ਨਾਲ ਕਿ ਉਸ ਦਾ ਨਾਂਅ ਹੀ ਲਾਡੀ ਸਿੰਘ ਰੱਖ ਦਿੱਤਾ ਗਿਆ। ਲਾਡੀ, ਚੌਧਰੀ ਦੀਆਂ ਅੱਖਾਂ ਦਾ ਨੂਰ ਸੀ ਤੇ ਦਿਲ ਦਾ ਸਰੂਰ। ਉਸ ਦੇ ਪਾਲਣ ਪੋਸ਼ਣ ਵਿਚ ਕੋਈ ਕਸਰ ਨਹੀਂ ਛੱਡੀ ਗਈ ਸੀ। ਉਸ ਨੂੰ ਵਧੀਆ ਸਕੂਲਾਂ ਤੇ ਕਾਲਿਜਾਂ ਵਿਚ ਪੜ੍ਹਨ ਲਈ ਪਾਇਆ ਗਿਆ। ਪਰ ਸਭ ਬੇਕਾਰ। ਕਹਿੰਦੇ ਹਨ ਕਿ ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਹੁੰਦੇ ਨੇ ਤੇ ਲਾਡੀ ਦਾ ਮੂੰਹ ਵੀ ਤਿੱਖਾ ਸੀ

ਤੇ ਜ਼ਬਾਨ ਵੀ। ਉਸ ਨੇ ਜਦ ਪਰ-ਪੁਰਜ਼ੇ ਕੱਢੇ ਤਾਂ ਉਹ ਚੋਧਰੀ ਜਗਤ ਸਿੰਘ ਦੀ ਜੁੱਤੀ ਵਿਚ ਆਪਣੇ ਪੈਰ ਪਾਉਣ ਲੱਗਾ ਤੇ ਪਿਓ ਦੀ ਰਗਤ ਨਾਲ ਸੰਗਤ ਕਰਨ ਲੱਗ ਪਿਆ। ਉਹ ਆਪਣੇ ਸ਼ਬਦਾਂ ਨਾਲ ਤਾਂ ਪਾਣੀ ਵਿਚ ਵੀ ਅੱਗ ਲਾ ਦਿੰਦਾ ਅਤੇ ਇਹ ਸਾਬਤ ਕਰ ਦਿੰਦਾ ਕਿ ਜਿਹਾ ਪਿਓ ਤੇਹਾ ਪੁੱਤਰ। ਕਾਲਜ ਵਿਚ ਉਹਨੇ ਅਜਿਹੇ ਯਾਰ ਪਾਲੇ ਜਿਹੜੇ ਉਸ ਕੋਲੋਂ ਵੀ ਦੋ ਹੱਥ ਵੱਧਕੇ ਸਨ। ਉਹਨਾਂ ਦੀ ਯਾਰੀ ਨੇ ਲਾਡੀ ਨੂੰ ਸ਼ਰਾਬ, ਕਬਾਬ ਤੇ ਸ਼ਬਾਬ ਦੇ ਨਾਲ-ਨਾਲ ਚਰਸ ਦਾ ਝੱਸ ਪਾ ਦਿੱਤਾ ਸੀ। ਫਿਰ ਉਸ ਨੇ ਪਿੰਡ ਵਾਲਾ ਘਰ ਛੱਡ ਕੇ ਸ਼ਹਿਰ ਵਾਲੀ ਕੋਠੀ ਵਿਚ ਰਹਿਣ ਦੀ ਜ਼ਿੱਦ ਫੜੀ। ਉਹ ਪਿਓ ਨੂੰ ਕਹਿੰਦਾ ਪਈ ਵਸੀਏ ਸ਼ਹਿਰ ਭਾਵੇਂ ਹੋਏ ਕਹਿਰ। ਲਾਡੀ ਦੀਆਂ ਲਾਡੀਆਂ ਨੇ ਚੋਧਰੀ ਨੂੰ ਉਸਦੀ ਗੱਲ ਮੰਨਣ 'ਤੇ ਮਜਬੂਰ ਕਰ ਦਿੱਤਾ। ਇੰਝ ਸ਼ਹਿਰ ਦੀ ਕੋਠੀ ਵਿਚ ਯਾਰ ਬੇਲੀਆਂ ਦੀਆਂ ਮਹਿਫ਼ਲਾਂ ਸੱਜਣ ਲੱਗੀਆਂ। ਗਸ਼ਤੀਆਂ ਆਉਣ-ਜਾਣ ਲੱਗੀਆਂ ਤੇ ਲਾਡੀ ਦਾ ਮਨ ਪਰਚਾਉਣ ਲੱਗੀਆਂ। ਤਾਈਆਂ-ਚਾਚੀਆਂ ਨੇ ਜਦ ਲਾਡੀ ਦੀਆਂ ਹਰਕਤਾਂ ਵਲ ਉਹਦੀ ਮਾਂ ਦਾ ਧਿਆਨ ਦਿਵਾਇਆ ਤਾਂ ਉਸ ਨੇ ਖਿੱਝ ਖਾ ਕੇ ਜੁਆਬ ਦਿੱਤਾ ਸੀ, 'ਇਸ ਉਮਰੇ ਮੁੰਡੇ ਅਜਿਹੀਆਂ ਖੇਡਾਂ ਖੇਡਦੇ ਰਹਿੰਦੇ ਨੇ। ਵਿਆਹ ਮਗਰੋਂ ਆਪੇ ਸਭ ਠੀਕ ਹੋ ਜਾਸੀ। ਆਉਣ ਵਾਲੀ ਨੂੰਹ ਲਾਡੀ ਨੂੰ ਆਪਣੇ ਪਿਆਰ ਦੀਆਂ ਬੇੜੀਆਂ ਵਿਚ ਜਕੜਸੀ ਤੇ ਦੋਖੀਆਂ ਦੇ ਮੂੰਹ ਬੰਦ ਹੋ ਜਾਸਨ।' ਫੇਰ ਉਹ ਵੇਲਾ ਵੀ ਆ ਗਿਆ ਜਦ ਦੋਵੇਂ ਪਿਓ-ਪੁੱਤਰ ਇੱਕਠਿਆਂ ਖਾਣ-ਪੀਣ ਲੱਗੇ। ਦੋ-ਤਿੰਨ ਪੈਗ ਪੀਣ ਮਗਰੋਂ ਚੋਧਰੀ ਲਾਡੀ ਨੂੰ ਸਮਾਜ ਵਿਚ ਇਜ਼ਤ ਕਮਾਉਣ ਦੇ ਗੁਰ ਸਮਝਾਉਂਦਾ। ਤੇ ਉਹਨੂੰ ਗੁੰਡਾ-ਗਰਦੀ ਤੇ ਆਵਾਰਾ-ਗਰਦੀ ਛੱਡਣ ਅਤੇ ਪੜ੍ਹਾਈ ਪੂਰੀ ਕਰਨ ਲਈ ਕਹਿੰਦਾ ਤਾਂ ਜੋ ਉਹ ਛੇਤੀ ਤੋਂ ਛੇਤੀ ਕਾਰੋਬਾਰ ਸਾਂਭੇ ਤੇ ਪਿਓ ਦਾ ਹੱਥ ਵਟਾਏ। ਉਹ ਉਹਨੂੰ ਸਮਝਾਉਂਦਾ ਪਈ ਜ਼ਬਾਨ ਰਸੀਲੀ ਤੇ ਦੁਨੀਆਂ ਰੰਗੀਲੀ ਹੁੰਦੀ ਹੈ। ਪਰ ਲਾਡੀ ਪਿਉ ਦੀਆਂ ਗੱਲਾਂ ਕੰਨੋਂ ਬਾਹਰ ਹੀ ਫੰਡ ਛੱਡਦਾ। ਕੰਨਾਂ ਅੰਦਰ ਜਾਣ ਹੀ ਨਹੀਂ ਦੇਂਦਾ। ਕਿਉਂ ਜੇ ਉਹ ਵੇਖਦਾ ਰਹਿੰਦਾ ਸੀ ਕਿ ਚੌਧਰੀ ਨੇ ਆਪਣੀ ਜ਼ਬਾਨ ਕਦੇ ਰਸੀਲੀ ਨਹੀਂ ਰੱਖੀ। ਉਹ ਤਾਂ ਹਮੇਸ਼ਾ ਪਿਉ ਦੇ ਮੂੰਹੋਂ ਗਾਲ੍ਹਾਂ ਦੇ ਬੰਬ ਫਟਦੇ ਵੇਖਦਾ ਰਹਿੰਦਾ ਸੀ।

ਫੇਰ ਇੰਜ ਹੋਇਆ ਕਿ ਲਾਡੀ ਦੇ ਪੈਰ ਚੌਧਰੀ ਜਗਤ ਸਿੰਘ ਦੀ ਜੁੱਤੀ ਨੂੰ ਫਾੜ ਕੇ ਜੁੱਤੀ ਅੰਦਰੋਂ ਬਾਹਰ ਨਿਕਲ ਆਏ। ਉਸ ਨੇ ਆਪਣੀ ਇਕ ਵੱਖਰੀ ਮਸਤ ਮੰਡਲੀ ਬਣਾ ਲਈ ਜਿਸਦਾ ਕੰਮ ਸੀ... ਹਾਣ ਦੇ ਮੁੰਡੇ ਕੁੜੀਆਂ ਨੂੰ ਛੇੜਨਾ, ਧਮਕੀਆਂ ਦੇ ਕੇ ਉਨ੍ਹਾਂ ਉਤੇ ਆਪਣੀ ਧੌਂਸ ਜਮਾਉਣਾ ਤੇ ਤੜਿੰਗ ਦੱਸਣ ਵਾਲਿਆਂ ਦੇ ਹੱਡ ਗੋਡੇ ਤੋੜਨਾ। ਲਾਡੀ ਹਰ ਵਾਰੀ ਚੌਧਰੀ ਦੀ ਚੋਗ ਅਤੇ

ਅਸਰ ਰਸੂਖ਼ ਕਾਰਨ, ਪੁਲਿਸ ਕਾਰਵਾਈ ਤੋਂ ਬਚ ਜਾਂਦਾ ਜਿਸ ਨਾਲ ਉਸਨੂੰ ਸ਼ੈਅ ਮਿਲਦੀ ਗਈ। ਉਹ ਜੁਰਮ 'ਤੇ ਜੁਰਮ ਕਰਨ ਲੱਗਿਆ। ਇਕ ਕਤਲ ਕੇਸ ਵਿਚ ਵੀ ਫਸਿਆ ਪਰ ਬਾਪ ਦੇ ਦੁਲਾਰ ਨੇ ਉਸ 'ਤੇ ਕੋਈ ਆਂਚ ਨਹੀਂ ਆਣ ਦਿੱਤੀ। ਲਾਡੀ ਇਕ ਅਜਿਹਾ ਕਰੇਲਾ ਸੀ ਜਿਹੜਾ ਹਮੇਸ਼ਾ ਨਿੰਮ 'ਤੇ ਚੜ੍ਹਿਆ ਰਹਿੰਦਾ। ਉਸ ਦੀਆਂ ਰੋਜ਼-ਰੋਜ਼ ਦੀਆਂ ਖਰਮਸਤੀਆਂ ਤੋਂ ਚੌਧਰੀ ਅਤੇ ਉਸ ਦੇ ਭਰਾ ਚੋਖੇ ਤੰਗ ਸਨ। ਉਹ ਜਾਣਦੇ ਸਨ ਕਿ ਕਾਲੇ ਪੱਟ ਨਾ ਚੜੇ ਸਫ਼ੇਦੀ ਤੇ ਕਾਗ ਨਾ ਥੀਂਦੇ ਬੱਗੇ, ਪਰ ਫੇਰ ਵੀ ਸਭਨਾਂ ਮਿਲ ਕੇ ਲਾਡੀ ਦਾ ਵਿਆਹ ਕਰਾਉਣ ਦਾ ਫ਼ੈਸਲਾ ਕੀਤਾ।... ਵਿਆਹ ਹੋਇਆ ਤੇ ਬੜੇ ਸ਼ਾਹੀ ਢੰਗ ਨਾਲ ਹੋਇਆ। ਸਾਰਾ ਸ਼ਹਿਰ ਤੇ ਪਿੰਡ ਦਾਅਵਤ ਵਿਚ ਸ਼ਾਮਿਲ ਹੋਇਆ। ਲਾੜੇ ਲਾੜੀ ਨੂੰ ਹਨੀਮੂਨ ਮਨਾਉਣ ਲਈ ਸਵਿਟਜ਼ਰਲੈਂਡ ਘੱਲਿਆ ਗਿਆ। ਉਥੇ ਲਾਡੀ ਨੇ ਪਹਿਲੇ ਦਿਨ ਤੋਂ ਹੀ ਆਪਣਾ ਰੰਗ ਦੱਸਣਾ ਸ਼ੁਰੂ ਕਰ ਦਿੱਤਾ। ਵਾਪਿਸੀ 'ਤੇ ਚੌਧਰੀ ਤੇ ਚੌਧਰਾਇਣ ਨੇ ਲਾੜੀ ਦੇ ਮੂੰਹ ਉਤੇ ਜ਼ਖ਼ਮ ਤੇ ਪਿੰਡੇ ਉਤੇ ਪਏ ਨੀਲ ਦੇਖੇ। ਉਨ੍ਹਾਂ ਨੂੰ ਦੇਖ ਕੇ ਨੂੰਹ ਰੋਣ ਲੱਗੀ। ਚੌਧਰੀ ਉਸ ਨੂੰ ਦਿਲਾਸਾ ਦੇਣ ਲੱਗਾ ਤੇ ਕਹਿਣ ਲੱਗਾ,

"ਧੀਏ ਕਿਸੇ ਨਾਲ ਗੱਲ ਨਾ ਕਰੀਂ, ਸਬਰ ਕਰ, ਸਬਰ ਕੀਤਿਆਂ ਅਜੱਰ ਮਿਲਦਾ ਹੈ।" ਪਰ ਉਹ ਸਮਝ ਗਈ ਸੀ ਕਿ ਲਾਡੀ ਨਾਲ ਰਹਿ ਕੇ ਸਦਾ ਹੱਥ ਮਹਿੰਦੀ ਰੱਤੇ ਨਹੀਂ ਰਹਿਣੇ। ਤੇ ਸਦਾ ਨਹੀਂ ਛਣਕਨੀਆਂ ਵੰਗਾਂ। ਉਹ ਜਾਣ ਗਈ ਸੀ ਕਿ ਉਸ ਨੂੰ ਆਪਣਾ ਚਰਖ਼ਾ ਆਪ ਹੀ ਸਾਂਭਣਾ ਪੈਣਾ ਤੇ ਆਪਣਾ ਸੂਤ ਵੀ ਆਪ ਕੱਤਣਾ ਪੈਣਾ। ਕਿਉਂ ਜੋ ਵਿਆਹ ਨਾਲ ਵੀ ਲਾਡੀ ਦੇ ਰੰਗ ਢੰਗ ਵਿਚ ਕੋਈ ਫ਼ਰਕ ਨਹੀਂ ਪਿਆ ਸੀ। ਉਹ ਚੌਧਰੀ ਨੂੰ ਦੁਖ ਦੀਆਂ ਗੀਟੀਆਂ ਮਾਰਦਾ ਰਹਿੰਦਾ। ਚੌਧਰੀ ਦਾ ਦਿਲ ਦਰਦ ਨਾਲ ਕੁਰਲਾਂਦਾ ਰਹਿੰਦਾ ਤੇ ਉਹ ਆਪ ਮੁਹਾਰੇ ਬੋਲ ਪੈਂਦਾ, "ਇਕੋ ਆਂਡਾ, ਉਹ ਵੀ ਗੰਦਾ।" ਲਾਡੀ ਚੌਧਰੀ ਦੇ ਭਾਂਡਿਆਂ ਵਿਚ ਇਕ ਤਵਾ ਸੀ ਜਿਹੜਾ ਅੱਗ ਦੇ ਤਾਅ 'ਤੇ ਹਮੇਸ਼ਾ ਤਪਦਾ ਰਹਿੰਦਾ ਅਤੇ ਪਿਓ ਦੇ ਕਾਲਜੇ ਨੂੰ ਸਾੜਦਾ ਰਹਿੰਦਾ। ਉਸ ਦੀਆਂ ਕਰਤੂਤਾਂ ਵੇਖ ਕੇ ਚੌਧਰੀ ਜਗਤ ਸਿੰਘ ਕਈ ਵਾਰ ਬਦਦੁਆਵਾਂ ਦਿੰਦਾ ਤੇ ਆਖਦਾ, "ਕਪੁੱਤ ਪੁੱਤਰ ਮੋਇਆ ਚੰਗਾ।"

ਫੇਰ ਹੋਣੀ ਦੇ ਪੈਰ ਪੁੱਠੇ ਪੈ ਗਏ ਤੇ ਲਾਡੀ ਸ਼ਰਾਬ ਦੇ ਉਲਾਰ ਵਿਚ ਆਪਣੇ ਕੁਝ ਯਾਰ ਬੇਲੀਆਂ ਨਾਲ ਇਕ ਹੋਰ ਮਿੱਤਰ ਦੇ ਘਰ ਗਿਆ। ਉਥੇ ਕਿਸੇ ਗੱਲ 'ਤੇ ਉਚੀ ਨੀਵੀਂ ਹੋ ਗਈ। ਗੱਲ ਗਾਲ੍ਹੀ ਗਲੋਚ ਤਕ ਪਹੁੰਚ ਗਈ ਤੇ ਅਖ਼ੀਰ ਉਸ ਦੋਸਤ ਦੀ ਮੌਤ 'ਤੇ ਜਾ ਕੇ ਖ਼ਤਮ ਹੋਈ। ਉਸ ਨੂੰ ਲਾਡੀ ਨੇ ਦੇਸੀ ਕੱਟੇ ਨਾਲ ਗੋਲੀ ਮਾਰੀ ਸੀ ਤੇ ਉਹ ਮੌਕੇ 'ਤੇ ਹੀ ਦਮ ਤੋੜ ਗਿਆ ਸੀ। ਲਾਡੀ ਵਾਰਦਾਤ

ਦੀ ਥਾਂ ਤੋਂ ਭੱਜ ਗਿਆ ਪਰ ਉਸਦੇ ਯਾਰ ਫੜੇ ਗਏ, ਜਿਸ ਦਾ ਪੁੱਤਰ ਮਰਿਆ ਸੀ, ਉਹ ਰਾਜਨੀਤੀ ਦੀ ਸ਼ਤਰੰਜ ਦਾ ਇਕ ਵੱਡਾ ਖਿਡਾਰੀ ਸੀ ਤੇ ਸਰਕਾਰੇ ਦਰਬਾਰੇ ਉਹਦਾ ਬੜਾ ਆਦਰ ਸੀ। ਉਹਦੀ ਪਹੁੰਚ ਸਿੱਧੀ ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਤੀਕਰ ਸੀ। ਉਹਨੇ ਪੁਲਿਸ ਤੇ ਸਰਕਾਰ ਦੇ ਮੰਜੇ ਦੀਆਂ ਚੂਲਾਂ ਹਿਲਾ ਦਿੱਤੀਆਂ। ਇਕ ਤਰਥੱਲੀ ਪੈ ਗਈ। ਸਾਰਿਆਂ ਨੇ ਆਪਣੇ ਹੱਥ ਖਿੱਚ ਲਏ ਤੇ ਕੋਈ ਵੀ ਚੌਧਰੀ ਦੀ ਮਦਦ ਕਰਨ ਲਈ ਤਿਆਰ ਨਾ ਹੋਇਆ। ਪੁਲਿਸ ਨੇ ਲਾਡੀ ਨੂੰ ਹਥਿਆਰ ਸਮੇਤ ਫੜ ਲਿਆ ਅਤੇ ਹਵਾਲਾਤ ਵਿਚ ਬੰਦ ਕਰ ਦਿੱਤਾ। ਸਰਕਾਰ ਨੇ ਇਸ ਘਟਨਾ ਦੀ ਪੁੱਛ ਪ੍ਰਤੀਤ ਲਈ ਇਕ ਉਚੇਚੀ ਤਫ਼ਤੀਸ਼ੀ ਟੀਮ ਬਣਾਈ, ਜਿਸ ਨੇ ਆਪਣਾ ਕੰਮ ਰੋਜ਼ਨਾਮਚੇ ਤੋਂ ਸ਼ੁਰੂ ਕੀਤਾ। ਰੋਜ਼ਨਾਮਚੇ ਦੇ ਅੱਖਰਾਂ ਵਿਚ ਚੌਧਰੀ ਦੀ ਖੰਡ ਸ਼ੱਕਰ ਮਿਲੀ ਹੋਈ ਸੀ ਤੇ ਉਸ ਵਿਚ ਲਾਡੀ ਨੂੰ ਬਚਾਣ ਲਈ ਸਾਰੇ ਹਰਬੇ ਦਰਜ ਸਨ। ਫੋਰੈਂਸਿਕ ਲਬਾਰਟਰੀ ਦੇ ਪਾਰਖੂਆਂ ਦੀ ਰਿਪੋਰਟ ਵੀ ਕੇਸ ਦੀ ਮਿਸਲ ਨਾਲ ਸ਼ਾਮਿਲ ਕਰ ਦਿੱਤੀ ਗਈ ਸੀ ਜਿਸ ਦੇ ਅਨੁਸਾਰ ਗੋਲੀ ਜ਼ਬਤ ਕੀਤੀ ਗਈ ਪਸਤੌਲ ਤੋਂ ਨਹੀਂ ਸੀ ਚੱਲੀ ਤੇ ਇਹ ਗੱਲ ਸੱਚ ਵੀ ਸੀ ਕਿਉਂ ਜੇ ਪੁਲਿਸ ਥਾਣੇ ਵਿਚ ਕਤਲ ਦਾ ਹਥਿਆਰ ਬਦਲ ਦਿੱਤਾ ਗਿਆ ਸੀ ਜਿਸ ਲਈ ਮੁਨਸ਼ੀ, ਥਾਣੇਦਾਰ ਤੋਂ ਲੈ ਕੇ ਜ਼ਿਲ੍ਹਾ ਪੁਲਿਸ ਅਫ਼ਸਰ ਤੀਕ ਲੱਖਾਂ ਦਾ ਪ੍ਰਸ਼ਾਦ ਵੰਡਿਆ ਗਿਆ ਸੀ। ਲਾਡੀ ਭਾਵੇਂ "ਲਾਡਲਾ ਪੂਤ ਤੇ ਕੁਠਾਲੀ ਵਿਚ ਮੂਤ" ਸੀ ਪਰ ਪਿਓ ਦੇ ਕਾਲਜੇ ਦੇ ਹੱਥ ਪਿਆ ਸੀ। ਇਸ ਲਈ ਚੌਧਰੀ ਆਪਣੇ ਲਾਡਲੇ ਨੂੰ ਬਚਾਉਣ ਲਈ ਹਰ ਯਤਨ ਕਰ ਰਿਹਾ ਸੀ। ਪੁੱਛ ਪ੍ਰਤੀਤ ਮਗਰੋਂ ਤਫ਼ਤੀਸ਼ੀ ਟੀਮ ਛੇਤੀ ਹੀ ਸਿੱਟੇ 'ਤੇ ਪੁੱਜ ਗਈ ਕਿ ਪਸਤੌਲ ਬਦਲ ਦਿੱਤੀ ਗਈ ਹੈ ਤੇ ਕੇਸ ਕਿਸੇ ਹੋਰ ਬੰਦੇ ਉਤੇ ਪਾਉਣ ਦੀ ਸਾਜਿਸ਼ ਰਚੀ ਗਈ ਹੈ। ਤਫ਼ਤੀਸ਼ੀ ਟੀਮ ਦੇ ਮੁਖੀ ਦੀ ਸਿਫ਼ਾਰਿਸ਼ 'ਤੇ ਜ਼ਿਲ੍ਹਾ ਪੁਲਿਸ ਅਫ਼ਸਰ, ਥਾਣੇਦਾਰ, ਮੁਨਸ਼ੀ ਥਾਣਾ ਤੇ ਫੋਰੈਂਸਿਕ ਲੈਬਰੋਟਰੀ ਦੇ ਦੋਵੇਂ ਪਾਰਖੂ ਗ੍ਰਿਫ਼ਤਾਰ ਕਰ ਲਿੱਤੇ ਗਏ। ਚੌਧਰੀ ਜਗਤ ਸਿੰਘ ਤੇ ਉਹਦੇ ਭਰਾਵਾਂ ਨੇ ਚੋਖੀ ਨੱਠ ਭੱਜ ਕੀਤੀ ਪਰ ਕੁਝ ਨਾ ਬਣਿਆ ਤੇ ਮੁਲਜ਼ਿਮ ਨੂੰ ਬਚਾਣ ਲਈ ਤੇ ਗਵਾਹੀਆਂ ਨੂੰ ਮਿਟਾਣ ਦੀ ਸਾਜਿਸ਼ ਵਿਚ ਚੌਧਰੀ ਤੇ ਉਹਦੇ ਭਰਾਵਾਂ ਨੂੰ ਵੀ ਹਵਾਲਾਤ ਅੰਦਰ ਠੋਕ ਦਿੱਤਾ ਗਿਆ ਤੇ ਬਾਕੀ ਸਾਰਿਆਂ ਉਤੇ ਪੂਰਾ ਰੰਬੀਰ ਪੈਨਲ ਕੋਡ ਡੋਲ੍ਹ ਦਿੱਤਾ ਗਿਆ।

ਸਾਰੇ ਪੁਲਿਸ ਰਿਮਾਂਡ 'ਤੇ ਹਵਾਲਾਤ ਵਿਚ ਬੰਦ ਰਹੇ। ਤਫ਼ਤੀਸ਼ ਚਲਦੀ ਰਹੀ। ਪੁੱਛ ਪ੍ਰਤੀਤ ਹੁੰਦੀ ਰਹੀ ਤੇ ਫੇਰ ਸੱਠਾਂ ਦਿਨਾਂ ਦੇ ਅੰਦਰ ਹੀ ਸਭਨਾਂ ਦੇ ਖ਼ਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਗਿਆ ਤੇ ਮੁਲਾਜ਼ਮਾਂ ਨੂੰ ਅਦਾਲਤੀ ਹਿਰਾਸਤ ਵਿਚ ਜੇਲ੍ਹ ਘੱਲ ਦਿੱਤਾ ਗਿਆ। ਜ਼ਮਾਨਤਾਂ ਲਈ ਅਦਾਲਤ

ਦਾ ਬੂਹਾ ਖੜਕਾਇਆ ਗਿਆ। ਹਾਈਕੋਰਟ ਤੇ ਸੁਪਰੀਮ ਕੋਰਟ ਤਕ ਅਪੀਲਾਂ ਹੋਈਆਂ। ਦੇਸ਼ ਦੇ ਕਈ ਮਸ਼ਹੂਰ ਵਕੀਲਾਂ ਜ਼ਮਾਨਤਾਂ ਲਈ ਬਹਿਸ ਕੀਤੀ ਪਰ ਅਦਾਲਤਾਂ ਅੱਗੇ ਕੋਈ ਪੇਸ਼ ਨਾ ਚੱਲੀ। ਅਖ਼ਬਾਰਾਂ ਤੇ ਟੈਲੀਵਿਜ਼ਨ ਚੈਨਲਾਂ ਨੇ ਇਸ ਘਟਨਾ ਨੂੰ ਇੰਨਾ ਉਛਾਲਿਆ ਕਿ ਹਰ ਪਾਸੇ ਅਵਾਮੀ ਰੱਦੇਅਮਲ, ਚੌਧਰੀ ਤੇ ਉਹਦੇ ਭਰਾਵਾਂ ਖ਼ਿਲਾਫ਼ ਹੋ ਗਿਆ।

ਚੌਧਰੀ ਹੱਥੋਂ ਬਰਬਾਦ ਹੋਏ ਕਈ ਹੋਰ ਲੋਕਾਂ ਨੇ ਵੀ ਪੁਰਾਣੇ ਕੇਸ ਖੋਲ੍ਹਣ ਦੀ ਅਦਾਲਤਾਂ ਨੂੰ ਅਰਜੋਈ ਕੀਤੀ। ਇੰਝ ਲਗਦਾ ਸੀ ਕਿ ਸਾਰਾ ਸ਼ਹਿਰ ਹੀ ਬੋਲੀਆਂ ਮਾਰ ਰਿਹਾ ਹੈ। ਮੀਡੀਆ ਟ੍ਰਾਇਲ ਕਾਰਨ ਸਭੇ ਮੁਲਜ਼ਿਮ ਨਿੰਮੋਝੂਣੇ ਸਨ। ਤੇ ਇਕ ਦੂਜੇ ਨੂੰ ਕਹਿੰਦੇ ਸਨ ਪਈ ਬੁਰੇ ਨਾਲ ਨਾ ਰਲ, ਬੁਰਾ ਵਢਾਏ ਗਲ਼।

ਲਾਡੀ ਚੌਧਰੀ ਦੇ ਸਿਰ ਦੀ ਜੂੰ ਸੀ ਜਿਸ ਨੇ ਉਸ ਦਾ ਸਾਰਾ ਸਿਰ ਹੀ ਗੰਜਾ ਕਰ ਛੱਡਿਆ ਸੀ ਸਗੋਂ ਬਾਕੀ ਸਾਰਿਆਂ ਨੂੰ ਵੀ ਫਲੂਏ ਪਾ ਦਿੱਤੇ ਸਨ। ਚੌਧਰੀ ਜਗਤ ਸਿੰਘ ਨੇ ਆਪਣੀ ਆਬਰੂ ਦਾ ਸਦਕਾ ਮਾਲ ਨਾਲ ਦਿੱਤਾ ਸੀ ਪਰ ਆਬਰੂ ਫੇਰ ਵੀ ਮਿੱਟੀ ਵਿਚ ਮਿਲ ਗਈ ਸੀ। ਘਰ ਤਾਂ ਉਜਾੜਿਆ ਸੀ ਲਾਡੀ ਨੇ ਪਰ ਖੱਜਲ ਖੁਆਰੀ ਸਭਨਾਂ ਦੀ ਹੋਈ ਸੀ। ਰੱਬ ਸਾਈਂ ਨੇ ਅੱਖਾਂ ਕੀ ਫੇਰੀਆਂ ਕਿ ਵੈਰੀ ਹੋਇਆ ਕੁਲ ਜਹਾਨ। ਸ਼ਰੀਕਾਂ ਲੀਕਾਂ ਪਾਈਆਂ। ਮੁਲਾਜ਼ਮ ਵੱਲ ਛਲ ਕਰਨ ਲੱਗ ਪਏ। ਸਾਰਾ ਕਾਰੋਬਾਰ ਬਰਬਾਦ ਹੋ ਗਿਆ। ਕੰਮ ਬੰਦ ਹੋ ਗਏ। ਕੋਠੀਆਂ ਤੇ ਹਵੇਲੀਆਂ ਉਜੜ ਗਈਆਂ। ਤਕਲੀਫ਼ਾਂ, ਮੁਸੀਬਤਾਂ ਤੇ ਉਦਾਸੀਆਂ ਨੇ ਘਰ ਵਿਚ ਡੇਰੇ ਲਾ ਲਏ। ਹਾਸੇ, ਠੱਠੇ, ਤਾਹਨੇ ਮੇਹਣੇ ਤੇ ਮਲਾਮਤਾਂ ਨੇ ਸੁਆਣੀਆਂ ਦੇ ਸਿਰ ਖੇਹ ਪਾਈ। ਸਭਨਾਂ ਲਈ ਬੜੇ ਔਖੇ ਦਿਹਾੜੇ ਆਏ ਸਨ। ਚੌਧਰੀ ਨੂੰ ਆਪਣੀ ਫ਼ਸਲ 'ਤੇ ਬੜਾ ਨਾਜ਼ ਸੀ ਪਰ ਉਸ ਦੇ ਸੰਦਰ ਵੀ ਢਿੱਲੇ ਨਿਕਲੇ ਤੇ ਦਾਣੇ ਵੀ ਗਿੱਲੇ ਨਿਕਲੇ। ਫੇਰ ਉਜੜੀ ਮਸੀਤ ਦੇ, ਗਾਲੜ੍ਹ ਇਮਾਮ ਬਣ ਗਏ ਤੇ ਨਿਓਲੇ ਉਜਾੜ ਮੰਦਰ ਦੇ ਪੁਜਾਰੀ। ਮੁਕੱਦਰਾਂ ਦੇ ਉੱਚੇ ਟਿੱਬੇ ਡੱਬ-ਖੜੱਬੇ ਹੋ ਗਏ। ਸਭ ਕੁਝ ਸੁਆਹ ਢੇਰੀ ਹੋ ਗਿਆ, ਅਦਾਲਤੀ ਪੇਸ਼ੀਆਂ ਹੋਣ ਲੱਗੀਆਂ। ਗਵਾਹਾਂ ਦੇ ਬਿਆਨ ਕੀਤੇ ਜਾਣ ਲੱਗੇ, ਤਾਰੀਖ਼ਾਂ ਪੈਣ ਲੱਗੀਆਂ। ਵਕੀਲਾਂ ਦੀ ਬਹਿਸ ਹੋਣ ਲੱਗੀ। ਗਵਾਹੀਆਂ ਤੇ ਜਿਰਾਹ ਹੁੰਦੀ ਰਹੀ ਤੇ ਵੇਲਾ ਲੰਘਦਾ ਰਿਹਾ। ਚੌਧਰੀ ਜਗਤ ਸਿੰਘ ਤੇ ਉਹਦੇ ਭਰਾ ਜ਼ੇਲ੍ਹ ਵਿਚ ਸੜਦੇ ਰਹੇ। ਲਾਡੀ ਤੇ ਉਸ ਦੇ ਯਾਰ ਜੇਲ੍ਹ ਅੰਦਰ ਕੁੜ੍ਹਦੇ ਰਹੇ। ਚੌਧਰੀ ਨੂੰ ਜੇਲ੍ਹ ਦੀ ਆਬੋਹਵਾ ਰਾਸ ਨਹੀਂ ਆਈ, ਉਹ ਬਿਮਾਰ ਰਹਿਣ ਲੱਗਾ। ਕਦੇ ਹਸਪਤਾਲ, ਕਦੇ ਅਦਾਲਤ ਤੇ ਫਿਰ ਜੇਲ੍ਹ। ਫੇਰੀਆਂ ਪੈਂਦੀਆਂ ਰਹੀਆਂ ਇੰਝ ਪੰਜ ਸਾਲ ਮੁਕੱਦਮੇਬਾਜ਼ੀ ਵਿਚ ਬੀਤ ਗਏ ਤੇ ਅਖ਼ੀਰ ਅਦਾਲਤ ਦਾ ਫ਼ੈਸਲਾ ਆਇਆ। ਲਾਡੀ ਨੂੰ ਫ਼ਾਂਸੀ ਹੋ ਗਈ ਤੇ ਉਹਦੇ ਦੋਹਾਂ

ਸਾਥੀਆਂ ਨੂੰ ਉਮਰ ਕੈਦ। ਚੌਧਰੀ ਜਗਤ ਸਿੰਘ ਤੇ ਉਹਦੇ ਭਰਾਵਾਂ ਨੂੰ ਦਸ ਦਸ ਸਾਲ ਦੀ ਕੈਦ ਬੋਲ ਗਈ ਅਤੇ ਨੌਕਰੀਆਂ ਕੱਢੇ ਗਏ ਜ਼ਿਲ੍ਹਾ ਪੁਲਿਸ ਅਫ਼ਸਰ, ਥਾਣੇਦਾਰ ਅਤੇ ਮੁਨਸ਼ੀ ਨੂੰ ਸੱਤ-ਸੱਤ ਵਰ੍ਹਿਆਂ ਦੀ ਸਜ਼ਾ ਹੋ ਗਈ। ਬਰਖ਼ਾਸਤ ਕੀਤੇ ਗਏ ਫੋਰੈਂਸਿਕ ਲੈਬਾਰਟਰੀ ਦੇ ਦੋਵੇਂ ਪਾਰਖੂਆਂ ਨੂੰ ਤਿੰਨ-ਤਿੰਨ ਸਾਲ ਕੈਦ ਬੋਲ ਗਈ।

ਅਦਾਲਤ ਦੇ ਫ਼ੈਸਲੇ ਦੀ ਅਪੀਲ ਹਾਈਕੋਰਟ ਤੇ ਸੁਪਰੀਮ ਕੋਰਟ ਤੀਕਰ ਕੀਤੀ ਗਈ ਪਰ ਵੱਡੀਆਂ ਅਦਾਲਤਾਂ ਨੇ ਵੀ ਕੋਰਟ ਦਾ ਫ਼ੈਸਲਾ ਬਰਕਰਾਰ ਰੱਖਿਆ। ਇੰਝ ਸਾਰੀ ਖੇਡ ਖ਼ਤਮ ਹੋ ਗਈ। ਆਸ ਉਮੀਦ ਦੇ ਠੂਠੇ ਭੱਜ ਗਏ। ਚੌਧਰੀ ਦੀ ਦੁਨੀਆਂ ਕਾਨੂੰਨ ਨੇ ਲੁੱਟ ਲਈ। ਉਸ ਦਾ ਪੈਸਾ ਕੁਝ ਨਹੀਂ ਕਰ ਸਕਿਆ। ਸਾਰੇ ਬੇਵਸ ਹੋ ਗਏ। ਚੌਧਰੀ ਦੇ ਚਾਰੋਂ ਪਾਸੇ ਹਨੇਰਾ ਹੀ ਹਨੇਰਾ ਫੈਲ ਗਿਆ। ਲੋਅ ਦੀ ਭੋਰਾ ਜਹੀ ਲਿਸ਼ਕ ਵੀ ਕਿਤੇ ਨਹੀਂ ਸੀ ਲੱਭ ਰਹੀ। ਉਸ ਦਾ ਕੁਝ ਵੀ ਬਾਕੀ ਨਹੀਂ ਸੀ ਬਚਿਆ। ਸਭ ਤਬਾਹ ਹੋ ਚੁੱਕਿਆ ਸੀ। ਲਾਡੀ ਉਸਦਾ ਲਾਡਲਾ ਫ਼ਾਂਸੀ ਲੱਗਣ ਦੀ ਉਡੀਕ ਵਿਚ ਸੀ ਪਰ ਚੌਧਰੀ ਆਪਣੇ ਦਿਲ ਜਿਗਰ ਨੂੰ ਫਾਹ ਲਗਦਾ ਨਹੀਂ ਸੀ ਵੇਖ ਸਕਦਾ। ਉਸ ਨੇ ਲਾਡੀ ਤੋਂ ਪਹਿਲਾਂ ਆਪਣੇ ਆਪ ਨੂੰ ਫਾਹ ਲਾਉਣ ਦਾ ਫ਼ੈਸਲਾ ਕਰ ਲਿਆ। ਫੇਰ ਇਕ ਸਵੇਰ ਜੇਲ੍ਹ ਵਾਲਿਆਂ ਨੇ ਉਸ ਦੀ ਲਾਸ਼ ਨੂੰ ਕਮਰੇ ਅੰਦਰ ਲੱਗੇ ਪੱਖੇ ਨਾਲ ਲਟਕਦਿਆਂ ਵੇਖਿਆ। ਉਸ ਦੀ ਅਰਥੀ ਨੂੰ ਸ਼ਮਸ਼ਾਨ ਲਿਜਾਇਆ ਗਿਆ। ਉਸ ਨੂੰ ਮੋਢਾ ਦੇਣ ਵਾਲਿਆਂ ਵਿਚ ਉਸਦੇ ਭਰਾ ਤੇ ਕੁਝ ਨੇੜੇ ਦੇ ਰਿਸ਼ਤੇਦਾਰਾਂ ਤੋਂ ਛੁਟ ਹੋਰ ਕੋਈ ਨਹੀਂ ਸੀ।

ਸਜ਼ਾ ਯਾਫ਼ਤਾ ਜ਼ਿਲ੍ਹਾ ਪੁਲਿਸ ਅਫ਼ਸਰ ਆਪਣੇ ਕੀਤੇ ਗਏ ਜ਼ੁਰਮਾਂ 'ਤੇ ਪਛਤਾ ਰਿਹਾ ਸੀ। ਉਸ ਨੇ ਨੌਕਰੀ ਦੌਰਾਨ ਖਵਰੇ ਕਿੰਨੇ ਬੇਗੁਨਾਹਾਂ ਦਾ ਇਨਕਾਊਂਟਰ ਕੀਤਾ ਸੀ ਅਤੇ ਇਨਾਮ ਤੇ ਤਰੱਕੀਆਂ ਲਈਆਂ ਸਨ। ਕਿੰਨੇ ਹੀ ਮਾਸੂਮ ਗੱਭਰੂਆਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਉਨ੍ਹਾਂ ਦੇ ਮਾਪਿਆਂ ਕੋਲੋਂ ਮੋਟੀਆਂ ਰਕਮਾਂ ਵਸੂਲੀਆਂ ਸਨ। ਇਹੋ ਸੋਚ ਸੋਚ ਕੇ ਉਹ ਪਛਤਾਵੇ ਦੀ ਅੱਗ ਵਿਚ ਸੜ ਰਿਹਾ ਸੀ। ਆਪਣੇ ਅੰਦਰ ਭੜਕੀ ਇਸ ਅੱਗ ਨੂੰ ਸ਼ਾਂਤ ਕਰਨ ਲਈ ਉਹ ਅੱਜ ਕਲ੍ਹ ਗੁਰਬਾਣੀ ਦਾ ਪਾਠ ਕਰਦਾ ਹੈ ਅਤੇ ਸਭਨਾਂ ਬੰਦੀਵਾਨਾਂ ਨੂੰ ਇਕੱਠਿਆਂ ਕਰਕੇ ਉਨ੍ਹਾਂ ਨੂੰ ਫ਼ਰੀਦ ਬਾਣੀ, ਕਬੀਰਬਾਣੀ ਤੇ ਦੂਜੇ ਪੰਜ ਸੂਫ਼ੀਆਂ ਦੇ ਸ਼ਲੋਕ ਸੁਣਾਂਦਾ ਤੇ ਸਮਝਾਂਦਾ।

*'ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁੱਖ,*
*ਜਿਨ੍ਹਾਂ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ।'*

•

# ਵੇਲੇ ਦੀ ਵਾਰ

ਪੰਜਾਬ ਤੋਂ ਇਕ ਸੱਜਰਾ ਵਿਆਹਿਆ ਜੋੜਾ ਆਪਣੀ ਕਾਰ ਵਿਚ ਹਨੀਮੂਨ ਮਨਾਉਣ ਲਈ ਕਸ਼ਮੀਰ ਜਾ ਰਿਹਾ ਸੀ। ਜਵਾਹਰ ਸੁਰੰਗ ਨੂੰ ਪਾਰ ਕਰਨ ਮਗਰੋਂ ਉਹ ਜੋੜਾ ਵੈਰੀ ਨਾਗ ਦਾ ਚਸ਼ਮਾ ਤੇ ਬਾਗ਼ ਵੇਖਣ ਲਈ ਚਲਾ ਗਿਆ। ਬਾਦਸ਼ਾਹ ਸ਼ਾਹ ਜਹਾਨ ਦੇ ਬਣਾਏ ਹੋਏ ਚਸ਼ਮੇ ਦੇ ਸੋਹਣੇ ਹੋਜ਼ ਅਤੇ ਰੰਗ-ਬਰੰਗੇ ਫੁੱਲਾਂ ਨਾਲ ਸਜੇ ਬਾਗ਼ ਨੂੰ ਵੇਖਣ ਤੋਂ ਬਾਅਦ ਉਹ ਪਹਿਲਗਾਮ ਵੱਲ ਚੱਲ ਪਏ। ਜਿੱਥੇ ਇਕ ਹੋਟਲ ਵਿਚ ਉਸ ਨਵੇਂ ਜੋੜੇ ਦੇ ਠਹਿਰਣ ਦਾ ਬੰਦੋਬਸਤ ਸੀ।

ਮਟਨ ਦੇ ਪਾਂਡਿਆਂ ਕੋਲੋਂ ਛਿੱਲ ਲੁਹਾਉਣ ਤੇ ਐਸ਼ਮੁਕਾਮ ਦੀ ਦਰਗਾਹ 'ਤੇ ਹਾਜ਼ਰੀ ਦੇਣ ਮਗਰੋਂ ਉਹ ਪਹਿਲਗਾਮ ਵੱਲ ਜਾ ਰਹੇ ਸਨ ਕਿ ਉਨ੍ਹਾਂ ਦੀ ਕਾਰ ਨੂੰ ਖਾੜਕੂਆਂ ਨੇ ਰੋਕਿਆ ਤੇ ਥੱਲੇ ਉਤਰਨ ਲਈ ਕਿਹਾ। ਦੋਵੇਂ ਮੀਆਂ-ਬੀਵੀ ਕਾਰ ਤੋਂ ਜਦ ਬਾਹਰ ਆਏ ਤਾਂ ਇਕ ਖਾੜਕੂ ਨੇ ਪੁੱਛਿਆ,

"ਤੁਹਾਡਾ ਨਾਂ ਕੀ ਏ ਤੇ ਤੁਸੀਂ ਕਿਹੜੇ ਮਜ਼ਹਬ ਨੂੰ ਮੰਨਦੇ ਹੋ?"

"ਅਲ੍ਹਾ ਦੇ ਫ਼ਜ਼ਲ ਨਾਲ ਅਸੀਂ ਮੁਸਲਮਾਨ ਹਾਂ। ਮੇਰਾ ਨਾਂ ਆਮਿਰ ਖ਼ਾਨ ਹੈ। ਇਹ ਮੇਰੀ ਵਹੁਟੀ ਫ਼ਰ੍ਹਾ ਖ਼ਾਨ ਹੈ।"

"ਚੰਗਾ ਫੇਰ! ਜੇ ਤੁਸੀਂ ਮੁਸਲਮਾਨ ਹੋ ਤਾਂ ਕੁਰਆਨ ਸ਼ਰੀਫ਼ ਦੀ ਕੋਈ ਆਇਤ ਸੁਣਾਓ।"

ਮੀਆਂ ਨੇ ਫੱਟ ਆਇਤ ਪੜ੍ਹ ਕੇ ਸੁਣਾਈ ਨਾਲੇ ਉਹਦਾ ਤਰਜਮਾ ਵੀ ਸੁਣਾਇਆ। ਖਾੜਕੂ ਖ਼ੁਸ਼ ਹੋ ਗਏ ਤੇ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਦੋਵੇਂ ਮੋਮਨ ਹਨ। ਖਾੜਕੂਆਂ ਨੇ ਉਨ੍ਹਾਂ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ।

ਦੂਰ... ਕਾਫ਼ੀ ਦੂਰ ਜਾ ਕੇ ਪਤਨੀ ਨੇ ਆਪਣੇ ਪਤੀ ਨੂੰ ਪੁੱਛਿਆ,

"ਇਕ ਤਾਂ ਤੁਸਾਂ ਆਪਣਾ ਅਤੇ ਮੇਰਾ ਨਾਂ ਗਲਤ ਦੱਸਿਆ, ਦੂਜਾ ਤੁਸਾਂ ਉਨ੍ਹਾਂ ਨੂੰ ਗਾਇਤਰੀ ਮੰਤਰ ਦਾ ਤਰਜ਼ਮਾ ਸੁਣਾ ਦਿੱਤਾ। ਤੁਹਾਨੂੰ ਅੱਤਵਾਦੀਆਂ ਕੋਲੋਂ ਡਰ ਨਹੀਂ ਲੱਗਾ?"

"ਬਿਲਕੁਲ ਨਹੀਂ। ਕਿਉਂ ਜੇ ਮੈਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਮੁਜਾਹਿਦਾਂ ਨੇ ਕੁਰਆਨ ਨੂੰ ਨਹੀਂ ਪੜ੍ਹਿਆ ਹੋਇਆ। ਜੇ ਪੜ੍ਹਿਆ ਹੁੰਦਾ ਤਾਂ ਇਹ ਅੱਤਵਾਦੀ ਨਹੀਂ ਹੋਣੇ ਸਨ।"

ਪਤਨੀ ਨੇ ਪਿਆਰ ਨਾਲ ਆਪਣੇ ਚੰਨ ਮਾਹੀ ਵੱਲ ਵੇਖਿਆ ਤੇ ਉਹਦਾ ਹੱਥ ਘੁੱਟ ਕੇ ਫੜ੍ਹ ਲਿਆ।

•

# ਪ੍ਰੇਮ ਖੇਲਣ ਕਾ ਚਾਓ

ਹਰ ਵੱਡੇ ਬੰਦੇ ਦੇ ਅਰੂਜ ਤੇ ਜ਼ਵਾਲ ਦੀ ਕਹਾਣੀ ਸਵਾਦਲੀ, ਕੌੜੀ ਤੇ ਕੁਸੈਲੀ ਹੁੰਦੀ ਹੈ। ਮੇਰੀ ਕਹਾਣੀ ਵੀ ਉਚਾਈ ਤੇ ਤਬਾਹੀ ਦੀਆਂ ਘਟਨਾਵਾਂ ਨਾਲ ਭਰੀ ਪਈ ਹੈ। ਏਹੋ ਕਾਰਨ ਹੈ ਕਿ ਮੈਂ ਆਪਣੀ ਕਹਾਣੀ ਹਮਾਯੂੰ ਦੇ ਮਕਬਰੇ ਦੇ ਥੜ੍ਹੇ ਉਤੇ ਬਹਿ ਕੇ ਲਿਖ ਰਿਹਾਂ। ਕਿਉਂ ਜੋ ਮੇਰੀ ਕਹਾਣੀ ਦੇ ਮੁੱਖ ਪਾਤਰ ਦਾ ਨਾਂ ਵੀ ਮਿਰਜ਼ਾ ਹਮਾਯੂੰ ਬੇਗ ਹੈ ਤੇ ਉਸਦਾ ਨਸੀਬਾ ਵੀ ਹਮਾਯੂੰ ਨਾਲ ਮਿਲਦਾ-ਜੁਲਦਾ ਹੈ।

ਹਮਾਯੂੰ ਦੇ ਮਕਬਰੇ ਨੂੰ ਦੇਖ ਕੇ ਮਨ ਖ਼ੁਸ਼ੀ ਤੇ ਗ਼ਮੀ ਵਿਚ ਡੁੱਬ ਜਾਂਦਾ ਹੈ। ਮੁਗ਼ਲ ਕਾਰਾਗਰੀ ਦਾ ਇਕ ਸ਼ਾਨਦਾਰ ਨਮੂਨਾ। ਜੇ ਤਾਜ ਮਹੱਲ ਨੂੰ ਗ਼ੌਰ ਨਾਲ ਵੇਖੋਂ ਤਾਂ ਸਾਫ਼ ਦਿਸਦਾ ਹੈ ਕਿ ਉਸ ਦਾ ਡਿਜ਼ਾਈਨ ਹਮਾਯੂੰ ਦੇ ਮਕਬਰੇ ਨਾਲ ਚੋਖਾ ਮਿਲਦਾ ਹੈ। ਇਸ ਅਜ਼ੀਮ ਇਮਾਰਤ ਵਿਚ ਜਿਥੇ ਇਕ ਪਾਸੇ ਹਮਾਯੂੰ ਆਪਣੀ ਕਬਰ ਵਿਚ ਸੁੱਤਾ ਪਿਆ ਹੈ, ਉਥੇ ਮਕਬਰੇ ਦੇ ਚੌਗਿਰਦੇ ਮੁਗ਼ਲ ਹਕੂਮਤ ਦੇ ਆਖ਼ਰੀ ਸ਼ਹਿਜ਼ਾਦੇ ਦਫ਼ਨ ਨੇ। ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ ਤੇ ਦਿੱਲੀ ਉੱਤੇ ਕਬਜ਼ਾ ਕਰ ਲਿਆ ਸੀ। ਬਿਲਕੁਲ ਉਸੇ ਤਰ੍ਹਾਂ ਜਿਵੇਂ ਅੱਜ ਦੇ ਜ਼ਮਾਨੇ ਵਿਚ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ, ਉਸ ਦੇ ਪੁੱਤਰਾਂ ਤੇ ਭਰਾਵਾਂ ਨੂੰ ਅਮਰੀਕੀਆਂ ਮਾਰ ਦਿੱਤਾ ਤੇ ਇਰਾਕ ਉਤੇ ਕਬਜ਼ਾ ਕਰ ਲਿਆ। ਦੁਨੀਆਂ ਦੀ ਸਭ ਤੋਂ ਸੋਹਣੀ ਇਮਾਰਤ ਤਾਜ ਮਹੱਲ ਦੀ ਦਾਸਤਾਨ ਵੀ ਹਮਾਯੂੰ ਦੇ ਮਕਬਰੇ ਨਾਲ ਮਿਲਦੀ ਜੁਲਦੀ ਹੈ। ਆਪਣੀ ਪਿਆਰੀ ਤੇ ਖ਼ੂਬਸੂਰਤ ਪਤਨੀ ਦੀ ਯਾਦਗਾਰ ਬਣਾਉਣ ਵਾਲਾ ਖੁਰਮ ਜਾਂ ਸ਼ਾਹਜ਼ਹਾਨ ਵੀ ਆਪਣੇ ਪੁੱਤਰ ਹੱਥੋਂ ਜ਼ਲੀਲ ਹੋਇਆ ਸੀ ਤੇ ਕਈ ਸਾਲ ਕੈਦ ਵਿਚ ਗੁਜ਼ਾਰ ਕੇ ਅਤੇ ਆਪਣੇ ਸਾਰੇ ਗ਼ਮ ਨਾਲ ਲੈ ਕੇ ਸੰਗਮਰਮਰ ਦੇ ਇਸ ਮਕਬਰੇ ਵਿਚ ਦਫ਼ਨ ਹੋ ਗਿਆ।

ਮੇਰਾ ਪਾਤਰ ਹਮਾਯੂੰ ਵਾਂਗਰ ਕੋਈ ਸ਼ਹਿਨਸ਼ਾਹ ਨਹੀਂ ਹੈ ਕਿ ਜਿਸ ਨੇ ਆਪਣੇ ਭਰਾਵਾਂ ਨੂੰ ਪਿਆਰ ਤੇ ਸ਼ਫ਼ਕਤ ਨਾਲ ਪਾਲਿਆ ਤੇ ਉਨ੍ਹਾਂ ਨੂੰ ਵੱਖ-ਵੱਖ ਪਰਦੇਸਾਂ ਦਾ ਹਾਕਮ ਬਣਾਇਆ ਤੇ ਉਨ੍ਹਾਂ ਬਦਬਖ਼ਤ ਭਰਾਵਾਂ ਗੱਦਾਰੀ ਕੀਤੀ ਤੇ ਦੁਸ਼ਮਣਾਂ ਨਾਲ ਮਿਲ ਕੇ ਉਸ ਦੀ ਹਕੂਮਤ ਦਾ ਖ਼ਾਤਮਾ ਕਰ ਦਿੱਤਾ।

ਹਮਾਯੂੰ ਸ਼ੇਰਸ਼ਾਹ ਸੂਰੀ ਹੱਥੋਂ ਬੇਪੱਤ ਹੋ ਕੇ ਕਈ ਵਰ੍ਹਿਆਂ ਤੀਕਣ ਦਰ-ਬ-ਦਰ ਫਿਰਦਾ ਰਿਹਾ। ਸ਼ਾਇਦ ਉਸ ਦੇ ਅਜ਼ਬਿਕ ਤੇ ਤਾਤਾਰੀ ਲਹੂ ਵਿਚ ਕੁਝ ਖੋਟ ਸੀ ਪਈ ਉਹਦੇ ਪੜਪੋਤਰੇ ਨਾਲ ਵੀ ਉਂਝ ਹੀ ਹੋਇਆ। ਉਹ ਵੀ ਪੁੱਤਰਾਂ ਹੱਥੋਂ ਖੱਜਲ-ਖੁਆਰ ਹੋਇਆ, ਜਿਸ ਤਰ੍ਹਾਂ ਮੇਰੇ ਪਾਤਰ ਨੂੰ ਹੋਣਾ ਪਿਆ।

ਮੇਰੇ ਪਾਤਰ ਹਮਾਯੂੰ ਨੇ ਵੀ ਆਪਣੇ ਭਰਾਵਾਂ, ਦੋਸਤਾਂ ਤੇ ਸਾਕ-ਸੰਬੰਧੀਆਂ ਹੱਥੋਂ ਡੂੰਘੇ ਫੱਟ ਖਾਧੇ, ਪਰ ਉਸ ਨੇ ਹੌਸਲਾ ਨਹੀਂ ਹਾਰਿਆ ਤੇ ਮਿਹਨਤ ਦੀ ਪੌੜੀ ਚੜ੍ਹ ਕੇ ਉੱਚਾ ਰੁਤਬਾ ਹਾਸਲ ਕੀਤਾ। ਉਸ ਨੇ ਦਿਨ ਰਾਤ ਕੰਮ ਕੀਤਾ, ਦੌਲਤ ਕਮਾਈ, ਜਾਇਦਾਦ ਬਣਾਈ ਤੇ ਸਮਾਜ ਵਿਚ ਆਪਣੀ ਦਸਤਾਰ ਨੂੰ ਸਤਿਕਾਰ ਦਿੱਤਾ। ਉਸ ਨੇ ਔਲਾਦ ਨੂੰ ਨਾਜ਼ਾਂ ਨਾਲ ਪਾਲਿਆ। ਉਹ ਸਭ ਕੁਝ ਦਿੱਤਾ, ਜਿਸ ਦਾ ਉਹ ਕਦੇ ਸੋਚ ਵੀ ਨਹੀਂ ਸਨ ਸਕਦੇ। ਉਨ੍ਹਾਂ ਦੇ ਵਿਆਹ ਕਰਵਾਏ, ਘਰ ਬਣਾ ਕੇ ਦਿੱਤੇ ਤਾਂ ਜੋ ਉਹ ਆਪਣੀ ਹਯਾਤੀ ਆਪ ਜਿਊਣ। ਪਰ ਉਹ ਹਾਲੀ ਵੀ ਹਮਾਯੂੰ ਦੇ ਮੋਢਿਆਂ ਉੱਪਰ ਚੜ੍ਹ ਕੇ ਚਾਂਗਰਾਂ ਮਾਰਦੇ ਰਹਿੰਦੇ ਨੇ। ਕੀੜੇ-ਮਕੌੜੇ, ਪੰਛੀ-ਜਨੌਰ ਸਭ ਹੋਸ਼ ਸੰਭਾਲਦਿਆਂ ਸਾਰ ਹੀ ਉੱਡ-ਪੁੱਡ ਜਾਂਦੇ ਨੇ ਤੇ ਆਪਣੇ ਆਲ੍ਹਣੇ ਤੇ ਟਿਕਾਣੇ ਵੱਖ ਬਣਾ ਲੈਂਦੇ ਹਨ। ਪਰ ਮਿਰਜ਼ਾ ਹਮਾਯੂ ਬੇਗ ਦੇ ਜੀਵ-ਜੰਤੂ ਉੱਡਣ ਦਾ ਨਾਂ ਹੀ ਨਹੀਂ ਲੈਂਦੇ। ਹਮਾਯੂੰ ਨੇ ਉਨ੍ਹਾਂ ਨੂੰ ਆਪਣੇ ਮੋਢਿਆਂ ਤੋਂ ਉਤਾਰਨ ਦੇ ਬਥੇਰੇ ਜਤਨ ਕੀਤੇ ਪਰ ਉਹ ਉਸ ਨੂੰ ਛੱਡਣ ਲਈ ਤਿਆਰ ਹੀ ਨਹੀਂ ਹੁੰਦੇ। ਉਹ ਹਮਾਯੂੰ ਦੇ ਮੋਢਿਆਂ 'ਤੇ ਚੜ੍ਹੇ ਰਹਿੰਦੇ ਹਨ। ਉਸ ਦੇ ਸਰੀਰ ਦੇ ਮਾਸ ਨੂੰ ਚਹੂੰਡਦੇ ਰਹਿੰਦੇ ਨੇ। ਉਸ ਦਾ ਤਨ ਤੇ ਮਨ ਪੀੜ ਨਾਲ ਕੁਰਲਾਉਂਦਾ ਰਹਿੰਦਾ ਏ, ਪਰ ਉਨ੍ਹਾਂ ਕੱਬਿਆਂ 'ਤੇ ਕੋਈ ਅਸਰ ਨਹੀਂ ਹੁੰਦਾ। ਇਕ ਵੇਲਾ ਸੀ ਕਿ ਲੋਕੀ ਹਮਾਯੂੰ ਦੇ ਚਮਤਕਾਰ ਨੂੰ ਨਮਸਕਾਰ ਕਰਦੇ ਸਨ, ਪਰ ਹੁਣ ਉਸ ਦਾ ਕਾਰੋਬਾਰ ਵੀ ਖ਼ਤਮ ਹੋ ਗਿਆ ਸੀ ਤੇ ਸਰਕਾਰ-ਦਰਬਾਰ ਦਾ ਸਤਿਕਾਰ ਵੀ। ਲਹਿਰਾਂ-ਬਹਿਰਾਂ ਮੁੱਕ-ਮੁਕਾ ਗਈਆਂ ਸਨ। ਪਰ ਉਸ ਦੇ ਦੋਵੇਂ ਪੁੱਤਰਾਂ ਨੂੰ ਵਹਿਮ ਨਹੀਂ, ਸਗੋਂ ਵਿਸ਼ਵਾਸ ਸੀ ਕਿ ਹਮਾਯੂੰ ਦੇ ਕੋਲ ਕੁਬੇਰ ਦਾ ਖ਼ਜ਼ਾਨਾ ਦੱਬਿਆ ਪਿਆ ਹੈ। ਜੋ ਕਦੇ ਖ਼ਤਮ ਨਹੀਂ ਹੋ ਸਕਦਾ। ਪਰ ਉਹ ਨਹੀਂ ਸਨ ਜਾਣਦੇ ਕਿ ਦੌਲਤ ਕਾਂਗ ਬਨੇਰੇ ਦੀ ਹੁੰਦੀ ਹੈ ਤੇ ਸਦਾ ਕਿਸੇ ਨਾਲ ਨਹੀਂ ਰਹਿੰਦੀ ਪਰ ਉਹ ਫਿਰ ਵੀ ਆਪਣੀਆਂ ਲੋੜਾਂ ਲਈ ਉਸ ਦੀ ਪੱਗ ਉਛਾਲਦੇ ਰਹਿੰਦੇ। ਪਰ ਉਹ ਕਿਥੋਂ ਲਿਆਉਂਦਾ ਦੌਲਤ ਦੱਬੀ, ਉਹ ਤਾਂ ਜਿਊਂਦਾ ਸੀ ਰੱਬ ਸਬੱਬੀ। ਉਹ ਹੁਣ ਸੁੱਕੇ ਪੱਤਰਾਂ ਦੀ ਦਾਸਤਾਨ ਬਣ ਚੁੱਕਾ ਸੀ। ਉਹਦੀ ਗ੍ਰਹਿਸਥੀ ਕਦੋਂ ਦੀ ਸੜ-ਬਲ ਚੁੱਕੀ ਸੀ। ਜਦ ਕਿ ਬੇ-ਕਰਤੂਤਿਆਂ ਦਾ ਕਹਿਣਾ ਸੀ ਕਿ ਸੜੇ ਘਰਾਂ ਦੇ ਕੋਲੇ

ਵੀ ਮਾਨ ਨਹੀਂ ਹੁੰਦੇ। ਉਹ ਅਨਾਜ ਦੇ ਕੀੜੇ ਸਨ ਤੇ ਨਸ਼ਿਆਂ ਦੇ ਰੋਗੀ। ਉਨ੍ਹਾਂ ਪਹਿਲਾਂ ਸ਼ਰਾਬ ਸੰਗ ਯਾਰੀ ਲਾਈ, ਫਿਰ ਅਫ਼ੀਮ ਦੀ ਦਿਲਦਾਰੀ, ਮਗਰੋਂ ਚਰਸ ਤੇ ਗਾਂਜੇ ਦੀ ਸਰਸ਼ਾਰੀ ਵੀ ਨਾਲ ਮਿਲਾ ਲਈ। ਇਸ ਕੰਮ ਵਿਚ ਉਹ ਏਨੇ ਰੁੱਝੇ ਰਹਿੰਦੇ ਕਿ ਸੋਖ਼ਤੇ ਤੇ ਫ਼ਜਰ ਵੇਲੇ ਤੋਂ ਹੀ ਅਫ਼ੀਮ ਦੇ ਡੋਡਿਆਂ ਨੂੰ ਪਾਛਾਂ ਮਾਰਦੇ ਰਹਿੰਦੇ। ਉਨ੍ਹਾਂ ਬੇਹਯਾਈ ਅੱਗੇ ਗੋਡੇ ਟੇਕ ਦਿੱਤੇ ਸਨ। ਉਨ੍ਹਾਂ ਨੂੰ ਮਿਹਨਤ ਤੇ ਇਮਾਨਦਾਰੀ ਦੇ ਫੁਲਕੇ ਪਚਦੇ ਨਹੀਂ ਸਨ। ਉਹ ਹੱਠਧਰਮੀ ਤੇ ਹੰਕਾਰ ਦੇ ਸ਼ਿਕਾਰ ਸਨ। ਉਨ੍ਹਾਂ ਦੇ ਵਰਤਾਰੇ ਵਿਚ ਸਲੀਕੇ ਤੇ ਹਲੀਮੀ ਨਾਂ ਦੀ ਕੋਈ ਚੀਜ਼ ਨਹੀਂ ਸੀ। ਉਹ ਹਰੇਕ ਨਾਲ ਪੰਗੇ ਲੈਂਦੇ ਰਹਿੰਦੇ। ਵਸਨੀਕਾਂ ਤੇ ਸ਼ਰੀਕਾਂ ਨੂੰ ਗਾਲ੍ਹਾਂ ਕੱਢਦੇ ਰਹਿੰਦੇ ਤੇ ਸ਼ਬਦਾਂ ਦੇ ਪਿੰਡੇ ਲੂਹੰਦੇ ਰਹਿੰਦੇ, ਨਾਲੇ ਗੱਲ-ਗੱਲ 'ਤੇ ਵੱਟ ਖਾਂਦੇ ਤੇ ਕਾਨੂੰਨ ਦੀ ਗਿੱਚੀ 'ਤੇ ਹੱਥ ਪਾ ਲੈਂਦੇ।

ਉਹ ਦੋਵੇਂ ਅਕਲ ਦੇ ਭੁੱਖੇ ਸਨ, ਕਿਉਂ ਜੇ 'ਅਕਲ ਦਾਤ ਰੱਬ ਦੀ ਤੇ ਵਾਰਿਸ ਨਈਂ ਸਭ ਦੀ'। ਹਮਾਯੂੰ ਉਨ੍ਹਾਂ ਕੋਲੋਂ ਅਵਾਜ਼ਾਰ ਸੀ, ਕਿਉਂਕਿ ਉਸ ਦੇ ਪੁੱਤਰ ਹਮਾਯੂੰ ਨੂੰ ਇਕ ਕੂੜਾਦਾਨ ਸਮਝਦੇ, ਜਿਸ ਵਿਚ ਉਹ ਆਪਣੀਆਂ ਨਜਾਇਜ਼ ਲੋੜਾਂ ਦਾ ਗੰਦ ਸੁੱਟਦੇ ਰਹਿੰਦੇ। ਜਿਨ੍ਹਾਂ ਲੋਕਾਂ ਨੂੰ ਆਪਣਾ ਜੀਵਨ ਸੰਵਾਰਨ ਤੇ ਖ਼ੁਸ਼ਹਾਲ ਬਣਾਨ ਦੀ ਤਾਂਘ ਹੁੰਦੀ ਹੈ, ਉਹ ਕਾਮਯਾਬੀ ਦੀ ਮੰਜ਼ਲ ਪਾ ਲੈਂਦੇ ਹਨ। ਪਰ ਬੇ-ਕਰਤੂਤਾਂ ਨੂੰ ਦਰਗਾਹੀਂ ਵੀ ਧੱਕੇ ਮਿਲਦੇ ਹਨ। ਉਹ ਨਹੀਂ ਸਮਝਦੇ ਪਈ ਚੜ੍ਹਦੀ ਕੁਨੀ ਦਾ ਹਰ ਕੋਈ ਯਾਰ ਹੁੰਦਾ ਹੈ। ਪਰ ਬੁਝੇ ਚੁੱਲ੍ਹਿਆਂ ਦਾ ਕੋਈ ਸ਼ਰੀਕ ਨਹੀਂ ਹੁੰਦਾ। ਹਮਾਯੂੰ ਦੇ ਪੁੱਤਰਾਂ ਲਈ ਪਿਉ ਦਾ ਮਾਲ ਗੁੜ ਨਾਲੋਂ ਮਿੱਠਾ ਸੀ। ਉਹ ਖ਼ਾਲੀ ਭਾਂਡੇ ਸਨ, ਜਿਹੜੇ ਘਰ ਵਿਚ ਹੀ ਖੜਕਦੇ ਰਹਿੰਦੇ। ਉਹ ਸੇਵਾ ਕਰਕੇ ਮੇਵਾ ਨਹੀਂ ਸਨ ਖਾ ਸਕਦੇ। ਇਹ ਸਭ ਕੁਝ ਵੇਖ ਕੇ ਹਮਾਯੂੰ ਬੜਾ ਲਾਚਾਰ ਸੀ ਤੇ ਲਾਚਾਰੀ ਪਰਬਤ ਤੋਂ ਵੀ ਭਾਰੀ ਹੁੰਦੀ ਹੈ। ਉਹ ਦੁੱਖਾਂ ਦਾ ਮਾਰਾ ਆਪਣੀਆਂ ਅੱਖਾਂ ਦੇ ਗਲੇਡੂ ਸਾਫ਼ ਕਰਦਾ ਰਹਿੰਦਾ, ਉਸ ਦੀਆਂ ਅੱਖਾਂ ਰੋਜ਼ ਹਿਜਰਤ ਕਰਦੀਆਂ ਰਹਿੰਦੀਆਂ। ਫਿਰ ਆਪਣਿਆਂ ਹੀ ਡੇਲਿਆਂ ਅੰਦਰ ਆ ਵੜਦੀਆਂ। ਉਸ ਦੇ ਨਸੀਬ ਦੀ ਬੇੜੀ ਗ਼ਮਾਂ ਦੇ ਹੜ੍ਹ ਵਿਚ ਡੁੱਬਦੀ ਰਹਿੰਦੀ, ਤਰਦੀ ਰਹਿੰਦੀ। ਉਸ ਦਾ ਸੋਗ ਦਿਲ ਦਾ ਰੋਗ ਸੀ। ਹਮਾਯੂੰ ਦੇ ਨਿਕੰਮੇ ਪੁੱਤਰ ਉਸ ਦੇ ਹਾਸੇ ਲੁੱਟ ਕੇ ਲੈ ਗਏ ਸਨ ਤੇ ਚੁੱਪ ਦੇ ਨਾਗ ਉਸ ਅੰਦਰ ਕੁੰਡਲੀ ਮਾਰ ਕੇ ਬਹਿ ਗਏ ਸਨ। ਉਹ ਜਾਣਦਾ ਸੀ ਪਈ ਰੂਪ, ਜਵਾਨੀ, ਰਾਜ ਤੇ ਮਾਲ ਸੱਭੇ ਠੱਗ ਹੁੰਦੇ ਨੇ। ਇਹ ਤਿੱਤਰ ਕਿਸੇ ਦੇ ਮਿੱਤਰ ਨਹੀਂ ਹੁੰਦੇ। ਪਰ ਉਹ ਕੁਝ ਨਹੀਂ ਸੀ ਕਰ ਸਕਦਾ, ਕਿਉਂ ਜੇ ਉਹ ਰਿਸ਼ਤਿਆਂ ਦੇ ਚਿੱਕੜ ਵਿਚ ਲਿਬੜਿਆ ਹੋਇਆ ਸੀ ਤੇ ਉਹ ਸਮਝਦਾ

ਸੀ ਕਿ ਉਸ ਦੇ ਕਰਮਾਂ ਦਾ ਕੋਈ ਸ਼ਰੀਕ ਨਹੀਂ। ਬੇਵਸੀ ਦੀਆਂ ਝੁਰੜੀਆਂ ਹਮਾਯੂੰ ਦੇ ਮੂੰਹ ਉਤੇ ਸਾਫ਼ ਦਿਸਦੀਆਂ ਸੀ। ਉਸ ਦੇ ਜੀਵਨ ਦੀ ਦੀਵਾਰ ਦਾ ਪਲੱਸਤਰ ਥਾਂ-ਥਾਂ ਤੋਂ ਉਤਰ ਰਿਹਾ ਸੀ ਤੇ ਦੀਵਾਰ ਨੰਗੀ ਹੋ ਰਹੀ ਸੀ। ਇੰਝ ਲੱਗਦਾ ਸੀ ਕਿ ਇਕ ਅੱਧ ਬਰਸਾਤ ਵਿਚ ਦੀਵਾਰ ਢਹਿ ਪਵੇਗੀ।

ਹਮਾਯੂੰ ਆਪਣੇ ਜੀਵਨ ਵਿਚ ਕਿਸੇ ਆਸਥਾ ਜਾਂ ਅੰਧ-ਵਿਸ਼ਵਾਸ ਦੀ ਕਾਲ ਕੋਠੜੀ ਵਿਚ ਬੰਦ ਨਹੀਂ ਸੀ ਹੋਇਆ, ਸਗੋਂ ਉਸ ਨੇ ਰੱਬ ਦੀ ਬਖ਼ਸ਼ੀ ਹੋਈ ਫਿਤਰੀ ਲੋਅ ਵਿਚ ਆਪਣੀ ਹਯਾਤੀ ਗੁਜ਼ਾਰੀ ਅਤੇ ਦਿਲ ਦਿਮਾਗ਼ ਦੇ ਬੂਹੇ ਤੇ ਬਾਰੀਆਂ ਖੁੱਲ੍ਹੀਆਂ ਰੱਖੀਆਂ। ਆਪਣੀ ਆਤਮਾ ਨੂੰ ਪਾਕ ਤੇ ਸਾਫ਼ ਰੱਖਿਆ, ਪਰ ਹੁਣ ਉਹ ਚਾਹੁੰਦਾ ਸੀ ਕਿ ਉਸ ਦੀ ਆਤਮਾ ਸਰੀਰ ਛੱਡ ਕੇ ਕਿਤੇ ਭੱਜ ਜਾਵੇ ਅਤੇ ਜ਼ਿੱਲਤ ਤੇ ਸ਼ਰਮਸਾਰੀ ਕੋਲੋਂ ਬਚ ਜਾਵੇ। ਕਿਉਂ ਜੇ ਅਣਖ ਤੇ ਸ਼ਰਾਫ਼ਤ ਉਸ ਦੇ ਘਰ ਦੀਆਂ ਗੋਲੀਆਂ ਸਨ ਤੇ ਜ਼ਮੀਰ ਦੀ ਕਲਗੀ ਉਸ ਦੀ ਪੱਗ ਦਾ ਤਾਜ ਸੀ। ਪਰ ਅੱਜ ਪੱਗ ਢੱਠੀ ਪਈ ਸੀ ਤੇ ਪੱਤ ਲੁੱਟੀ ਪਈ ਸੀ ਅਤੇ ਪੱਤ ਲੁੱਟਣ ਵਾਲੇ ਹੋਰ ਕੋਈ ਨਹੀਂ, ਉਸ ਦੇ ਆਪਣੇ ਪੁੱਤਰ ਸਨ।

ਹਮਾਯੂੰ ਦੇ ਪੁੱਤਰ ਆਪਣੇ ਐਬਾਂ ਕਾਰਨ ਹਮੇਸ਼ਾ ਆਪਣੀਆਂ ਰੰਨਾਂ ਦੇ ਦੰਦਾਂ ਹੇਠ ਦੱਬੇ ਰਹਿੰਦੇ। ਉਹ ਦੋਵੇਂ ਸੁੱਕੇ ਦਰਿਆ ਸਨ, ਜਿਨ੍ਹਾਂ ਵਿਚ ਅਕਲ ਦਾ ਹੜ੍ਹ ਕਦੇ ਨਹੀਂ ਆਇਆ। ਉਨ੍ਹਾਂ ਦੀਆਂ ਰੰਨਾਂ ਕੁੜ-ਕੁੜ ਤਾਂ ਆਪਣੇ ਘਰ ਵਿਚ ਕਰਦੀਆਂ ਪਰ ਆਂਡੇ ਪਰਾਏ ਘਰਾਂ ਵਿਚ ਦਿੰਦੀਆਂ। ਉਹ ਘਰ ਦੀਆਂ ਗਲਗਲਾਂ ਛੱਡ ਕੇ ਬਾਹਰ ਦੇ ਅੰਬ ਚੂਪਦੀਆਂ ਤੇ ਕਿਸੇ ਨੂੰ ਉੱਗ-ਸੁੱਗ ਵੀ ਨਈਂ ਦੇਂਦੀਆਂ। ਸਾਰੇ ਹਮਾਯੂੰ ਨਾਲ ਜਾਦੂਗਰੀਆਂ ਕਰਦੇ ਰਹਿੰਦੇ। ਭਲਾ ਬੇਹਯਾ ਲੋਕਾਂ ਦੇ ਨੱਕ ਕੱਪਣ ਵਾਲੇ ਵੀ ਤਾਂ ਅਖ਼ੀਰ ਥੱਕ ਜਾਂਦੇ ਨੇ ਤੇ ਹਮਾਯੂੰ ਤਾਂ ਟੁੱਟਿਆ ਫੁੱਟਿਆ ਕਰੰਗ ਸੀ। ਉਸ ਦਾ ਸਭ ਕੁਝ ਖ਼ਤਮ ਹੋ ਚੁੱਕਾ ਸੀ, ਉਸ ਦੇ ਦਿਲ ਦਾ ਕੋਈ ਮਹਿਰਮ ਨਹੀਂ ਸੀ। ਉਸ ਨੂੰ ਜੋ ਮਿਲਿਆ, ਸੋ ਗਰਜ਼ੀ। ਉਹ ਦੁੱਖਾਂ ਦਾ ਭਰਿਆ ਸੁਖ ਲੋੜਦਾ ਫਿਰਦਾ। ਪਰ ਸੁਖ ਨੇ ਤਾਂ ਅੱਖਾਂ ਫੇਰ ਲਈਆਂ ਸਨ। ਉਸ ਦੇ ਪੁੱਤਰ ਉਸ ਦੇ ਟੁੰਡ-ਮਰੁੰਡੇ ਰੁੱਖ ਉਤੇ ਮੁੜ ਹਰਿਆਲੀ ਲਿਆਣ ਦੇ ਕਾਬਲ ਨਹੀਂ ਸਨ ਅਤੇ ਨਾ ਹੀ ਉਸ ਦੀ ਛਾਂ ਬਣਨ ਦੇ ਲਾਇਕ। ਹਮਾਯੂੰ ਦੀ ਜ਼ਿੰਦਗੀ ਦਾ ਕਮਾਲ ਤੇ ਜ਼ਮਾਲ ਕੰਗਾਲ ਹੋ ਚੁੱਕਿਆ ਸੀ।

ਉਹਨੇ ਆਪਣੇ ਮਨ ਦਾ ਪਟ ਖੋਲ੍ਹ ਕੇ ਵੇਖਿਆ ਤੇ ਉਸ ਨੂੰ ਦੱਸ ਪਈ ਕਿ ਇਹ ਦੁਨੀਆਂ ਝੂਠ ਦਾ ਸਮੁੰਦਰ ਹੈ ਤੇ ਹਯਾਤੀ ਪਾਣੀ ਦਾ ਇਕ

ਬੁਲਬੁਲਾ। ਫਿਰ ਉਸ ਨੇ ਫ਼ੈਸਲਾ ਕਰ ਲਿਆ ਕਿ ਝੂਠੇ ਰਿਸ਼ਤਿਆਂ ਦੇ ਜਾਲ 'ਚੋਂ ਜਿੰਨਾ ਛੇਤੀ ਨਿਕਲਿਆ ਜਾਵੇ, ਓਨਾ ਹੀ ਚੰਗਾ ਹੈ। ਉਸ ਕੋਲ ਜਿੰਨੇ ਸਾਹ ਬਚੇ ਸਨ, ਉਹ ਹੁਣ ਉਸ ਦੀ ਜ਼ਿੰਦਗੀ ਦਾ ਕੁਲ ਸਰਮਾਇਆ ਸਨ ਤੇ ਹੁਣ ਉਹ ਉਨ੍ਹਾਂ ਸਾਹਾਂ ਨੂੰ ਜ਼ਾਇਆ ਨਹੀਂ ਸੀ ਕਰਨਾ ਚਾਹੁੰਦਾ। ਉਸ ਨੇ ਆਪਣੇ ਦਿਲ ਦੇ ਤਾਕਚੇ ਤੋਂ ਯਾਦਾਂ ਦੀਆਂ ਪੁਸਤਕਾਂ, ਮੋਹ ਮਾਇਆ ਦੀਆਂ ਪੋਟਲੀਆਂ ਤੇ ਤਾਂਘਾਂ ਦੀਆਂ ਗੰਢਾਂ ਚੁੱਕ ਕੇ ਬਾਹਰ ਸੁੱਟੀਆਂ ਤੇ ਫ਼ਕੀਰੀ ਚੋਲਾ ਪਾ ਲਿਆ ਅਤੇ ਮੁਰਸ਼ਦ ਦੇ ਇਸ ਕਥਨ ਦੀ ਭਾਲ ਕਰਨ ਲੱਗਾ।

*"ਜੋ ਤੁਮ ਪ੍ਰੇਮ ਖੇਲਣ ਕਾ ਚਾਓ ਸਿਰ ਧਰ ਤਲੀ ਗਲੀ ਮੇਰੀ ਆਓ"*

ਉਸ ਨੇ ਆਪਣੇ ਨਾਲ ਬੀਤੇ ਹਾਦਸਿਆਂ ਦੇ ਇਤਿਹਾਸ ਨੂੰ ਸੀਨੇ ਦੀ ਕਬਰ ਵਿਚ ਦਫ਼ਨ ਕਰ ਦਿੱਤਾ। ਫਿਰ ਕਰਮਾਂ ਦੇ ਰੂੰ ਨੂੰ ਪਿੰਜਿਆ, ਲੇਖਾਂ ਦਾ ਸੂਤ ਕੱਤਿਆ, ਅਨਹਦ ਦੀ ਖੇਸੀ ਬੁਣੀ, ਰੂਹ ਨੂੰ ਖੇਸ ਵਿਚ ਵਲ੍ਹੇਟਿਆ ਤੇ ਇੰਝ ਹਯਾਤੀ ਦੇ ਦਰਿਆ ਨੂੰ ਸ਼ਾਂਤ ਸਾਗਰ ਅੰਦਰ ਜਜ਼ਬ ਕਰ ਦਿੱਤਾ।

•

# ਖੇਡਣ ਨੂੰ ਮੰਗੇ ਚੰਨ

ਆਜ਼ਾਦੀ ਦਾ ਅੰਦੋਲਨ ਇਥੇ ਪਿਛਲੀ ਇਕ ਸਦੀ ਤੋਂ ਚੱਲ ਰਿਹਾ ਹੈ। ਇਸ ਅੰਦੋਲਨ ਵਿਚ ਲੱਖਾਂ ਬੰਦੇ ਮਰੇ ਹਨ ਤੇ ਹਜ਼ਾਰਾਂ ਬੰਦੀ ਬਣਾਏ ਗਏ ਹਨ। ਗੁਮਨਾਮ ਕਬਰਾਂ ਦਾ ਕੋਈ ਹਿਸਾਬ ਹੀ ਨਹੀਂ ਹੈ। ਕਈ ਸਦੀਆਂ ਤੋਂ ਇਥੇ ਬੰਦੂਕ ਦਾ ਰਾਜ ਚਲ ਰਿਹਾ ਹੈ। ਰੱਤ ਲਿਬੜੀਆਂ ਸੜਕਾਂ ਉੱਤੇ ਫ਼ੌਜੀ ਬੂਟ ਮਾਰਚ ਕਰਦੇ ਰਹੇ ਨੇ ਤੇ ਆਪਣੀ ਤਾਕਤ ਦੀ ਧਮਕ ਨਾਲ ਲੋਕਾਂ ਨੂੰ ਧਮਕਾਂਦੇ ਰਹੇ ਹਨ। ਪਰ ਨਾ ਆਜ਼ਾਦੀ ਲਈ ਸੰਘਰਸ਼ ਮੁਕਿਆ ਹੈ, ਨਾ ਜਲਸੇ-ਜਲੂਸ ਤੇ ਹੜਤਾਲਾਂ ਮੁੱਕੀਆਂ ਨੇ ਅਤੇ ਨਾ ਹੀ ਆਜ਼ਾਦੀ ਦੇ ਹੱਕ ਵਿਚ ਨਾਅਰੇ ਲੱਗਣੇ ਬੰਦ ਹੋਏ ਨੇ- "ਇਹ ਮੁਲਖ਼ ਸਾਡਾ ਹੈ। ਇਸ ਦਾ ਫ਼ੈਸਲਾ ਅਸੀਂ ਕਰਾਂਗੇ।" ਵਰਗੇ ਨਾਅਰੇ ਮਾਰਦੇ ਕਈ ਨਸਲਾਂ ਮੁਕ ਗਈਆਂ ਤੇ ਕਈ ਨਸਲਾਂ ਪੈਦਾ ਹੋਈਆਂ।

ਇਹ ਨਾਅਰੇ ਅੱਜ ਵੀ ਲੱਗ ਰਹੇ ਨੇ... ਗਲੀਆਂ ਮੁਹੱਲਿਆਂ ਵਿਚ, ਖੇਤ ਖਲਿਆਨਾਂ ਵਿਚ, ਪਹਾੜਾਂ ਤੇ ਮੈਦਾਨਾਂ ਵਿਚ... ਹੁਣ ਤਾਂ ਮਾਸੂਮ ਨਿਆਣੇ ਨਿੱਕੀਆਂ ਨਿੱਕੀਆਂ ਟੋਲੀਆਂ ਬਣਾ ਕੇ ਆਜ਼ਾਦੀ ਦੀ ਖੇਡ ਖੇਡਦੇ ਨੇ... ਆਪਣੀਆਂ ਆਪਣੀਆਂ ਗਲੀਆਂ ਵਿਚ ਅਤੇ ਸੜਕਾਂ 'ਤੇ ਆ ਕੇ ਜਲੂਸ ਕੱਢਦੇ ਨੇ ਤੇ ਨਾਅਰੇ ਮਾਰਦੇ ਨੇ, "ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ ਤੇ ਸਾਡਾ ਹੱਕ ਇੱਥੇ ਰੱਖ।" ਫ਼ੌਜੀ ਬੱਚਿਆਂ ਨੂੰ ਸਮਝਾਂਦੇ ਨੇ, ਡਰਾਂਦੇ ਨੇ, ਪਰ ਅੱਥਰੇ ਬੱਚੇ ਨਹੀਂ ਮੰਨਦੇ। ਉਹ ਆਪਣੀ ਖੇਡ ਬੰਦ ਕਰਨ ਨੂੰ ਤਿਆਰ ਨਹੀਂ ਹੁੰਦੇ। ਫ਼ੌਜੀ ਤਾਕਤ ਤੇ ਬਲ ਦਾ ਪ੍ਰਯੋਗ ਕਰਦੇ ਨੇ ਤੇ ਬੰਦੂਕਾਂ ਦੇ ਘੋੜੇ ਦਬਾ ਦਿੰਦੇ ਨੇ। ਬੱਚੇ ਜਵਾਬੀ ਹਮਲਾ ਪੱਥਰਾਂ ਨਾਲ ਕਰਦੇ ਨੇ। ਗੋਲੀਆਂ ਦਾ ਮੁਕਾਬਲਾ ਪੱਥਰਾਂ ਨਾਲ ਹੁੰਦਾ ਹੈ ਪਰ ਪੱਥਰ ਭਲਾ ਗੋਲੀਆਂ ਦਾ ਮੁਕਾਬਲਾ ਕਿਞ ਕਰ ਸਕਦੇ ਨੇ? ਸਿੱਟੇ ਵਜੋਂ ਕੁਝ ਨਿਆਣੇ ਮਾਰੇ ਜਾਂਦੇ ਨੇ ਤੇ ਕੁਝ ਫੱਟੜ ਹੁੰਦੇ ਨੇ ਕਿਉਂਜੋ ਨਿਆਣਿਆਂ ਨੂੰ ਆਜ਼ਾਦੀ ਤੇ ਬਰਬਾਦੀ ਦੀ ਕੋਈ ਸਮਝ ਨਹੀਂ ਹੁੰਦੀ।

ਪਰ ਅੱਜ ਇਕ ਅਜੀਬ ਘਟਨਾ ਘਟੀ। ਬੱਚਿਆਂ ਦੇ ਜਲੂਸ ਨੂੰ ਤਿੱਤਰ ਬਿੱਤਰ ਕਰਨ ਲਈ ਫ਼ੌਜ ਨੇ ਹੱਲਾ ਬੋਲਿਆ। ਕਈ ਬੱਚੇ ਮਾਰੇ ਗਏ ਤੇ ਕਈ ਜ਼ਖ਼ਮੀ ਹੋਏ। ਫ਼ੌਜੀ ਕਾਰਵਾਈ ਕਾਰਨ ਦੁਕਾਨਦਾਰ ਆਪਣੀਆਂ ਦੁਕਾਨਾਂ ਛੱਡ ਕੇ ਭੱਜ ਗਏ ਤੇ ਸੜਕਾਂ ਇਕਦਮ ਵਿਰਾਨ ਹੋ ਗਈਆਂ। ਇਕ ਜੀਪ ਵਿਚ ਬੈਠੇ ਫ਼ੌਜੀ

ਅਫ਼ਸਰ ਨੇ ਦੇਖਿਆ ਕਿ ਇਕ ਦੋ-ਢਾਈ ਸਾਲ ਦਾ ਜਾਤਕ ਇਕ ਲਾਸ਼ ਕੋਲ ਬੈਠਾ ਰੋ ਰਿਹਾ ਹੈ। ਫ਼ੌਜੀ ਅਫ਼ਸਰ ਨੂੰ ਬੱਚੇ 'ਤੇ ਤਰਸ ਆ ਗਿਆ। ਉਹ ਜੀਪ ਤੋਂ ਉਤਰਿਆ ਤੇ ਉਸ ਨੇ ਬੱਚੇ ਨੂੰ ਚੁੱਕਿਆ। ਆਰੀਆ ਨਸਲ ਦਾ ਬੱਚਾ ਰੱਜ ਕੇ ਸੋਹਣਾ ਸੀ। ਅਫ਼ਸਰ ਨੇ ਉਹਨੂੰ ਚੁੱਪ ਕਰਵਾਇਆ ਤੇ ਇਕ ਦੁਕਾਨ ਤੋਂ ਚਾਕਲੇਟ ਤੇ ਟਾਫ਼ੀਆਂ ਲੈ ਕੇ ਬੱਚੇ ਨੂੰ ਦਿੱਤੀਆਂ। ਚਾਕਲੇਟ, ਟਾਫ਼ੀਆਂ ਫੜ ਕੇ ਬੱਚਾ ਚੁੱਪ ਹੋ ਗਿਆ ਤੇ ਅਫ਼ਸਰ ਨੂੰ ਵੇਖ ਕੇ ਮੁਸਕਾਨ ਲੱਗਾ। ਅਫ਼ਸਰ ਉਹਨੂੰ ਲੈ ਕੇ ਆਪਣੀ ਜੀਪ ਵੱਲ ਆਇਆ ਤੇ ਉਸਨੂੰ ਬੜੇ ਪਿਆਰ ਨਾਲ ਪੁੱਛਣ ਲੱਗਾ, "ਪੁੱਤਰ! ਕੁਝ ਹੋਰ. ਚਾਹੀਦਾ ਹੈ।" ਬੱਚੇ ਨੇ ਹਾਂ ਵਿਚ ਗਰਦਨ ਹਿਲਾਈ। ਫ਼ੌਜ ਅਫ਼ਸਰ ਨੇ ਪੁੱਛਿਆ-

"ਹੋਰ ਕੀ ਚਾਹੀਦਾ ਹੈ ?"

ਬੱਚੇ ਨੇ ਭੋਲੇਪਣ ਵਿਚ ਜਵਾਬ ਦਿੱਤਾ, "ਆਜ਼ਾਦੀ।"

ਤੇ ਫ਼ੌਜੀ ਅਫ਼ਸਰ ਬੱਚੇ ਨੂੰ ਵੇਖ ਕੇ ਸੋਚੀ ਪੈ ਗਿਆ।

•

---

*(ਨੋਟ: ਖ਼ਾਲਿਦ ਬਸ਼ੀਰ ਕੋਲੋਂ ਜ਼ਬਾਨੀ ਸੁਣੀ ਗ਼ੁਲਾਮ ਨਬੀ ਸ਼ਾਹਿਦ ਦੀ ਕਹਾਣੀ ਦੇ ਇਕ ਵਾਕ ਤੋਂ ਪ੍ਰਭਾਵਿਤ ਹੋ ਕੇ)*

# ਅਪਣਾ ਸੇਕ ਸਿਆਪਾ

ਲਤ ਕਿਸੇ ਵੀ ਚੀਜ਼ ਦੀ ਹੋਵੇ, ਬਹੁਤ ਬੁਰੀ ਹੁੰਦੀ ਏ। ਭਾਵੇਂ ਸ਼ਰਾਬ ਦੀ ਲਤ ਹੋਵੇ, ਚਰਸ ਗਾਂਜੇ ਤੇ ਅਫ਼ੀਮ ਦੀ ਲਤ ਹੋਵੇ, ਝੂਠ ਮੱਕਰ ਫਰੇਬ ਦੀ ਲਤ ਹੋਵੇ। ਖਾਸ ਕਰ ਕੇ ਸੁਆਣੀਆਂ ਦੀਆਂ ਲੱਤਾਂ। ਇਸ ਲਤ ਵਿਚ ਆਪਣੀਆਂ ਲੱਤਾਂ ਟੁੱਟਣ-ਭੱਜਣ ਦਾ ਪੱਕਾ ਯਕੀਨ ਹੁੰਦਾ ਏ। ਅਦਾਲਤਾਂ ਦੀਆਂ ਪੇਸ਼ੀਆਂ ਤੇ ਸਜ਼ਾਵਾਂ ਵੱਖਰੀਆਂ। ਮੇਰਾ ਜ਼ਾਤੀ ਤਜੁਰਬਾ ਤੇ ਅਨੁਭਵ ਏਹੋ ਈ ਕਹਿੰਦਾ ਏ। ਕਿਉਂ ਜੇ ਮੈਂ ਆਪ ਇਸ ਤਰ੍ਹਾਂ ਦੀਆਂ ਘਟਨਾਵਾਂ ਵੇਖ ਚੁੱਕਿਆ ਸਾਂ। ਕ੍ਰਿਕਟ ਦੀ ਖੇਡ ਦੇ ਇੱਕ ਵਧੀਆ ਖਿਡਾਰੀ ਨੂੰ ਇਕ ਮਸ਼ਹੂਰ ਐਕਟਰੱਸ ਤੇ ਗਾਇਕਾ ਨਾਲ ਇਸ਼ਕਬਾਜ਼ੀ ਕਰਨ ਦੀ ਲਤ ਸੀ। ਇਕ ਦਿਨ ਚਾਣਚੱਕ ਅਭਿਨੇਤਰੀ ਦਾ ਪਤੀ ਘਰ ਅਪੜਿਆ। ਉਸ ਵੇਲੇ ਕ੍ਰਿਕਟ ਖਿਡਾਰੀ ਆਪਣੇ ਬੱਲੇ ਨਾਲ ਅਭਿਨੇਤਰੀ ਦੀ ਪਿਚ 'ਤੇ ਬੈਟਿੰਗ ਕਰ ਰਿਹਾ ਸੀ। ਜਦੋਂ ਨੌਕਰਾਣੀ ਨੇ ਸਾਹਿਬ ਦੇ ਅਪੜਨ ਦੀ ਖਬਰ ਸੁਣਾਈ ਤਾਂ ਕ੍ਰਿਕਟ ਖਿਡਾਰੀ ਨੇ ਫ਼ਲੈਟ ਦੀ ਤੀਜੀ ਮੰਜ਼ਲ ਤੋਂ ਛਾਲ ਕੱਢ ਮਾਰੀ। ਸਿੱਟੇ ਵੱਜੋਂ ਆਪਣੀ ਲੱਤ ਤੁੜਾ ਕੇ ਹਮੇਸ਼ਾ ਲਈ ਬਦਨਾਮੀ ਦੇ ਖੂਹ ਵਿਚ ਜਾ ਡੁੱਬਿਆ।

ਇੰਝ ਹੀ ਜੂਏ ਦੀ ਲਤ ਬੜੀ ਅੱਥਰੀ ਹੁੰਦੀ ਏ। ਇਹ ਲਤ ਮੇਰੇ ਯਾਰ ਲਾਲਾ ਗਨੀ ਨੂੰ ਲੱਗੀ ਹੋਈ ਸੀ। ਲਾਲਾ ਗਨੀ ਨੇ ਸਾਰੀ ਉਮਰੇ ਜੂਆ ਖੇਡਿਆ। ਉਹਨੂੰ ਜਨੂੰਨ ਦੀ ਹੱਦ ਤੱਕ ਜੂਏ ਦੀ ਲਤ ਸੀ। ਪਰ ਉਹ ਜੂਏ ਦਾ ਬੜਾ ਮਾੜਾ ਖਿਡਾਰੀ ਸੀ। ਉਹ ਜੂਏ ਵਿਚ ਕਦੀ ਨਹੀਂ ਜਿੱਤਿਆ, ਹਮੇਸ਼ਾ ਹਾਰਦਾ ਰਿਹਾ। ਜਿੱਤਣ ਦੀ ਆਸ ਵਿਚ ਉਸ ਨੇ ਆਪਣੀ ਅਭਾਗਣ ਪਤਨੀ ਦਾ ਸਾਰਾ ਜ਼ੇਵਰ, ਪੁਰਖਿਆਂ ਦਾ ਮਕਾਨ ਤੇ ਹੋਰ ਰੱਬ ਜਾਣੇ ਕੀ-ਕੀ ਹਾਰਿਆ ਸੀ। ਉਹਨੂੰ ਰੋਜ਼ ਬੀਵੀ ਸਮਝਾਂਦੀ, ਕਿ ਜੂਆ ਤੇ ਜੁਆਰੀ ਨਿਰੀ ਖੱਜਲ-ਖੁਆਰੀ ਏ। ਪਰ ਉਹ ਨਹੀਂ ਸੀ ਮੰਨਦਾ, ਨਾ ਹੀ ਕਿਸੇ ਦੀ ਸੁਣਦਾ। ਜੂਏ ਦੀ ਲਤ ਮਰਦੇ ਦਮ ਤੋੜੀ ਉਹਦੇ ਨਾਲ ਜੁੜੀ ਰਹੀ।

ਲਾਲਾ ਗਨੀ ਮੁਨਸਫ਼ ਦੀ ਅਦਾਲਤ 'ਚ ਚਪੜਾਸੀ ਲੱਗਿਆ ਸੀ। ਤਨਖਾਹ ਲੈ ਕੇ ਉਹ ਕਦੀ ਸਿੱਧਾ ਘਰ ਨਹੀਂ ਗਿਆ। ਸਗੋਂ ਜੁਆਰੀਆਂ ਦੇ ਅੱਡੇ ਵਿਚ ਸਾਰੇ ਪੈਸੇ ਹਾਰ ਕੇ ਹੀ ਘਰ ਜਾਂਦਾ। ਅਦਾਲਤ 'ਚੋਂ ਹੋਣ ਵਾਲੀ ਉੱਪਰ ਦੀ

ਕਮਾਈ ਵੀ ਜੁਆਰੀਆਂ ਦੇ ਨਸੀਬੇ ਲਿਖੀ ਹੁੰਦੀ। ਲਾਲਾ ਗਨੀ ਦੀ ਇਸ ਲਤ ਨਾਲ ਖਵਰੇ ਕਿੰਨੇ ਜੁਆਰੀਆਂ ਦੇ ਘਰ ਪਲਦੇ ਸਨ। ਜਦੋਂ ਕਿ ਉਹਦੀ ਬੀਵੀ ਲੋਕਾਂ ਦੇ ਘਰਾਂ ਵਿਚ ਭਾਂਡੇ ਮਾਂਜਦੀ, ਕੱਪੜੇ ਧੋਂਦੀ, ਸਾਫ਼-ਸਫ਼ਾਈ ਦਾ ਕੰਮ ਕਰਦੀ ਤੇ ਆਪਣੇ ਬੱਚਿਆਂ ਨੂੰ ਪਾਲ਼ਦੀ। ਰਿਸ਼ਤੇਦਾਰ ਤੇ ਯਾਰ ਬੇਲੀ ਲੱਖ ਸਮਝਾਂਦੇ, ਉਹਦੇ ਸਿਰ ਖੇਅ ਪਾਉਂਦੇ ਤੇ ਲਾਹਨਤਾਂ ਮੁਲਾਤਾਂ ਕਰਦੇ। ਪਰ, ਲਾਲਾ ਗਨੀ ਤੇ ਕੋਈ ਅਸਰ ਨਹੀਂ ਸੀ ਹੁੰਦਾ। ਉਹਦੇ ਕੰਨ ਸੀਤੇ ਹੋਏ ਸਨ ਤੇ ਅੱਖਾਂ ਅੰਨ੍ਹੀਆਂ ਹੋ ਗਈਆਂ ਸਨ।

ਉਹ ਸ਼ਰਾਬ ਨਹੀਂ ਸੀ ਪੀਂਦਾ। ਚਰਸ ਗਾਂਜਾ ਨਹੀਂ ਸੀ ਪੀਂਦਾ। ਅਫ਼ੀਮ ਵੀ ਨਹੀਂ ਸੀ ਖਾਂਦਾ। ਸਿਰਫ਼ ਚਾਰ ਮਿਨਾਰ ਦੇ ਸਿਗਰਟਾਂ ਦਾ ਸ਼ੌਕੀਨ ਸੀ ਤੇ ਜੂਏ ਦਾ ਜਨੂੰਨੀ। ਸ਼ਾਇਦ ਉਸ ਦੇ ਅੰਦਰ ਪਾਂਡਵਾਂ ਦੀ ਰੂਹ ਦਾ ਬਸੇਰਾ ਸੀ, ਤਾਹੀਓਂ ਸਭ ਕੁਝ ਹਾਰ ਕੇ ਵੀ ਉਹ ਆਪਣੇ ਆਪ ਨੂੰ ਗੁਨਾਹਗਾਰ ਜਾਂ ਦੋਸ਼ੀ ਨਹੀਂ ਸੀ ਸਮਝਦਾ। ਉਹਦੀ ਵਹੁਟੀ ਨੇ ਬੱਚਿਆਂ ਦੇ ਪਾਲਣ-ਪੋਸ਼ਣ ਤੇ ਉਹਨਾਂ ਦੀ ਜ਼ਿੰਦਗੀ ਬਣਾਉਣ ਲਈ ਆਪਣਾ ਜੀਵਨ ਦਾਅ 'ਤੇ ਲਾਅ ਦਿੱਤਾ ਸੀ। ਇਸ ਸੰਘਰਸ਼ ਵਿਚ, ਅਖ਼ੀਰ ਉਹ ਜ਼ਿੰਦਗੀ ਦਾ ਜੂਆ ਹਾਰ ਗਈ। ਅਦਾਲਤੀ ਹਾਕਮਾਂ ਨੇ ਤਰਸ ਖਾ ਕੇ ਲਾਲਾ ਗਨੀ ਦੇ ਵੱਡੇ ਪੁੱਤਰ ਨੂੰ ਚਪੜਾਸੀ ਲਾ ਦਿੱਤਾ ਸੀ, ਇੰਝ ਮਾਂ ਦੀ ਫੌਤਗੀ ਮਗਰੋਂ ਉਹ ਭੈਣ-ਭਰਾਵਾਂ ਨੂੰ ਪਾਲਣ ਲੱਗਾ। ਲਾਲਾ ਗਨੀ ਨੇ ਤਾਂ ਕਦੀ ਘਰ ਗ੍ਰਹਿਸਥੀ ਨੂੰ ਫਿਟੇ ਮੂੰਹ ਵੀ ਨਹੀਂ ਸੀ ਆਖਿਆ ਪਰ ਮਾਂ ਦੇ ਸੁਫ਼ਨਿਆਂ ਨੂੰ ਪੂਰਾ ਕਰਨ ਲਈ ਉਹਦਾ ਵੱਡਾ ਪੁੱਤਰ ਹਰ ਯਤਨ ਕਰ ਰਿਹਾ ਸੀ। ਭੈਣ-ਭਰਾਵਾਂ ਨੂੰ ਪੜ੍ਹਾ ਰਿਹਾ ਸੀ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।

ਫੇਰ ਇਕ ਦਿਨ ਲਾਲਾ ਗਨੀ ਨੌਕਰੀ ਤੋਂ ਫਾਰਗ ਹੋ ਗਿਆ, ਚਾਲੀ ਵਰ੍ਹਿਆਂ ਦੀ ਅਦਾਲਤੀ ਨੌਕਰੀ ਕਰਨ ਦੇ ਬਾਅਦ ਉਹ ਸੁਬਕਦੋਸ਼ ਹੋਇਆ ਸੀ। ਰਿਟਾਇਰ ਹੋਣ ਤੋਂ ਮਗਰੋਂ ਵੀ ਉਹਦੀ ਸਿਹਤ 'ਤੇ ਕੋਈ ਫ਼ਰਕ ਨਹੀਂ ਸੀ ਪਿਆ। ਹੁਣ ਉਹ ਪੈਨਸ਼ਨ ਦੀ ਰਕਮ ਨਾਲ ਜੂਆ ਖੇਡਦਾ ਤੇ ਜੂਆਰੀਆਂ ਅਗੇ ਬੋਝੇ ਫੰਡ ਕੇ ਘਰ ਅਪੜਦਾ ਤੇ ਚੁਗੀ ਖਾ ਕੇ ਬਹਿ ਜਾਂਦਾ। ਪੁੱਤਰ ਉਹਨੂੰ ਸਮਝਾਂਦਾ:

"ਲਾਲਾ ਜੂਆ ਕਿਸੇ ਨਹੀਂ ਜਿੱਤਿਆ, ਸਭ ਜੂਏ ਨੇ ਜਿੱਤੇ।"

ਪਰ ਲਾਲਾ ਗਨੀ ਨੂੰ ਜਿੱਤ-ਹਾਰ ਨਾਲ ਕੋਈ ਸਰੋਕਾਰ ਨਹੀਂ ਸੀ। ਉਹਨੂੰ ਤਾਂ ਜੂਏ ਦਾ ਨਸ਼ਾ ਸੀ, ਜਿਹੜਾ ਕਦੀ ਨਹੀਂ ਉਤਰਿਆ।

ਇਕ ਵਾਰ ਲਾਲਾ ਗਨੀ ਪੈਨਸ਼ਨ ਲੈ ਕੇ ਜੂਏ ਦੇ ਅੱਡੇ 'ਤੇ ਗਿਆ ਪਰ ਉੱਥੇ ਪੁਲਿਸ ਦਾ ਛਾਪਾ ਪੈ ਗਿਆ ਸੀ ਤੇ ਕੁਝ ਜੁਆਰੀ ਪਕੜੇ ਗਏ ਸਨ ਤੇ ਬਾਕੀ ਤਿੱਤਰ-ਬਿੱਤਰ ਹੋ ਗਏ ਸਨ। ਲਾਲਾ ਗਨੀ ਨਿੰਮੋਝੂਣਾ ਜਿਹਾ ਤਵੀ ਵੱਲ

ਤੁਰ ਪਿਆ। ਉੱਥੇ ਉਸ ਨੇ ਇਕ ਮਛੇਰੇ ਨੂੰ ਮੱਛੀਆਂ ਫੜ੍ਹਨ ਲਈ ਦਰਿਆ ਵਿਚ ਜਾਲ਼ ਸੁੱਟਦਿਆਂ ਵੇਖਿਆ। ਉਹ ਉਹਦੇ ਕੋਲ ਗਿਆ। ਮਛੇਰਾ ਮੱਛੀਆਂ ਫੜ੍ਹ-ਫੜ੍ਹ ਕੇ ਬੋਰੀ ਵਿਚ ਪਾ ਰਿਹਾ ਸੀ। ਉਹਨੇ ਲਾਲਾ ਗਨੀ ਨੂੰ ਪਛਾਣ ਲਿਆ। ਕਿਉਂ ਜੋ ਉਹ ਅਕਸਰ ਮੱਛੀ ਵੇਚਣ ਉਹਦੇ ਮਹੱਲੇ ਖਟੀਕਾਂ ਦੇ ਤਲਾਅ ਜਾਂਦਾ ਰਹਿੰਦਾ ਸੀ। ਲਾਲਾ ਗਨੀ ਨੇ ਮਛੇਰੇ ਨੂੰ ਪੁੱਛਿਆ-

"ਤਾਂਸ਼ ਖੇਡੇਂਗਾ?"

ਮੇਰੇ ਕੋਲ ਪੈਸੇ ਨਹੀਂ ਹਨ" ਮਛੇਰੇ ਨੇ ਜਵਾਬ ਦਿੱਤਾ।

"ਕੋਈ ਗੱਲ ਨਹੀਂ ਮੇਰੇ ਪੈਸੇ ਤੇ ਤੇਰੀਆਂ ਮੱਛੀਆਂ" ਲਾਲਾ ਗਨੀ ਨੇ ਕਿਹਾ।

"ਉਹ ਕਿੰਝ?"

"ਸੌ ਰੁਪਏ ਕਿੱਲੋ ਦੇ ਹਿਸਾਬ ਨਾਲ ਤੇਰੀਆਂ ਮੱਛੀਆਂ ਦਾ ਜਿੰਨਾ ਤੋਲ ਹੋਵੇਗਾ, ਉਹਨੇ ਮੇਰੇ ਪੈਸੇ" ਲਾਲਾ ਗਨੀ ਨੇ ਮਛੇਰੇ ਨੂੰ ਸਮਝਾਇਆ।

ਤੇ ਫੇਰ ਦੋਵੇਂ ਜੂਆ ਖੇਡਣ ਲੱਗੇ। ਦਸ-ਬਾਰਾਂ ਦਾਉ ਖੇਡਣ ਵਿਚ ਹੀ ਲਾਲਾ ਗਨੀ ਦੀ ਪੈਨਸ਼ਨ ਮਛੇਰੇ ਦੇ ਬੋਝੇ ਵਿਚ ਚਲੀ ਗਈ। ਲਾਲਾ ਗਨੀ ਨਿਸ਼ਚਿੰਤ ਹੋ ਕੇ ਘਰ ਅਪੜਿਆ। ਜਿਵੇਂ ਦਿਲ ਦਿਮਾਗ਼ 'ਤੇ ਪਿਆ ਭਾਰ ਹੌਲਾ ਹੋ ਗਿਆ ਹੋਵੇ। ਘਰ ਜਦ ਪੁੱਤਰ ਨੇ ਪੈਨਸ਼ਨ ਬਾਰੇ ਪੁੱਛਿਆ, ਤਾਂ ਲਾਲਾ ਗਨੀ ਚੁੱਪ ਰਿਹਾ। ਪੁੱਤਰ ਗੁੱਸੇ ਵਿਚ ਲਾਲ ਪੀਲਾ ਹੋ ਗਿਆ ਤੇ ਕਹਿਣ ਲੱਗਾ, "ਘਟੋ-ਘੱਟ ਕਫ਼ਨ-ਦਫ਼ਨ ਲਈ ਤਾਂ ਪੈਸੇ ਬਚਾ ਕੇ ਰੱਖ" ਲਾਲਾ ਗਨੀ ਨੇ ਜਵਾਬ ਦਿੱਤਾ।

"ਪੁੱਤਰਾ, ਮੇਰਾ ਇਮਾਨ ਏ ਬਈ... ਕੌਡੀ ਨਾ ਰੱਖ ਕਫ਼ਨ ਲਈ, ਮੌਲਾ ਦੇਸੀ ਦਫ਼ਨ ਲਈ।"

"ਪਰ ਲਾਲਾ ਮੌਲਾ ਕਿੱਥੋਂ ਦੇਸੀ? ਮੇਰੀ ਤਨਖਾਹ ਨਾਲ ਤਾਂ ਮੁਸ਼ਕਿਲ ਨਾਲ ਘਰ ਚਲਦੈ। ਬੇਬੇ ਵਿਚਾਰੀ ਲੋਕਾਂ ਦੇ ਭਾਂਡੇ ਮਾਂਝਦੀ-ਮਾਂਝਦੀ ਪਰਲੋਕ ਸੁਧਾਰ ਗਈ, ਪਰ ਤੂੰ ਨਾ ਸੁਧਰਿਆ। ਤੈਨੂੰ ਸ਼ਰਮ ਨਹੀਂ ਆਈ, ਮੈਂ ਹੁਣ ਤੇਰਾ ਕੰਜਰਪੁਣਾ ਬਰਦਾਸ਼ਤ ਨਹੀਂ ਕਰ ਸਕਦਾ। ਤੂੰ ਦਫ਼ਾ ਹੋ ਜਾ ਐਥੋਂ ਅਤੇ ਸਾਨੂੰ ਸਾਡੇ ਹਾਲ 'ਤੇ ਛੱਡ ਦੇ।"

ਲਾਲਾ ਗਨੀ ਪੁੱਤਰ ਦੀਆਂ ਗੱਲਾਂ ਸੁਣ ਕੇ ਘਰੋਂ ਨਿਕਲ ਗਿਆ ਤੇ ਮੁੜ ਕਦੀ ਘਰ ਨਹੀਂ ਪਰਤਿਆ ਅਤੇ ਨਾ ਹੀ ਬੱਚਿਆਂ ਨੇ ਉਹਨੂੰ ਲੱਭਣ ਦਾ ਯਤਨ ਕੀਤਾ। ਫੇਰ ਇਕ ਦਿਨ ਲਾਲਾ ਗਨੀ ਦੀ ਫੌਤਗੀ ਦੀ ਖ਼ਬਰ ਸਾਰੇ ਮੁਹੱਲੇ ਵਿਚ ਫੈਲ ਗਈ। ਉਹਦੀ ਲਾਸ਼ ਨੂੰ ਤਵੀ ਦੇ ਕੁਪੜ 'ਚੋਂ ਉਸੇ ਮਛੇਰੇ ਨੇ ਕੱਢਿਆ ਸੀ।

ਜਿਸ ਨਾਲ ਲਾਲਾ ਗਨੀ ਨੇ ਜੂਆ ਖੇਡਿਆ ਸੀ ਤੇ ਪੂਰੀ ਪੈਨਸ਼ਨ ਹਾਰ ਦਿੱਤੀ ਸੀ। ਜਨਾਜ਼ੇ ਵਿਚ ਸਾਰਾ ਮੁਹੱਲਾ ਤੇ ਜੁਆਰੀ ਬਰਾਦਰੀ ਸ਼ਾਮਲ ਹੋਈ ਸੀ। ਪੈਸੇ ਉਧਾਰ ਲੈ ਕੇ ਉਹਦੇ ਪੁੱਤਰ ਨੇ ਕਫ਼ਨ-ਦਫ਼ਨ ਦਾ ਇੰਤਜ਼ਾਮ ਕੀਤਾ ਸੀ। ਜਦ ਲਾਸ਼ ਨੂੰ ਦਫ਼ਨਾਉਣ ਮਗਰੋਂ ਲੋਕ ਕਬਰਸਤਾਨ ਤੋਂ ਜਾਣ ਲੱਗੇ ਤਾਂ ਮਛੇਰੇ ਨੇ ਲਾਲਾ ਗਨੀ ਤੋਂ ਜਿੱਤੀ ਹੋਈ ਸਾਰੀ ਰਕਮ ਉਹਦੇ ਪੁੱਤਰ ਦੇ ਹੱਥ ਫੜਾਈ ਤੇ ਕਿਹਾ:

"ਲਾਲਾ ਗਨੀ ਨੇ ਆਪਣੇ ਕਫ਼ਨ-ਦਫ਼ਨ ਲਈ ਇਹ ਪੈਸੇ ਮੇਰੇ ਕੋਲ ਰੱਖੇ ਸਨ ਤੇ ਮੈਨੂੰ ਸਮਝਾਇਆ ਸੀ ਕਿ ਉਹਦੇ ਮਰਨ ਮਗਰੋਂ ਉਹਦੇ ਪੁੱਤਰ ਨੂੰ ਦੇ ਦੇਈਂ ਤਾਂ ਜੋ ਉਹ ਉਸਦੇ ਪੈਸਿਆਂ ਨਾਲ ਸਾਰੀਆਂ ਰਸਮਾਂ ਪੂਰੀਆਂ ਕਰ ਸਕੇ।"

ਮਛੇਰੇ ਦੀ ਗੱਲ ਸੁਣਦਿਆਂ ਹੀ ਲਾਲਾ ਗਨੀ ਦਾ ਪੁੱਤਰ ਫੁੱਟ-ਫੁੱਟ ਕੇ ਰੋਣ ਲੱਗਾ।

•

# ਇਕ ਮਰੇ ਬੰਦੇ ਦੀ ਕਹਾਣੀ

ਉਸ ਦਿਨ ਡਾਢਢੀ ਬਰਫ਼ ਪੈ ਰਹੀ ਸੀ। ਸ਼ਾਮ ਤੀਕਰ ਦੋ-ਢਾਈ ਫੁੱਟ ਬਰਫ਼ ਜਮ੍ਹਾਂ ਹੋ ਚੁੱਕੀ ਸੀ। ਸਾਰਾ ਪਿੰਡ ਬਰਫ਼ ਦੀ ਚਾਦਰ ਹੇਠ ਦਬਿਆ ਪਿਆ ਸੀ। ਅਜਿਹੀ ਹਾਲਤ ਵਿਚ ਮੇਰਾ ਘਰ ਜਾਣਾ ਬੜਾ ਔਖਾ ਸੀ ਕਿਉਂ ਜੇ ਮੇਰੇ ਘਰਾਟ ਤੋਂ ਘਰ ਦੀ ਵਿੱਥ ਤਿੰਨ ਕਿਲੋਮੀਟਰ ਸੀ ਤੇ ਬਰਫ਼ ਉਤੇ ਚੱਲਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਇਸ ਲਈ ਮੈਂ ਘਰਾਟ ਵਿਚ ਹੀ ਰਾਤ ਕੱਟਣ ਦਾ ਫ਼ੈਸਲਾ ਕੀਤਾ। ਮੈਂ ਆਲੂ ਤੇ ਮੋਠ ਪਕਾਏ ਅਤੇ ਮੱਕਾਂ ਦੇ ਢੋਢੇ ਤੇ ਤਿਮਰੂ ਦੀ ਚਟਨੀ ਨਾਲ ਰੋਟੀ ਖਾ ਕੇ ਸੌਂ ਗਿਆ।

ਰਾਤੀਂ ਦਸ ਗਿਆਰਾਂ ਵੱਜੇ ਹੋਣਗੇ ਕਿ ਕਿਸੇ ਨੇ ਘਰਾਟ ਦਾ ਬੂਹਾ ਜ਼ੋਰ-ਜ਼ੋਰ ਨਾਲ ਠੋਰਿਆ। ਮੇਰੀ ਜਾਗ ਖੁਲ੍ਹ ਗਈ ਤੇ ਮੈਂ ਪੁੱਛਿਆ, "ਕੌਣ ਹੈ ਭਾਈ?"

"ਬੂਹਾ ਖੋਲ। ਅਸੀਂ ਮੁਸਾਫ਼ਿਰ ਹਾਂ, ਬਰਫ਼ ਪੈ ਰਹੀ ਹੈ। ਸਫ਼ਰ ਕਰਨਾ ਚੋਖਾ ਔਖਾ ਹੈ। ਬਰਫ਼ ਬੰਦ ਹੋਣ ਤੋਹੜੀ ਤੇਰੇ ਘਰਾਟ 'ਤੇ ਰੁਕਾਂਗੇ।"

ਮੈਂ ਦਰਵਾਜ਼ਾ ਖੋਲ੍ਹਿਆ। ਚਾਰ ਜਵਾਨ ਗਭਰੂ ਘਰਾਟ ਅੰਦਰ ਆਏ। ਉਨ੍ਹਾਂ ਦੇ ਹੱਥਾਂ ਵਿਚ ਬੰਦੂਕਾਂ ਸਨ ਤੇ ਪਿੱਠੂ ਚੁੱਕੇ ਹੋਏ ਸਨ। ਉਨ੍ਹਾਂ ਆਪਣਾ ਸਾਮਾਨ ਪਿੱਠ ਤੋਂ ਉਤਾਰਿਆ ਤੇ ਕੰਧ ਨਾਲ ਰੱਖ ਦਿੱਤਾ। ਫਿਰ ਉਨ੍ਹਾਂ ਵਿਚੋਂ ਇਕ ਗੱਭਰੂ ਕਹਿਣ ਲੱਗਾ-

"ਉਠ ਮੰਜ਼ੂਰ। ਸਾਡੇ ਲਈ ਰੋਟੀ ਬਣਾ। ਅਸੀਂ ਸਵੇਰ ਦੇ ਭੁੱਖੇ ਹਾਂ। ਬੜਾ ਲੰਮਾ ਪੰਧ ਕੱਢ ਕੇ ਆਏ ਹਾਂ। ਕਲ੍ਹ ਰਾਤ ਅਸੀਂ ਮਰਮਤ ਦੇ ਇਲਾਕੇ ਵਿਚ ਸਾਂ। ਅੱਜ ਦੀ ਰਾਤ ਤੇਰੇ ਨਾਲ ਕੱਟਾਂਗੇ ਤੇ ਤੜਕੇ ਤਹੱਜ਼ੁਦ (ਫ਼ਜ਼ਰ ਜਾਂ ਸਵੇਰ ਦੀ ਨਮਾਜ਼ ਅਤੇ ਪੋਹ ਫੁੱਟਣ ਤੋਂ ਪਹਿਲਾਂ ਦੀ ਨਮਾਜ਼) ਵੇਲੇ ਇਥੋਂ ਤੁਰ ਜਾਵਾਂਗੇ।"

"ਪਰ ਤੁਹਾਨੂੰ ਮੇਰੇ ਨਾਂ ਦਾ ਕਿਞ ਪਤਾ ਚੱਲਿਆ ਐ? ਤੁਸੀਂ ਤਾਂ ਇਥੇ ਦੇ ਰਹਿਣ ਵਾਲੇ ਨਹੀਂ ਲਗਦੇ। ਫਿਰ ਤੁਸੀਂ ਮੈਨੂੰ ਕਿਵੇਂ ਜਾਣਦੇ ਹੋ?"

"ਅਸੀਂ ਤੈਨੂੰ ਹੀ ਨਹੀਂ ਸਗੋਂ ਤੇਰੇ ਪੂਰੇ ਖ਼ਾਨਦਾਨ ਨੂੰ ਜਾਣਦੇ ਹਾਂ। ਤੇਰੇ ਪਿਉ ਦਾ ਨਾਂ ਮੁਹੰਮਦ ਅਮੀਨ ਹੈ ਜਿਹੜਾ ਡੂਡੂ ਪੰਚਾਇਤ ਦਾ ਸਰਪੰਚ

ਹੈ। ਤੁਹਾਡਾ ਘਰ ਸਗਾੜੀ ਮੋਹੜੇ ਵਿਚ ਹੈ। ਤੇਰੇ ਤਰੈ ਭਰਾ ਹੋਰ ਵੀ ਹਨ... ਜਾਵੇਦ, ਅਸਲਮ ਤੇ ਇਕਬਾਲ। ਤੁਹਾਡੀ ਇਕ ਭੈਣ ਜਖੇੜ ਮੋਹੜੇ ਵਿਚ ਵਿਆਹੀ ਹੋਈ ਹੈ ਤੇ ਦੂਜੀ ਧੂਨੇ ਵਿਚ। ਤੇਰੀ ਉਮਰ 35-36 ਸਾਲ ਹੈ। ਤੂੰ ਵਿਆਹਿਆ ਵਰ੍ਹਿਆ ਹੈਂ ਤੇ ਤੇਰੇ ਤਿੰਨ ਬੱਚੇ ਵੀ ਹਨ। ਤੂੰ ਰੋਜ਼ ਸਵੇਰ ਵੇਲੇ ਘਰਾਟ 'ਤੇ ਆਂਦਾ ਹੈਂ ਤੇ ਦੀਵੇ ਬਲਨ ਵੇਲੇ ਘਰ ਨੂੰ ਜਾਂਦਾ ਹੈਂ।... ਹੋਰ ਦੱਸ, ਹੋਰ ਕੀ ਪੁੱਛਣਾ ਚਾਹਨਾ ਹੈਂ।"

"ਪਰ ਤੁਸੀਂ ਕੌਣ ਹੋ? ਮੈਂ ਤੁਹਾਨੂੰ ਨਹੀਂ ਜਾਣਦਾ।"

"ਤੂੰ ਹਾਲੀ ਵੀ ਨਹੀਂ ਸਮਝਿਆ। ਸਾਨੂੰ ਸਾਰੀ ਦੁਨੀਆਂ ਜਾਣਦੀ ਹੈ। ਇਹ ਬੰਦੂਕਾਂ ਵੇਖੀਆਂ ਨੇ। ਥੈਲੇ ਵਿਚ ਪਿਆ ਬਾਰੂਦ ਵੇਖਿਆ ਈ, ਅਸੀਂ ਮੁਜਾਹਿਦ ਹਾਂ। ਭਾਰਤੀ ਸਾਮਰਾਜ ਦੇ ਖ਼ਿਲਾਫ਼ ਲੜਣ ਵਾਲੇ ਜੁਝਾਰੂ। ਅਸੀਂ ਤੁਹਾਡੀ ਆਜ਼ਾਦੀ ਲਈ ਭਾਰਤੀ ਫ਼ੌਜਾਂ ਅਤੇ ਪੁਲਿਸ ਨਾਲ ਲੜ ਰਹੇ ਹਾਂ। ਚਲ ਤੂੰ ਛੇਤੀ ਕਰ। ਰੋਟੀ ਪਕਾ ਤੇ ਸਾਨੂੰ ਖਵਾ।"

ਮੈਂ ਮੱਕਾਂ ਦਾ ਆਟਾ ਗੁੰਨਿਆ ਤੇ ਢੋਢੇ ਪਕਾਏ। ਮੋਠ ਤੇ ਆਲੂਆਂ ਦਾ ਨਿਉੜਾ (ਸਾਲਣ) ਪਿਆ ਹੋਇਆ ਸੀ। ਅਖਰੋਟ ਦੀਆਂ ਗਿਰੀਆਂ, ਪੁਦੀਨੇ ਤੇ ਤਿਮਰੂ ਦੀ ਚਟਨੀ ਬਣਾਈ ਤੇ ਉਨ੍ਹਾਂ ਅੱਗੇ ਰੱਖ ਦਿੱਤੀ। ਉਹ ਸਾਰੇ ਭੁੱਖੇ ਸਨ, ਇਸ ਲਈ ਮਿੰਟਾਂ ਵਿਚ ਹੀ ਖਾ-ਪੀ ਕੇ ਵਿਹਲੇ ਹੋ ਗਏ ਤੇ ਮੇਰੇ ਨਾਲ ਗੱਲਾਂ ਕਰਨ ਲੱਗੇ।

"ਅਸੀਂ ਹਿਜ਼ਬ-ਉਲ-ਮੁਜਾਹਿਦੀਨ ਜੱਥੇਬੰਦੀ ਨਾਲ ਜੁੜੇ ਹੋਏ ਹਾਂ। ਅਸੀਂ ਡੋਡਾ, ਕਿਸ਼ਤਵਾੜ, ਗੂਲ, ਮਹੌਰ ਤੇ ਰਾਮਨਗਰ ਦੇ ਇਲਾਕਿਆਂ ਵਿਚ ਆਪਣੀਆਂ ਕਾਰਵਾਈਆਂ ਕਰਦੇ ਹਾਂ। ਸਾਡਾ ਅਮੀਰ ਤੇ ਕਮਾਂਡਰ ਸ਼ਕੀਲ ਅੰਸਾਰੀ ਹੈ। ਸਾਡੇ ਮੁਜ਼ਾਹਿਦ ਪੁਲਿਸ ਤੇ ਫ਼ੌਜੀਆਂ ਨਾਲ ਮੁਕਾਬਲਾ ਕਰਦੇ ਰਹਿੰਦੇ ਹਨ। ਤੁਸੀਂ ਲੋਕ ਰੇਡੀਉ, ਅਖ਼ਬਾਰਾਂ ਤੇ ਟੈਲੀਵਿਜ਼ਨ ਚੈਨਲਾਂ 'ਤੇ ਸਾਡੇ ਕਾਰਨਾਮੇ ਪੜ੍ਹਦੇ, ਸੁਣਦੇ ਤੇ ਵੇਖਦੇ ਹੋਵੋਂਗੇ। ਕਲ੍ਹ ਅਸਾਂ ਬਸੰਤ ਗੜ੍ਹ ਥਾਣੇ ਉੱਤੇ ਹਮਲਾ ਕਰਨਾ ਹੈ। ਉੱਥੇ ਦੇ ਥਾਣੇਦਾਰ ਰਸ਼ੀਦ ਖ਼ਾਨ ਨੇ ਸਾਡੇ ਸਾਬਕਾ ਅਮੀਰ ਤੇ ਕਮਾਂਡਰ ਨੂੰ ਮੁਖ਼ਬਰੀ ਵਜੋਂ ਇਕ ਮਕਾਨ 'ਚੋਂ ਸੁੱਤੇ ਪਏ ਨੂੰ ਪਕੜਿਆ ਸੀ ਤੇ ਫ਼ਰਜ਼ੀ ਮੁਕਾਬਲੇ ਵਿਚ ਬੜੀ ਬੇ-ਰਹਿਮੀ ਨਾਲ ਮਾਰ ਦਿੱਤਾ ਸੀ ਅਤੇ ਸਰਕਾਰ ਕੋਲੋਂ ਇਨਾਮ ਤੇ ਤਰੱਕੀ ਹਾਸਿਲ ਕੀਤੀ ਸੀ। ਕੱਲ੍ਹ ਅਸਾਂ ਉਸਦਾ ਹਿਸਾਬ ਚੁਗਤਾ ਕਰਨ ਜਾਣਾ ਹੈ। ਤੂੰ ਸਾਡੇ ਨਾਲ ਚੱਲੇਂਗਾ ਕਿਉਂਜੇ ਸਾਨੂੰ ਰਸਤੇ ਦਾ ਪਤਾ ਨਹੀਂ ਹੈ।"

ਮੈਂ ਬੜੇ ਤਰਲੇ ਪਾਏ ਕਿ ਮੈਨੂੰ ਛੱਡ ਦਿਉ ਤੇ ਨਾਲ ਨਹੀਂ ਲੈ ਜਾਉ।

ਜੇ ਪੁਲਿਸ ਤੇ ਫ਼ੌਜੀਆਂ ਨੂੰ ਪਤਾ ਚੱਲਿਆ ਤਾਂ ਉਹ ਮੈਨੂੰ ਮਾਰ ਦੇਣਗੇ ਅਤੇ ਮੇਰੇ ਮਾਪੇ ਤੇ ਭੈਣ-ਭਰਾ ਅਤੇ ਬੀਵੀ-ਬੱਚੇ ਸਭ ਅਜ਼ਾਬ ਵਿਚ ਫਸ ਜਾਣਗੇ। ਪਰ ਉਨ੍ਹਾਂ ਖ਼ਬੀਸਾਂ ਮੇਰੀ ਇਕ ਨਹੀਂ ਸੁਣੀ। ਮੇਰੇ ਸਿਰ ਆਈ ਬਲ੍ਹਾ ਨਹੀਂ ਟਲੀ। ਭਲਾ ਜ਼ੋਰ ਅੱਗੇ ਜ਼ਾਰੀ ਕੇਹੀ। ਫਿਰ ਹਾਦਸੇ ਤੇ ਘਟਨਾਵਾਂ ਤਕਦੀਰ ਦੇ ਨਾਲ-ਨਾਲ ਤੁਰਦੀਆਂ ਨੇ। ਉਨ੍ਹਾਂ ਤਹੱਜੁਦ ਦੀ ਨਮਾਜ਼ ਪੜ੍ਹੀ ਤੇ ਚਲ ਪਏ। ਅਸੀਂ ਕਿਰਚੀ ਦਾ ਨਾਲ੍ਹਾ ਪਾਰ ਕੀਤਾ ਤੇ ਬਸੰਤਗੜ੍ਹ ਵਲ ਜਾਣ ਲੱਗੇ। ਅਮੀਰ ਨੇ ਆਪਣਾ ਸਾਮਾਨ ਮੈਨੂੰ ਚੁਕਾਇਆ ਸੀ। ਅਸੀਂ ਕਿਰਚੀ ਵਾਲੀ ਢੱਕੀ ਚੜ੍ਹਦੇ ਰਹੇ ਤੇ ਕੋਈ ਦੋ ਘੰਟਿਆਂ ਮਗਰੋਂ ਪਹਾੜ ਦੀ ਟੀਸੀ ਉਤੇ ਪਹੁੰਚ ਗਏ ਜਿਥੋਂ ਬਸੰਤਗੜ੍ਹ ਦਾ ਕਸਬਾ ਸਾਫ਼ ਦਿਸ ਰਿਹਾ ਸੀ। ਉਹ ਸਭੇ ਭੋਰਾ ਕੁ ਆਰਾਮ ਕਰਨ ਲਈ ਬੈਠ ਗਏ। ਮੈਂ ਅਮੀਰ ਦੇ ਪੈਰ ਦਬਾਣ ਲੱਗਾ ਤੇ ਬਿਨਤੀ ਕਰਨ ਲੱਗਾ ਕਿ ਮੈਨੂੰ ਇਥੋਂ ਵਾਪਿਸ ਜਾਣ ਦਿਉ ਕਿਉਂ ਜੋ ਲੋਕੀ ਕਣਕ ਤੇ ਮੱਕਾਂ ਪੀਆਣ ਸਵੇਰੇ-ਸਵੇਰੇ ਹੀ ਘਰਾਟ 'ਤੇ ਆ ਜਾਂਦੇ ਨੇ। ਅਮੀਰ ਨੇ ਮੈਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ, ਨਾਲੇ ਧਮਕੀ ਵੀ ਦਿੱਤੀ ਪਈ ਜੇ ਮੈਂ ਉਨ੍ਹਾਂ ਬਾਰੇ ਕਿਸੇ ਨੂੰ ਦੱਸਿਆ ਤਾਂ ਉਹ ਮੈਨੂੰ ਜਾਨੋਂ ਮਾਰ ਦੇਣਗੇ ਤੇ ਮੇਰੇ ਘਰ ਨੂੰ ਅੱਗ ਲਾ ਦੇਣਗੇ। ਭਲਾ ਸੱਪਾਂ ਦੀਆਂ ਖੁੱਡਾਂ ਵਿਚ ਕੌਣ ਹੱਥ ਪਾਵੇ। ਮੈਂ ਮੁੜ ਆਪਣੇ ਘਰਾਟ ਆ ਗਿਆ ਤੇ ਚੁੱਪ-ਚਾਪ ਆਪਣਾ ਕੰਮ ਕਰਨ ਲੱਗਾ। ਮੈਂ ਇਸ ਘਟਨਾ ਬਾਰੇ ਕਿਸੇ ਨਾਲ ਗੱਲ ਨਹੀਂ ਕੀਤੀ। ਨਾ ਮਾਂ-ਪਿਉ ਨਾਲ, ਨਾ ਭੈਣਾਂ-ਭਰਾਵਾਂ ਨਾਲ ਅਤੇ ਨਾ ਹੀ ਆਪਣੀ ਬੀਵੀ ਨਾਲ। ਮੇਰਾ ਆਤੰਕਵਾਦ ਨਾਲ ਕੋਈ ਤਾਲੁਕ ਨਹੀਂ ਸੀ। ਮੈਂ ਘਰਾਟ ਚਲਾਣ ਤੋਂ ਛੁੱਟ ਪੰਚਾਇਤ ਦੇ ਛੋਟੇ-ਛੋਟੇ ਕੰਮ ਕਰਕੇ ਆਪਣੀ ਗ੍ਰਹਿਸਥੀ ਚਲਾ ਰਿਹਾ ਸਾਂ।

ਇਹ ਬਿਆਨ ਮੈਂ ਜ਼ਿਲ੍ਹਾ ਊਧਮਪੁਰ ਦੇ ਐਸ.ਐਸ.ਪੀ. ਦੇ ਸਾਹਮਣੇ ਦਿੱਤਾ ਸੀ। ਜਿਹੜਾ ਇਕ ਨੌਜਵਾਨ ਅਫ਼ਸਰ ਸੀ। ਉਸ ਨੇ ਮੇਰੇ ਨਾਲ ਚੰਗਾ ਸਲੂਕ ਕੀਤਾ ਅਤੇ ਉਸ ਖਾੜਕੂ ਨੂੰ ਵੀ ਮੇਰੇ ਰੂਬਰੂ ਕੀਤਾ ਜਿਸਦੀ ਤਫ਼ਤੀਸ਼ ਤੇ ਇੰਟੈਰੋਗੇਸ਼ਨ ਵਿਚ ਉਸ ਨੇ ਮੇਰਾ ਨਾਂ ਲਿਆ ਸੀ। ਖਾੜਕੂ ਨੇ ਮੈਨੂੰ ਪਛਾਣ ਲਿਆ ਸੀ। ਉਸਦੇ ਬਿਆਨ ਨਾਲ ਮੇਰਾ ਬਿਆਨ ਮਿਲਾਇਆ ਗਿਆ ਤੇ ਸਾਡੇ ਦੋਹਾਂ ਦੇ ਬਿਆਨ ਇਕ ਦੂਜੇ ਨਾਲ ਮਿਲਦੇ ਸਨ। ਊਧਮਪੁਰ ਦੇ ਜ਼ਿਲ੍ਹਾ ਪੁਲਿਸ ਅਫ਼ਸਰ ਸਾਹਿਬ ਮੇਰੀਆਂ ਗੱਲਾਂ ਤੋਂ ਸੰਤੁਸ਼ਟ ਸਨ। ਉਨ੍ਹਾਂ ਨੂੰ ਯਕੀਨ ਸੀ ਕਿ ਮੇਰਾ ਖਾੜਕੂਆਂ ਨਾਲ ਕੋਈ ਸਬੰਧ ਨਹੀਂ ਹੈ ਅਤੇ ਮੈਂ ਸਿਰਫ਼ ਡਰ ਨਾਲ ਉਨ੍ਹਾਂ ਨੂੰ ਰੋਟੀ ਖਵਾਈ ਸੀ। ਉਨ੍ਹਾਂ ਮੈਨੂੰ ਘਰ ਜਾਣ ਤੇ ਆਪਣਾ ਕਾਰੋਬਾਰ ਕਰਨ ਦੀ ਆਗਿਆ ਦੇ ਦਿੱਤੀ। ਪਰ ਉਸ ਦਿਨ ਦੇ ਬਾਅਦ ਥਾਣੇਦਾਰ ਵੇਲੇ-ਕੁਵੇਲੇ

ਮੈਨੂੰ ਬੁਲਾਂਦਾ ਰਹਿੰਦਾ ਤੇ ਧਮਕੀਆਂ ਦੇਂਦਾ ਰਹਿੰਦਾ। ਇਕ ਦਿਨ ਮੇਰਾ ਅੱਬਾ ਮੈਨੂੰ ਲੈ ਕੇ ਮੁੜ ਐਸ.ਐਸ.ਪੀ. ਸਾਹਿਬ ਨੂੰ ਮਿਲਿਆ ਤੇ ਥਾਣੇਦਾਰ ਦੇ ਸਲੂਕ ਬਾਰੇ ਸ਼ਿਕਾਇਤ ਕੀਤੀ। ਉਸ ਨੇਕ ਅਫ਼ਸਰ ਦੇ ਸਲੂਕ ਬਾਰੇ ਸ਼ਿਕਾਇਤ ਉਪਰ ਕਾਰਵਾਈ ਕਰਨ ਦਾ ਯਕੀਨ ਦਵਾਇਆ ਪਰ ਕੁਝ ਚਿਰ ਮਗਰੋਂ ਉਸ ਨੌਜਵਾਨ ਅਫ਼ਸਰ ਦੀ ਬਦਲੀ ਕਿਸੇ ਹੋਰ ਥਾਂ 'ਤੇ ਹੋ ਗਈ ਅਤੇ ਉਸਦੀ ਥਾਂ 'ਤੇ ਕਿਸੇ ਦੂਜੇ ਖਰਾਂਟ ਐਸ.ਐਸ.ਪੀ. ਨੂੰ ਨਿਯੁਕਤ ਕੀਤਾ ਗਿਆ ਸੀ। ਜਿਸ ਨੇ ਸਾਡੀ ਸ਼ਿਕਾਇਤ 'ਤੇ ਕੋਈ ਕਾਰਵਾਈ ਨਹੀਂ ਕੀਤੀ ਤੇ ਸਾਡੀ ਅਰਜ਼ੀ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੀ। ਥਾਣੇਦਾਰ ਨੇ ਹੋਰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਬਸ ਉਸ ਭਲੇਮਾਨਸ ਅਫ਼ਸਰ ਦੇ ਜਾਣ ਮਗਰੋਂ ਸਾਡੇ ਉਤੇ ਮੁਸੀਬਤਾਂ ਤੇ ਪਰੇਸ਼ਾਨੀਆਂ ਦਾ ਪਹਾੜ ਟੁੱਟ ਪਿਆ। ਉਸ ਥਾਣੇਦਾਰ ਨੂੰ ਪਖੰਡ, ਘੁਮੰਡ ਤੇ ਮੋਹ-ਮਾਇਆ ਦੀ ਬਿਮਾਰੀ ਸੀ ਤੇ ਕਰੋਧ ਦਾ ਕੈਂਸਰ ਸੀ। ਹਰ ਦੂਜੇ-ਤੀਜੇ ਹਫ਼ਤੇ ਮੈਨੂੰ ਪੁਲਿਸ ਫੜ ਕੇ ਲੈ ਜਾਂਦੀ ਤੇ ਮੁੜ ਮੁੰਡੂ ਉਹੋ ਸਵਾਲ ਦੁਹਰਾਏ ਜਾਂਦੇ ਜਿਨ੍ਹਾਂ ਦਾ ਜਵਾਬ ਮੈਂ ਕਈ ਵਾਰੀ ਦੇ ਚੁੱਕਿਆ ਸਾਂ। ਸਿਆਣਿਆਂ ਦਾ ਇਹ ਅਖਾਣ ਝੂਠਾ ਸਾਬਿਤ ਹੋ ਗਿਆ ਕਿ ਅੰਦਰ ਹੋਵੇ ਸੱਚ ਤੇ ਕੋਠੇ ਚੜ੍ਹ ਕੇ ਨੱਚ। ਪੁਲਿਸ ਸੱਚ ਨੂੰ ਝੂਠ ਬਣਾਨ 'ਤੇ ਤੁਲੀ ਹੋਈ ਸੀ। ਥਾਣੇਦਾਰ ਤੋਂ ਲੈ ਕੇ ਐਸ.ਐਸ.ਪੀ. ਸਾਹਿਬ ਤੀਕਰ ਸਾਰੇ ਪੁਲਿਸ ਅਫ਼ਸਰ ਮੇਰੀ ਤਫ਼ਤੀਸ਼ ਕਰਦੇ, ਮੈਨੂੰ ਤਸੀਹੇ ਦਿੰਦੇ। ਉਹ ਚਾਹੁੰਦੇ ਸਨ ਕਿ ਮੈਂ ਉਨ੍ਹਾਂ ਦੇ ਪੈਰੋਂ 'ਤੇ ਪੈਰ ਰੱਖਦਾ ਰਵਾਂ। ਉਹ ਸਾਰੇ ਸ਼ਿਕਾਰੀ ਸਨ ਤੇ ਮੈਂ ਉਨ੍ਹਾਂ ਦਾ ਸ਼ਿਕਾਰ। ਪਰ ਉਨ੍ਹਾਂ ਨੂੰ ਕੌਣ ਸਮਝਾਂਦਾ ਕਿ ਹਰ ਆਲ੍ਹਣੇ ਵਿਚ ਬੋਟ ਨਹੀਂ ਹੁੰਦੇ। ਉਨ੍ਹਾਂ ਦੀਆਂ ਬੇ-ਰਹਿਮ ਅੱਖਾਂ ਮੇਰੇ 'ਤੇ ਕਹਿਰ ਢਾਹੁੰਦੀਆਂ। ਉਹ ਮੈਨੂੰ ਮਾਰਦੇ ਤੇ ਸ਼ਿਕੰਜੇ ਚਾੜ੍ਹਦੇ। ਮੈਨੂੰ ਆਪਣੀ ਹਯਾਤੀ ਦੀ ਕੁੱਖ ਵਿਚ ਮੌਤ ਲਭਦੀ ਦਿਸਦੀ। ਮੇਰਾ ਘਰ, ਮੇਰੇ ਮਾਪੇ, ਭੈਣ-ਭਰਾ, ਬੀਵੀ-ਬੱਚੇ ਸਾਰੇ ਬੇਵਸੀ ਦੇ ਆਵੇ ਵਿਚ ਸੜ ਰਹੇ ਸਨ ਪਰ ਪੁਲਿਸੀਏ ਮੇਰੀ ਸੱਚਾਈ ਦਾ ਜਲ ਪੀਣਾ ਹੀ ਨਹੀਂ ਸਨ ਚਾਹੁੰਦੇ... ਮੇਰਾ ਅੱਬਾ ਮੈਨੂੰ ਬਚਾਣ ਦੇ ਬੜੇ ਹੀਲੇ ਕਰਦਾ। ਬੜੇ ਅਫ਼ਸਰਾਂ, ਸਿਆਸਤਦਾਨਾਂ ਅਤੇ ਪਤਵੰਤਿਆਂ ਅੱਗੇ ਜਦ ਮੱਥਾ ਰਗੜਦਾ ਤਾਂ ਉਹਦੀਆਂ ਅੱਖਾਂ ਦਾ ਦਰਿਆ ਕੰਢਿਆਂ ਤੋਂ ਬਾਹਰ ਵਗਣ ਲੱਗਦਾ ਪਰ ਕਿਸੇ ਨੂੰ ਸਾਡੇ ਉਤੇ ਰਹਿਮ ਨਹੀਂ ਆਉਂਦਾ। ਮਾਇਆ ਦੀ ਛਾਇਆ ਬਗ਼ੈਰ ਮੇਰੀ ਖਲਾਸੀ ਨਹੀਂ ਹੁੰਦੀ। ਇਕ ਮੋਟੀ ਰਕਮ ਵਸੂਲਣ ਮਗਰੋਂ ਮੇਰਾ ਛੁਟਕਾਰਾ ਹੁੰਦਾ। ਹਰ ਨਵਾਂ ਥਾਣੇਦਾਰ ਤੇ ਜ਼ਿਲ੍ਹਾ ਪੁਲਿਸ ਅਫ਼ਸਰ ਚਾਰਜ ਲੈਂਦਿਆਂ ਸਾਰ ਹੀ ਮੈਨੂੰ ਹਵਾਲਾਤ ਵਿਚ ਬੰਦ ਕਰ ਦਿੰਦੇ ਤੇ ਮੇਰਾ ਅੱਬਾ ਰਿਸ਼ਵਤ ਦੇ ਕੇ ਮੈਨੂੰ ਛੁਡਾ ਲਿਆਂਦਾ। ਇਸ ਆਤੰਕਵਾਦ ਵਿਚ

ਸਾਡੀ ਜ਼ਮੀਨ ਵਿਕ ਗਈ, ਜਾਇਦਾਦ ਵਿਕ ਗਈ, ਮਾਲ ਡੰਗਰ ਵਿਕ ਗਿਆ ਪਰ ਸਾਡੀ ਫਰਿਆਦ ਦੀ ਦਾਦਰੱਸੀ ਕਿਸੇ ਨਹੀਂ ਕੀਤੀ। ਇਨਸਾਫ਼ ਦੇ ਭਾਂਡੇ ਸਾਨੂੰ ਹਰ ਥਾਈਂ ਖ਼ਾਲੀ ਮਿਲੇ। ਸਾਨੂੰ ਕੋਈ ਆਪਣੇ ਜ਼ਮੀਰ ਨਾਲ ਵਫ਼ਾ ਕਰਦਾ ਨਹੀਂ ਮਿਲਿਆ। ਤੁਹਾਨੂੰ ਤਾਂ ਪਤਾ ਹੀ ਹੋਵੇਗਾ ਕਿ ਮਨ ਟੁੱਟਦਿਆਂ ਤੇ ਦੁੱਧ ਫੁਟਦਿਆਂ ਦੇਰ ਨਹੀਂ ਲੱਗਦੀ। ਉਪਰੋਂ ਮੇਰੇ ਮਾਪਿਆਂ ਦੀ ਇੱਜ਼ਤ ਤੇ ਗ਼ੈਰਤ ਦਾ ਜੁੱਸਾ ਲੀਰੋ-ਲੀਰ ਹੋ ਚੁੱਕਿਆ ਸੀ। ਇਹ ਸਭ ਵੇਖ ਕੇ ਮੇਰੇ ਅੰਦਰ ਦਾ ਜਵਾਲਾਮੁਖੀ ਫਟਣ ਲੱਗਾ। ਜ਼ਿੱਲਤ ਤੇ ਨਮੋਸ਼ੀ ਕਾਰਨ ਸਾਡੇ ਲਈ ਸਾਰੇ ਦਰਵਾਜ਼ੇ ਬੰਦ ਹੋ ਗਏ। ਫਿਰ ਮੈਂ ਇਕ ਦਿਨ ਅੱਬੇ ਨੂੰ ਕਿਹਾ-

"ਮੇਰੇ ਕਾਰਨ ਤੇਰੀ ਦੌਲਤ, ਇੱਜ਼ਤ, ਜ਼ਮੀਨ, ਜਾਇਦਾਦ ਸਭ ਖ਼ਤਮ ਹੋ ਗਈ ਹੈ। ਤੂੰ ਮੈਨੂੰ ਬਚਾਣ ਲਈ ਆਪਣਾ ਆਪ ਵੀ ਦਾਅ 'ਤੇ ਲਾ ਦਿੱਤਾ ਹੈ। ਤੇਰੇ ਕੋਲ ਹੁਣ ਕੁਝ ਨਹੀਂ ਬਚਿਆ ਹੈ ਇਸ ਲਈ ਤੂੰ, ਮੈਨੂੰ ਘਰੋਂ ਜਾਣ ਦੀ ਆਗਿਆ ਦੇ ਦੇ। ਮੈਂ ਹੁਣ ਉਨ੍ਹਾਂ ਖਾੜਕੂਆਂ ਕੋਲ ਹੀ ਜਾਵਾਂਗਾ ਜਿਨ੍ਹਾਂ ਕਾਰਨ ਸਾਡਾ ਸਭ ਕੁਝ ਸਵਾਹ ਢੇਰੀ ਹੋ ਗਿਆ ਹੈ। ਇੱਥੇ ਸਾਡੇ ਮੱਥੇ ਲਿਖੀ ਬਦਨਾਮੀ ਕੋਈ ਨਹੀਂ ਮਿਟਾ ਸਕਦਾ। ਇਸ ਲਈ ਮੇਰਾ ਚੰਗਾ-ਮੰਦਾ ਬੋਲਿਆ ਮਾਫ਼ ਕਰ ਦੇਈਂ।"

ਮੇਰੀ ਗੱਲ ਸੁਣ ਕੇ ਅੱਬਾ ਰੋਣ ਲੱਗਾ। ਅੰਮਾ, ਭੈਣ-ਭਰਾ ਤੇ ਬੀਵੀ-ਬੱਚੇ ਸਭ ਹਾੜੇ ਮਾਰਨ ਲੱਗੇ। ਸਭਨਾਂ ਦੀਆਂ ਅੱਖਾਂ ਵਿਚ ਸਾਉਣ ਦੀ ਝੜੀ ਲੱਗ ਗਈ- ਦੁੱਖ, ਦਰਦ ਤੇ ਪਰੇਸ਼ਾਨੀਆਂ ਲਈ ਸ਼ਬਦਾਂ ਦੀ ਲੋੜ ਨਹੀਂ ਹੁੰਦੀ ਉਹ ਤਾਂ ਚਿਹਰੇ 'ਤੇ ਲਿਖੀਆਂ ਹੁੰਦੀਆਂ ਨੇ ਅਤੇ ਇਹ ਲਿਖਤ ਮੈਂ ਸਭਨਾਂ ਦਿਆਂ ਚਿਹਰਿਆਂ 'ਤੇ ਪੜ੍ਹ ਰਿਹਾ ਸਾਂ ਪਰ ਮੇਰਾ ਇਰਾਦਾ ਪੱਕਾ ਸੀ। ਰਾਤ ਨੂੰ ਜਦ ਸਾਰੇ ਸੌਂ ਗਏ ਤਾਂ ਮੈਂ ਘਰੋਂ ਨਿਕਲਿਆ ਤੇ ਸਿਉਜ ਧਾਰ ਵੱਲ ਜਾਣ ਦੀ ਢੱਕੀ ਚੜ੍ਹਣ ਲੱਗਾ ਜਿੱਥੇ ਖਾੜਕੂਆਂ ਆਪਣੀ ਪਨਾਹਗਾਹ ਬਣਾਈ ਹੋਈ ਸੀ। ਦੂਜੇ ਦਿਨ ਦੁਪਹਿਰ ਵੇਲੇ ਮੈਂ ਸਿਉਜ ਧਾਰ ਦੇ ਮੈਦਾਨ ਵਿਚ ਸਾਂ। ਸਿਉਜ ਦੇ ਇਕ ਪਾਸੇ ਭਦਰਵਾਹ ਤੇ ਚੰਬੇ ਦੇ ਕਸਬੇ ਹਨ ਅਤੇ ਦੂਜੇ ਪਾਸੇ ਡੁਡੂ ਤੇ ਬੰਨੀ ਦੇ ਇਲਾਕੇ। ਤਵੀ, ਉਜ ਤੇ ਨੀਰੂ ਨਦੀਆਂ ਵੀ ਸਿਉਜ ਦੇ ਬਾਸਕੁੰਡ ਤੋਂ ਹੀ ਨਿਕਲਦੀਆਂ ਹਨ। ਇਥੇ ਹਰ ਸਾਲ ਕੈਲਾਸ਼ ਯਾਤਰਾ ਆਉਂਦੀ ਹੈ ਤੇ ਇਕ ਵੱਡਾ ਮੇਲਾ ਵੀ ਲਗਦਾ ਹੈ। ਹਜ਼ਾਰਾਂ ਸ਼ਰਧਾਲੂ ਪੂਜਾ-ਪਾਠ ਕਰਦੇ ਹਨ। ਸਿਉਜ ਦੇਸੀ ਜੜੀ ਬੂਟੀਆਂ ਲਈ ਵੀ ਮਸ਼ਹੂਰ ਹੈ। ਗਰਮੀਆਂ ਵਿਚ ਗੁੱਜਰ, ਬੱਕਰਵਾਲ ਤੇ ਗੱਦੀ ਆਪਣੇ ਘੋੜੇ, ਗਾਵਾਂ-ਮੱਝਾਂ ਤੇ ਭੇਡ-ਬੱਕਰੀਆਂ ਚਾਰਣ ਲਈ ਇੱਥੇ ਲਿਆਂਦੇ ਨੇ। ਇਨ੍ਹਾਂ ਲੋਕਾਂ ਇੱਥੇ ਰਹਿਣ ਲਈ ਕੱਚੇ ਕੋਠੇ ਬਣਾਏ ਹੁੰਦੇ ਨੇ।

ਮੈਂ ਵੀ ਇਕ ਦਿਨ ਤੇ ਇਕ ਰਾਤ ਇਕ ਗੱਦੀ ਨਾਲ ਉਸਦੇ ਕੋਠੇ ਵਿਚ ਗੁਜ਼ਾਰੀ। ਦੂਜੇ ਦਿਨ ਖਾੜਕੂ ਨੇ ਮੈਨੂੰ ਪਛਾਣ ਲਿਆ। ਉਹ ਗੱਦੀ ਕੋਲੋਂ ਬਕਰਾ ਖ਼ਰੀਦਣ ਆਇਆ ਸੀ। ਬਕਰਾ ਖ਼ਰੀਦ ਕੇ ਜਦ ਉਹ ਜਾਣ ਲੱਗਾ ਤਾਂ ਉਸ ਨੇ ਮੈਨੂੰ ਇਸ਼ਾਰੇ ਨਾਲ ਕੋਲ ਬੁਲਾਇਆ ਤੇ ਪੁੱਛਿਆ ਕਿ ਮੈਂ ਕਿਰਚੀ ਘਰਾਟ ਵਾਲਾ ਮੰਜ਼ੂਰ ਹਾਂ। ਜਦ ਮੈਂ ਹਾਂ ਵਿਚ ਸਿਰ ਹਿਲਾਇਆ ਤਾਂ ਉਸਨੇ ਮੈਨੂੰ ਆਪਣੇ ਨਾਲ ਚੱਲਣ ਲਈ ਕਿਹਾ ਤੇ ਮੈਂ ਚੁੱਪਚਾਪ ਉਸ ਨਾਲ ਚਲਦਾ ਰਿਹਾ। ਕੋਈ ਦੋ ਘੰਟਿਆਂ ਮਗਰੋਂ ਇਕ ਗੁਫ਼ਾ ਵਿਚ ਦਾਖ਼ਿਲ ਹੋਏ। ਮੈਂ ਆਪਣੀ ਮੰਜ਼ਿਲ 'ਤੇ ਪਹੁੰਚ ਗਿਆ ਸਾਂ। ਅਮੀਰ ਸ਼ਕੀਲ ਅੰਸਾਰੀ ਨੇ ਮੇਰੇ ਕੋਲੋਂ, ਮੇਰੇ ਨਾਲ ਬੀਤੀ ਸਾਰੀ ਬਿਪਤਾ ਸੁਣੀ। ਫਿਰ ਉਸ ਨੇ ਮੈਨੂੰ ਅੱਬੂਹਮਜ਼ਾ ਨਾਂ ਦੇ ਇਕ ਜੁਝਾਰੂ ਦੇ ਹਵਾਲੇ ਕਰ ਦਿੱਤਾ। ਜਿਸ ਨੇ ਮੈਨੂੰ ਹਥਿਆਰ ਚਲਾਉਣ ਦੀ ਜਾਚ ਸਿਖਾਈ। ਇਕ ਮਹੀਨੇ ਮਗਰੋਂ ਅਮੀਰ ਨੇ ਮੈਨੂੰ ਕੁਝ ਖਾੜਕੂਆਂ ਨਾਲ ਕਾਰਵਾਈ ਕਰਨ ਘੱਲਿਆ। ਮੈਂ ਆਪਣੀ ਮਰਜ਼ੀ ਨਾਲ ਖਾੜਕੂ ਨਹੀਂ ਸਾਂ ਬਣਿਆ। ਮੈਂ ਤਾਂ ਅਫ਼ਸਰਸ਼ਾਹੀ ਦੇ ਆਤੰਕ ਦਾ ਸ਼ਿਕਾਰ ਸਾਂ। ਇਹੋ ਕਾਰਨ ਸੀ ਕਿ ਮੈਂ ਉਨ੍ਹਾਂ ਨਾਲ ਰਹਿ ਕੇ ਵੀ ਉਦਾਸ ਰਹਿੰਦਾ। ਗਵਾਚਿਆ-ਗਵਾਚਿਆ ਜੇਹਾ, ਬੇਚੈਨ ਤੇ ਖ਼ਾਮੋਸ਼। ਮੈਨੂੰ ਖਾੜਕੂਆਂ ਦੇ ਰੰਗ ਢੰਗ ਵੀ ਚੰਗੇ ਨਹੀਂ ਸਨ ਲਗਦੇ। ਕ੍ਰੋਧ, ਨਫ਼ਰਤ ਤੇ ਜਨੂੰਨ ਨੇ ਉਨ੍ਹਾਂ ਦੀ ਬੁੱਧੀ ਨਸ਼ਟ ਕੀਤੀ ਹੋਈ ਸੀ। ਉਹ ਧਰਮ ਨੂੰ ਸਿਆਸਤ ਲਈ ਵਰਤਦੇ ਸਨ ਤੇ ਇੰਝ ਧਰਮ ਦੀ ਤੌਹੀਨ ਕਰਦੇ ਸਨ। ਘਟੀਆ ਰਹਿਤਲ ਤੇ ਅਗਿਆਨ ਨਫ਼ਸਿਆਤੀ ਬਿਮਾਰੀਆਂ ਹੁੰਦੀਆਂ ਨੇ ਅਤੇ ਇਹ ਬਿਮਾਰੀਆਂ ਖਾੜਕੂਆਂ ਦੀ ਹੱਡੀਂ ਰਚੀਆਂ ਹੋਈਆਂ ਸਨ। ਆਤੰਕਵਾਦ ਬੜਾ ਜ਼ਾਲਮ ਹੁੰਦਾ ਹੈ ਇਹ ਭਾਵੇਂ ਸਰਕਾਰੀ ਹੋਵੇ ਜਾਂ ਦਹਿਸ਼ਤਗਰਦਾਂ ਵਲੋਂ। ਇਹ ਅਮਨ ਨੂੰ ਯਰਗਮਾਲ ਬਣਾਂਦਾ ਹੈ ਤੇ ਇਨਸਾਫ਼ ਨੂੰ ਯਤੀਮ। ਮੈਂ ਵੀ ਯਤੀਮ ਬਣ ਗਿਆ ਸਾਂ ਤੇ ਮੇਰੇ ਬੀਵੀ-ਬੱਚੇ ਵੀ। ਮੇਰੇ ਘਰ ਵੱਲ ਜਾਂਦੇ ਸਾਰੇ ਰਸਤਿਆਂ ਉਤੇ ਪਸੀਆਂ ਪਈਆਂ ਸਨ ਤੇ ਰਸਤੇ ਬੰਦ ਹੋ ਗਏ ਸਨ। ਮੇਰੀ ਹਾਲਤ ਇਹ ਸੀ ਕਿ 'ਟਿੱਕੀ ਉਤੇ ਥੋਮ, ਲਿਖਣ ਵਾਲਾ ਲਿਖ ਗਿਆ ਤੇ ਮੋੜਣ ਵਾਲਾ ਕੌਣ'। ਮੇਰੇ ਜਾਣ ਮਗਰੋਂ ਮੇਰੇ ਘਰ ਦਾ ਕੋਈ ਵੀ ਜੀਅ ਸੁਖ ਸ਼ਾਂਤੀ ਨਾਲ ਜੀ ਨਹੀਂ ਸਕਿਆ। ਕਿਸੇ ਨੇ ਠੀਕ ਹੀ ਕਿਹਾ ਹੈ ਕਿ 'ਚੌਲ ਗਲਣ ਦਮ ਨਾਲ ਤੇ ਬੰਦੇ ਗਲਣ ਗ਼ਮ ਨਾਲ'। ਅਤੇ ਮੇਰੇ ਮਾਪੇ ਗ਼ਮ ਵਿਚ ਗ਼ਲ ਗ਼ਲ ਕੇ ਹੱਡੀਆਂ ਦੇ ਪਿੰਜਰ ਹੋ ਗਏ ਸਨ।

ਦਿਨ ਲੰਘਦੇ ਰਹੇ। ਫ਼ੌਜ ਤੇ ਪੁਲਿਸ ਪਾਰਟੀਆਂ ਸਾਨੂੰ ਫੜਣ ਲਈ ਥਾਂ-ਥਾਂ 'ਤੇ ਛਾਪੇ ਮਾਰਦੀਆਂ ਰਹਿੰਦੀਆਂ। ਅਸੀਂ ਆਪਣੇ ਠਿਕਾਣੇ ਬਦਲਦੇ

ਰਹਿੰਦੇ। ਅਕਸਰ ਅਸੀਂ ਗ਼ੈਰ-ਮੁਸਲਿਮ ਘਰਾਂ ਵਿਚ ਰਾਤਾਂ ਗੁਜ਼ਾਰਦੇ। ਉਹ ਵਿਚਾਰੇ ਡਰ ਦੇ ਮਾਰੇ ਸਾਨੂੰ ਰੋਟੀ ਖੁਆਂਦੇ, ਨਾਲੇ ਸੌਣ ਲਈ ਬਿਸਤਰੇ ਦਿੰਦੇ। ਇਕ ਦਿਨ ਕਮਾਂਡਰ ਅੰਸਾਰੀ ਨੇ ਮੈਨੂੰ ਲੰਬਰਦਾਰ ਠਾਕੁਰ ਮੰਗਲ ਸਿੰਘ ਤੇ ਉਹਦੇ ਦੋਏਂ ਪੁੱਤਰਾਂ ਨੂੰ ਕਤਲ ਕਰਨ ਦਾ ਹੁਕਮ ਦਿੱਤਾ। ਕਾਰਨ ਇਹ ਦੱਸਿਆ ਗਿਆ ਕਿ ਉਹ ਪੁਲਿਸ ਦੇ ਮੁਖ਼ਬਰ ਸਨ ਅਤੇ ਠਾਕੁਰ ਮੰਗਲ ਸਿੰਘ ਦੀ ਮੁਖ਼ਬਰੀ ਕਾਰਨ ਉਸਦੇ ਭਰਾ ਫਾਰੂਕ ਅੰਸਾਰੀ ਤੇ ਉਸਦੇ ਤਿੰਨ ਸਾਥੀਆਂ ਨੂੰ ਪੁਲਿਸ ਨੇ ਇਕ ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਸੀ। ਮੈਂ ਠਾਕੁਰ ਚਾਚੇ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ। ਉਹ ਸਾਡੇ ਪਿੰਡ ਦਾ ਸਭ ਤੋਂ ਵਧੀਆ ਬੰਦਾ ਸੀ। ਗ਼ਰੀਬ ਪਰਵਰ, ਮਿਲਣਸਾਰ, ਹਿੰਦੂ-ਮੁਸਲਮ ਏਕਤਾ ਦਾ ਅਲੰਬਰਦਾਰ ਅਤੇ ਮਜ਼ਲੂਮਾਂ ਦੇ ਹੱਕਾਂ ਲਈ ਲੜਨ ਨੂੰ ਤਿਆਰ, ਨਾਲੇ ਮੇਰੇ ਅੱਬੇ ਦਾ ਲੰਗੋਟੀਆ ਯਾਰ ਸੀ। ਮੇਰੇ ਅੱਬੇ ਨੇ ਵਿਆਹ ਵੇਲੇ ਚਾਚੇ ਮੰਗਲ ਨਾਲ ਪੱਗ ਵਟਾਈ ਸੀ। ਮੈਂ ਇਹ ਗੱਲ ਮੰਨਣ ਲਈ ਬਿਲਕੁਲ ਤਿਆਰ ਨਹੀਂ ਸਾਂ ਕਿ ਚਾਚਾ ਮੰਗਲ ਮੁਖ਼ਬਰੀ ਕਰ ਸਕਦਾ ਸੀ। ਉਹ ਇਕ ਸੱਚਾ ਤੇ ਸੁੱਚਾ ਇਨਸਾਨ ਸੀ ਤੇ ਡੁੱਡੂ ਪੰਚਾਇਤ ਦੀ ਸ਼ਾਨ ਸੀ। ਮੈਂ ਇਸ ਕਾਰਵਾਈ ਵਿਚ ਸ਼ਾਮਿਲ ਹੋਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮੇਰੀ ਨਾਫਰਮਾਨੀ ਤੇ ਹੁਕਮ ਅਦੂਲੀ ਉਤੇ ਅਮੀਰ ਨੂੰ ਡਾਢਾ ਵੱਟ ਚੜ੍ਹਿਆ। ਉਸ ਨੇ ਮੈਥੋਂ ਬੰਦੂਕ ਖੋਹ ਲਈ ਤੇ ਇਸ ਮਿਸ਼ਨ ਨੂੰ ਅੰਜਾਮ ਦੇਣ ਲਈ ਦੋ ਖਾੜਕੂਆਂ ਨੂੰ ਭੇਜ ਦਿੱਤਾ। ਇਸ ਤੋਂ ਪਹਿਲਾਂ ਕਿ ਖਾੜਕੂ ਸਾਡੇ ਪਿੰਡ ਪਹੁੰਚਦੇ, ਮੈਂ ਗਾਮੇ ਗੁੱਜਰ ਨੂੰ ਡੁੱਡੂ ਘੱਲਿਆ, ਜਿਸ ਦਾ ਡੇਰਾ ਉਨ੍ਹਾਂ ਦਿਨਾਂ ਵਿਚ ਸਿਉਜ ਵਿਚ ਸੀ, ਤਾਂ ਜੋ ਮੰਗਲ ਚਾਚੇ ਨੂੰ ਸੁਚੇਤ ਕਰ ਸਕਾਂ। ਮੇਰੇ ਅੱਬੇ ਨੇ ਮੰਗਲ ਚਾਚੇ ਨੂੰ ਸਾਰੀ ਗੱਲ ਦੱਸੀ। ਠਾਕੁਰ, ਪਿੰਡ ਦਾ ਇਕ ਵਫ਼ਦ ਲੈ ਕੇ ਡੀ.ਸੀ. ਸਾਹਿਬ ਨੂੰ ਮਿਲਿਆ, ਜਿਨ੍ਹਾਂ ਪਿੰਡ ਵਿਚ ਪੁਲਿਸ ਚੌਕੀ ਬਿਠਾ ਦਿੱਤੀ ਤਾਂ ਜੋ ਲੋਕਾਂ ਦੀ ਹਿਫ਼ਾਜ਼ਤ ਕੀਤੀ ਜਾ ਸਕੇ। ਠਾਕੁਰ ਮੰਗਲ ਸਿੰਘ ਤੇ ਉਹਦੇ ਪੁੱਤਰ ਤਾਂ ਬਚ ਗਏ ਪਰ ਦੋਵੇਂ ਖਾੜਕੂ ਪੁਲਿਸ ਨੇ ਮਾਰ ਦਿੱਤੇ।

ਇੰਝ ਹੀ ਇਕ ਘਟਨਾ ਹੋਰ ਹੋਈ। ਅਮੀਰ ਅੰਸਾਰੀ ਨੇ ਮੈਨੂੰ ਲਾਟੀ ਦੇ ਬਾਣੀਏ ਕਸਤੂਰੀ ਤੇ ਕ੍ਰਿਸ਼ਨ ਗੁਪਤਾ ਨੂੰ ਮਾਰਨ ਲਈ ਕਿਹਾ ਨਾਲੇ ਜੰਮੂ ਕਸ਼ਮੀਰ ਬੈਂਕ ਦੀ ਲਾਟੀ ਬ੍ਰਾਂਚ ਨੂੰ ਲੁੱਟਣ ਦਾ ਹੁਕਮ ਦਿੱਤਾ। ਲਾਟੀ ਵਿਚ ਮੇਰਾ ਨਿੱਕਾ ਭਰਾ ਤੇ ਭੂਆ ਰਹਿੰਦੇ ਸਨ। ਹੋਰ ਵੀ ਕਈ ਸਬੰਧੀ ਤੇ ਹੋਰ ਰਿਸ਼ਤੇਦਾਰ ਵੀ ਉਥੇ ਦੇ ਵਸਨੀਕ ਸਨ। ਮੈਂ ਲਾਟੀ ਜਾਣ ਤੋਂ ਵੀ ਇਨਕਾਰ ਕਰ ਦਿੱਤਾ। ਦੂਜੇ ਦਿਨ ਅਮੀਰ ਨੇ ਆਪਣੀ ਅਗਵਾਈ ਵਿਚ ਇਕ ਫ਼ੌਜੀ ਚੌਕੀ 'ਤੇ ਹਮਲਾ ਕਰਨ ਦਾ ਮਨਸੂਬਾ ਬਣਾਇਆ ਅਤੇ ਮੈਨੂੰ ਵੀ ਨਾਲ ਚੱਲਣ ਲਈ ਕਿਹਾ ਪਰ

ਮੈਨੂੰ ਕੋਈ ਹਥਿਆਰ ਨਹੀਂ ਦਿੱਤਾ। ਮੈਂ ਨਿਹੱਥਾ ਉਨ੍ਹਾਂ ਨਾਲ ਚਲ ਰਿਹਾ ਸਾਂ। ਫਿਰ ਇੰਝ ਹੋਇਆ ਕਿ ਪਿਛੋਂ ਦੀ ਕਿਸੇ ਨੇ ਦੋ ਗੋਲੀਆਂ ਚਲਾਈਆਂ ਜਿਹੜੀਆਂ ਸਿੱਧੀਆਂ ਮੇਰੀ ਪਿੱਠ ਵਿਚ ਲੱਗੀਆਂ। ਮੈਂ ਡਿੱਗ ਪਿਆ। ਮੈਂ ਤੜਫ਼ਣ ਲੱਗਾ। ਮੈਂ ਵੇਖਿਆ ਕਿ ਮੈਨੂੰ ਤੜਫ਼ਦਿਆਂ ਵੇਖ ਕੇ ਅਮੀਰ ਤੇ ਦੂਜੇ ਖਾੜਕੂ ਹੱਸ ਰਹੇ ਸਨ। ਉਨ੍ਹਾਂ ਦੇ ਮੂੰਹ 'ਤੇ ਕਲਮਾਂ ਅਤੇ ਹੱਥਾਂ ਵਿਚ ਬੰਦੂਕਾਂ ਸਨ ਪਰ ਦਿਲ ਬੇ-ਰਹਿਮ। ਉਨ੍ਹਾਂ ਨੂੰ ਤਾਂ ਅੱਗ ਲਾਣ ਦੀ ਜਾਚ ਸੀ ਪਰ ਬੁਝਾਣ ਦੀ ਨਹੀਂ। ਉਨ੍ਹਾਂ ਦੇ ਮਜ਼੍ਹਬ ਨੂੰ ਵੀ ਗਿਆਨ ਤੇ ਇਲਮ ਦੀ ਲੋੜ ਸੀ ਤਾਂ ਜੋ ਉਹ ਦਹਿਸ਼ਤ ਨੂੰ ਮੁਹੱਬਤ ਦੇ ਹਵਾਲੇ ਕਰ ਸਕਣ। ਪਰ ਉਹ ਕਮਜ਼ਰਫ਼ ਸਨ ਤੇ ਕਮਜ਼ਰਫ਼ਾਂ ਦੀ ਯਾਰੀ ਜ਼ਿੱਲਤ ਤੇ ਖ਼ੁਆਰੀ ਦਿੰਦੀ ਹੈ, ਜਿਸ ਦਾ ਸਬੂਤ ਮੈਨੂੰ ਮਿਲ ਚੁੱਕਿਆ ਸੀ। ਮੈਂ ਕੱਚੀ ਮਿੱਟੀ ਦਾ ਠੀਕਰਾ ਸਾਂ... ਟੁੱਟ ਗਿਆ... ਤੇ ਖ਼ਤਮ ਹੋ ਗਿਆ। ਆਕਾਸ਼ ਨੇ ਮੇਰੀ ਰੂਹ ਲਈ ਆਪਣੇ ਕਵਾੜ ਖੋਲ੍ਹ ਦਿੱਤੇ ਤੇ ਮੇਰੀ ਮਿੱਟੀ ਨੂੰ ਬਰਫ਼ ਹੇਠਾਂ ਦਬਾ ਦਿੱਤਾ ਗਿਆ। ਬੁਲ੍ਹੇ ਸ਼ਾਹ ਨੇ ਕੀ ਖ਼ੂਬ ਕਿਹਾ ਹੈ ਕਿ "ਮਾਟੀ ਮਾਟੀ ਨੂੰ ਮਾਰਨ ਆਈ ਮਾਟੀ ਦੇ ਹਥਿਆਰ'। ਕਿਸੇ ਨੂੰ ਮੇਰੀ ਮੌਤ ਦਾ ਪਤਾ ਨਹੀਂ ਚਲਿਆ। ਮੇਰੇ ਆਪਣੇ ਸਮਝਦੇ ਸਨ ਕਿ ਮੇਰੀ ਰਲਤ ਖਾੜਕੂਆਂ ਨਾਲ ਹੈ ਅਤੇ ਪੁਲਿਸ ਥਾਂ-ਥਾਂ ਮੈਨੂੰ ਲੱਭਦੀ ਫਿਰ ਰਹੀ ਹੈ।

ਫਿਰ ਇਕ ਦਿਨ ਮੇਰਾ ਕਾਤਲ ਗ਼ੁਲਾਮ ਹੈਦਰ ਜਿਸ ਦਾ ਕੋਡ ਅੱਬੂ ਜ਼ਰਕਾ ਸੀ, ਦਿੱਲੀ ਪੁਲਿਸ ਦੇ ਹੱਥੇ ਚੜ੍ਹ ਗਿਆ। ਤਫ਼ਤੀਸ਼ ਵਿਚ ਉਸ ਨੇ ਆਪਣੇ ਸਾਰੇ ਗੁਨਾਹ ਕਬੂਲੇ ਸਨ ਜਿਸ ਵਿਚ ਮੇਰਾ ਕਤਲ ਵੀ ਸ਼ਾਮਿਲ ਸੀ। ਦਿੱਲੀ ਪੁਲਿਸ ਨੇ ਅੱਬੂ ਜ਼ਰਕਾ ਨੂੰ ਜੰਮੂ ਕਸ਼ਮੀਰ ਪੁਲਿਸ ਦੇ ਹਵਾਲੇ ਕਰ ਦਿੱਤਾ। ਅੱਬੂ ਜ਼ਰਕਾ ਦੀ ਨਿਸ਼ਾਨਦੇਹੀ 'ਤੇ ਮੇਰੀ ਲਾਸ਼, ਸਿਊਜ ਵਿਖੇ 'ਦਬਸ਼ੇਤਰ ਕੇਰੀ' ਕੋਲ ਬਰਫ਼ ਵਿਚੋਂ ਕੱਢੀ ਗਈ। ਮੇਰੇ ਅੱਬੇ ਨੇ ਮੇਰੀ ਪਛਾਣ ਕੀਤੀ। ਤੇ ਇੰਝ ਮੈਨੂੰ ਸਗਾੜੀ ਦੇ ਆਪਣੇ ਖ਼ਾਨਦਾਨੀ ਕਬਰਸਤਾਨ ਵਿਚ ਦਫ਼ਨਾਇਆ ਗਿਆ। ਮੇਰੇ ਜਨਾਜ਼ੇ ਨੂੰ ਮੋਢਾ ਦੇਣ ਵਾਲਿਆਂ ਵਿਚ ਮੰਗਲ ਚਾਚਾ ਵੀ ਸੀ, ਕਸਤੂਰੀ ਸ਼ਾਹ ਤੇ ਕ੍ਰਿਸ਼ਨ ਗੁਪਤਾ ਵੀ ਸੀ। ਅੱਜ ਮੈਂ ਇਸ ਕਬਰ ਵਿਚ ਬੜੇ ਸਕੂਨ ਨਾਲ ਸੁੱਤਾ ਪਿਆ ਹਾਂ ਕਿਉਂ ਜੇ ਮੈਂ ਇਕ ਅਜਿਹਾ ਖਾੜਕੂ ਸਾਂ ਜਿਸ ਨੇ ਇਨਸਾਨੀਅਤ ਦਾ ਕਤਲ ਕਦੇ ਨਹੀਂ ਹੋਣ ਦਿੱਤਾ।

•

# ਕਾਗ ਨਾ ਥੀਂਦੇ ਬੱਗੇ

ਬ੍ਰਹਮ ਲੋਕ ਦੀ ਲੋਕਤਾਂਤ੍ਰਿਕ ਪਰੰਪਰਾ ਇਹ ਸੀ ਕਿ ਉੱਥੇ ਦੇ ਪ੍ਰਧਾਨ ਦਾ ਜਦ ਦੇਹਾਂਤ ਹੋ ਜਾਂਦਾ ਹੈ ਤਾਂ ਪ੍ਰਜਾ ਦੇ ਪ੍ਰਤੀਨਿਧੀਆਂ ਦੀ ਇਕ ਬੈਠਕ ਬੁਲਾਈ ਜਾਂਦੀ ਜਿਹੜੀ ਨਵੇਂ ਪ੍ਰਧਾਨ ਦੀ ਚੋਣ ਕਰਦੀ। ਇਕ ਵਾਰੀ ਜਦ ਬ੍ਰਹਮ ਲੋਕ ਦੇ ਪ੍ਰਧਾਨ ਦਾ ਦੇਹਾਂਤ ਹੋਇਆ ਤਾਂ ਜਨਤਾ ਦੇ ਪ੍ਰਤੀਨਿਧੀ ਆਪਣਾ ਨਵਾਂ ਪ੍ਰਧਾਨ ਚੁਣਨ ਵਿਚ ਅਸਫ਼ਲ ਰਹੇ। ਉਨ੍ਹਾਂ ਦੀਆਂ ਨਜ਼ਰਾਂ ਵਿਚ ਕੋਈ ਨੇਤਾ ਜੱਚਿਆ ਹੀ ਨਹੀਂ। ਰਾਜਗੱਦੀ ਖਾਲੀ ਰਹਿਣ ਕਾਰਨ ਜਦ ਡਾਵਾਂਡੋਲ ਹੋਣ ਲੱਗੀ ਤਾਂ ਪ੍ਰਜਾ ਦੇ ਪ੍ਰਤੀਨਿਧੀਆਂ ਫ਼ੈਸਲਾ ਕੀਤਾ ਕਿ ਅਗਲੀ ਸਵੇਰੇ ਬ੍ਰਹਮ ਲੋਕ ਦੀ ਸਰਹੱਦ ਅੰਦਰ ਜਿਹੜਾ ਪਹਿਲਾ ਮਨੁੱਖ ਦਾਖ਼ਿਲ ਹੋਵੇਗਾ, ਉਸਨੂੰ ਰਾਜਗੱਦੀ ਤੇ ਬੈਠਾ ਦਿੱਤਾ ਜਾਵੇ ਅਤੇ ਇੰਝ ਬ੍ਰਹਮ-ਲੋਕ ਦੇ ਰਾਜ ਸਿੰਘਾਸਣ ਦਾ ਫ਼ੈਸਲਾ ਰਾਸ਼ੀਫ਼ਲ ਤੇ ਛੱਡ ਦਿੱਤਾ ਗਿਆ।

ਅਗਲੀ ਸਵੇਰ ਨੂੰ ਬ੍ਰਹਮ-ਲੋਕ ਦੀ ਸਰਹੱਦ ਅੰਦਰ ਜਿਹੜਾ ਪਹਿਲਾ ਮਨੁੱਖ ਦਾਖ਼ਿਲ ਹੋਇਆ, ਉਹ ਇਕ ਸਾਧੂ ਸੀ। ਭਗਵੇ ਰੰਗ ਦਾ ਲੰਬਾ ਕੁੜਤਾ, ਮਲਮਲ ਦੀ ਧੋਤੀ, ਮੱਥੇ ਤੇ ਭਭੂਤ ਅਤੇ ਹੱਥ ਵਿਚ ਪਿੱਤਲ ਦਾ ਕਮੰਡਲ ਫੜਿਆ ਹੋਇਆ ਜਨਤਾ ਦੇ ਪ੍ਰਤੀਨਿਧੀਆਂ ਧਰਤੀ ਮਾਤਾ ਦੇ ਲਾਅਲ, ਭਗਵੇ ਧਰਤੀ ਪੁੱਤਰ ਦਾ ਹਾਰਦਿਕ ਸਵਾਗਤ ਕੀਤਾ ਤੇ ਬੜੇ ਆਦਰ ਨਾਲ ਰਾਜਗੱਦੀ ਤੇ ਬਿਠਾ ਦਿੱਤਾ। ਇੰਝ ਸਾਧੂ ਮਹਾਰਾਜ ਬ੍ਰਹਮ-ਲੋਕ ਦਾ ਨਵਾਂ ਪ੍ਰਧਾਨ ਬਣ ਗਿਆ।

ਪ੍ਰਧਾਨ ਬਣਦਿਆਂ ਸਾਰ ਹੀ ਉਸ ਨੇ ਮਰਦੰਗ ਬਜਾਇਆ ਤੇ ਡੌਂਡੀ ਪਿਟਵਾਈ ਕਿ ਉਹ ਹਜ਼ਾਰਾਂ ਵਰ੍ਹਿਆਂ ਪੁਰਾਣੀ ਸਭਿਅਤਾ ਦਾ ਅਲੰਬਰਦਾਰ ਹੈ। ਇਸ ਲਈ ਉਹ ਬ੍ਰਹਮ-ਲੋਕ ਨੂੰ ਪ੍ਰਾਚੀਨ ਸੰਸਕ੍ਰਿਤੀ ਦੇ ਉਜਵਲ ਰੰਗਾਂ ਵਿਚ ਰੰਗ ਦੇਵੇਗਾ ਤੇ ਧਰਤੀ ਮਾਤਾ ਦੀ ਸ਼ੁਧੀਕਰਨ ਅਤੇ ਪਵਿੱਤਰ ਬਣਾਉਣ ਲਈ ਵਿਦੇਸ਼ੀ ਹਾਕਮਾਂ ਵੱਲੋਂ ਬਣਾਈਆਂ ਗਈਆਂ ਸੱਭੇ ਮਲੀਛ ਨਿਸ਼ਾਨੀਆਂ ਮਿਟਾ ਦੇਵੇਗਾ ਅਤੇ ਬ੍ਰਹਮ-ਲੋਕ ਨੂੰ ਸੱਤਯਮ, ਸ਼ਿਵਮ ਤੇ ਸੁੰਦਰਮ ਵਿਚ ਬਦਲ ਦੇਵੇਗਾ। ਪਰੰਤੂ ਰਾਜ ਮਹਿਲ ਵਿਚ ਵੜ੍ਹਦਿਆਂ ਹੀ ਉਸ ਦੇ ਕਮੰਡਲ ਦੀ ਧਾਤੂ ਸੋਨੇ ਵਿਚ ਤਬਦੀਲ ਹੋ ਗਈ। ਮਲਮਲ ਦੀ ਧੋਤੀ ਰੇਸ਼ਮ ਵਿਚ ਬਦਲ ਗਈ। ਉਸ ਦੇ ਲਹੂ ਦਾ ਰੰਗ ਚਿੱਟਾ ਹੋ ਗਿਆ। ਹਾਥੀ ਵਰਗੇ ਕੰਨ, ਡੋਰੇ ਤੇ ਬੋਲੇ ਹੋ ਗਏ ਅਤੇ ਅੱਖਾਂ ਪੱਥਰ ਬਣ

ਗਈਆਂ। ਉਸਨੇ ਬ੍ਰਹਮ-ਲੋਕ ਦੇ ਸੰਵਿਧਾਨ ਵਿਚ ਸੰਸ਼ੋਧਨ ਕਰਕੇ ਪ੍ਰਜਾ ਨੂੰ ਵੱਖ-ਵੱਖ ਖਾਨਿਆਂ ਵਿਚ ਵੰਡਨ ਦਾ ਹੁਕਮ ਦਿੱਤਾ। ਜਿਸ ਕਾਰਨ ਪੂਰੇ ਬ੍ਰਹਮ-ਲੋਕ ਵਿਚ ਹਾਹਾਕਾਰ ਮੱਚ ਗਈ। ਮਨੂਵਾਦੀ ਸੋਚ ਦੇ ਵਿਰੁੱਧ ਪ੍ਰਦਰਸ਼ਨ ਹੋਣ ਲੱਗੇ। ਜਲਸੇ, ਜਲੂਸ ਤੇ ਹੜਤਾਲਾਂ ਕਾਰਨ ਕਾਰੋਬਾਰ ਠੱਪ ਹੋਣ ਲੱਗਾ। ਮੁਦ੍ਰਾ-ਦਰ ਘੱਟਣ ਲੱਗੀ। ਆਰਥਿਕ ਸਥਿਤੀ ਦੀ ਨਾ-ਗਵਾਰੀ ਕਾਰਨ ਪ੍ਰਤੀਨਿਧੀਆਂ ਦੀ ਦੁਸ਼ਵਾਰੀ ਵੱਧਣ ਲੱਗੀ। ਮੰਹਿਗਾਈ ਦੀ ਮਾਰ ਨਾਲ ਪ੍ਰਜਾ ਭੁੱਖਮਾਰੀ ਦਾ ਸ਼ਿਕਾਰ ਹੋਣ ਲੱਗੀ। ਪਰ ਸਾਧੂ ਮਹਾਰਾਜ ਨੇ ਤਾਂ ਰਾਜਮਹਿਲ ਤੋਂ ਬਾਹਰ ਨਿਕਲਣਾ ਹੀ ਬੰਦ ਕਰ ਦਿੱਤਾ ਸੀ। ਪ੍ਰਧਾਨ ਦੇ ਰੰਗ-ਢੰਗ ਦੇਖ ਕੇ ਪ੍ਰਜਾ ਅੱਗ ਬਗੂਲਾ ਹੋ ਗਈ। ਪ੍ਰਤੀਨਿਧੀ ਡੋਰੇ ਪ੍ਰਧਾਨ ਕਾਰਨ ਪ੍ਰੇਸ਼ਾਨ ਹੋ ਗਏ। ਬ੍ਰਹਮ-ਲੋਕ ਦੀ ਸ਼ਾਤੀ ਭੰਗ ਹੋਣ ਲੱਗੀ। ਜਨਤਾ ਦੀਆਂ ਚੀਖਾਂ ਦਾ ਸ਼ੋਰ ਰਾਜਮਹਿਲ ਦੀਆਂ ਦੀਵਾਰਾਂ ਨਾਲ ਟਕਰਾਅ ਕੇ ਬੰਦ ਹੋ ਜਾਂਦਾ। ਕਾਰਨ ਇਹ ਸੀ ਕਿ ਰਾਜਮਹਿਲ ਦੀਆਂ ਦੀਵਾਰਾਂ ਲੋਹੇ ਦੀਆਂ ਬਣੀਆਂ ਸਨ ਤੇ ਲੋਹਾ ਬੋਲ੍ਹੇ ਕੰਨਾਂ ਕੋਲੋਂ ਭਾਰਾ ਤੇ ਮਜ਼ਬੂਤ ਹੁੰਦਾ ਹੈ। ਬ੍ਰਹਮ-ਲੋਕ ਦੀ ਹਾਲਤ ਵੇਖ ਕੇ ਚੋਰ-ਅਚੱਕੇ ਚੌਧਰੀ ਬਚ ਗਏ। ਪਰੰਤੂ ਸਾਧੂ ਮਹਾਰਾਜ ਦਾ ਫ਼ੁਰਮਾਨ ਸੀ ਕਿ ਉਸ ਦਾ ਰਾਜ ਅਹਿੰਸਾ ਪਰਮੋ ਧਰਮਾ ਦੀ ਮੂੰਹ ਬੋਲਦੀ ਤਸਵੀਰ ਹੈ। ਪ੍ਰਜਾ ਦੇ ਕ੍ਰੋਧ ਤੇ ਪ੍ਰਤੀਨਿਧੀਆਂ ਦੀ ਦੁਰਦਸ਼ਾ ਦਾ ਜਦ ਸ਼ਤਰੂ ਨੂੰ ਪਤਾ ਚਲਿਆ ਤਾਂ ਉਸਨੇ ਬ੍ਰਹਮ-ਲੋਕ ਤੇ ਕਬਜ਼ਾ ਕਰਨ ਲਈ ਇਕ ਵੱਡੀ ਫ਼ੌਜ ਤਿਆਰ ਕੀਤੀ ਅਤੇ ਬ੍ਰਹਮ-ਲੋਕ ਤੇ ਹਮਲਾ ਕਰ ਦਿੱਤਾ। ਪ੍ਰਜਾ ਦੇ ਪ੍ਰਤੀਨਿਧੀ ਘਬਰਾ ਗਏ। ਪ੍ਰਧਾਨ ਲਈ ਉਨ੍ਹਾਂ ਦਾ ਮੋਹ ਭੰਗ ਹੋ ਚੁਕਿਆ ਸੀ। ਫੇਰ ਵੀ ਉਹ ਰਾਜ ਸਿੰਘਾਸਣ ਨੂੰ ਬਚਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਸ਼ਤਰੂ ਦੇ ਹਮਲੇ ਬਾਰੇ ਸਾਧੂ ਮਹਾਰਾਜ ਨੂੰ ਸੂਚਿਤ ਕੀਤਾ ਪਰ ਪ੍ਰਧਾਨ ਨੇ ਉਨ੍ਹਾਂ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਜਦ ਸ਼ਤਰੂ ਰਾਜਮਹਿਲ ਵੱਲ ਵੱਧਣ ਲੱਗਾ ਤਾਂ ਪ੍ਰਤੀਨਿਧੀ ਮੁੜ ਪ੍ਰਧਾਨ ਨੂੰ ਆਉਣ ਵਾਲੇ ਖ਼ਤਰੇ ਤੋਂ ਚੁਕੰਨਾ ਕਰਨ ਲਈ ਆਏ ਪਰ ਉਸ ਤੇ ਕੋਈ ਅਸਰ ਨਹੀਂ ਹੋਇਆ। ਸ਼ਤਰੂ ਨੇ ਅਗਨਬਾਨ, ਤੋਪਾਂ ਤੇ ਟੈਂਕਾਂ ਨਾਲ ਰਾਜਮਹਿਲ ਦੀਆਂ ਫ਼ੌਲਾਦੀ ਦੀਵਾਰਾਂ ਤੋੜ ਦਿੱਤੀਆਂ। ਬਦਹਵਾਸੀ ਵਿਚ ਪ੍ਰਤੀਨਿਧੀ ਸਾਧੂ ਮਹਾਰਾਜ ਵੱਲ ਦੌੜੇ ਤੇ ਤਾਜ਼ਾ ਸਥਿਤੀ ਬਾਰੇ ਜਾਣਕਾਰੀ ਦੇਣ ਲੱਗੇ ਪਰ ਡੋਰੇ ਕੰਨਾਂ ਤੇ ਜੂੰ ਤੱਕ ਨਾ ਰਿੰਗੀ। ਜਦ ਸ਼ਤਰੂ ਰਾਜਮਹਿਲ ਵੱਲ ਆਣ ਲੱਗਾ ਤਾਂ ਪ੍ਰਤੀਨਿਧੀ ਸਾਧੂ ਮਹਾਰਾਜ ਕੋਲ ਆਏ ਤੇ ਉਸਨੂੰ ਹਲੂਣਦਿਆਂ ਤੇ ਝੰਝੋੜਦਿਆਂ ਜ਼ੋਰ-ਜ਼ੋਰ ਨਾਲ ਕਹਿਣ ਲੱਗੇ ਕਿ ਸ਼ਤਰੂ ਨੇ ਰਾਜ-ਸਿੰਘਾਸਣ ਤੇ ਕਬਜ਼ਾ ਕਰ ਲਿਆ ਹੈ ਉਹ ਹੁਣ ਤੁਹਾਨੂੰ ਬੰਦੀ ਬਣਾਉਣ ਲਈ ਆ ਰਿਹਾ ਹੈ।

ਇਕਦਮ ਸਾਧੂ ਮਹਾਰਾਜ ਦੇ ਡੋਰੇ ਕੰਨ ਸੁਣਨ ਲੱਗੇ। ਰਗਾਂ ਵਿਚ

ਦੌੜਦਾ ਚਿੱਟਾ ਲਹੂ ਆਪਣੀ ਅਸਲੀ ਰੰਗਤ ਵਿਚ ਆ ਗਿਆ। ਉਸਨੇ ਸੇਵਾਦਾਰ ਕੋਲੋਂ ਆਪਣਾ ਪਿੱਤਲ ਦਾ ਕਮੰਡਲ ਮੰਗਵਾਇਆ ਕਿ ਜਿਸ ਤੇ ਸੋਨੇ ਦਾ ਰੰਗ ਚੜ੍ਹ ਗਿਆ ਸੀ। ਉਸਨੇ ਕਮੰਡਲ ਨੂੰ ਹੱਥ ਵਿਚ ਫੜਿਆ ਤੇ ਪ੍ਰਾਚੀਨ ਕਾਲ ਦੀ ਪਰੰਪਰਾ ਅਨੁਸਾਰ ਦੋਵੇਂ ਹੱਥ ਜੋੜ ਕੇ ਸਭਨਾਂ ਨੂੰ ਪ੍ਰਣਾਮ ਕੀਤਾ ਤੇ ਧੋਤੀ ਸੰਭਾਲਦੇ ਅਤੇ ਵੰਦੇ ਮਾਤਰਮ ਕਹਿੰਦੇ ਹੋਏ ਚੋਰ ਦਰਵਾਜ਼ੇ ਤੋਂ ਵ੍ਰਿੰਦਾਵਣ ਵੱਲ ਭੱਜ ਗਿਆ।

•

## ਗਊ ਰਕਸ਼ਕ

ਕਿੰਨਾ ਗੰਦ... ਦੁਕਾਨਾਂ ਅੱਗੇ... ਕੂੜਾ ਹੀ ਕੂੜਾ... ਪਰ ਲੋਕਾਂ ਦੀ ਭੀੜ... ਸਬਜ਼ੀ ਮੰਡੀ ਵਿਚ, ਸਬਜ਼ੀ ਖਰੀਦ ਰਹੀ ਹੈ

ਆਲੂ, ਮਟਰ, ਗੋਬੀ, ਟਮਾਟਰ, ਗੰਡੇ, ਪਾਲਕ, ਮਰਚਾਂ, ਭਿੰਡੀਆਂ... ਆਵਾਜ਼ਾਂ ਹੀ ਆਵਾਜ਼ਾਂ... ਸ਼ੋਰ ਹੀ ਸ਼ੋਰ... ਤੇ ਇਕ ਗਾਂ ਮੂਲੀਆਂ ਦੀ ਛਾਬੜੀ ਵਿਚੋਂ ਇਕ ਮੂਲੀ ਚਬਾਂਦੀ-ਚਬਾਂਦੀ ਅਗਾਂਹ ਤੁਰ ਪਈ। ਸਬਜ਼ੀ ਵਾਲਾ ਕ੍ਰਿਸ਼ਨਾ ਗਾਹਕਾਂ ਨੂੰ ਛੱਡ ਗਾਂ ਦੇ ਮਗਰ ਡਾਂਗ ਲੈ ਕੇ ਦੌੜਿਆ।

“ਮਰਨ ਤੇਰੇ ਪਾਲਣ ਵਾਲੇ, ਹਰਾਮਜਾਦੀਏ... ਤੇ ਪੂਰੇ ਜ਼ੋਰ ਨਾਲ ਡਾਂਗਾਂ ਦੀਆਂ ਤਿੰਨ, ਚਾਰ ਧਰ ਦਿੱਤੀਆਂ। ਗਾਂ ਸੜਕ 'ਤੇ ਪੱਥਰ ਤੋੜਨ ਵਾਲੇ ਮਜ਼ਦੂਰ ਵਾਂਗ ਸੁੱਕੀ ਸੜੀ ਦੀ... ਹੱਡੀਆਂ ਦਾ ਪਿੰਜਰ... ਅੱਧ ਮੋਏ ਸ਼ਰੀਰ ਵਿਚ ਰੂਹ ਖੌਰੇ ਕਿੱਤੇ ਅਟਕੀ ਹੋਈ ਸੀ, ਡਾਂਗਾ ਦੀਆਂ ਦੋ-ਤਿੰਨ ਪੈਣ ਨਾਲ ਹੀ ਪਿੰਜਰ 'ਚੋਂ ਆਜ਼ਾਦ ਹੋ ਗਈ... ਤੇ ਗਾਂ ਦੀ ਸ਼ਰੀਰ ਇਕ ਮੂਲੀ ਲਈ... ਸਬਜ਼ੀ ਮੰਡੀ ਵਿਚ... ਆਵਾਜ਼ਾਂ ਹੀ ਆਵਾਜ਼ਾਂ, ਸ਼ੋਰ ਹੀ ਸ਼ੋਰ... ਲੋਕੀ ਸਬਜ਼ੀ ਖਰੀਦ ਰਹੇ ਹਨ।

ਤੇ ਫਿਰ ਇਕ ਦਿਨ ਗਊ-ਹੱਤਿਆ ਰੋਕਣ ਲਈ ਗਊ-ਰੱਖਸ਼ਕਾਂ ਦਾ ਅੰਦੋਲਨ। ਹਜ਼ਾਰਾਂ ਦਾ ਜਲੂਸ... ਪੱਥਰ, ਤਲਵਾਰਾਂ, ਡਾਂਗਾਂ ਤੇ ਪਸਤੌਲਾਂ ਦਾ ਇਸਤੇਮਾਲ... ਬੇਗੁਨਾਹਾਂ ਦਾ ਲਹੂ... ਸੜਕਾਂ, ਗਲ਼ੀ-ਮੁਹੱਲਿਆਂ ਵਿਚ... ਆਵਾਜ਼ਾਂ ਹੀ ਆਵਾਜ਼ਾਂ, ਸ਼ੋਰ ਹੀ ਸ਼ੋਰ... ਜਲੂਸ ਹੀ ਜਲੂਸ, ਨਾਰੇ ਹੀ ਨਾਰੇ- ਗਊ ਹੱਤਿਆ ਬੰਦ ਕਰੋ, ਗਊ ਹਮਾਰੀ ਮਾਤਾ ਹੈ, ਇਸਕੀ ਰਖਸ਼ਾ ਹਮ ਕਰੇਂਗੇ... ਦੇ ਨਾਰੇ ਮਾਰ ਰਿਹਾ ਸੀ... ਸਬਜ਼ੀ ਮੰਡੀ ਦਾ ਕ੍ਰਿਸ਼ਨਾ।

•

# ਜੁੱਤੀ ਕਸੂਰੀ

ਨਮਰਤਾ ਤੇ ਮੈਂ ਨੈਨੀਤਾਲ ਦੇ ਆਰਮੀ ਸਕੂਲ ਵਿਚ ਇਕੱਠੇ ਪੜ੍ਹੇ। ਮਗਰੋਂ ਉਸ ਨੇ ਦਿੱਲੀ ਯੂਨੀਵਰਸਿਟੀ ਤੋਂ ਅਤੇ ਮੈਂ ਕਸ਼ਮੀਰ ਯੂਨੀਵਰਸਿਟੀ ਤੋਂ ਅੰਗਰੇਜ਼ੀ ਅਦਬ ਵਿਚ ਐਮ. ਏ. ਕੀਤੀ। ਇਸ ਵਿਚਕਾਰ ਸਾਡਾ ਟੈਲੀਫ਼ੋਨ ਰਾਹੀਂ ਰਾਬਤਾ ਨਿਰੰਤਰ ਰਿਹਾ। ਫਿਰ ਅਸੀਂ ਦੋਵੇਂ ਇੰਡੀਅਨ ਐੱਡਮਨਿਸਟ੍ਰੇਟਿਵ ਸਰਵਿਸ ਦੇ ਇਮਤਿਹਾਨ ਦੀ ਕੋਚਿੰਗ ਲਈ ਮੁੜ ਦਿੱਲੀ ਵਿਚ ਇਕੱਠੇ ਹੋ ਗਏ। ਅਸਾਂ ਦੋਹਾਂ ਪਹਿਲੇ ਹੀ ਹੱਲੇ ਵਿਚ ਆਈ. ਏ. ਐੱਸ. ਦਾ ਇਮਤਿਹਾਨ ਪਾਸ ਕਰ ਲਿਆ। ਮੈਨੂੰ ਜੰਮੂ-ਕਸ਼ਮੀਰ ਸਟੇਟ ਕਾਡਰ ਮਿਲਿਆ ਤੇ ਨਮਰਤਾ ਨੂੰ ਮਹਾਂਰਾਸ਼ਟਰ ਕਾਡਰ। ਨਮਰਤਾ ਦਾ ਵਿਆਹ ਮੁੰਬਈ ਦੇ ਇਕ ਵੱਡੇ ਉਦਯੋਗਪਤੀ ਖ਼ਾਨਦਾਨ ਵਿਚ ਹੋਇਆ ਪਰ ਉਸਨੇ ਆਪਣੇ ਸੁਹਰੇ ਦੇ ਕਹਿਣ 'ਤੇ ਇੰਡੀਅਨ ਐਡਮਨਿਸਟ੍ਰੇਟਿਵ ਸਰਵਿਸ ਤੋਂ ਤਿਆਗ ਪੱਤਰ ਦੇ ਕੇ ਆਪਣੀ ਟੈਲੀਕਾਮ ਕੰਪਨੀ ਦਾ ਚੀਫ਼ ਐਗਜ਼ਿਕਿਊਟਿਵ ਬਣਨਾ ਮਨਜ਼ੂਰ ਕਰ ਲਿਆ ਤੇ ਬੜੇ ਸਲੀਕੇ ਨਾਲ ਕਾਰੋਬਾਰ ਦਾ ਪਸਾਰ ਕੀਤਾ। ਹੁਣ ਸਾਡੀ ਗੱਲਬਾਤ ਕਦੀ-ਕਦਾਈਂ ਹੁੰਦੀ ਤੇ ਉਹ ਵੀ ਹੈਲੋ-ਹਾਏ ਤੀਕਰ ਹੀ।

ਉਦੋਂ ਮੈਂ ਜੰਮੂ ਪ੍ਰਾਂਤ ਦਾ ਡਵੀਜ਼ਨਲ ਕਮੀਸ਼ਨਰ ਸਾਂ ਜਦੋਂ ਇਕ ਦਿਨ ਮੈਨੂੰ ਨਮਰਤਾ ਦਾ ਫ਼ੋਨ ਆਇਆ;

"ਇਕਬਾਲ! ਮੈਂ ਜੰਮੂ ਆ ਰਹੀ ਹਾਂ, ਆਪਣੇ ਦੋਹਾਂ ਬੱਚਿਆਂ ਤੇ ਪੱਤਰਕਾਰ ਸਹੇਲੀ ਨਾਲ। ਮੈਂ ਤੇਰੇ ਘਰ ਠਹਿਰਾਂਗੀ। ਮੇਰੇ ਨਾਲ ਕੰਪਨੀ ਦੀ ਸਰਵੇ ਟੀਮ ਵੀ ਆ ਰਹੀ ਹੈ। ਤੂੰ ਉਨ੍ਹਾਂ ਦੇ ਠਹਿਰਨ ਦਾ ਬੰਦੋਬਸਤ ਕਿਸੇ ਵਧੀਆ ਹੋਟਲ ਵਿਚ ਕਰਵਾ ਦੇ। ਸਾਰਾ ਖ਼ਰਚਾ ਕੰਪਨੀ ਕਰੇਗੀ। ਉਸ ਪੱਖੋਂ ਤੈਨੂੰ ਚਿੰਤਾ ਕਰਨ ਦੀ ਲੋੜ ਨਹੀਂ। ਅਸੀਂ ਜੰਮੂ ਵਿਚ ਟੈਲੀਕਾਮ ਯੂਨਿਟ ਲਗਾਉਣਾ ਚਾਹੁੰਦੇ ਹਾਂ।"

ਤਿੰਨ ਚਾਰ ਦਿਨਾਂ ਮਗਰੋਂ ਨਮਰਤਾ ਆਪਣੀ ਟੀਮ ਲੈ ਕੇ ਜੰਮੂ ਪਹੁੰਚ ਗਈ। ਮੈਂ ਟੀਮ ਦੇ ਮੈਂਬਰਾਂ ਲਈ ਏਸ਼ੀਆ ਹੋਟਲ ਵਿਚ ਇੰਤਜ਼ਾਮ ਕਰਵਾ ਦਿੱਤਾ ਸੀ ਅਤੇ ਨਮਰਤਾ ਆਪਣੇ ਬੱਚਿਆਂ ਤੇ ਪੱਤਰਕਾਰ ਸਹੇਲੀ ਸਮੇਤ ਮੇਰੀ ਸਰਕਾਰੀ ਕੋਠੀ ਵਿਚ ਅਪੜੀ ਸੀ। ਉਹਦਾ ਮੇਰੇ ਕੋਲ ਠਹਿਰਨਾ ਮੈਨੂੰ ਬੜਾ ਚੰਗਾ ਲੱਗਾ ਸੀ। ਅਸੀਂ ਬੜੇ ਚਾਹ ਨਾਲ ਜ਼ਿੰਦਗੀ ਦੀ ਕਿਤਾਬ ਦੇ ਵਰਕੇ ਫ਼ਰੋਲਦੇ ਰਹੇ। ਬਚਪਨ, ਅਯਾਨ ਉਮਰ ਤੇ ਜਵਾਨੀ ਦੇ ਕਿੱਸੇ ਯਾਦ ਕਰਦੇ ਰਹੇ ਤੇ ਆਪਣੀਆਂ ਅਜੋਕੀ

ਜ਼ਿੰਮੇਦਾਰੀਆਂ ਦਾ ਰੋਣਾ ਵੀ ਰੋਂਦੇ ਰਹੇ। ਸਰਵੇ ਟੀਮ ਨੇ ਆਪਣਾ ਕੰਮ ਖ਼ਤਮ ਕਰ ਲਿਆ ਸੀ ਤੇ ਰਿਪੋਰਟ ਨਮਰਤਾ ਨੂੰ ਪੇਸ਼ ਕਰ ਦਿੱਤੀ ਸੀ। ਟੀਮ ਨੇ ਮੀਰਾਂ ਸਾਹਬ ਕੋਲ ਬੰਜਰ ਕਦੀਮ ਜ਼ਮੀਨ ਦਾ ਇਕ 20 ਏਕੜ ਦਾ ਟੋਟਾ ਪਸੰਦ ਕੀਤਾ ਸੀ। ਮੈਂ ਡਿਪਟੀ ਕਮਿਸ਼ਨਰ ਤੇ ਤਹਿਸੀਲਦਾਰ ਨੂੰ ਹਦਾਇਤ ਕੀਤੀ ਕੇ ਛੇਤੀ ਤੋਂ ਛੇਤੀ ਕਾਗਜ਼ਾਤ ਬਣਾਉਣ ਤਾਂ ਜੋ ਜ਼ਮੀਨ ਦੀ ਰਜਿਸਟ੍ਰੀ ਕਰਾਈ ਜਾ ਸਕੇ।

ਇਕ ਦਿਨ ਜਦ ਅਸੀਂ ਸਾਰੇ ਕੋਠੀ ਦੀ ਛੱਤ 'ਤੇ ਬੈਠੇ ਸਿਆਲਕੋਟ ਸ਼ਹਿਰ ਦੀਆਂ ਜਗਦੀਆਂ ਬੱਤੀਆਂ ਦੇਖ ਰਹੇ ਸਾਂ ਤਾਂ ਨਮਰਤਾ ਅਤੇ ਉਹਦੀ ਪੱਤਰਕਾਰ ਸਹੇਲੀ ਨੇ ਬਾਰਡਰ ਦੇਖਣ ਦੀ ਇੱਛਾ ਜ਼ਾਹਿਰ ਕੀਤੀ। ਮੈਂ ਰਣਬੀਰ ਸਿੰਘਪੁਰਾ ਦੇ ਤਹਿਸੀਲਦਾਰ ਨੂੰ ਫ਼ੋਨ ਕਰਕੇ ਬਾਰਡਰ ਦੇਖਣ ਦਾ ਇੰਤਜ਼ਾਮ ਕਰਨ ਲਈ ਕਿਹਾ- ਦੂਜੇ ਦਿਨ ਅਸੀਂ ਸਾਰੇ ਸੁਚੇਤਗੜ੍ਹ ਬਾਰਡਰ ਅਪੜੇ। ਬਾਰਡਰ ਸੀਮਾ ਸੁਰੱਕਸ਼ਾ ਬਲ ਦੇ ਅਫ਼ਸਰਾਂ ਵੱਲੋਂ ਲੰਚ ਦਾ ਪ੍ਰਬੰਧ ਕੀਤਾ ਗਿਆ ਸੀ। ਤਹਿਸੀਲਦਾਰ ਅਤੇ ਉਸਦਾ ਅਮਲਾ ਅਤੇ ਸਕਿਉਰਿਟੀ ਫ਼ੋਰਸ ਦੇ ਜਵਾਨ ਸੇਵਾ ਕਰਨ ਲਈ ਹਾਜ਼ਿਰ ਸਨ। ਅਸਾਂ ਸਾਰਿਆਂ ਨੇ ਉਸੇ ਹਾਲ ਵਿਚ ਲੰਚ ਕੀਤਾ, ਜਿੱਥੇ 1973 ਵਿਚ ਭਾਰਤ-ਪਾਕਿਸਤਾਨ ਦੀ ਮਿਲਟਰੀ ਕਮਾਂਡ ਨੇ ਜੰਗਬੰਦੀ ਲਾਇਨ ਨੂੰ ਐਲ. ਓ. ਸੀ. (Actual Line of Control) ਵਿਚ ਬਦਲਿਆ ਸੀ ਅਤੇ ਇਸ ਸੰਬੰਧੀ ਨਕਸ਼ਿਆਂ ਦਾ ਆਦਾਨ-ਪ੍ਰਦਾਨ ਕੀਤਾ ਗਿਆ ਸੀ।

ਲੰਚ ਕਰਨ ਮਗਰੋਂ ਮੈਂ ਨਮਰਤਾ, ਉਸਦੇ ਬੱਚਿਆਂ ਤੇ ਪੱਤਰਕਾਰ ਸਹੇਲੀ ਨੂੰ ਲੈ ਕੇ ਗੇਟ ਪਾਰ ਕੀਤਾ ਤੇ ਨੋ ਮੈਨ ਲੈਂਡ ਦੇ ਵਿਚਕਾਰ ਲੱਗੇ ਰੁਕਾਵਟੀ ਜੰਗਲੇ ਜਾਂ ਬੈਰੀਅਰ ਤੱਕ ਗਿਆ। ਜਿਸਦੇ ਦੂਜੇ ਪਾਸੇ ਪਾਕਿਸਤਾਨੀ ਜ਼ਮੀਨ ਸੀ। ਪੋਲ ਦੇ ਨਾਲ ਹੀ ਕੰਕਰੀਟ ਦੀ ਬਣੀ ਸਰਹੱਦੀ ਬੁੱਤੀ ਲੱਗੀ ਹੋਈ ਸੀ, ਜਿਸਨੂੰ ਪਿੱਪਲ ਦੇ ਰੁੱਖ ਨੇ ਆਪਣੀਆਂ ਜੜ੍ਹਾਂ ਵਿਚ ਲੁਕਾਇਆ ਹੋਇਆ ਸੀ। ਹੁਣ ਪਿੱਪਲ ਦਾ ਇਹ ਰੁੱਖ ਅੱਧਾ ਭਾਰਤ ਤੇ ਅੱਧਾ ਪਾਕਿਸਤਾਨ ਬਣ ਚੁੱਕਿਆ ਹੈ। ਇਸ ਨੂੰ ਤੁਸੀਂ ਰਾਜਨੀਤੀ ਦੀ ਸਿਤਮਜ਼ਰੀਫ਼ੀ ਨਹੀਂ ਕਹੋਗੇ ਤਾਂ ਫਿਰ ਹੋਰ ਕੀ ਕਹੋਗੇ।

ਰੁਕਾਵਟੀ ਬੈਰੀਅਰ ਦੇ ਪਰਲੇ ਪਾਸੇ ਪਾਕਿਸਤਾਨੀ ਪੰਜਾਬ ਤੋਂ ਵੀ ਚੋਖੀ ਗਿਣਤੀ ਵਿਚ ਲੋਕੀਂ ਬਾਰਡਰ ਵੇਖਣ ਆਏ ਸਨ। ਪਾਕਿਸਤਾਨੀ ਬੱਚੇ ਅਤੇ ਗੱਭਰੂ ਸਾਡੇ ਲੋਕਾਂ ਨਾਲ ਹੱਥ ਮਿਲਾ-ਮਿਲਾ ਕੇ ਖ਼ੁਸ਼ ਹੋ ਰਹੇ ਸਨ। ਇੰਝ ਦੀ ਹੀ ਗਰਮਜੋਸ਼ੀ ਸਾਡੇ ਪਾਸੇ ਵੀ ਸੀ। ਫਿਰ ਮੈਂ ਵੇਖਿਆ ਕਿ ਇਕ ਸੁਪਨਸਾਜ਼ ਮੁਟਿਆਰ ਆਪਣੇ ਕਵਾਰੇ ਸੁਫ਼ਨਿਆਂ ਦੀ ਮਸਤੀ ਵਿਚ ਸ਼ਰੀਰ ਦੀ ਗਿੱਲੀ ਮਿੱਟੀ ਦੀ ਮਹਿਕ ਦੇ ਬੁੱਲ੍ਹੇ ਲੁਟਾਂਦੀ ਨਮਰਤਾ ਕੋਲ ਆਈ। ਉਸਨੇ ਸਲਾਮ ਕਹੀ ਤੇ ਫੇਰ ਨਮਰਤਾ ਦਾ ਹੱਥ ਆਪਣੇ ਹੱਥਾਂ ਵਿਚ ਫੜ ਕੇ ਹਾਲ ਇਹਵਾਲ ਪੁੱਛਣ ਲੱਗੀ। ਉਸ ਮਿਲਾਪੜੇ

ਸੁਭਾਅ ਦੀ ਕੁੜੀ ਨਾਲ ਨਮਰਤਾ ਵੀ ਖੁੱਲ੍ਹ ਕੇ ਗੱਲ ਕਰਨ ਲੱਗੀ। ਦੋਵੇਂ ਮਨ ਪਰਚਾਉਣ ਲੱਗੀਆਂ। ਚਾਣਚੱਕ ਨਮਰਤਾ ਦੀ ਨਜ਼ਰ ਉਸਦੇ ਪੈਰੀਂ ਪਈ ਤਿੱਲੇ ਦੀ ਜੁੱਤੀ ਵੱਲ ਗਈ। ਨਮਰਤਾ ਨੇ ਜੁੱਤੀ ਦੀ ਤਰੀਫ਼ ਕਰਦਿਆਂ ਪੁੱਛਿਆ ਕਿ ਇਹ ਸੋਹਣੀ ਜੁੱਤੀ ਕਿੱਥੇ ਦੀ ਬਣੀ ਹੈ?

"ਕਸੂਰ ਦੀ ਜੁੱਤੀ ਹੈ। ਤੁਸਾਂ ਸਾਡੀ ਸੁਰਿੰਦਰ ਕੌਰ ਦਾ ਗੀਤ ਨਹੀਂ ਸੁਣਿਆ ਹੋਇਆ... ਜੁੱਤੀ ਕਸੂਰੀ ਪੈਰੀ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਟੁਰਨਾ ਪਿਆ ਤੇ ਕਸੂਰ ਦੀਆਂ ਜੁੱਤੀਆਂ ਤੇ ਖੁੱਸੇ ਪੂਰੀ ਦੁਨੀਆਂ ਵਿਚ ਮਸ਼ਹੂਰ ਹਨ।"

ਉਸਨੇ ਇਕ ਜੁੱਤੀ ਕੱਢ ਕੇ ਨਮਰਤਾ ਵੱਲ ਵਧਾਈ ਤੇ ਕਹਿਣ ਲੱਗੀ, "ਬਾਜੀ! ਤੁਸੀਂ ਪੈਰੀਂ ਪਾ ਕੇ ਵੇਖੋ ਹਾਂ... ਤੁਹਾਨੂੰ ਕਿਹੋ ਜਿਹੀ ਲਗਦੀ ਹੈ।"

ਨਮਰਤਾ ਨੇ ਜੁੱਤੀ ਆਪਣੇ ਪੈਰ ਵਿਚ ਪਾਈ ਜਿਹੜੀ ਉਸਨੂੰ ਪੂਰੀ ਆ ਗਈ ਸੀ। ਉਸ ਮੁਟਿਆਰ ਨੇ ਦੂਜੇ ਪੈਰ ਦੀ ਜੁੱਤੀ ਵੀ ਲਾਹ ਕੇ ਨਮਰਤਾ ਨੂੰ ਦਿੱਤੀ। ਨਮਰਤਾ ਨੇ ਦੋਹਾਂ ਪੈਰਾਂ ਵਿਚ ਕਸੂਰੀ ਜੁੱਤੀ ਪਾਈ ਤੇ ਮਾੜਾ ਜਿਹਾ ਚਲ ਕੇ ਵੇਖਿਆ।

"ਬਾਜੀ! ਇਹ ਜੁੱਤੀ ਤੁਹਾਡੇ ਪੈਰਾਂ ਵਿਚ ਬੜੀ ਸੋਹਣੀ ਫੱਬ ਰਹੀ ਹੈ।" ਪਾਕਿਸਤਾਨੀ ਮੁਟਿਆਰ ਨੇ ਲਾਡੀਆਂ ਪਾਉਂਦਿਆਂ ਕਿਹਾ।

"ਤੇਰਾ ਨਾਂ ਕੀ ਹੈ ਅਤੇ ਤੂੰ ਕਿੱਥੋਂ ਆਈ ਹੈਂ?"

"ਮੇਰਾ ਨਾਂ ਆਲੀਆ ਖੋਖਰ ਹੈ ਤੇ ਮੈਂ ਡਸਕੇ ਤੋਂ ਬਾਰਡਰ ਦੇਖਣ ਆਈ ਹਾਂ। ਡਸਕਾ ਸਿਆਲਕੋਟ ਦੇ ਲਾਗੇ ਇਕ ਵੱਡਾ ਸ਼ਹਿਰ ਹੈ ਪਰ ਤੁਸੀਂ ਕਿੱਥੋਂ ਆਏ ਹੋ?"

"ਮੈਂ ਮੁੰਬਈ ਤੋਂ ਆਈ ਹਾਂ ਤੇ ਅਸੀਂ ਵੀ ਸੁਚੇਤਗੜ੍ਹ ਬਾਰਡਰ ਵੇਖਣ ਆਏ ਹੋਏ ਹਾਂ" ਨਮਰਤਾ ਨੇ ਜਵਾਬ ਦਿੱਤਾ।

"ਤੁਹਾਨੂੰ ਮਿਲਕੇ ਬਹੁਤ ਖ਼ੁਸ਼ੀ ਹੋਈ। ਮੇਰਾ ਦਿਲ ਤਾਂ ਗਦ-ਗਦ ਕਰ ਉੱਠਿਆ ਹੈ। ਹੁਣ ਮੇਰੀ ਇਕ ਨਿਮਾਣੀ ਜਿਹੀ ਗੁਜ਼ਾਰਿਸ਼ ਹੈ। ਤੁਸੀਂ ਮੇਰੀ ਨਿੱਕੀ ਜਿੰਨੀ ਸਧਰ ਪੂਰੀ ਕਰ ਦਿਓ। ਵੇਖਿਓ! ਇਨਕਾਰ ਨਾ ਕਰਿਓ। ਮੇਰੀ ਰੀਝ ਨੂੰ ਆਦਰ ਦਿਓ ਤੇ ਮੇਰਾ ਮਾਣ ਰੱਖਿਓ।"

"ਹਾਂ ਹਾਂ! ਦੱਸ ਤੇਰੀ ਕੀ ਖ਼ਵਾਹਿਸ਼ ਹੈ?"

"ਬਸ ਬਾਜੀ! ਇਹ ਜੁੱਤੀ ਹੁਣ ਪੈਰਾਂ ਲਾਹਣੀ ਨਹੀਂ। ਇਸਨੂੰ ਨਿੱਕੀ ਭੈਣ ਦਾ ਤੋਹਫ਼ਾ ਸਮਝ ਕੇ ਰੱਖ ਲੋ ਤੇ ਇਸ ਮੁਲਾਕਾਤ ਨੂੰ ਯਾਦਗਾਰੀ ਬਣਾ ਦੇਵੋ।"

"ਤੇਰਾ ਵਿਹਾਰ ਮੇਰੇ ਲਈ ਮਾਣਿਕ ਮੋਤੀ ਲਗਦਾ ਹੈ ਪਰ ਮੈਂ ਤੇਰਾ ਤੋਹਫ਼ਾ ਕਬੂਲ ਨਹੀਂ ਕਰ ਸਕਦੀ, ਕਿਉਂਕਿ ਤੂੰ ਜੁੱਤੀ ਬਗ਼ੈਰ ਨੰਗੇ ਪੈਰੀਂ ਕਿਵੇਂ ਜਾਵੇਂਗੀ?"

"ਬਾਜੀ! ਗੱਲ ਹੀ ਕੋਈ ਨਹੀਂ। ਤੁਸੀਂ ਚਿੰਤਾ ਨਾ ਕਰੋ। ਗੇਟੋਂ ਬਾਹਰ ਮੇਰੀ ਕਾਰ ਖੜ੍ਹੀ ਹੈ। ਉਸ ਵਿਚ ਮੇਰੀਆਂ ਜੁੱਤੀਆਂ ਦਾ ਇਕ ਹੋਰ ਜੋੜਾ ਰਿਪਆ ਹੈ। ਮੈਂ ਗੇਟ ਤੀਕਰ ਸੌਖਿਆਂ ਚਲੀ ਜਾਵਾਂਗੀ।"

ਮੈਂ ਚੁੱਪ-ਚਪੀਤਾ ਇਹ ਮਨਮੋਹਣਾ ਨਜ਼ਾਰਾ ਵੇਖ ਰਿਹਾ ਸਾਂ। ਨਮਰਤਾ ਨੇ ਨਜ਼ਰਾਂ ਭਵਾਂ ਕੇ ਮੇਰੇ ਵੱਲ ਵੇਖਿਆ। ਮੈਂ ਇਸ਼ਾਰੇ ਨਾਲ ਤੋਹਫ਼ਾ ਕਬੂਲ ਕਰਨ ਲਈ ਕਿਹਾ। ਨਮਰਤਾ ਨੇ ਆਲੀਆ ਨੂੰ ਗਲਵਕੜੀ ਪਾਈ ਤੇ ਦੁਆਵਾਂ ਦੇਣ ਲੱਗੀ ਅਤੇ ਕਹਿਣ ਲੱਗੀ;

"ਈਸ਼ਵਰ ਕਰੇ ਕਿ ਸਾਡੇ ਸਾਂਝੇ ਦਰਿਆ ਪਿਆਰ ਦੀ ਸੁਰ ਵਿਚ ਸਦਾ ਵਹਿੰਦੇ ਰਹਿਣ। ਇਨ੍ਹਾਂ ਵਿਚ ਕਦੇ ਹੜ੍ਹ ਨਾ ਆਵਣ।"

"ਅੱਲ੍ਹਾ ਸਾਈਂ ਤੁਹਾਡੀ ਦੁਆ ਕਬੂਲ ਫ਼ਰਮਾਏ ਅਤੇ ਦੋਹਾਂ ਦੇਸ਼ਾਂ 'ਤੇ ਆਪਣੀ ਰਹਿਮਤ ਦਾ ਮੀਂਹ ਵਰਸਾਉਂਦਾ ਰਹੇ।"

ਨਮਰਤਾ ਬੜੀ ਖ਼ੁਸ਼ ਸੀ। ਉਹ ਚੌਖੀ ਜਜ਼ਬਾਤੀ ਹੋਈ ਪਈ ਸੀ। ਕਾਰ ਵਿਚ ਬੈਠਿਆਂ ਉਹ ਦੋਹਾਂ ਮੁਲਕਾਂ ਵਿਚ ਅਮਨ ਤੇ ਸ਼ਾਂਤੀ ਲਈ ਅਰਦਾਸ ਕਰ ਰਹੀ ਸੀ। ਫਿਰ ਉਹ ਮੈਨੂੰ ਕਹਿਣ ਲੱਗੀ।

"ਇਕਬਾਲ! ਮੁੰਬਈ ਪਹੁੰਚ ਕੇ ਮੈਂ ਦਿਲ ਨੂੰ ਛੂਹਣ ਵਾਲੀ ਇਹ ਘਟਨਾ ਆਪਣੇ ਫ਼ਿਲਮੀ ਪ੍ਰੋਡਿਊਸਰ ਮਿੱਤਰ ਨੂੰ ਸੁਣਾਵਾਂਗੀ ਤੇ ਉਸਨੂੰ ਇਸ ਵਿਸ਼ੇ 'ਤੇ ਫ਼ਿਲਮ ਬਣਾਉਣ ਲਈ ਕਹਾਂਗੀ ਤਾਂ ਜੋ ਨਫ਼ਰਤ ਦੀ ਦੀਵਾਰ ਢਾਹੁਣ ਵਿਚ ਅਸੀਂ ਵੀ ਭੋਰਾ ਜਿਹਾ ਯੋਗਦਾਨ ਪਾ ਸਕੀਏ।

ਨਮਰਤਾ ਦੀ ਪੱਤਰਕਾਰ ਸਹੇਲੀ ਵੀ ਚਹਿਕ ਰਹੀ ਸੀ। ਉਹ ਕਹਿਣ ਲੱਗੀ-

"ਮੈਂ ਵੀ ਇਸ ਖ਼ੂਬਸੂਰਤ ਮੁਲਾਕਾਤ 'ਤੇ ਆਧਾਰਿਤ ਅਖ਼ਬਾਰ ਲਈ ਇਕ ਕਹਾਣੀ ਲਿਖਾਂਗੀ ਪਰ ਮੇਰੀ ਕਹਾਣੀ ਇਕ ਨਵੇਂ ਮੋੜ 'ਤੇ ਖ਼ਤਮ ਹੋਵੇਗੀ।"

"ਨਵਾਂ ਮੋੜ...! ਉਹ ਕਿਹੜਾ?"

"ਮੇਰੀ ਕਹਾਣੀ ਵਿਚ ਪਟਿਆਲੇ ਦੀ ਜੁੱਤੀ ਦਾ ਤੋਹਫ਼ਾ ਨਮਰਤਾ ਆਲੀਆ ਨੂੰ ਦੇਵੇਗੀ।"

"ਦੂਰ ਫਿੱਟੇ ਮੂੰਹ ਤੇਰਾ। ਇੱਥੇ ਵੀ ਤੂੰ ਡੰਡੀ ਮਾਰੇਂਗੀ।"

ਨਮਰਤਾ ਨੇ ਆਪਣੀ ਸਹੇਲੀ ਨੂੰ ਚੂੰਡੀਆਂ ਭੋਰਦੇ ਕਿਹਾ... ਤੇ ਫਿਰ ਦੋਵੇਂ ਹੱਸਣ ਲੱਗੀਆਂ।

•

# ਜਿਊਂਦੀਆਂ ਅੱਖਾਂ ਦੀ ਦਾਸਤਾਨ

ਮੇਰੇ ਬੋਝਿਆਂ ਵਿਚ ਕਈ ਅੱਖਾਂ ਦੇ ਜੋੜੇ ਪਏ ਨੇ, ਜਿਹੜੇ ਮੇਰੇ ਅੰਤਰ ਮਨ ਨੂੰ ਝੰਜੋੜਦੇ ਰਹਿੰਦੇ ਨੇ। ਮੇਰੇ ਦਿਲ ਤੇ ਦਿਮਾਗ਼ ਨੂੰ ਚੋਭਾਂ ਮਾਰਦੇ ਰਹਿੰਦੇ ਨੇ। ਇਹ ਸੱਜੇ ਬੋਝੇ ਵਿਚ ਪਈਆਂ ਅੱਖਾਂ ਦਾ ਜੋੜਾ ਰਾਜਨਾਥ ਰਾਜ਼ਦਾਨ ਦਾ ਹੈ ਜਿਹੜਾ ਮੇਰਾ ਗੂੜ੍ਹਾ ਯਾਰ ਸੀ ਤੇ ਜਿਸਨੂੰ ਸੰਨ 47 ਵਿਚ ਕਬਾਇਲੀਆਂ ਨੇ ਬੰਦੂਕ ਦੀਆਂ ਗੋਲੀਆਂ ਨਾਲ ਛਲਣੀ ਕਰ ਛੱਡਿਆ ਸੀ। ਇਕ ਗੋਲੀ ਉਸਦੇ ਸਿਰ ਨੂੰ ਦੋ-ਫਾੜ ਕਰ ਗਈ ਸੀ। ਉਹ ਤਾਂ ਮਰ ਗਿਆ ਸੀ ਪਰ ਉਸਦੀਆਂ ਅੱਖਾਂ ਜ਼ਿੰਦਾ ਸਨ ਤੇ ਮੈਨੂੰ ਘੂਰ ਰਹੀਆਂ ਸਨ। ਮੈਨੂੰ ਬੜਾ ਡਰ ਲੱਗਾ ਸੀ... ਆਪਣੇ ਆਪ ਕੋਲੋਂ ਅਤੇ ਕਬਾਇਲੀਆਂ ਦੀ ਦਹਿਸ਼ਤਗਰਦੀ ਕੋਲੋਂ... ਪਰ ਮੈਂ ਕੁਝ ਨਹੀਂ ਸਾਂ ਕਰ ਸਕਿਆ। ਭਲਾ ਚੌਥੀ ਜਮਾਤ ਵਿਚ ਪੜ੍ਹਣ ਵਾਲਾ ਬਾਲਕ ਕਰ ਵੀ ਕੀ ਸਕਦਾ ਸੀ ? ਮੈਂ ਆਪਣੇ ਜਮਾਤੀ ਰਾਜਨਾਥ ਦੀਆਂ ਅੱਖਾਂ ਨੂੰ ਡੇਲਿਆਂ ਵਿਚੋਂ ਕੱਢ ਕੇ ਆਪਣੇ ਬੋਝੇ ਵਿਚ ਪਾ ਲਿਆ ਤਾਂ ਜੇ ਯਾਰ ਦੇ ਪਿਆਰ ਦੀ ਨਿਸ਼ਾਨੀ ਨੂੰ ਸਾਂਭ ਕੇ ਰੱਖ ਲਵਾਂ। ਅੱਖੋਂ ਵੇਖੇ ਇਸ ਕਾਂਡ ਕਾਰਨ ਚੋਖੇ ਚਿਰ ਤੀਕਰ ਹਜ਼ਾਰਾਂ ਬਿੱਛੂ ਮੇਰੇ ਸਰੀਰ ਨੂੰ ਡੰਗ ਮਾਰਦੇ ਰਹੇ ਸਨ ਤੇ ਮੈਂ ਪੀੜ ਨਾਲ ਕੁਰਲਾਣ ਲੱਗ ਪੈਂਦਾ ਸਾਂ।

ਰਾਜਨਾਥ ਨੂੰ ਮਾਰਨ ਦੀ ਘਟਨਾ ਅੱਜਰ ਵਿਚ ਹੋਈ ਸੀ ਜਿਹੜਾ ਬਾਂਡੀਪੁਰ ਦੇ ਲਾਗੇ ਇਕ ਰਸਦਾ ਵਸਦਾ ਪਿੰਡ ਸੀ। ਇਸ ਘਟਨਾ ਦਾ ਮੁਜ਼ਰਮ ਅਹਿਮਦ ਸ਼ੇਖ਼ ਸੀ। ਜਿਸ ਦੀ ਜ਼ਮੀਨ ਦਾ ਝਗੜਾ ਸਮਸਾਰ ਚੰਦ ਰਾਜ਼ਦਾਨ ਨਾਲ ਸੀ। ਅਹਿਮਦ ਸ਼ੇਖ਼ ਦੀ ਜ਼ਮੀਨ ਸਮਸਾਰ ਚੰਦ ਦੇ ਖੇਤਾਂ ਨਾਲ ਮਿਲਦੀ ਸੀ। ਸਮਸਾਰ ਚੰਦ, ਅਹਿਮਦ ਸ਼ੇਖ ਦੀ ਜ਼ਮੀਨ ਹੜੱਪ ਕਰਨਾ ਚਾਹੁੰਦਾ ਸੀ। ਉਹ ਪਿੰਡ ਦਾ ਸ਼ਾਹੂਕਾਰ ਸੀ ਤੇ ਪਿੰਡ ਵਾਸੀਆਂ ਨੂੰ ਸੂਦ 'ਤੇ ਪੈਸੇ ਦਿੰਦਾ ਸੀ। ਅਹਿਮਦ ਸ਼ੇਖ਼ ਨੇ ਵੀ ਉਸ ਕੋਲੋਂ ਸੂਦੀ ਪੈਸੇ ਲੈ ਕੇ ਆਪਣੀ ਕੁੜੀ ਦਾ ਵਿਆਹ ਕਰਵਾਇਆ ਸੀ ਅਤੇ ਸਮਸਾਰ ਚੰਦ ਰਾਜ਼ਦਾਨ ਅੱਗੇ ਆਪਣੀ ਜ਼ਮੀਨ ਬੰਦੇ ਰੱਖੀ ਸੀ। ਅਹਿਮਦ ਸ਼ੇਖ ਕੋਲ ਨਾ ਤਾਂ ਅਸਲ ਰਕਮ ਦੇਣ ਦੀ ਗੁੰਜਾਇਸ਼ ਸੀ ਅਤੇ ਨਾ ਹੀ ਸੂਦ ਦੇ ਪੈਸੇ। ਜਿਸ ਕਰਕੇ ਸਮਸਾਰ ਪੰਡਿਤ ਉਹਦੀ ਜ਼ਮੀਨ 'ਤੇ ਜ਼ਬਰਦਸਤੀ ਹਲ ਚਲਾ ਰਿਹਾ ਸੀ। ਬਸ ਇਹ ਝਗੜਾ ਸਮਸਾਰ ਚੰਦ ਤੇ ਉਹਦੇ ਪੁੱਤਰ ਅਤੇ ਮੇਰੇ ਯਾਰ ਰਾਜਨਾਥ ਦੀ ਹੱਤਿਆ ਦਾ ਕਾਰਨ ਬਣਿਆ। ਸਮਸਾਰ ਚੰਦ ਦੀ ਮੁਖ਼ਬਰੀ ਅਹਿਮਦ

ਸ਼ੇਖ ਨੇ ਹੀ ਕੀਤੀ ਸੀ। ਕਬਾਇਲੀਆਂ, ਸ਼ਾਹੂਕਾਰ ਤੇ ਉਸਦੇ ਪਰਿਵਾਰ ਨੂੰ ਮਾਰ ਦਿੱਤਾ ਸੀ। ਸਾਰੇ ਪਿੰਡ ਵਾਸੀ ਸਮਸਾਰ ਚੰਦ ਦੇ ਦੇਣਦਾਰ ਸਨ ਤੇ ਉਸ ਕੋਲੋਂ ਦੁਖੀ ਵੀ ਰਹਿੰਦੇ ਸਨ ਪਰ ਇਸ ਘਟਨਾ ਲਈ ਉਹ ਅਹਿਮਦ ਸ਼ੇਖ ਨੂੰ ਕਸੂਰਵਾਰ ਸਮਝਦੇ ਸਨ ਤੇ ਉਹਨੂੰ ਲਾਅਨਤਾਂ ਤੇ ਮਲਾਮਤਾਂ ਕਰ ਰਹੇ ਸਨ। ਉਨ੍ਹਾਂ ਸਾਰਿਆਂ ਨੇ ਅਹਿਮਦ ਸ਼ੇਖ ਦਾ ਹੁੱਕਾ ਪਾਣੀ ਬੰਦ ਕਰ ਦਿੱਤਾ ਸੀ ਤੇ ਉਸ ਨਾਲ ਸਾਰੇ ਸਮਾਜੀ ਰਿਸ਼ਤੇ ਖ਼ਤਮ ਕਰ ਦਿੱਤੇ ਸਨ। ਜਿਸ ਕਰਕੇ ਅਹਿਮਦ ਸ਼ੇਖ ਆਪਣੇ ਟੱਬਰ ਸਮੇਤ ਸਰਹੱਦ ਪਾਰ ਪਾਕਿਸਤਾਨੀ ਇੰਤਜ਼ਾਮ ਵਾਲੇ ਕਸ਼ਮੀਰ ਵਿਚ ਜਾ ਵਸਿਆ ਸੀ ਤੇ ਮੁੜ ਕਦੀ ਵੀ ਵਾਪਿਸ ਨਹੀਂ ਆਇਆ।

ਮੈਂ ਬਾਰਾਮੂਲ੍ਹਾ ਦੇ ਸੈਂਟ ਜੋਜ਼ਫ਼ ਸਕੂਲ ਤੋਂ ਦਸਵੀਂ ਪਾਸ ਕੀਤੀ ਤੇ ਫਿਰ ਸ੍ਰੀ ਪ੍ਰਤਾਪ ਸਿੰਘ ਕਾਲਜ ਸ੍ਰੀਨਗਰ ਵਿਚ ਦਾਖ਼ਲਾ ਲਿਆ ਤੇ ਉਥੋਂ ਬੀ.ਏ. ਪਾਸ ਕਰਨ ਮਗਰੋਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਕਾਨੂੰਨ ਦੀ ਪੜ੍ਹਾਈ ਕਰਨ ਲਈ ਚਲਾ ਗਿਆ। ਮੈਂ ਬੜਾ ਪੜ੍ਹਾਕੂ ਸਾਂ ਤੇ ਮੈਨੂੰ ਪੜ੍ਹਨ ਲਿਖਣ ਦਾ ਸ਼ੌਕ ਸੀ। ਇਸ ਸ਼ੌਕ ਨੇ ਹੀ ਮੇਰੇ ਅੰਦਰ ਸ਼ਾਇਰੀ ਦੀ ਜਾਗ ਲਾਈ ਤੇ ਮੈਂ ਸ਼ੇਅਰ ਕਹਿਣ ਲੱਗਾ। ਛੇਤੀ ਹੀ ਮੇਰਾ ਨਾਂ ਕਸ਼ਮੀਰ ਦੇ ਸਾਹਿਤਕ ਖੇਤਰ ਵਿਚ ਜਾਣਿਆ-ਪਛਾਣਿਆ ਜਾਣ ਲੱਗਾ। ਮੇਰੇ ਅੱਬਾ ਜੀ ਵੀ ਸ਼ਾਇਰੀ ਕਰਦੇ ਸਨ ਅਤੇ ਉਰਦੂ ਦੇ ਕਸ਼ਮੀਰੀ ਭਾਸ਼ਾ ਦੇ ਕੌਮੀ ਪੱਧਰ ਦੇ ਸ਼ਾਇਰ ਸਨ। ਸ਼ਾਇਰੀ ਦੀ ਗੁੜ੍ਹਤੀ ਮੈਨੂੰ ਆਪਣੇ ਅੱਬਾ ਜੀ ਕੋਲੋਂ ਹੀ ਮਿਲੀ ਸੀ। ਇਹ ਸ਼ਾਇਦ ਤੁਖ਼ਮ ਤਾਸੀਰ ਦਾ ਵੀ ਅਸਰ ਸੀ ਕਿ ਮੈਂ ਸ਼ਾਇਰ ਬਣ ਗਿਆ। ਮੈਂ ਆਪਣੇ ਬਲਬੂਤੇ 'ਤੇ ਰੇਡੀਉ ਕਸ਼ਮੀਰ ਵਿਚ ਪ੍ਰੋਗਰਾਮ ਪ੍ਰੋਡਿਊਸਰ ਦੀ ਨੌਕਰੀ ਹਾਸਿਲ ਕੀਤੀ ਤੇ ਆਪਣੀ ਜ਼ਿੰਮੇਵਾਰੀ ਨੂੰ ਖ਼ੂਬ ਨਿਭਾਇਆ ਤੇ ਮਹਿਕਮੇ ਵਿਚ ਨਾਮ ਕਮਾਇਆ। ਮੈਂ ਭਾਰਤ ਦੇ ਸਾਰੇ ਵੱਡੇ ਸ਼ਹਿਰਾਂ ਵਿਚ ਅਕਾਸ਼ਵਾਣੀ ਤੇ ਮਗਰੋਂ ਦੂਰਦਰਸ਼ਨ ਦੇ ਡਾਇਰੈਕਟਰ ਵਜੋਂ ਕੰਮ ਕਰਦਾ ਰਿਹਾ ਤੇ ਆਖ਼ੀਰ ਡਿਪਟੀ ਡਾਇਰੈਕਟਰ ਜਨਰਲ ਦੇ ਅਹੁਦੇ ਤੋਂ ਸੇਵਾਮੁਕਤ ਹੋਇਆ। ਇਸ ਸਾਰੀ ਅਦਬੀ ਤੇ ਸਰਕਾਰੀ ਅਵਾਰਾਗਰਦੀ ਵਿਚ ਮੈਂ ਆਪਣੇ ਯਾਰ ਰਾਜਨਾਥ ਨੂੰ ਕਦੇ ਵੀ ਨਾ ਭੁੱਲਿਆ। ਸਰਕਾਰੀ ਕੰਮ ਕਾਜ ਤਾਂ ਹਰ ਕੋਈ ਕਰਦਾ ਹੈ ਪਰ ਜਦ ਵੀ ਕਿਸੇ ਕਸ਼ਮੀਰੀ ਪੰਡਿਤ ਦੀ ਮਿਸਲ ਮੇਰੇ ਕੋਲ ਆਉਂਦੀ ਤਾਂ ਰਾਜਨਾਥ ਦੀ ਤਸਵੀਰ ਮੇਰੇ ਸਾਹਮਣੇ ਆ ਜਾਂਦੀ ਤੇ ਉਸਦੀਆਂ ਰੱਤ ਲਿਬੜੀਆਂ ਅੱਖਾਂ ਫਾਇਲ ਨੂੰ ਮੰਜ਼ੂਰ ਕਰਨ ਲਈ ਮੇਰੀ ਕਲਮ ਬਣ ਜਾਂਦੀਆਂ। ਮੈਂ ਇਹ ਗੱਲ ਬੜੇ ਵਿਸ਼ਵਾਸ ਤੇ ਦਾਅਵੇ ਨਾਲ ਕਹਿੰਦਾ ਹਾਂ ਕਿ ਮੈਂ ਕਦੇ ਵੀ ਕਿਸੇ ਕਸ਼ਮੀਰੀ ਪੰਡਿਤ ਦੀ ਫਾਇਲ ਨਹੀਂ ਰੋਕੀ। ਕਦੇ ਕੋਈ ਉਨ੍ਹਾਂ ਦਾ ਕੰਮ ਨਹੀਂ ਰੋਕਿਆ। ਹਮੇਸ਼ਾ ਉਨ੍ਹਾਂ ਦੀ ਦਾਦ ਫਰਿਆਦ ਸੁਣੀ ਤੇ ਉਨ੍ਹਾਂ ਦੇ ਕੰਮ ਕਰਦਾ ਅਤੇ ਕਰਵਾਂਦਾ ਰਿਹਾ। ਕਿਉਂ ਜੇ ਮੈਂ

ਉਨ੍ਹਾਂ ਦਾ ਖ਼ੂਨ ਸਾਂ ਤੇ ਉਹ ਮੇਰਾ ਖ਼ੂਨ ਸਨ। ਹਰ ਕਸ਼ਮੀਰੀ ਪੰਡਿਤ ਦੇ ਰੂਪ ਵਿਚ ਮੈਨੂੰ ਆਪਣਾ ਯਾਰ ਰਾਜਨਾਥ ਹੀ ਲਭਦਾ ਜਿਸਦੀ ਮੌਤ ਲਈ ਖੌਰੇ ਕਿਉਂ ਮੈਂ ਆਪਣੇ ਆਪ ਨੂੰ ਜ਼ਿੰਮੇਦਾਰ ਸਮਝਦਾ ਸਾਂ।

ਮੇਰੇ ਦੂਜੇ ਬੋਝੇ ਵਿਚ ਜਿਹੜੀਆਂ ਦੋ ਅੱਖਾਂ ਪਈਆਂ ਨੇ ਉਹ ਮੇਰੇ ਗੂੜ੍ਹੇ ਯਾਰ ਤੇ ਹਮਪਿਆਲਾ ਤੇ ਹਮਨਿਵਾਲਾ ਲੱਸਾ ਕੌਲ ਦੀਆਂ ਨੇ ਜਿਹੜਾ ਆਕਾਸ਼ਵਾਣੀ ਸ਼੍ਰੀਨਗਰ ਦਾ ਡਾਇਰੈਕਟਰ ਸੀ। ਅਸੀਂ ਦੋਵੇਂ 'ਕੱਠੇ ਬਹਿ ਕੇ ਦਾਰੂ ਪੀਂਦੇ ਤੇ ਕਸ਼ਮੀਰ ਦੀ ਰਾਜਨੀਤੀ 'ਤੇ ਗੱਲਾਂ ਕਰਦੇ ਤੇ ਸੋਚਦੇ ਰਹਿੰਦੇ ਬਈ ਭਾਰਤ ਸਰਕਾਰ ਕੋਲੋਂ 47 ਮਗਰੋਂ ਕਿਹੜੀਆਂ-ਕਿਹੜੀਆਂ ਗ਼ਲਤੀਆਂ ਹੋਈਆਂ। ਉਹ ਲੋਕਾਂ ਦਾ ਦਿਲ ਕਿਉਂ ਨਾ ਜਿੱਤ ਸਕੀ। ਤੇ ਇਨ੍ਹਾਂ ਗ਼ਲਤੀਆਂ ਦੇ ਸੁਧਾਰ ਲਈ ਸਰਕਾਰ ਨੂੰ ਕਿਹੜੇ-ਕਿਹੜੇ ਉਪਾਅ ਕਰਨੇ ਚਾਹੀਦੇ ਨੇ। ਮੈਂ ਉਦੋਂ ਦੂਰਦਰਸ਼ਨ ਸ਼੍ਰੀਨਗਰ ਦਾ ਡਾਇਰੈਕਟਰ ਸਾਂ। ਅਸੀਂ ਦੋਵੇਂ ਕਸ਼ਮੀਰੀ ਗਭਰੂਆਂ ਨੂੰ ਅੱਤਵਾਦ ਦੇ ਚੁੰਗਲ ਤੋਂ ਬਾਹਰ ਕੱਢਣ ਲਈ ਨਵੇਂ-ਨਵੇਂ ਪ੍ਰੋਗਰਾਮ ਬਣਾਨ ਤੇ ਰੇਡੀਓ ਕਸ਼ਮੀਰ ਤੋਂ ਨਸ਼ਰ ਕਰਨ ਅਤੇ ਦੂਰਦਰਸ਼ਨ ਤੋਂ ਪੇਸ਼ ਕਰਨ ਦੇ ਉਪਰਾਲੇ ਕਰਦੇ ਰਹਿੰਦੇ। ਲੱਸਾ ਕੌਲ, ਕਸ਼ਮੀਰ ਅਤੇ ਕਸ਼ਮੀਰੀਅਤ ਦਾ ਚਾਨਣ ਮੁਨਾਰਾ ਸੀ। ਉਹਦੀ ਯਾਰੀ ਦੋਸਤੀ ਤੇ ਨਿੱਘੇ ਸਬੰਧ ਹਿੰਦੂ ਮੁਸਲਮਾਨਾਂ ਤੇ ਸਿੱਖਾਂ ਨਾਲ ਸਨ। ਉਹ ਰੱਜ ਕੇ ਸੋਹਣਾ ਸੀ। ਹੱਸਮੁਖ ਸੀ ਤੇ ਮਹਿਫ਼ਲਾਂ ਦੀ ਜਿੰਦ ਜਾਨ। ਉਹਦੇ ਸਬੰਧ ਕਸ਼ਮੀਰ ਦੀ ਅਫ਼ਸਰਸ਼ਾਹੀ ਨਾਲ ਵੀ ਬੜੇ ਨਿੱਘੇ ਸਨ... ਪਰ ਉਸਨੂੰ ਖਾੜਕੂਆਂ ਨੇ ਭਾਰਤੀ ਏਜੰਟ ਹੋਣ ਦੇ ਇਲਜ਼ਾਮ ਵਿਚ ਮਾਰ ਦਿੱਤਾ ਸੀ। ਉਸਦੀਆਂ ਅੱਖਾਂ ਹਮੇਸ਼ਾ ਮੈਥੋਂ ਪੁੱਛਦੀਆਂ ਨੇ ਕਿ ਉਸਦਾ ਕਸੂਰ ਕੀ ਸੀ। ਮੈਂ ਕੀ ਦੱਸਾਂ ਕਿ ਮਿੱਤਰਾ ਇਸ ਧਰਤੀ 'ਤੇ ਬਹੁਤੇ ਲੋਕ ਬੇ-ਕਸੂਰੇ ਹੀ ਮਰਦੇ ਨੇ। ਮੈਨੂੰ ਆਪਣੇ ਆਪ ਉਤੇ ਗੁੱਸਾ ਆਉਂਦਾ। ਮੈਂ ਕ੍ਰੋਧ ਦੀ ਅੱਗ ਵਿਚ ਸੜਦਾ ਰਹਿੰਦਾ... ਤੇ ਨਮੋਸ਼ੀ ਨਾਲ ਆਪਣੀਆਂ ਅੱਖਾਂ ਮੀਟ ਲੈਂਦਾ।

ਮੁਹੰਮਦ ਆਜ਼ਮ ਸਾਗਰ ਪੁਣਛ ਵਿਚ ਪਹਾੜੀ ਹੋਸਟਲ ਦਾ ਵਾਰਡਨ ਸੀ। ਉਸਦਾ ਪੁੱਤਰ ਨਿਸ਼ਾਤ ਆਜ਼ਮ ਐਗਰੀਕਲਚਰ ਯੂਨੀਵਰਸਿਟੀ ਲਖਨਊ ਤੋਂ ਐਮ.ਐਸ.ਸੀ. ਐਗਰੀਕਲਚਰ ਦੀ ਡਿਗਰੀ ਲੈ ਕੇ ਘਰ ਅਪੜਿਆ ਸੀ। ਇਕ ਦਿਨ ਸਾਗਰ ਸਾਹਿਬ ਨੇ ਉਸਨੂੰ ਆਪਣੇ ਪਿੰਡ ਨੱਕਾ ਮਜਾੜੀ ਘੱਲਿਆ ਤਾਂ ਜੋ ਉਹ ਫ਼ਸਲ ਦੀ ਕਟਾਈ ਕਰਾ ਸਕੇ। ਰਾਤੀਂ ਉਹ ਆਪਣੇ ਪਿੰਡ ਵਾਲੇ ਮਕਾਨ ਵਿਚ ਸੁੱਤਾ ਪਿਆ ਸੀ ਕਿ ਫ਼ੌਜੀ ਖਾੜਕੂਆਂ ਦਾ ਪਿੱਛਾ ਕਰਦੇ ਹੋਏ ਸਾਗਰ ਸਾਹਿਬ ਦੇ ਮਕਾਨ ਅੰਦਰ ਵੜ ਗਏ। ਉਥੇ ਫ਼ੌਜੀਆਂ ਨੇ ਨਿਸ਼ਾਤ ਨੂੰ ਇਕੱਲਿਆਂ ਵੇਖਿਆ ਤਾਂ ਉਸ ਨੂੰ ਸੁੱਤਿਆਂ ਫੜ ਲਿਆ। ਨਿਸ਼ਾਤ ਨੇ ਲੱਖ ਸਮਝਾਇਆ, ਸਬੂਤ ਦਿੱਤੇ ਕਿ ਉਹ ਖਾੜਕੂ ਨਹੀਂ ਹੈ ਅਤੇ ਐਗਰੀਕਲਚਰ ਯੂਨੀਵਰਸਿਟੀ ਤੋਂ ਪੜ੍ਹਾਈ ਪੂਰੀ ਕਰਕੇ

ਕੁਝ ਦਿਨ ਪਹਿਲਾਂ ਹੀ ਪੁਣਛ ਅਪੜਿਆ ਹੈ ਪਰ ਫ਼ੌਜੀਆਂ ਨੇ ਉਹਦੀ ਕੋਈ ਗੱਲ ਨਾ ਮੰਨੀ ਤੇ ਉਸਨੂੰ ਉੱਗਰਵਾਦੀ ਬਣਾ ਕੇ ਬੜੀ ਬੇਦਰਦੀ ਨਾਲ ਮਾਰ ਦਿੱਤਾ। ਪਿੰਡ ਵਿਚ ਹਾਹਾਕਾਰ ਮਚ ਗਿਆ। ਫ਼ੌਜੀਆਂ ਦੇ ਖ਼ਿਲਾਫ਼ ਧਰਨੇ ਤੇ ਜਲੂਸ ਕੱਢੇ ਗਏ। ਫ਼ੌਜੀ ਆਪਣੀ ਗੱਲ 'ਤੇ ਅੜੇ ਹੋਏ ਸਨ ਕਿ ਉਨ੍ਹਾਂ ਨੇ ਉੱਗਰਵਾਦੀ ਨੂੰ ਮਾਰਿਆ ਹੈ। ਇਹ ਖ਼ਬਰ ਮੈਂ ਆਪਣੇ ਚੈਨਲ ਤੋਂ ਵੀ ਚਲਾਈ। ਜਿਸਦਾ ਨਿਸ਼ਾਤ ਨੂੰ ਡਾਢਾ ਦੁਖ ਸੀ। ਸਰਕਾਰ ਨੇ ਲੋਕਾਂ ਨੂੰ ਸ਼ਾਂਤ ਕਰਨ ਲਈ ਇਕ ਇੱਕੁਆਇਰੀ ਕਮੇਟੀ ਬਣਾਈ ਜਿਸ ਦੀ ਰਿਪੋਰਟ ਕਦੇ ਵੀ ਨਹੀਂ ਆਈ। ਨਿਸ਼ਾਤ ਦੇ ਜਨਾਜ਼ੇ ਵਿਚ ਸਾਰਾ ਪੁਣਛ ਸ਼ਾਮਿਲ ਹੋਇਆ। ਸਾਗਰ ਸਾਹਿਬ ਮੇਰੇ ਚੰਗੇ ਦੋਸਤ ਸਨ। ਇਸ ਲਈ ਨਿਸ਼ਾਤ ਦੇ ਜਨਾਜ਼ੇ ਵਿਚ ਰਲਤ ਕਰਨ ਲਈ ਮੈਂ ਉਚੇਚੇ ਤੌਰ 'ਤੇ ਕਸ਼ਮੀਰੋਂ ਆਇਆ ਸਾਂ। ਜਦ ਨਿਸ਼ਾਤ ਨੂੰ ਕਬਰ ਵਿਚ ਦਫ਼ਨਾਨ ਲੱਗੇ ਤਾਂ ਉਸਦੀਆਂ ਅੱਖਾਂ ਕਫ਼ਨ 'ਚੋਂ ਬਾਹਰ ਨਿਕਲ ਕੇ ਮੇਰੇ ਕੋਲ ਆ ਗਈਆਂ। ਉਹ ਮੈਨੂੰ ਘੂਰਨ ਲੱਗੀਆਂ ਤੇ ਕਹਿਣ ਲੱਗੀਆਂ ਕਿ ਤੂੰ ਆਪਣੇ ਚੈਨਲ ਤੋਂ ਉਸਦੀ ਝੂਠੀ ਖ਼ਬਰ ਕਿੰਝ ਚਲਾਈ। ਨਿਸ਼ਾਤ ਦੀਆਂ ਅੱਖਾਂ ਦਾ ਕ੍ਰੋਧ ਮੈਂ ਨਹੀਂ ਝੱਲ ਸਕਿਆ। ਮੈਂ ਉਸਦੀਆਂ ਅੱਖਾਂ ਨੂੰ ਆਪਣੇ ਕੋਟ ਦੇ ਉਪਰਲੇ ਬੋਝੇ ਵਿਚ ਰੱਖ ਦਿੱਤਾ ਤੇ ਸ਼ਾਂਤ ਹੋ ਗਿਆ ਪਰ ਨਿਸ਼ਾਤ ਦੀ ਮੌਤ ਦੀ ਪੀੜਾ ਮੈਨੂੰ ਟੁੰਬਦੀ ਰਹਿੰਦੀ ਹੈ।

ਮੇਰੇ ਕੋਟ ਦੇ ਅੰਦਰਲੇ ਜੇਬੇ ਵਿਚ ਪਈਆਂ ਦੋ ਅੱਖਾਂ ਗ਼ੁਲਾਮ ਹੁਸੈਨ ਦੀਆਂ ਨੇ। ਜਿਹੜਾ ਤੋਤਾ ਗਲੀ ਦਾ ਰਹਿਣ ਵਾਲਾ ਸੀ ਅਤੇ ਫ਼ੌਜ ਦਾ ਖ਼ਬਰੀ ਸੀ। ਉਹ ਭਾਰਤ ਦਾ ਸੱਚਾ ਸਪੂਤ ਸੀ ਤੇ ਉੱਗਰਵਾਦੀਆਂ ਦਾ ਸਖ਼ਤ ਵਿਰੋਧੀ। ਇਹੋ ਕਾਰਨ ਸੀ ਕਿ ਉਹ ਵੇਲੇ-ਕੁਵੇਲੇ ਫ਼ੌਜੀਆਂ ਨੂੰ ਉੱਗਰਵਾਦੀਆਂ ਦੇ ਠਿਕਾਣੇ ਤੇ ਹੋਣ ਵਾਲੀਆਂ ਕਾਰਵਾਈਆਂ ਦੀਆਂ ਖ਼ਬਰਾਂ ਦੇਂਦਾ ਰਹਿੰਦਾ ਸੀ। ਹੌਲ਼ੀ-ਹੌਲ਼ੀ ਖਾੜਕੂਆਂ ਨੂੰ ਪਤਾ ਚਲ ਗਿਆ ਕਿ ਗ਼ੁਲਾਮ ਹੁਸੈਨ, ਫ਼ੌਜੀਆਂ ਦਾ ਖ਼ਬਰੀ ਹੈ। ਉਹਨੂੰ ਕਈ ਵਾਰੀ ਖਾੜਕੂਆਂ ਨੇ ਖ਼ਬਰਦਾਰ ਕੀਤਾ ਤੇ ਧਮਕੀ ਵੀ ਦਿੱਤੀ ਕਿ ਉਹ ਆਪਣੀਆਂ ਕਰਤੂਤਾਂ ਤੋਂ ਬਾਜ਼ ਆ ਜਾਏ ਨਹੀਂ ਤਾਂ ਉਸਦਾ ਸਾਰਾ ਟੱਬਰ ਮਾਰ ਦਿੱਤਾ ਜਾਏਗਾ ਪਰ ਗ਼ੁਲਾਮ ਹੁਸੈਨ, ਅੱਤਵਾਦੀਆਂ ਦੀਆਂ ਧਮਕੀਆਂ ਦੀ ਪਰਵਾਹ ਨਹੀਂ ਸੀ ਕਰਦਾ ਤੇ ਆਪਣਾ ਕੰਮ ਕਰੀ ਜਾ ਰਿਹਾ ਸੀ। ਆਖ਼ੀਰ ਇਕ ਰਾਤੀਂ ਉੱਗਰਵਾਦੀਆਂ ਨੇ ਉਹਦੇ ਘਰ 'ਤੇ ਹੱਲਾ ਬੋਲ ਦਿੱਤਾ ਤੇ ਗ਼ੁਲਾਮ ਹੁਸੈਨ ਸਮੇਤ ਘਰ ਦੇ ਸਾਰੇ ਜੀਅ ਗੋਲੀਆਂ ਨਾਲ ਭੁੰਨ ਛੱਡੇ। ਕਿਸੇ ਵੀ ਉਨ੍ਹਾਂ ਦੀ ਸ਼ਹੀਦੀ ਦਾ ਸੋਗ ਨਹੀਂ ਮਨਾਇਆ, ਨਾ ਭਾਰਤ ਮਾਤਾ ਦੇ ਸਪੂਤਾਂ ਨੇ, ਨਾ ਹੀ ਰਿਸ਼ਤੇਦਾਰਾਂ ਨੇ ਜਿਵੇਂ ਇਨਸਾਨ ਨਹੀਂ ਕੁੱਤੇ ਮਰੇ ਹੋਣ। ਗ਼ੁਲਾਮ ਹੁਸੈਨ ਦੀਆਂ ਅੱਖਾਂ ਇਹ ਸਲੂਕ ਦੇਖ ਕੇ ਬੜੀਆਂ ਤੜਫ਼ੀਆਂ ਤੇ ਮੈਨੂੰ ਵੇਖ ਕੇ ਗਿਲਾ ਕਰਨ

ਲੱਗੀਆਂ ਕਿ ਦੇਸ਼ ਭਗਤੀ ਦਾ ਸਿਲਾ ਇੰਞ ਹੀ ਮਿਲਦਾ ਹੁੰਦਾ ਹੈ? ਮੈਂ ਕੀ ਕਹਿੰਦਾ? ਸਰਕਾਰੀ ਬੇ-ਰੁਖੀ ਦੇ ਇਸ ਤਰ੍ਹਾਂ ਦੇ ਕਈ ਤਮਾਸ਼ੇ ਮੈਂ ਕਈ ਵਾਰੀ ਆਪ ਵੇਖੇ ਸਨ। ਇਸ ਲਈ ਮੈਂ ਗ਼ੁਲਾਮ ਹੁਸੈਨ ਦੀਆਂ ਅੱਖਾਂ ਸਾਂਭ ਕੇ ਕੋਟ ਦੇ ਅੰਦਰਲੇ ਬੋਝੇ ਵਿਚ ਪਾ ਦਿੱਤੀਆਂ।

ਹਰਨੀ ਪਿੰਡ ਵਿਚ ਵੀ ਚਾਰ ਬੇ-ਗੁਨਾਹ ਤੇ ਮਾਸੂਮ ਹਿੰਦੂਆਂ ਦਾ ਕਤਲ ਦਿਨ-ਦਿਹਾੜੇ ਖਾੜਕੂਆਂ ਨੇ ਕੀਤਾ ਸੀ ਤੇ ਲੋਕਾਂ ਵਿਚ ਇਸ ਘਟਨਾ ਬਾਰੇ ਡਾਢਾ ਰੋਸ ਸੀ। ਮੈਂਹਡਰ, ਪੁਣਛ, ਸੁਰਨਕੋਟ ਤੇ ਰਾਜੌਰੀ ਤੋਂ ਲੋਕੀਂ ਇਸ ਦੁਖਦਾਈ ਘਟਨਾ ਦਾ ਸੁਣ ਕੇ ਹਰਨੀ ਪਹੁੰਚੇ ਸਨ। ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਹੋ ਰਹੀ ਸੀ। ਪੁਤਲੇ ਸਾੜੇ ਜਾ ਰਹੇ ਸਨ। ਮੈਂ ਇਸ ਸਾਰੀ ਘਟਨਾ ਦੀ ਅੱਖੋਂ ਵੇਖੀ ਸੱਚਾਈ ਨੂੰ ਦਰਸ਼ਾਣ ਲਈ ਆਪੂੰ ਹਰਨੀ ਗਿਆ ਸਾਂ। ਲੋਕਾਂ ਕੋਲੋਂ ਪਤਾ ਚਲਿਆ ਕਿ ਦੋ ਦਿਨ ਪਹਿਲਾਂ ਬਲਨੋਈ ਵਿਚ ਰੱਖੀ ਗਈ ਫ਼ੌਜੀ ਬਟਾਲੀਅਨ ਦੇ ਕੁਝ ਸਿਪਾਹੀ ਰਾਤੀਂ ਖਾ-ਪੀ ਕੇ ਸਰਹੱਦ ਟੱਪ ਕੇ ਦੂਜੇ ਪਾਸੇ ਕਿਸੇ ਵਿਆਹ ਵਾਲੇ ਘਰ ਸੁੱਤੇ ਬੰਦਿਆਂ ਦਾ ਸਿਰ ਵੱਢ ਕੇ ਲੈ ਆਏ ਸਨ। ਜਿਸ ਦਾ ਬਦਲਾ ਖਾੜਕੂਆਂ ਨੇ ਹਰਨੀ ਵਿਚ ਰਹਿੰਦੇ ਮਾਸੂਮ ਬੰਦਿਆਂ ਨੂੰ ਕਤਲ ਕਰਕੇ ਲਿਆ ਸੀ। ਉਸ ਘਰ ਦਾ ਬਜ਼ੁਰਗ ਕ੍ਰਿਸ਼ਨ ਲਾਲ ਮਰਦੇ-ਮਰਦੇ ਆਪਣੀਆਂ ਅੱਖਾਂ ਮੇਰੇ ਹਵਾਲੇ ਕਰ ਗਿਆ ਤੇ ਕਹਿ ਗਿਆ ਕਿ ਕਦ ਤੀਕਰ ਅਸੀਂ ਆਪਸ ਵਿਚ ਵੈਰ ਪਾਲਦੇ ਰਹਾਂਗੇ ਤੇ ਇਕ ਦੂਜੇ ਦੇ ਸਿਰ ਵੱਢਦੇ ਰਵਾਂਗੇ। ਕੀ ਅਸੀਂ ਇਕ ਦੂਜੇ ਨੂੰ ਸੁਖ ਸੁਨੇਹੇ ਨਹੀਂ ਦੇ ਸਕਦੇ? ਮੈਂ ਕ੍ਰਿਸ਼ਨ ਲਾਲ ਦੀਆਂ ਅੱਖਾਂ ਕੋਟ ਦੇ ਅੰਦਰਲੇ ਦੂਜੇ ਬੋਝੇ ਵਿਚ ਸਾਂਭ ਰੱਖੀਆਂ ਤਾਂ ਜੇ ਜਦ ਕਦੇ ਸਰਹੱਦ ਪਾਰ ਦੀਆਂ ਦੁਖ ਜਰਦੀਆਂ ਅੱਖਾਂ ਲੱਭਣ ਤਾਂ ਮੈਂ ਕ੍ਰਿਸ਼ਨ ਲਾਲ ਦੀਆਂ ਅੱਖਾਂ ਨਾਲ ਉਨ੍ਹਾਂ ਦੀਆਂ ਪੀੜਾਂ ਸਾਂਝੀਆਂ ਕਰਾ ਸਕਾਂ।

ਮੇਰੇ ਕੋਟ ਦੇ ਨਿੱਕੇ ਵੱਡੇ ਬੋਝਿਆਂ ਵਿਚ ਹੋਰ ਵੀ ਕਈ ਅੱਖਾਂ ਪਈਆਂ ਨੇ ਜਿਵੇਂ ਚੱਠੀ ਸਿੰਘ ਪੁਰਾ ਵਿਚ ਸਿੱਖ ਸ਼ਹੀਦਾਂ ਦੀਆਂ ਅੱਖਾਂ ਜਾਂ ਫਿਰ ਪਥਰੀਬਲ ਦੇ ਮਾਸੂਮ ਸ਼ਹੀਦਾਂ ਦੀਆਂ ਅੱਖਾਂ, ਜਿਨ੍ਹਾਂ ਨੂੰ ਫ਼ੌਜੀਆਂ ਨੇ ਉੱਗਰਵਾਦੀ ਬਣਾ ਕੇ ਕਤਲ ਕਰ ਦਿੱਤਾ ਸੀ ਪਰ ਜਦ ਲੋਕਾਂ ਨੇ ਇਸ ਘਟਨਾ ਦੇ ਖ਼ਿਲਾਫ਼ ਖੜਕੇ ਨਾਲ ਅੰਦੋਲਨ ਸ਼ੁਰੂ ਕੀਤਾ ਅਤੇ ਇਹ ਸਾਬਿਤ ਕਰ ਦਿੱਤਾ ਕਿ ਸ਼ਹੀਦ ਹੋਣ ਵਾਲੇ ਬੰਦਿਆਂ ਦਾ ਉੱਗਰਵਾਦ ਨਾਲ ਕੋਈ ਸਬੰਧ ਨਹੀਂ ਸੀ ਅਤੇ ਉਹ ਬੇ-ਗੁਨਾਹ ਸਨ ਤਾਂ ਵੇਲੇ ਦੀ ਸਰਕਾਰ ਨੇ ਮੱਚ ਦਾ ਸੱਚ ਜਾਣਨ ਲਈ ਇਕ ਕਮਿਸ਼ਨ ਬਣਾਇਆ। ਮਰਨ ਵਾਲਿਆਂ ਦੀਆਂ ਲਾਸ਼ਾਂ ਕਬਰਾਂ ਵਿਚੋਂ ਕੱਢੀਆਂ ਗਈਆਂ ਤੇ ਡੀ.ਐਨ.ਏ. ਟੈਸਟ ਕਰਾਇਆ ਗਿਆ ਤਾਂ ਕਿਧਰੇ ਜਾ ਕੇ ਸਰਕਾਰ ਨੂੰ ਲੋਕਾਂ ਦੀ ਸੱਚਾਈ ਦਾ ਯਕੀਨ ਹੋਇਆ। ਕਸੂਰਵਾਰ ਫ਼ੌਜੀਆਂ ਦੇ ਖ਼ਿਲਾਫ਼ ਫ਼ੌਜੀ ਅਦਾਲਤ ਵਿਚ ਕੇਸ

ਚਲਾਇਆ ਗਿਆ ਪਰ ਕਿਸੇ ਨੂੰ ਵੀ ਸਜ਼ਾ ਨਹੀਂ ਹੋਈ। ਜਦਕਿ ਚੱਠੀ ਸਿੰਘ ਪੁਰਾ ਦੇ ਸ਼ਹੀਦਾਂ ਬਾਰੇ ਤਾਂ ਕੋਈ ਇਨਕੁਆਇਰੀ ਕਮਿਸ਼ਨ ਵੀ ਨਹੀਂ ਬਣਾਇਆ ਗਿਆ। ਸਾਡੇ ਅਦਾਲਤੀ ਨਜ਼ਾਮ ਦੇ ਵਤੀਰੇ ਨੂੰ ਵੇਖ ਕੇ ਇਨ੍ਹਾਂ ਅੱਖਾਂ ਵਿਚੋਂ ਲਹੂ ਡੁਲ੍ਹ ਰਿਹਾ ਸੀ। ਮੈਂ ਲਹੂ ਨੂੰ ਸਾਫ਼ ਕੀਤਾ ਤੇ ਸਾਰੀਆਂ ਅੱਖਾਂ ਨੂੰ ਦਲਾਸਾ ਦੇਣ ਲਈ ਆਪਣੇ ਕੋਲ ਰੱਖ ਲਿਆ। ਪਰ ਇਹ ਅੱਖਾਂ ਮੈਥੋਂ ਪੁਛਦੀਆਂ ਨੇ ਕਿ ਸਾਡੇ ਦੇਸ਼ ਵਿਚ ਇਸ ਤਰ੍ਹਾਂ ਦੀ ਤਾਨਾਸ਼ਾਹੀ ਕਦ ਤੀਕਰ ਚੱਲੇਗੀ? ਸੱਚ ਦੀ ਤਕੜੀ ਕਦੋਂ ਤੀਕ ਉੱਚੀ ਨੀਵੀਂ ਰਵੇਗੀ? ਇਹ ਕਦ ਬਰਾਬਰ ਤੋਲੇਗੀ?... ਪਰ ਮੈਂ ਕੀ ਦੱਸਾਂ ਮੈਂ ਤਾਂ ਚੌਥੀ ਜਮਾਤ ਤੋਂ ਅੱਜ ਤੋੜੀ ਵੇਖ ਰਿਹਾ ਹਾਂ ਕਿ ਸਾਡੇ ਇੱਥੇ ਮੱਝਾਂ ਵੀ ਕਾਲੀਆਂ ਤੇ ਭੇਡਾਂ ਵੀ ਕਾਲੀਆਂ ਨੇ। ਜਨੂੰਨੀ ਧਰਮ ਤੇ ਸਿਆਸਤ ਦੇ ਕਾਰੋਬਾਰ ਅਤੇ ਹੱਦ ਤੋਂ ਵੱਧ ਪ੍ਰਚਾਰ ਨੇ ਇਨਸਾਨੀ ਰੂਹ, ਦਿਲ ਤੇ ਦਿਮਾਗ਼ ਨੂੰ ਬਿਮਾਰ ਕਰ ਦਿੱਤਾ ਹੈ। ਜਿਸਦਾ ਇਲਾਜ ਹੁਣ ਧਾਰਮਿਕ ਗ੍ਰੰਥ ਵੀ ਨਹੀਂ ਕਰ ਸਕਦੇ। ਆਮ ਲੋਕੀ ਨਹੀਂ ਸਮਝੇ। ਉਹ ਕੂੜ ਸ਼ਬਦਾਂ ਦੇ ਜਾਲ ਵਿਚ ਫਸੇ ਹੋਏ ਨੇ। ਉਨ੍ਹਾਂ ਨੂੰ ਕੌਣ ਸਮਝਾਏ ਕਿ ਚੂਹਾ, ਸੱਪ ਨੂੰ ਕਿੰਝ ਨਿਗਲ ਸਕਦਾ ਹੈ? ਕੀੜੀਆਂ, ਪਹਾੜ ਨੂੰ ਕਿੰਝ ਉਖਾੜ ਸਕਦੀਆਂ ਨੇ? ਹਿਰਨ, ਬਘਿਆੜ ਦਾ ਸ਼ਿਕਾਰ ਕਿੰਝ ਕਰ ਸਕਦਾ ਹੈ? ਮੈਂ ਵੇਖਦਾ ਹਾਂ ਕਿ ਸੁਕਰਾਤ, ਮਨਸੂਰ ਤੇ ਸਰਮਦ ਜੇਹੇ ਦੋਸਤਾਂ ਦੇ ਦਿਲ ਵੀ ਮਰ ਚੁੱਕੇ ਨੇ ਤੇ ਦੁਨੀਆਂ ਵੀ ਮਰ ਚੁੱਕੀ ਹੈ। ਉਨ੍ਹਾਂ ਦੇ ਲਿਖੇ ਅੱਖਰਾਂ ਦਾ ਕੋਈ ਗਾਹਕ ਨਹੀਂ। ਲੱਲ ਮਾਂ, ਨੁੰਦ ਰਿਸ਼ੀ, ਵਾਰਿਸ, ਹਾਸ਼ਿਮ ਤੇ ਬੁੱਲ੍ਹੇ, ਸਭ ਝੱਲੇ ਬਣ ਗਏ ਨੇ। ਇਸ ਲਈ ਮੈਂ ਫ਼ੈਸਲਾ ਕਰ ਲਿਆ ਕਿ ਇਨ੍ਹਾਂ ਅੱਖਾਂ ਨੂੰ ਇਸ ਅਜ਼ਾਬ ਦੇ ਤੇਜ਼ਾਬ ਵਿਚ ਹੋਰ ਨਹੀਂ ਸੜਣ ਦਿਆਂਗਾ। ਮੈਂ ਇਕ ਵੱਡੀ ਕਬਰ ਖੋਦੀ ਤੇ ਕੋਟ ਦੇ ਬੋਝਿਆਂ ਵਿਚੋਂ ਸਾਰੀਆਂ ਅੱਖਾਂ ਕੱਢ ਕੇ ਕਬਰ ਵਿਚ ਦਫ਼ਨਾ ਦਿੱਤੀਆਂ ਤੇ ਘਰ ਪਰਤ ਆਇਆ। ਘਰ ਆਉਂਦਿਆਂ ਹੀ ਮੈਂ ਆਪਣੇ ਜ਼ਮੀਰ ਦੇ ਬਖ਼ੀਏ ਉਧੇੜ ਸੁੱਟੇ। ਦਿਲ ਤੇ ਦਿਮਾਗ਼ ਵਿਚ ਮੇਖਾਂ ਗੱਡ ਦਿੱਤੀਆਂ ਤੇ ਆਪਣੀਆਂ ਅੱਖਾਂ ਬੰਦ ਕਰਕੇ ਸੌਣ ਦਾ ਯਤਨ ਕਰਨ ਲੱਗਾ।

ਸਵੇਰੇ ਜਦ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਦਫ਼ਨ ਕੀਤੀਆਂ ਹੋਈਆਂ ਸਾਰੀਆਂ ਅੱਖਾਂ ਮੇਰੇ ਕਮਰੇ ਦੀਆਂ ਦੀਵਾਰਾਂ ਤੋਂ ਮੈਨੂੰ ਘੂਰ-ਘੂਰ ਕੇ ਦੇਖ ਰਹੀਆਂ ਸਨ ਤੇ ਆਪਣੇ ਜ਼ਿੰਦਾ ਹੋਣ ਦਾ ਸਬੂਤ ਦੇ ਰਹੀਆਂ ਸਨ।

•

# ਇਸ਼ਕ ਮਲੰਗੀ

ਲਾਹੌਰ ਵਿਚ ਦਾਤਾ ਦਰਬਾਰ ਦੇ ਸਾਹਮਣੇ ਪਟਰੀ 'ਤੇ ਬੈਠੀਆਂ ਸਵਾਣੀਆਂ ਤੇ ਪੁਰਸ਼ ਨਿੱਕੇ-ਨਿੱਕੇ ਪਿੰਜਰਿਆਂ ਵਿਚ ਚਿੜੀਆਂ ਤੇ ਤੋਤੇ ਲਈ ਗਾਹਕਾਂ ਨੂੰ ਉਡੀਕਦੇ ਰਹਿੰਦੇ ਨੇ। ਅਕੀਦਤਮੰਦ ਤੇ ਸ਼ਰਧਾਲੂ ਦਾਤਾ ਗੰਜ ਬਖ਼ਸ਼ ਦੇ ਮਜ਼ਾਰ 'ਤੇ ਹਾਜ਼ਰੀ ਦੇਣ ਮਗਰੋਂ ਚਿੜੀਆਂ ਤੇ ਤੋਤਿਆਂ ਦਾ ਮੁੱਲ ਚੁਕਾ ਕੇ ਅਤੇ ਉਨ੍ਹਾਂ ਨੂੰ ਪਿੰਜਰਿਆਂ ਤੋਂ ਆਜ਼ਾਦ ਕਰਾ ਕੇ ਸਵਾਬ ਕਮਾਂਦੇ ਨੇ- ਇਹ ਝਾਕੀ ਵੇਖ ਕੇ ਮੈਨੂੰ ਆਪਣਾ ਯਾਰ ਗਾਮਾ ਨਾਈ ਚੇਤੇ ਆ ਗਿਆ, ਜਿਸ ਦੀ ਹੱਟੀ ਜੰਮੂ ਦੇ ਉਰਦੂ ਬਾਜ਼ਾਰ ਵਿਚ ਸੀ ਤੇ ਜਿਸ ਦੀ ਦੁਕਾਨ ਦੀ ਛੱਤ ਉਤੇ ਇਕ ਨਿੱਕਾ ਜਿਹਾ ਚਿੜੀਆਘਰ ਸੀ, ਜਿਸ ਵਿਚ ਉਸ ਨੇ ਚਿੜੀਆਂ, ਕਬੂਤਰ, ਤੋਤੇ ਤੇ ਬਾਂਦਰ ਪਾਲ ਰੱਖੇ ਸਨ। ਗਾਮਾ, ਨਾਈਆਂ ਦੇ ਕੰਮ ਦੇ ਨਾਲ-ਨਾਲ ਬਾਂਦਰਾਂ ਤੇ ਤੋਤਿਆਂ ਨੂੰ ਸੁਧਾਰਨ ਤੇ ਉਨ੍ਹਾਂ ਨੂੰ ਕਰਤੱਬ ਸਿਖਾਉਣ ਵਿਚ ਵੀ ਮਾਹਰ ਸੀ। ਕਈ ਮਦਾਰੀ ਉਸ ਕੋਲੋਂ ਬਾਂਦਰ ਖ਼ਰੀਦ ਕੇ ਲੈ ਜਾਂਦੇ ਤੇ ਆਪਣੀ ਰੋਜ਼ੀ ਰੋਟੀ ਕਮਾਂਦੇ। ਇਕ ਬਾਂਦਰ ਗਾਮੀ ਨੇ ਅਜਿਹਾ ਸੁਧਾਇਆ ਸੀ ਭਈ ਵਾਲ ਕੱਟਦਿਆਂ ਹੋਇਆਂ ਵੀ ਉਹ ਉਸ ਦੇ ਮੋਢਿਆਂ 'ਤੇ ਚੜ੍ਹਿਆ ਰਹਿੰਦਾ। ਗਾਮੀ ਚਰਸ ਵਾਲੇ ਸਿਗਰਟ ਪੀਣ ਦਾ ਆਦੀ ਸੀ। ਉਹ ਚਰਸ ਵਾਲੇ ਸਿਗਰਟਾਂ ਦਾ ਧੂੰਆਂ ਬਾਂਦਰ ਦੀਆਂ ਨਾਸਾਂ ਵਿਚ ਪਾ ਦੇਂਦਾ ਤੇ ਬਾਂਦਰ ਨਾਲ ਇੰਝ ਦਿਲਲਗੀ ਕਰਦਾ ਰਹਿੰਦਾ। ਕਦੇ-ਕਦੇ ਤਾਂ ਉਹ ਆਪਣੇ ਪਾਲਤੂ ਬਾਂਦਰ ਨੂੰ ਸਿਗਰਟ ਦਾ ਸੂਟਾ ਵੀ ਲਵਾ ਛੱਡਦਾ। ਇੰਝ ਹੌਲ਼ੀ-ਹੌਲ਼ੀ ਗਾਮੀ ਚਰਸੀ ਦਾ ਬਾਂਦਰ ਚਰਸ ਦੇ ਧੂੰਏਂ ਦਾ ਆਦੀ ਹੋ ਗਿਆ ਤੇ ਉਸ ਨੂੰ ਦਿਨ ਰਾਤ ਖੁਮਾਰੀ ਚੜ੍ਹੀ ਰਹਿੰਦੀ। ਦੋ-ਤਿੰਨ ਬਾਂਦਰ ਗਾਮੀ ਨੇ ਅਜਿਹੇ ਸੁਧਾਏ ਸਨ ਕਿ ਜਿਹੜਾ ਵੀ ਉਨ੍ਹਾਂ ਨੂੰ ਖ਼ਰੀਦ ਕੇ ਲੈ ਜਾਂਦਾ, ਉਹ ਮਗਰੋਂ ਪਛਤਾਂਦਾ, ਕਿਉਂ ਜੇ ਅੱਠ ਦਸ ਦਿਨਾਂ ਪਿਛੋਂ ਉਹ ਬਾਂਦਰ ਮੁੜ ਗਾਮੀ ਕੋਲ ਪਰਤ ਆਉਂਦਾ। ਗਾਮੀ ਨੇ ਆਪਣੇ ਪਾਲਤੂ ਬਾਂਦਰ ਦਾ ਨਾਂ ਭੰਬੀਰੀ ਰੱਖਿਆ ਹੋਇਆ ਸੀ ਤੇ ਭੰਬੀਰੀ ਗਾਮੀ ਦੀ ਸਿਖਾਈ ਹੋਈ ਫ਼ਨਕਾਰੀ ਦਾ ਇਕ ਨਿਵੇਕਲਾ ਨਮੂਨਾ ਸੀ। ਉਹ ਕਈ ਵਾਰ ਨਾਲ ਦੀਆਂ ਦੁਕਾਨਾਂ 'ਤੇ ਚਲਾ ਜਾਂਦਾ ਤੇ ਹੱਟੀ ਵਾਲੇ ਦੀ ਨਜ਼ਰ ਬਚਾ ਕੇ ਚਵੰਨੀ, ਅਠੰਨੀ ਤੇ ਰੁਪਏ ਦਾ ਠੀਪਾ ਮੂੰਹ 'ਚ ਪਾ ਲੈਂਦਾ ਅਤੇ ਦੋ-ਚਾਰ ਛੜੱਪੇ ਮਾਰਦਾ ਹੋਇਆ ਮੁੜ ਆਪਣੀ ਹੱਟੀ 'ਤੇ ਆ ਵੜਦਾ ਤੇ ਪੈਸੇ ਗਾਮੀ ਨੂੰ ਫੜਾ

ਦਿੰਦਾ। ਗਾਮੀ ਅਡੋਲ ਹੀ ਪੈਸੇ ਬੋਝੇ ਵਿਚ ਪਾ ਲੈਂਦਾ। ਇੰਝ ਗਾਮੀ ਦੀਆਂ ਪੌਂ ਬਾਰਾਂ ਸਨ। ਇਕ ਵਾਰੀ ਗਾਮੀ ਦੋ ਦਿਨਾਂ ਲਈ ਕਿਸੇ ਸਾਕ ਦੇ ਪਰਣੇ ਜਗਾਨੂੰ ਚਲਾ ਗਿਆ ਅਤੇ ਹੱਟੀ ਆਪਣੇ ਸ਼ਾਗਿਰਦ ਤੇ ਭੰਬੀਰੀ ਦੇ ਹਵਾਲੇ ਕਰ ਗਿਆ। ਦੋ ਦਿਹਾੜ ਚਰਸ ਦੇ ਸਿਗਰਟ ਦਾ ਧੂੰਆਂ ਨਾ ਮਿਲਣ ਕਾਰਨ ਭੰਬੀਰੀ ਦਾ ਸਾਰਾ ਸਰੀਰ ਟੁੱਟ ਰਿਹਾ ਸੀ ਤੇ ਉਹ ਲਾਗਰ ਨਿਢਾਲ ਹੱਟੀ ਦੀ ਨੁੱਕਰੇ ਪਿਆ ਹੋਇਆ ਸੀ। ਗਾਮੀ ਦੇ ਆਉਂਦੇ ਸਾਰ ਹੀ ਉਹ ਕੁੱਦ ਕੇ ਉਹਦੀ ਕੁੱਛੜ ਵਿਚ ਬਹਿ ਗਿਆ ਤੇ ਉਸ ਦੇ ਬੋਝੇ ਫਰੋਲਣ ਲੱਗਾ। ਗਾਮੀ ਸਾਰੀ ਗੱਲ ਸਮਝ ਗਿਆ। ਉਸ ਨੇ ਚਰਸ ਦਾ ਸਿਗਰਟ ਸੁਲਗਾਇਆ ਤੇ ਧੂੰਆਂ ਭੰਬੀਰੀ ਨੂੰ ਸੁੰਘਾਣ ਲੱਗਾ। ਪੰਜ ਸੱਤ ਸੂਟਿਆਂ ਦਾ ਧੂੰਆਂ ਅੰਦਰ ਜਾਣ ਨਾਲ ਭੰਬੀਰੀ ਚੁਸਤ ਤੇ ਦਰੁਸਤ ਹੋ ਗਿਆ। ਗਾਮੀ ਨਾਈ ਦਾ ਇਕ ਗੂੜ੍ਹਾ ਯਾਰ ਸੀ, ਜਿਸ ਦਾ ਨਾਂ ਸੀ- ਕਾਲੇ ਖ਼ਾਨ। ਉਹ ਸਿਰਫ਼ ਨਾਂ ਦਾ ਕਾਲੇ ਖ਼ਾਨ ਸੀ ਨਹੀਂ ਤੇ ਉਹ ਗੋਰਾ ਚਿੱਟਾ, ਉੱਚਾ ਲੰਮਾ ਤੇ ਸੋਹਣਾ ਪਠਾਨ ਸੀ। ਉਹ ਕੋਚਵਾਨ ਸੀ ਤੇ ਉਸ ਕੋਲ ਆਪਣਾ ਟਾਂਗਾ ਘੋੜਾ ਸੀ। ਉਹ ਰੋਜ਼ ਗੁੰਮਟ ਅੱਡੇ ਤੋਂ ਤੇ ਕਦੇ ਪੰਜ ਤੀਰਥੀਓਂ ਸਵਾਰੀਆਂ ਲੈ ਕੇ ਨਹਿਰ ਜਾਂ ਸਤਵਾਰੀ ਦੇ ਤਿੰਨ ਚਾਰ ਫੇਰੇ ਲਾ ਕੇ ਗਾਮੇ ਨਾਈ ਦੀ ਦੁਕਾਨ 'ਤੇ ਆ ਬਹਿੰਦਾ। ਆਪਣਾ ਟਾਂਗਾ ਘੋੜਾ ਉਹ ਕਦੇ ਖਟੀਕਾਂ ਦੇ ਤਲਾਅ ਨੇੜੇ ਸਰਦਾਰ ਅਕਰਮ ਖ਼ਾਨ ਦੁਰਾਨੀ ਦੀ ਹਵੇਲੀ ਕੋਲ ਜਾਂ ਫੇਰ ਮੁਹੱਲਾ ਜੀਵਨ ਸ਼ਾਹ ਵਾਲੇ ਚੌਕ 'ਤੇ ਖੜ੍ਹਾ ਕਰਕੇ ਅਤੇ ਘੋੜੇ ਦੇ ਅੱਗੇ ਦਾਨਿਆਂ ਵਾਲਾ ਤੋੜਾ ਰੱਖ ਕੇ ਆਪ ਗਾਮੇ ਨਾਈ ਦੀ ਹੱਟੀ 'ਤੇ ਬਹਿ ਜਾਂਦਾ। ਉਹ ਗਾਮੀ ਦੀ ਦੁਕਾਨ 'ਤੇ ਗੱਪਾਂ ਮਾਰਨ ਘੱਟ ਤੇ ਬਹੁਤਾ ਅੱਖਾਂ ਸੇਕਣ ਬਹਿੰਦਾ ਸੀ ਕਿਉਂਕਿ ਫਿਰੋਜ਼ਾ ਕਸਬੀ ਦਾ ਚਬਾਰਾ ਗਾਮੀ ਦੀ ਦੁਕਾਨ ਦੇ ਬਿਲਕੁਲ ਸਾਹਮਣੇ ਸੀ। ਕਾਲੇ ਖ਼ਾਨ ਫਿਰੋਜ਼ਾ ਦਾ ਆਸ਼ਿਕ ਸੀ ਤੇ ਉਸ ਨਾਲ ਨਜ਼ਰਬਾਜ਼ੀ ਕਰਦਾ ਰਹਿੰਦਾ। ਉਹ ਇਕ ਸਿੱਧ-ਪੱਧਰਾ ਬੰਦਾ ਸੀ ਪਰ ਉਸ ਦੀਆਂ ਅੱਖਾਂ ਵਿਚ ਫਿਰੋਜ਼ਾ ਨੂੰ ਹਾਸਿਲ ਕਰਨ ਦੇ ਸੁਫ਼ਨੇ ਨੱਚਦੇ ਰਹਿੰਦੇ। ਮੈਂ ਵੀ ਦਫ਼ਤਰੋਂ ਛੁੱਟੀ ਹੋਣ ਮਗਰੋਂ ਗਾਮੀ ਦੀ ਦੁਕਾਨ 'ਤੇ ਆ ਜਾਂਦਾ। ਅਸੀਂ ਦੋਵੇਂ ਕਾਲੇ ਖ਼ਾਨ ਦਾ ਮਖ਼ੌਲ ਉਡਾਉਂਦੇ ਰਹਿੰਦੇ।

ਉਰਦੂ ਬਾਜ਼ਾਰ ਸੰਨ ਸੰਤਾਲੀ ਤੋਂ ਪਹਿਲਾਂ ਬੜਾ ਰੌਣਕੀ ਬਾਜ਼ਾਰ ਸੀ। ਇੱਥੇ ਕਸਬੀਆਂ ਤੇ ਡੇਰੇਦਾਰਨੀਆਂ ਦੇ ਚੁਬਾਰੇ ਸਨ ਤੇ ਚੁਬਾਰਿਆਂ ਹੇਠ... ਫੁੱਲਾਂ, ਇੱਤਰ, ਪਾਨ, ਸਿਗਰਟ, ਚਾਅ, ਦੁੱਧ-ਦਹੀਂ, ਮਿਠਾਈ ਤੇ ਨਹਾਰੀ ਦੀਆਂ ਦੁਕਾਨਾਂ ਸਨ। ਵੰਗਾਂ, ਪਰਾਂਦੇ, ਸ਼ੀਸ਼ੇ, ਕੰਘੀਆਂ ਤੇ ਛੱਲੇ-ਛਾਪਾਂ ਦੀਆਂ ਛਾਬੜੀਆਂ ਸਨ। ਬਰਫ਼, ਕੁਲਫ਼ੀਆਂ, ਸ਼ਰਬਤ ਤੇ ਸੋਢੇ ਦੀਆਂ ਬੋਤਲਾਂ ਦੀਆਂ ਰੇਹੜੀਆਂ ਸਨ। ਅਫ਼ੀਮ, ਚਰਸ, ਗਾਂਜਾ ਤੇ ਸ਼ਰਾਬ ਬੇਹਿਸਾਬ ਮਿਲਦੀ ਸੀ। ਇਸ ਬਾਜ਼ਾਰ ਵਿਚ

ਮਲਿਕਾ ਪੁਖਰਾਜ, ਉਹਦੀਆਂ ਫੁੱਫੀਆਂ ਨੀਲੋ ਤੇ ਫੀਲੋ, ਮੁਮੇਰੀ ਭੈਣ ਜ਼ੁਬੇਦਾ, ਭਾਗੋ ਪੇਰਨੀ ਦੀ ਧੀ ਗੌਹਰ ਜਾਨ, ਇਕਬਾਲ ਬਾਲੀ, ਤਾਜੀ, ਜ਼ਮੁਰਦ, ਸਰਦਾਰ ਬੇਗ਼ਮ ਤੇ ਮੋਤੀ ਜਾਨ ਆਪਣੇ ਹੁਸਨ ਦੇ ਜਲਵੇ ਲੁਟਾਉਂਦੀਆਂ ਤੇ ਸ਼ੌਕੀ ਗੱਭਰੂਆਂ, ਖ਼ਜ਼ਾਬ ਰੰਗੇ ਤੇ ਮਹਿੰਦੀ ਰੱਤੇ ਆਸ਼ਕਾਂ ਦੇ ਬੋਝੇ ਹਲਕੇ ਕਰਾਂਦੀਆਂ। ਰੋਜ਼ ਸ਼ਾਮਾਂ ਸੱਜਦੀਆਂ। ਗਾਉਣ-ਵਜਾਉਣ ਦੀਆਂ ਮਹਿਫ਼ਲਾਂ ਰਤਜਗਾ ਕਰਦੀਆਂ। ਮੋਤੀਏ, ਗੁਲਾਬ ਤੇ ਮੌਲਸਰੀ ਦੇ ਫੁੱਲਾਂ ਦੀ ਖ਼ੁਸ਼ਬੂ ਗਾਹਕਾਂ ਨੂੰ ਮਸਤ ਬਣਾਉਂਦੀ। ਅੱਲੜ੍ਹ ਜਵਾਨੀਆਂ ਤੇ ਸੁਰ ਸੱਜੀਆਂ ਆਵਾਜ਼ਾਂ ਦਾ ਸੰਗਮ ਕਿਆਮਤ ਮਚਾਂਦਾ ਤੇ ਮਨਚਲੇ ਫਰਿਸ਼ਤਿਆਂ ਨੂੰ ਤਰਸਾਉਂਦਾ।

ਇਹ ਸ਼ਾਇਦ ਸੰਨ ਚਾਲੀ ਜਾਂ ਇਕਤਾਲੀ ਦੀ ਗੱਲ ਹੈ ਕਿ ਪਟਿਆਲਾ ਘਰਾਣੇ ਦੇ ਪ੍ਰਸਿੱਧ ਗਾਇਕ ਤੇ ਕਲਾਸਿਕੀ ਸੰਗੀਤ ਦੇ ਮਾਹਰ ਖ਼ਾਨ ਸਾਹਿਬ ਉਸਤਾਦ ਆਸ਼ਿਕ ਅਲੀ ਖਾਨ ਪਟਿਆਲੇ ਤੋਂ ਜੰਮੂ ਆਏ। ਉਨ੍ਹਾਂ ਰੈਜ਼ੀਡੈਂਸੀ ਰੋਡ 'ਤੇ ਬਣੀ ਕਸ਼ਮੀਰ ਸੋਪ ਫ਼ੈਕਟਰੀ ਦੀ ਛੱਤ ਉਤੇ ਗੀਤ-ਸੰਗੀਤ ਦੀ ਮਹਿਫ਼ਲ ਵਿਚ ਭਾਗ ਲਿਆ ਤੇ ਆਪਣੀ ਗਾਇਕੀ ਦਾ ਕਮਾਲ ਦੱਸਿਆ। ਉਸਤਾਦ ਆਸ਼ਿਕ ਅਲੀ ਖ਼ਾਨ ਨੂੰ ਸੁਣਨ ਵਾਲਿਆਂ ਵਿਚ ਮਲਿਕਾ ਪੁਖਰਾਜ, ਗੌਹਰ ਜਾਨ, ਸਰਦਾਰ ਬੇਗ਼ਮ ਤੇ ਮੋਤੀ ਜਾਨ ਵੀ ਸਨ। ਗੌਹਰ ਜਾਨ ਤੇ ਸਰਦਾਰ ਬੇਗ਼ਮ ਨੇ ਅਕੀਦਤ ਵਜੋਂ ਖ਼ਾਨ ਸਾਹਿਬ ਦੇ ਪੈਰ ਵੀ ਦਬਾਏ। ਉਥੇ ਕਿਸੇ ਨੇ ਖ਼ਾਨ ਸਾਹਿਬ ਨੂੰ ਕੁੰਦਨ ਲਾਲ ਸਹਿਗਲ ਦੀ ਰਾਗ ਗੰਧਾਰੀ ਵਿਚ ਗਾਈ ਹੋਈ ਠੁਮਰੀ, 'ਝੂਲਨਾ ਝੁਲਾਓ ਰੀ, ਅੰਬਵਾ ਕੀ ਡਾਲੀ ਪੇ ਕੋਇਲ ਬੋਲੇ' ਗਾਣ ਦੀ ਫ਼ਰਮਾਇਸ਼ ਕੀਤੀ। ਖ਼ਾਨ ਸਾਹਿਬ ਨਿੰਮ੍ਹਾ ਜਿਹਾ ਹੱਸੇ ਤੇ ਫੇਰ ਉਨ੍ਹਾਂ ਗੰਧਾਰੀ ਸ਼ੁਰੂ ਕੀਤੀ ਅਤੇ ਆਪਣੀ ਆਵਾਜ਼ ਨਾਲ ਮਹਿਫ਼ਲ ਨੂੰ ਮਸਤ ਬਣਾ ਦਿੱਤਾ, ਨਾਲੇ ਦੱਸਿਆ- ਭਈ ਗੰਧਾਰੀ ਦਾ ਅਸਲ ਰੂਪ ਕੀ ਹੈ ਅਤੇ ਪਟਿਆਲਾ ਘਰਾਣੇ ਦੀ ਲੈਅਕਾਰੀ ਕਿੰਨੂ ਕਹਿੰਦੇ ਹਨ। ਫੇਰ ਉਨ੍ਹਾਂ ਇਕ ਦਾਦਰਾ ਗਾਇਆ। ਬੋਲ ਸਨ- 'ਕਹਾਂ ਗਿਰੀ ਰੇ ਮੋਰੇ ਮਾਥੇ ਕੀ ਬਿੰਦੀਆ'। ਮਹਿਫ਼ਲ ਖ਼ਤਮ ਹੋਈ। ਖ਼ਾਨ ਸਾਹਿਬ ਨੂੰ ਮਾਣ-ਸਨਮਾਨ ਨਾਲ ਨਿਵਾਜ਼ਿਆ ਗਿਆ। ਉਨ੍ਹਾਂ ਦੀ ਇੱਜ਼ਤ ਅਫ਼ਜ਼ਾਈ ਕੀਤੀ ਗਈ ਤੇ ਕਈ ਰਈਸਜ਼ਾਦਿਆਂ ਦੇ ਘਰਾਂ ਵਿਚ ਉਨ੍ਹਾਂ ਦੀਆਂ ਦਾਅਵਤਾਂ ਵੀ ਹੋਈਆਂ। ਮਲਿਕਾ ਪੁਖਰਾਜ ਨੇ ਉਨ੍ਹਾਂ ਦੀ ਬਾਕਾਇਦਾ ਸ਼ਗਿਰਦੀ ਅਖ਼ਤਿਆਰ ਕੀਤੀ ਤੇ ਫਿਰ ਸੰਗੀਤ ਦੀ ਦੁਨੀਆਂ ਵਿਚ ਆਪਣੀ ਇਕ ਵੱਖਰੀ ਪਹਿਚਾਣ ਬਣਾਈ।

ਪਰ ਕਾਲੇ ਖ਼ਾਨ ਨੂੰ ਨਾ ਤੇ ਗੀਤ-ਸੰਗੀਤ ਦੀਆਂ ਮਹਿਫ਼ਲਾਂ ਵਿਚ ਬਹਿਣ ਦਾ ਚਾਹ ਸੀ, ਨਾ ਹੀ ਗਸ਼ਤੀਆਂ ਤੇ ਕਸਬੀਆਂ ਸੰਗ ਰਬਾਬ ਵਜਾਉਣ ਦਾ ਸ਼ੌਕ। ਉਹ ਤਾਂ ਸਿਰਫ਼ ਫਿਰੋਜ਼ਾ ਦਾ ਅਲਗੋਜ਼ਾ ਸੀ। ਫਿਰੋਜ਼ਾ ਲਈ ਉਸ ਦੀ

ਮੁਹੱਬਤ ਇਕ ਨੂਰੀ ਕਲਮਾ ਸੀ। ਰੂਹ ਦਾ ਸਾਜ਼ ਸੀ ਤੇ ਦਿਲ ਦੀ ਆਵਾਜ਼। ਉਹ ਫਿਰੋਜ਼ਾ ਦੇ ਸਿਰ ਉਤੇ ਇੱਜ਼ਤ ਦੀ ਚਾਦਰ ਪਾਉਣਾ ਚਾਹੁੰਦਾ ਸੀ। ਉਹਨੂੰ ਆਪਣਾ ਹਮਸਫ਼ਰ ਬਣਾਉਣਾ ਚਾਹੁੰਦਾ ਸੀ। ਤਾਹੀਓਂ ਉਹ ਗਾਮੇ ਨਾਈ ਦੀ ਹੱਟੀ 'ਤੇ ਬਹਿ ਕੇ ਆਪਣੀਆਂ ਅੱਖਾਂ ਨੂੰ ਫਿਰੋਜ਼ਾ ਦੇ ਚੁਬਾਰੇ ਦਾ ਤੁਆਫ਼ ਕਰਾਂਦਾ ਰਹਿੰਦਾ, ਨਾਲੇ ਹਲਕੀ ਜਿਹੀ ਸੁਰ ਵਿਚ ਮਾਹੀਏ ਗਾਉਂਦਾ ਰਹਿੰਦਾ। ਉਂਝ ਤਾਂ ਕਾਲੇ ਖ਼ਾਨ ਚਿੱਟਾ ਅਨਪੜ੍ਹ ਸੀ ਪਰ ਇਸ਼ਕ ਕਿਤਾਬ ਦੇ ਅੱਖਰ ਉਹਦੇ ਦਿਲ ਨੇ ਖ਼ੂਬ ਪੜ੍ਹੇ ਸਨ। ਉਹ ਹਮਾਤੜ ਚਾਹੁੰਦਾ ਸੀ ਭਈ ਫਿਰੋਜ਼ਾ ਪਿਆਰ ਦੀ ਗਾਚੀ ਨਾਲ ਉਹਦੇ ਦਿਲ ਦੀ ਫੱਟੀ ਨੂੰ ਲਿਮ ਦੇਵੇ ਤੇ ਮੋਹ ਦੇ ਪੂਰਨੇ ਪਾਵੇ ਅਤੇ ਉਹਦੀ ਰੂਹ ਨੂੰ ਸਕੂਨ ਬਖ਼ਸ਼ੇ। ਫਿਰੋਜ਼ਾ ਲਈ ਉਸ ਨੇ ਆਪਣੀਆਂ ਅੱਖਾਂ ਵਿਚ ਸ਼ਰਮ ਦਾ ਸੁਰਮਾ ਪਾਈ ਰੱਖਿਆ ਤੇ ਮਨ ਦੇ ਘੋੜੇ ਦੀ ਵਾਗ ਘੁੱਟ ਕੇ ਫੜੀ ਰੱਖੀ ਤੇ ਉਸ ਨੂੰ ਬੇਕਾਬੂ ਨਹੀਂ ਹੋਣ ਦਿੱਤਾ। ਕਾਲੇ ਖ਼ਾਨ ਫਿਰੋਜ਼ਾ ਦੇ ਹੁਸਨ ਦਾ ਸ਼ੁਦਾਈ ਸੀ ਤੇ ਕਹਿੰਦਾ ਸੀ ਕਿ ਰੱਬ ਸੋਹਣੇ ਨੇ ਆਸ਼ਿਕ ਨੂੰ ਇਸ਼ਕ ਦਿੱਤਾ ਤੇ ਮਾਸ਼ੂਕ ਨੂੰ ਹੁਸਨ। ਜਦ ਦੋਵੇਂ ਇਕਮਿਕ ਹੋ ਜਾਣ ਤਾਂ ਕੱਚੇ ਘੜੇ ਵੀ ਪਾਰ ਲੰਘ ਜਾਂਦੇ ਨੇ। ਫਿਰੋਜ਼ਾ ਨੂੰ ਵੇਖਦਿਆਂ ਹੀ ਕਾਲੇ ਖ਼ਾਨ ਦੇ ਮਨ ਮੌਸਮ ਵਿਚ ਸਰ੍ਹੋਂ ਫੁੱਟ ਪੈਂਦੀ ਤੇ ਦਿਲ ਬਾਗ਼-ਬਹਾਰ ਹੋ ਜਾਂਦਾ। ਉਹ ਮਨ ਹੀ ਮਨ ਵਿਚ ਫਿਰੋਜ਼ਾ ਲਈ ਪਿਆਰ ਪਿੱਪਲਾਂ ਤੇ ਪੀਂਘਾਂ ਪਾਉਂਦਾ ਤੇ ਉਸ ਨੂੰ ਪੀਂਘ ਝੂਟਾਉਂਦਾ ਨਾਲੇ ਗਾਉਂਦਾ- "ਪੀਂਘ ਝੂਟੇਂਦੇ ਦੋ ਜਣੇ ਨੀ ਓਏ, ਆਸ਼ਿਕ ਤੇ ਮਾਸ਼ੂਕ ਵੇ ਮਾਹੀਆ।" ਪਰ ਦੀਵੇ ਦਾ ਨਾਂ ਲੈਣ ਨਾਲ ਭਲਾ ਹਨੇਰਾ ਵੀ ਦੂਰ ਹੋਇਆ ਹੈ ਕਦੀ। ਉਸ ਲਈ ਤਾਂ ਦੀਵਾ ਬਾਲਣਾ ਪੈਂਦਾ ਹੈ, ਜੋ ਹਾਲੀ ਤੀਕਰ ਨਹੀਂ ਸੀ ਬਲਿਆ। ਕਾਲੇ ਖ਼ਾਨ, ਗਾਮੇ ਦੀ ਦੁਕਾਨ 'ਤੇ ਬੈਠ ਕੇ ਫਿਰੋਜ਼ਾ ਦੀ ਦੀਦ ਦੀ ਈਦ ਮਨਾਉਂਦਾ ਪਰ ਗੱਲ-ਕਥ ਕਰਨ ਨੂੰ ਡਰਦਾ। ਗਾਮੀ ਜਾਣਦਾ ਸੀ ਕਿ ਜਦੋਂ ਦੀ ਕਾਲੇ ਖ਼ਾਨ ਨੇ ਫਿਰੋਜ਼ਾ ਨਾਲ ਅੱਖ ਲਾਈ ਏ, ਤਦੋਂ ਦੀ ਉਹਦੀ ਅੱਖ ਨਹੀਂ ਲੱਗੀ ਤੇ ਉਹ ਗਵਾਚਿਆ-ਗਵਾਚਿਆ ਜਿਹਾ ਰਹਿਣ ਲੱਗਾ ਸੀ ਪਰ ਉਹ ਉਸ ਨੂੰ ਕੁਝ ਨਹੀਂ ਕਹਿੰਦਾ ਤੇ ਸਿਰਫ਼ ਇਸ਼ਕ ਨਜ਼ਾਰਾ ਵੇਖਦਾ ਰਹਿੰਦਾ। ਹੌਲ਼ੀ-ਹੌਲ਼ੀ ਫਿਰੋਜ਼ਾ ਨੂੰ ਪਤਾ ਚੱਲ ਗਿਆ ਭਈ ਕਾਲੇ ਖ਼ਾਨ ਨਾਂ ਦਾ ਕੋਈ ਕੋਚਵਾਨ ਉਹਨੂੰ ਗਾਮੇ ਨਾਈ ਦੀ ਹੱਟੀ ਤੋਂ ਤਾੜਦਾ ਰਹਿੰਦਾ ਹੈ। ਇਕ ਦਿਨ ਉਹਨੇ ਗਾਮੇ ਨਾਈ ਨੂੰ ਆਪਣੇ ਚੁਬਾਰੇ 'ਤੇ ਬੁਲਾਇਆ ਤੇ ਕਾਲੇ ਖ਼ਾਨ ਦੀ ਪੁੱਛ ਪੜਤੀਤ ਕੀਤੀ। ਜਦ ਗਾਮੀ ਨੇ ਦੱਸਿਆ ਕਿ ਕਾਲੇ ਖ਼ਾਨ ਇਕ ਸਾਊ ਬੰਦਾ ਹੈ ਅਤੇ ਆਪਣੇ ਦਿਲ ਦੀ ਸੁਰਮੇਦਾਨੀ 'ਚੋਂ ਉਸ ਦੀਆਂ ਅੱਖਾਂ ਵਿਚ ਇਸ਼ਕ ਦਾ ਸੁਰਮਾ ਪਾਉਣਾ ਚਾਹੁੰਦਾ ਹੈ ਅਤੇ ਉਸ ਨੂੰ ਆਪਣਾ ਬਣਾਉਣਾ ਚਾਹੁੰਦਾ ਹੈ ਤਾਂ ਫਿਰੋਜ਼ਾ ਨੂੰ ਵੱਟ ਚੜ੍ਹ ਗਿਆ ਤੇ ਉਹ ਡਾਢਪੁਣਾ ਲਾ ਬੈਠੀ ਤੇ

ਕਹਿਣ ਲੱਗੀ-

"ਉਹ ਹੀਣਾ ਤੇ ਘਟੀਆ ਕੋਚਵਾਨ ਮੈਨੂੰ ਹਾਸਿਲ ਕਰਨ ਦੇ ਸੁਫ਼ਨੇ ਪਿਆ ਲੈਂਦਾ ਹੈ। ਜ਼ਾਤ ਦਾ ਕੋਹੜ ਕਿਰਲਾ ਤੇ ਸ਼ਤੀਰੀ ਨੂੰ ਜੱਫ਼ਾ। ਬਸ, ਇਸ ਗੱਲ ਨੂੰ ਇੱਥੇ ਹੀ ਠੱਪ ਦੇ, ਕਿਸੇ ਹੋਰ ਨਾਲ ਬਕਵਾਸ ਨਾ ਕਰੀਂ। ਮੇਰੇ ਚੁਬਾਰੇ 'ਤੇ ਰਈਸਜ਼ਾਦੇ, ਵਡੇਰੇ ਤੇ ਜਗੀਰਦਾਰ ਦੌਲਤਾਂ ਲੁਟਾਉਂਦੇ ਨੇ। ਉਹ ਟਾਂਗੇ ਵਾਲਾ ਮੈਨੂੰ ਕੀ ਦੇਸੀ। ਉਸ ਦੀ ਔਕਾਤ ਹੀ ਕੀ ਹੈ। ਉਸ ਨੂੰ ਸਮਝਾ ਦੇ ਭਈ ਮੇਰੇ ਖ਼੍ਵਾਬ ਦੇਖਣੇ ਛੱਡ ਦੇਵੇ ਤੇ ਇਥੋਂ ਚਲਾ ਜਾਵੇ, ਨਹੀਂ ਤਾਂ ਕੰਨ-ਪਾਟਿਆਂ ਕੋਲੋਂ ਫੈਂਟੀ ਦਵਾਵਾਂਗੀ, ਆਪੇ ਮੱਤ ਟਿਕਾਣੇ ਆ ਜਾਏਗੀ।"

ਫਿਰੋਜ਼ਾ ਦੀਆਂ ਗੱਲਾਂ ਸੁਣ ਕੇ ਗਾਮੀ ਨੇ ਕਿਹਾ- "ਫਿਰੋਜ਼ਾ ਬੀਬੀ, ਕਾਲੇ ਖ਼ਾਨ ਤੇਰਾ ਸੱਚਾ ਆਸ਼ਿਕ ਹੈ, ਉਹ ਤੈਨੂੰ ਦਿਲ ਦੀ ਦੌਲਤ ਦੇ ਸਕਦਾ ਹੈ, ਜਿੰਦ ਤੇਰੇ ਨਾਂ ਲਾ ਸਕਦਾ ਹੈ, ਉਸ ਦਾ ਨਿਹੁੰ ਬਾਂਗ ਵਾਂਗ ਸੁੱਚਾ ਹੈ। ਉਸ ਨੂੰ ਤੇਰੇ ਹੁਸਨ ਨੇ ਠੱਗਿਆ ਹੈ। ਉਸ ਦੀਆਂ ਅੱਖਾਂ ਨੂੰ ਤੈਨੂੰ ਵੇਖਣ ਦਾ ਚਸਕਾ ਲੱਗ ਗਿਆ ਹੈ। ਉਹ ਤਰਲੋਮੱਛੀ ਹੋਇਆ ਪਿਆ ਹੈ। ਉਹਦੀ ਹਯਾਤੀ ਖਾਕ ਵਿਚ ਨਾ ਰੋਲ, ਨਹੀਂ ਤਾਂ ਉਹਦੇ ਦਿਲ ਦੀ ਚੌਗਾਠ ਨੂੰ ਸਿਉਂਕ ਖਾ ਜਾਏਗੀ ਤੇ ਅੱਖਾਂ ਦਾ ਕੋਠਾ ਚੋ ਪਵੇਗਾ। ਉਹ ਸਿਆਲੇ ਤੇ ਪੁਨਾਲੇ ਤੇਰਾ ਸਾਥ ਦੇਵੇਗਾ। ਫਿਰੋਜ਼ਾ ਬੀਬੀ! ਜੋਬਨ ਦੇ ਦਿਨ ਚਾਰ, ਫੇਰ ਨਾ ਲੱਭਦੇ ਯਾਰ ਅਤੇ ਜਦ ਤਨ ਤੰਬੂਰੇ ਦੀਆਂ ਤਾਰਾਂ ਢਿੱਲੀਆਂ ਹੋ ਜਾਂਦੀਆਂ ਨੇ ਤਾਂ ਉਮਰਾਂ ਇਹਨੂੰ ਕੱਸ ਨਹੀਂ ਸਕਦੀਆਂ। ਪਰ ਕਾਲੇ ਖ਼ਾਨ ਭਖ਼ਦੀ ਦੁਪਹਿਰੇ ਤੇਰੀ ਸੰਘਣੀ ਛਾਂ ਬਣੇਗਾ ਤੇ ਲੌਡੇ ਵੇਲੇ ਤੇਰੀ ਬਿਸਾਖੀ। ਬੀਬੀ! ਰੂਪ-ਸਰੂਪ ਦੀ ਮਾਇਆ ਦਾ ਕੀ ਮਾਣ, ਇਹ ਸਭ ਛਲ ਫਰੇਬ ਹੈ, ਪਰ ਉਸ ਦਾ ਨਿਹੁੰ ਸੱਚਾ ਤੇ ਸੁੱਚਾ ਹੈ, ਬਿਲਕੁਲ ਅੰਬਰੀ ਸੇਬ ਵਾਂਗ। ਫਿਰੋਜ਼ਾ! ਤੇਰੀ ਦੁਨੀਆਂ ਝੂਠ ਹੈ ਤੇ ਉਹਦੀ ਸੱਚ, ਤੇ ਝੂਠ ਤੋਂ ਵੱਡਾ ਛੱਲ ਕੋਈ ਨਹੀਂ ਅਤੇ ਸੱਚ ਤੋਂ ਮਿੱਠਾ ਫਲ ਕੋਈ ਨਹੀਂ। ਇਹ ਰਈਸਜ਼ਾਦੇ ਤੇ ਵਡੇਰੇ ਸਰੀਰਾਂ ਦੇ ਭੁੱਖੇ ਹੁੰਦੇ ਨੇ ਪਰ ਕਾਲੇ ਖ਼ਾਨ ਤੇਰੀ ਰੂਹ ਨਾਲ ਨਿੱਘਾ ਰਿਸ਼ਤਾ ਜੋੜਨਾ ਚਾਹੁੰਦਾ ਹੈ। ਤੂੰ ਉਸ ਨਾਲ ਪਿਆਰ ਦੇ ਰਿਸ਼ਤੇ ਦਾ ਮੁੱਢ ਤਾਂ ਬੰਨ੍ਹ, ਨਿੱਘ ਆਪੇ ਪੁੰਗਰ ਪਵੇਗਾ। ਹੁਸਨ ਦਾ ਮਾਣ ਨਾ ਕਰ, ਇਹ ਮਿੱਟੀ ਵਿਚ ਖੁਰ ਜਾਣਾ ਹੈ ਤੇ ਬਾਕੀ ਸਿਰਫ਼ ਰੱਬ ਦਾ ਨਾਂ ਰਹਿਣਾ ਹੈ।"

"ਗਾਮੀ ਮੈਨੂੰ ਸ਼ਬਦਾਂ ਦੇ ਗੁੰਝਲਾਂ ਵਿਚ ਨਾ ਪਾ। ਸ਼ਬਦ ਕਾਗ਼ਜ਼ਾਂ 'ਤੇ ਨੱਚਦੇ ਚੰਗੇ ਲੱਗਦੇ ਨੇ। ਜ਼ਿੰਦਗੀ ਦੀ ਕੁਠਾਲੀ ਵਿਚ ਇਨ੍ਹਾਂ ਦਾ ਕੋਈ ਅਰਥ ਨਹੀਂ ਹੁੰਦਾ। ਪਿਆਰ, ਇਸ਼ਕ, ਮੁਹੱਬਤ ਦੀਆਂ ਗੱਲਾਂ ਕਰਨੀਆਂ ਔਂਤਰੇ ਮਰਦਾਂ ਦੀਆਂ ਟਿਚਕਰਾਂ ਹੁੰਦੀਆਂ ਨੇ। ਤੂੰ ਇਹ ਸਾਂਗਕਾਰੀ ਛੱਡ ਤੇ ਚੱਲ ਫੁਟ ਇਥੋਂ।"

ਉਹ ਖੋਰਾ ਬੋਲਦੀ ਰਹੀ। ਗਾਮੀ ਸੁਣਦਾ ਰਿਹਾ, ਉਸ ਦੀ ਕੋਈ ਦਲੀਲ ਕਬੂਲ ਨਾ ਹੋਈ। ਆਖ਼ਿਰ ਉਹਨੇ ਗੋਡੇ ਟੇਕ ਦਿੱਤੇ ਤੇ ਫਿਰੋਜ਼ਾ ਦੇ ਚੁਬਾਰੇ ਦੀਆਂ ਪੌੜੀਆਂ ਉਤਰ ਆਇਆ। ਕੁਝ ਚਿਰ ਮਗਰੋਂ ਕਾਲੇ ਖ਼ਾਨ ਵੀ ਟਾਂਗੇ ਦੇ ਫੇਰੇ ਲਾ ਕੇ ਗਾਮੀ ਦੀ ਹੱਟੀ 'ਤੇ ਆ ਵੱਜਿਆ। ਗਾਮੀ ਨੇ ਉਸ ਨੂੰ ਫਿਰੋਜ਼ਾ ਨਾਲ ਹੋਈ ਸਾਰੀ ਗੱਲ ਸੁਣਾਈ ਤੇ ਉਸ ਨੂੰ ਸਮਝਾਇਆ।

"ਕਾਲੇ ਖ਼ਾਨ ਤੂੰ ਮੇਰੀ ਦੁਕਾਨ 'ਤੇ ਬਹਿ ਕੇ ਫਿਰੋਜ਼ਾ ਨੂੰ ਤਾੜਨਾ ਛੱਡ ਦੇ। ਉਹ ਬੜੀ ਅੜਬ ਤ੍ਰੀਮਤ ਹੈ। ਤੇਰੀ ਸ਼ਕਲ ਤੋਂ ਵੀ ਅਵਾਜ਼ਾਰ ਹੈ ਅਤੇ ਤੈਨੂੰ ਕੰਨ-ਪਾਟਿਆਂ ਤੋਂ ਮਰਵਾਉਣਾ ਚਾਹੁੰਦੀ ਹੈ। ਉਹ ਅੱਗ ਫੂਕ ਰਹੀ ਸੀ ਤੇ ਮੈਨੂੰ ਸੂਈ ਕੁੱਤੀ ਵਾਂਗ ਪੈ ਰਹੀ ਸੀ। ਉਹ ਤੇਰੇ ਡੇਲੇ ਕੱਢ ਕੇ ਤੇਰੇ ਹੱਥ ਵਿਚ ਫੜਾਣ ਦੀ ਗੱਲ ਕਰ ਰਹੀ ਸੀ। ਇਸ ਲਈ ਤੂੰ ਫਿਰੋਜ਼ਾ ਦਾ ਖ਼ਿਆਲ ਛੱਡ ਦੇ। ਤੈਨੂੰ ਨਹੀਂ ਪਤਾ ਭਈ ਰੰਡੀ ਦੀ ਭੰਡੀ ਚੰਗੀ ਨਹੀਂ ਹੁੰਦੀ। ਤੈਨੂੰ ਫਿਰੋਜ਼ਾ ਦੇ ਸਿਰ 'ਤੇ ਇੱਜ਼ਤ ਦੀ ਚਾਦਰ ਸਜਾਉਣ ਦਾ ਚਾਅ ਚੜ੍ਹਿਆ ਹੋਇਆ ਹੈ ਪਰ ਇਥੇ ਉਰਦੂ ਬਾਜ਼ਾਰ ਦੇ ਚੁਬਾਰਿਆਂ ਦੀ ਰੀਤ ਵੱਖਰੀ ਹੈ। ਇਥੇ ਰੰਨਾਂ ਸਿਰੋਂ ਨੰਗੀਆਂ ਰਹਿੰਦੀਆਂ ਨੇ, ਪਰ ਸਰੰਗੀਆਂ ਨੂੰ ਗਲਾਫ਼ ਚਾੜ੍ਹਦੀਆਂ ਨੇ ਤਾਂ ਜੇ ਸਾਜ਼ ਆਬਾਦ ਰਹਿਣ।"

ਗਾਮੇ ਨਾਈ ਦੀਆਂ ਗੱਲਾਂ ਕਾਲੇ ਖ਼ਾਨ ਦੇ ਪੱਲੇ ਨਹੀ ਪਈਆਂ। ਉਹਨੇ ਹੁਣ ਟਾਂਗੇ ਦੇ ਫੇਰੇ ਲਾਣੇ ਵੀ ਘੱਟ ਕਰ ਦਿੱਤੇ ਸਨ ਤੇ ਸਾਰੀ-ਸਾਰੀ ਦਿਹਾੜੀ ਗਾਮੇ ਦੀ ਦੁਕਾਨ 'ਤੇ ਬੈਠਾ ਰਹਿੰਦਾ ਤੇ ਫਿਰੋਜ਼ਾ ਦੇ ਚੁਬਾਰੇ ਵੱਲ ਤੱਕਦਾ ਰਹਿੰਦਾ ਤਾਂ ਜੋ ਮੂੰਹ ਵਿਖਾਲੀ ਹੋਏ। ਹੱਟੀਆਂ ਬੰਦ ਹੋਣ ਮਗਰੋਂ ਵੀ ਉਹ ਥੜ੍ਹੇ 'ਤੇ ਬਹਿ ਜਾਂਦਾ। ਤੁਹਾਨੂੰ ਤੇ ਪਤਾ ਹੋਏਗਾ ਭਈ ਪਿੰਡ ਸ਼ਾਮੀਂ ਸਵੱਖਤੇ ਸੌਂ ਜਾਂਦੇ ਨੇ ਅਤੇ ਕੁੱਕੜ ਬਾਂਗੀਂ ਜਾਗ ਪੈਂਦੇ ਨੇ ਪਰ ਸ਼ਹਿਰ ਰਾਤੀਂ ਜਾਗਦੇ ਨੇ ਤੇ ਦਿਨੇ ਸੌਂਦੇ ਨੇ, ਖ਼ਾਸ ਕਰ ਜੰਮੂ ਦੇ ਉਰਦੂ ਬਾਜ਼ਾਰ ਵਾਸੀ। ਇਸ ਲਈ ਜਦ ਤੀਕਰ ਉਰਦੂ ਬਾਜ਼ਾਰ ਜਾਗਦਾ, ਕਾਲੇ ਖ਼ਾਨ ਵੀ ਜਾਗਦਾ ਰਹਿੰਦਾ ਤੇ ਸਰਘੀ ਵੇਲੇ ਘਰ ਅੱਪੜਦਾ ਤੇ ਦੁਕਾਨਾਂ ਖੁੱਲ੍ਹਣ 'ਤੇ ਬਾਜ਼ਾਰ ਵਿਚ ਆ ਜਾਂਦਾ। ਨਿਹੁੰ ਲਾਇਆ ਉਸ ਦੀ ਨੀਂਦਰ ਰੁੱਸ ਗਈ ਸੀ। ਉਹ ਗੁਆਚੀ ਗਾਂ ਵਾਂਗਰ ਬੌਂਦਲ ਗਿਆ ਸੀ। ਛੇਤੀ ਹੀ ਕਾਲੇ ਖ਼ਾਨ ਦੀ ਪ੍ਰੇਮ ਕਹਾਣੀ ਅਖਾਣਾਂ ਵਾਂਗਰ ਮਸ਼ਹੂਰ ਹੋ ਗਈ ਸੀ। ਸਾਰੇ ਪਾਸੇ ਭੰਡੀ ਪੈ ਗਈ। ਉਸ ਦੇ ਸੰਗੀ-ਸਾਥੀ ਉਹਨੂੰ ਸਮਝਾਉਣ ਲੱਗੇ।

"ਕਾਲੇ ਖ਼ਾਂ! ਤੇਰੀ ਕਰਤੂਤ ਦਾ ਸੁਣ ਕੇ ਮੇਰੇ ਲੱਕ ਦਾ ਕੜਾਕਾ ਨਿਕਲ ਗਿਅ। ਚੋਖੇ ਚਿਰ ਤੀਕਰ ਮੈਨੂੰ ਸੁਰਤ ਹੀ ਨਹੀਂ ਆਈ। ਤੂੰ ਮਿੱਤਰਾ ਇਹ ਕਿਹੜੇ ਚੇਘਲ ਵਿਚ ਲਿਬੜਿਆ ਗਿਆਂ। ਤੈਨੂੰ ਕੀ ਹੋ ਗਿਆ ਹੈ। ਕੀ ਤੇਰੀ ਮੱਤ ਮਾਰੀ ਗਈ ਹੈ ? ਓਏ ਕੰਜਰੀ ਨਾਲ ਨਿਹੁੰ ਲਾਇਆ ਈ, ਕਿਹੜੀ ਬਲਾ ਨੂੰ ਹੱਥ ਪਾਇਆ

ਈ। ਇਥੇ ਜੰਮੂ ਵਿਚ ਕੁੜੀਆਂ ਦੀ ਕੋਈ ਤਰੋਟ ਹੈ। ਇਕ ਤੋਂ ਇਕ ਸੋਹਣੀ। ਤੂੰ ਜਿਸ ਮੁਟਿਆਰ 'ਤੇ ਉਂਗਲ ਧਰਦਾ, ਉਸ ਨਾਲ ਤੇਰਾ ਨਿਕਾਹ ਪੜ੍ਹਾ ਦਿੰਦੇ।" ਸਲੀਮ ਪਾਂਡੀ ਕਹਿ ਰਿਹਾ ਸੀ। ਉਹਦੀ ਗੱਲ ਹਾਲੀ ਮੁੱਕੀ ਵੀ ਨਹੀਂ ਸੀ ਕਿ ਸ਼ੀਦਾ ਕਸਾਈ ਬੋਲ ਪਿਆ।

"ਤੈਨੂੰ ਕਿਹੜਾ ਇਸ਼ਕ ਦਾ ਜਿੰਨ ਚਿੰਬੜਿਆ ਐ। ਤੂੰ ਟਾਂਗਾ-ਘੋੜਾ ਕਿਰਾਏ 'ਤੇ ਦੇ ਦਿੱਤਾ ਤੇ ਆਪ ਫਿਰੋਜ਼ਾ ਕਸਬੀ ਦੇ ਚੁੱਲ੍ਹੇ ਦੀ ਸਵਾਹ ਪਿਆ ਫਰੋਲ ਰਿਹਾਂ। ਹਯਾ ਕਰ, ਕੁਝ ਹਯਾ ਕਰ। ਇਨ੍ਹਾਂ ਕੋਠਿਆਂ ਵਾਲੀਆਂ ਦੇ ਚੱਕਰਾਂ ਵਿਚ ਨਾ ਪੈ। ਕਿਉਂ ਇਸ ਮੋਹ ਦੀ ਭੁੱਖ ਨੂੰ ਪਾਲ ਰਿਹਾ ਹੈਂ। ਇਹ ਭੁੱਖ ਪਾਲਣ ਜੋਗੀ ਨਹੀਂ ਹੈ। ਕਿਉਂ ਅੰਦਰੋਂ-ਅੰਦਰੀਂ ਤਿੜਕਿਆ ਪਿਆ ਹੈਂ। ਹੋਸ਼ ਕਰ। ਅਕਲ ਨੂੰ ਨਹੁੰਦਰਾਂ ਨਾ ਮਾਰ। ਦਿਲ ਦੇ ਤਾਰ ਖਰੋਚਨੇ ਬੰਦ ਕਰ ਦੇ। ਸੱਧਰਾਂ ਦੀ ਬਸਤੀ ਵਿਚ ਛੜਾ ਹਨੇਰਾ ਹੁੰਦਾ ਈ। ਇਸ ਲਈ ਰੀਝਾਂ ਦੀ ਘਰੋਲੀ ਤੋੜ ਤੇ ਉਸ ਦਾ ਖ਼ਿਆਲ ਛੋੜ। ਹੌਸਲਾ ਕਰ ਤੇ ਟਾਂਗਾ ਫੜ। ਅਸੀਂ ਅੱਜ ਹੀ ਤੇਰੇ ਲਈ ਰਿਸ਼ਤਾ ਢੂੰਡਦੇ ਹਾਂ। ਤੇਰਾ ਵਿਆਹ ਕਰਾਂਦੇ ਹਾਂ। ਆਪਣੀ ਗ੍ਰਹਿਸਥੀ ਬਣਾ ਤੇ ਮੌਜ ਮਨਾ।"

"ਸ਼ੀਦੇ ਯਾਰ! ਫਿਰੋਜ਼ਾ ਲਈ ਮੇਰੇ ਦਿਲ ਦਾ ਪੰਛੀ ਫੜਫੜਾਂਦਾ ਰਹਿੰਦਾ ਹੈ ਪਰ ਤੁਸੀਂ ਇਸ਼ਕ ਦੀਆਂ ਰਮਜ਼ਾਂ ਕੀ ਸਮਝੋ। ਇਹ ਜ਼ਿੰਦੜੀ ਹੈ ਨਾ ਜਿਹੜੀ, ਇਹ ਇਕ ਸੂਈ ਹੈ ਤੇ ਇਸ ਸੂਈ ਵਿਚ ਇਸ਼ਕ ਦਾ ਧਾਗਾ ਕੋਈ ਸੋਚ ਸਮਝ ਕੇ ਨਹੀਂ ਪਰੋਂਦਾ। ਦੂਜੀ ਗੱਲ ਸ਼ੀਦੇ ਇਹ ਹੈ ਭਈ ਇਸ਼ਕ ਮੰਗਣ ਨਾਲ ਨਹੀਂ ਮਿਲਦਾ। ਇਹ ਤਾਂ ਰੂਹਾਂ 'ਤੇ ਨਾਜ਼ਲ ਹੁੰਦਾ ਹੈ ਅਤੇ ਮੇਰੀ ਰੂਹ ਫਿਰੋਜ਼ਾ ਦੇ ਦਿਲ ਦਾ ਬੂਹਾ ਠੋਹਰ ਰਹੀ ਹੈ। ਅੱਗੇ ਮੇਰੇ ਭਾਗ। ਜੇ ਮੇਰੇ ਲੇਖਾਂ ਵਿਚ ਹਿਜਰ ਸਜ਼ਾਵਾਂ ਹਨ ਤਾਂ ਕੋਈ ਕੁਝ ਨਹੀਂ ਕਰ ਸਕਦਾ। ਮੈਂ ਆਪਣੇ ਦਰਦ ਦਾ ਭਾਰ ਆਪ ਬਰਦਾਸ਼ਤ ਕਰਨਾ ਹੈ ਕਿਉਂਕਿ ਅਸੀਂ ਬਿਰਹੋਂ ਦੇ ਜਾਏ, ਸਾਨੂੰ ਬਿਰਹੋਂ ਹੀ ਮਿਟਾਏ। ਸ਼ੀਦੇ, ਤੁਸੀਂ ਜਾਣੂੰ ਹੋਵੋਗੇ ਕਿ ਇਸ਼ਕ ਦੇ ਪੈਂਡੇ ਕਦੇ ਨਹੀਂ ਮੁੱਕਦੇ। ਇਕ ਰਾਹੀ ਚਲਾ ਜਾਂਦਾ ਹੈ ਤਾਂ ਦੂਜਾ ਤੁਰ ਪੈਂਦਾ ਹੈ। ਮਜਨੂੰ, ਫਰਹਾਦ, ਪੁੰਨੂ, ਮਹੀਂਵਾਲ, ਮਿਰਜ਼ਾ ਤੇ ਰਾਂਝਾ ਸਭ ਇਸ ਪੰਧ ਦੇ ਪਾਂਧੀ ਹਨ। ਮੈਂ ਵੀ ਇਸ ਰਾਹ 'ਤੇ ਚੱਲ ਪਿਆ ਹਾਂ। ਅੱਗੇ ਮੇਰੇ ਕਰਮ। ਤੁਸੀਂ ਮੇਰੀ ਫ਼ਿਕਰ ਨਾ ਕਰੋ। ਸੋਈਓ ਹੋਸੀ, ਜੋ ਰੱਬ ਦਾ ਭਾਣਾ, ਤੁਸਾਂ ਮੇਰੀ ਖ਼ਬਰ ਸੁਰਤ ਲਈ ਹੈ ਤੁਹਾਡਾ ਧੰਨਵਾਦ।"

ਇਕ ਦਿਨ ਜਦ ਕਾਲੇ ਖ਼ਾਨ ਦੀਆਂ ਸੱਧਰਾਂ ਮੂੰਹ ਜ਼ੋਰ ਹੋਈਆਂ ਤਾਂ ਉਸ ਨੇ ਫਿਰੋਜ਼ਾ ਦੇ ਚੁਬਾਰੇ 'ਤੇ ਹਾਜ਼ਰੀ ਦੇਣ ਦਾ ਉਚੇਚ ਕੀਤਾ। ਉਸ ਨੇ ਗਾਮੇ ਨਾਈ ਦੀ ਹੱਟੀ ਦੀ ਸਰਦਲ ਟੱਪੀ ਤੇ ਸੜਕੋਂ ਪਾਰ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਿਆ।

"ਤੂੰ ਕੀ ਲੈਣ ਆਇਆ ਏਂ?" ਫਿਰੋਜ਼ਾ ਗਰਜੀ।

"ਮੈਂ ਦਿਲ ਦੇ ਆਖੇ ਲੱਗ ਕੇ ਤੈਥੋਂ ਪਿਆਰ ਦੀ ਖ਼ੈਰਾਤ ਮੰਗਣ ਆਇਆਂ।" ਕਾਲੇ ਖ਼ਾਨ ਨੇ ਕਿਹਾ।

"ਮੈਨੂੰ ਆਪਣੀ ਮੁਹੱਬਤ ਦਾ ਸ਼ਰਬਤ ਪਿਲਾ ਤੇ ਕਲੇਜੇ ਠੰਡ ਪਾ, ਤੈਨੂੰ ਬਿਸਮਿੱਲ੍ਹਾ ਦਾ ਸਵਾਬ ਮਿਲਸੀ। ਮੇਰੇ ਦਿਲ ਦੀ ਕੁੱਲੀ ਵਿਚ ਬੜੀ ਸੇਜਲ ਹੈ। ਤੂੰ ਮੋਹ ਦੀ ਅਗਨੀ ਬਾਲ ਤਾਂ ਮੈਂ ਹੋਵਾਂ ਨਿਹਾਲ।"

"ਕੀ ਬਕਵਾਸ ਪਿਆ ਕਰਨਾ ਏਂ? ਤੈਨੂੰ ਗਾਮੇ ਨੇ ਮੱਤ ਨਹੀਂ ਦਿੱਤੀ, ਤੈਨੂੰ ਉਹਨੇ ਸਮਝਾਇਆ ਨਹੀਂ? ਕਿਉਂ ਮਰਨ ਲਈ ਇਥੇ ਆ ਗਿਆਂ? ਸੂਰ ਦਿਆ ਪੁੱਤਰਾ। ਤੈਨੂੰ ਏਨੀ ਕੁੱਟ ਪਵਾਵਾਂਗੀ ਕਿ ਪੈਰਾਂ 'ਤੇ ਚੱਲ ਕੇ ਨਹੀਂ ਜਾ ਸਕੇਂਗਾ। ਇਹ ਇਸ਼ਕ-ਮੁਸ਼ਕ ਦੇ ਚੋਂਚਲੇ ਛੱਡ ਤੇ ਦਫ਼ਾ ਹੋ ਜਾ ਇਥੋਂ। ਸਾਰੀ ਮਰਦ ਜ਼ਾਤ ਕਾਮ ਦਾ ਕੀੜਾ ਹੁੰਦੀ ਹੈ, ਇਨ੍ਹਾਂ ਦਾ ਪ੍ਰੇਮ ਦਿਖਾਵਾ, ਧਰਮ ਦਿਖਾਵਾ ਤੇ ਕਰਮ ਦਿਖਾਵਾ। ਇਹ ਬਾਹਰੋਂ ਖਾਂਦੇ ਪਿਆਰ ਦੀਆਂ ਕਸਮਾਂ ਪਰ ਅੰਦਰ ਸੁਲਗਦਾ ਕਾਮ ਦਾ ਲਾਵਾ। ਮੈਂ ਸਾਰੇ ਲੱਛਣ ਸਮਝਦੀ ਹਾਂ।"

"ਫਿਰੋਜ਼ਾ! ਤੂੰ ਭਾਵੇਂ ਮੈਨੂੰ ਮਾਰ ਮੁਕਾ। ਗਿਰਝਾਂ ਨੂੰ ਮੇਰਾ ਮਾਸ ਖਵਾ। ਕੁੱਤਿਆਂ ਅੱਗੇ ਹੱਡੀਆਂ ਪਾ। ਫਿਰ ਵੀ ਮੈਂ ਜ਼ਿੰਦਾ ਰਵ੍ਹਾਂਗਾ। ਮੇਰੀ ਕਥਾ-ਕਥੌਲੀ ਜਗ ਵਿਚ ਅਮਰ ਗੀਤ ਬਣੇਗੀ, ਕਿਉਂਕਿ ਮੇਰਾ ਇਸ਼ਕ ਜਨੂੰਨ ਹੈ ਤੇ ਜਨੂੰਨ ਦਾ ਕੋਈ ਇਲਾਜ ਨਹੀਂ। ਫਿਰੋਜ਼ਾ! ਤੇਰੇ ਬਾਜ਼ਾਰ ਵਿਚ ਕੌਡੀਆਂ ਦੇ ਭਾਅ ਹਾਸੇ ਵਿਕਦੇ ਨੇ। ਦੰਦਾਂ ਦੇ ਦੰਦਾਸੇ ਵਿਕਦੇ ਨੇ। ਅੱਖਾਂ ਦੇ ਇਸ਼ਾਰੇ ਵਿਕਦੇ ਨੇ। ਸਰੀਰਾਂ ਦੇ ਨਜ਼ਾਰੇ ਵਿਕਦੇ ਨੇ। ਤੂੰ ਵੀ ਤੇ ਸਰੀਰ ਵੇਚਣੀ ਐਂ, ਪਰ ਮੈਂ ਖ਼ਰੀਦਦਾਰ ਨਹੀਂ। ਜੇ ਮੈਂ ਕਾਮ ਦਾ ਰੋਗੀ ਹੁੰਦਾ ਤਾਂ ਤੇਰਾ ਭੋਗੀ ਹੁੰਦਾ ਪਰ ਮੈਂ ਤਾਂ ਤੈਨੂੰ ਸ਼ਰਮਾਂ ਸੜੀ ਨੂੰ ਨਿਕਾਹ ਦੇ ਕਲਮੇਂ ਪੜ੍ਹਾਉਣਾ ਚਾਹੁੰਦਾ ਸਾਂ ਤੇ ਤੈਨੂੰ ਆਪਣਾ ਬਣਾਉਣਾ ਚਾਹੁੰਦਾ ਸਾਂ ਪਰ ਤੂੰ ਬੇਹਯਾਈ ਦਾ ਚੋਲਾ ਉਤਾਰਨਾ ਹੀ ਨਹੀਂ ਚਾਹੁੰਦੀ। ਯਾਦ ਰੱਖ ਫਿਰੋਜ਼ਾ, ਭਈ ਸਦਾ ਨਾ ਬਾਗ਼ੀਂ ਬੁਲਬੁਲ ਬੋਲੇ, ਸਦਾ ਨਾ ਬਾਗ਼ ਬਹਾਰਾਂ, ਸਦਾ ਨਾ ਮਾਪੇ ਹੁਸਨ ਜਵਾਨੀ, ਸਦਾ ਨਾ ਸੋਹਬਤ ਯਾਰਾਂ। ਤੂੰ ਮੇਰੀ ਗੱਲ ਗੰਢੀਂ ਬੰਨ੍ਹ ਲੈ ਕਿ ਇਕ ਵੇਲਾ ਆਏਗਾ, ਜਦ ਤੇਰੀਆਂ ਪੀੜਾਂ ਵੰਡਣ ਵਾਲਾ ਕੋਈ ਨਹੀਂ ਹੋਏਗਾ। ਉਸ ਵੇਲੇ ਮੇਰਾ ਇਸ਼ਕ ਤੇਰਾ ਸੰਗੀ ਹੋਏਗਾ। ਇਸ ਲਈ ਕੂੜ ਤਮਾਸ਼ੇ ਕਰਨੇ ਛੱਡ। ਅੱਖ ਕੌੜੀ ਨਾ ਕਰ ਤੇ ਮੇਰਾ ਹੱਥ ਫੜ। ਮੈਨੂੰ ਸੋਚ ਕੇ ਜਵਾਬ ਦੇ, ਮੈਂ ਫਿਰ ਆਵਾਂਗਾ।"

"ਖ਼ਬਰਦਾਰ, ਜੇ ਮੁੜ ਇਧਰ ਕਦਮ ਰੱਖਿਆ ਈ ਹਰਾਮ ਦਿਆ ਤੁਖ਼ਮਾਂ! ਭੈਣ ਦਿਆ ਖਸਮਾਂ, ਤੂੰ ਜਾਣਾ ਏਂ ਇਥੋਂ ਜਾਂ ਬੁਲਾਵਾਂ ਤੇਰੇ ਪਿਛਲਿਆਂ ਨੂੰ।"

ਫਿਰੋਜ਼ਾ ਦੀ ਉੱਚੀ ਆਵਾਜ਼ ਸੁਣ ਕੇ ਇਕ ਦੱਲਾ ਆਇਆ ਤੇ ਉਸ ਨੇ

ਕਾਲੇ ਖ਼ਾਨ ਨੂੰ ਧੱਕੇ ਮਾਰ ਕੇ ਕੱਢ ਦਿੱਤਾ। ਉਹ ਵਿਚਾਰਾ ਨਿੰਮੋਝੂਣਾ ਮੁੜ ਗਾਮੀ ਦੀ ਹੱਟੀ 'ਤੇ ਆ ਬੈਠਾ। ਕਾਲੇ ਖ਼ਾਨ ਨੂੰ ਵੇਖ ਕੇ ਗਾਮੀ ਨੇ ਪੁੱਛਿਆ- "ਫਿਰੋਜ਼ਾ ਦੇ ਚੁਬਾਰੇ 'ਤੇ ਕੀ ਲੈਣ ਗਿਆ ਸੈਂ ?"

"ਜ਼ਾਹਿਰ ਹੈ, ਦਰੂਦ ਪੜ੍ਹਨ 'ਤੇ ਨਹੀਂ ਸਾਂ ਗਿਆਂ। ਉਸ ਨੂੰ ਆਪਣਾ ਸੀਨਾ ਚੀਰ ਕੇ ਉਸ ਵਿਚ ਉਹਦੀ ਤਸਵੀਰ ਦੱਸਣ ਗਿਆ ਸਾਂ ਪਰ ਹੋਰਨਾਂ ਔਰਤਾਂ ਵਾਂਗ ਫਿਰੋਜ਼ਾ ਦੀ ਅਕਲ ਵੀ ਉਸ ਦੇ ਗਿੱਟਿਆਂ ਵਿਚ ਨਿਕਲੀ। ਉਹਦੀਆਂ ਅੱਖਾਂ ਵੀ ਕੋਰੀਆਂ ਨੇ ਤੇ ਦਿਲ ਵੀ ਕੋਰਾ। ਉਸ ਨੇ ਮੈਨੂੰ ਦਿਲ ਦਾ ਬੂਹਾ ਖੋਲ੍ਹਣ ਹੀ ਨਹੀਂ ਦਿੱਤਾ।" ਕਾਲੇ ਖ਼ਾਨ ਗਾਮੀ ਨੂੰ ਸੁਣਾ ਰਿਹਾ ਸੀ।

"ਮੈਂ ਤੈਨੂੰ ਸਮਝਾਇਆ ਸੀ ਕਿ ਉਨ੍ਹਾਂ ਤਿਲਾਂ ਵਿਚ ਤੇਲ ਨਹੀਂ ਹੈ। ਐਵੇਂ ਪੱਥਰਾਂ ਨਾਲ ਟੱਕਰਾਂ ਨਾ ਮਾਰ, ਪਰ ਤੂੰ ਬਾਜ਼ ਨਹੀਂ ਆਇਆ। ਤੈਨੂੰ ਤਾਂ ਇਸ਼ਕ ਨਾਗ ਨੇ ਡੰਗਿਆ ਹੈ ਤੇ ਜ਼ਹਿਰ ਤੇਰੇ ਸਰੀਰ ਵਿਚ ਫੈਲ ਚੁੱਕਿਆ ਹੈ। ਖ਼ਬਰੇ ਤੈਨੂੰ ਕਿਸ ਪੀਰ ਨੇ ਇਸ਼ਕ ਦਾ ਲਾਂਬੂ ਲਾਇਆ ਤੇ ਤੂੰ ਆਪਣੀ ਹਯਾਤੀ ਦਾ ਮਕਸਦ ਫਿਰੋਜ਼ਾ ਨੂੰ ਬਣਾਇਆ। ਤੂੰ ਕਿਉਂ ਨਹੀਂ ਸਮਝਦਾ ਭਈ ਰੰਨਾਂ ਦੱਸਣ ਜਿੰਨੇ ਰੰਗ, ਇਕੋ ਲੱਜ਼ਤ ਇਕੋ ਢੰਗ। ਫੇਰ ਉਹ ਭਾਵੇਂ ਫਿਰੋਜ਼ਾ ਹੋਵੇ, ਜ਼ੁਬੈਦਾ ਹੋਵੇ ਜਾਂ ਰੋਜ਼ੀ। ਸੁਣ ਕਾਲੇ ਖ਼ਾਨ। ਨਾਰ ਚਿੱਟਾ ਝੂਠ ਹੈ। ਨਾਰ ਬੇਵਫ਼ਾ ਮੱਕਾਰ ਹੈ ਤੇ ਅੱਗ ਦਾ ਅੰਗਾਰ ਹੈ, ਇਸ ਲਈ ਮੇਰੀ ਮੰਨ ਤੇ ਨਾ ਸੜ ਇਸ ਅੱਗ ਵਿਚ। ਫਿਰੋਜ਼ਾ ਨੂੰ ਭੁੱਲ ਜਾ ਤੇ ਨਵੇਂ ਰਿਸ਼ਤੇ ਦੀ ਕੰਧ ਉਸਾਰ। ਵਿਆਹ ਕਰਕੇ ਆਪਣਾ ਘਰ ਵਸਾ। ਪਰ ਤੂੰ ਨਹੀਂ ਮੰਨਦਾ। ਏਨੀ ਬੇਇਜ਼ਤੀ ਤੇ ਫਟਕਾਰ ਖਾਣ ਦੇ ਬਾਵਜੂਦ ਵੀ ਤੇਰੀਆਂ ਅੱਖਾਂ ਭੂੰਡਾਂ ਵਾਂਗ ਫਿਰੋਜ਼ਾ ਦੇ ਚੁਬਾਰੇ ਵੱਲ ਉੱਡਦੀਆਂ ਰਹਿੰਦੀਆਂ ਨੇ।"

ਕਾਲੇ ਖ਼ਾਨ, ਗਾਮੀ ਦੀਆਂ ਗੱਲਾਂ ਸੁਣਦਾ ਰਿਹਾ ਤੇ ਲੰਮਾ ਸਾਹ ਲੈ ਕੇ ਕਹਿਣ ਲੱਗਾ- "ਗਾਮੀ ਯਾਰ! ਤੂੰ ਤੇ ਅੱਖਰ ਘੜਤਾਲ ਏਂ, ਤੇਰੇ ਕੋਲੋਂ ਕੌਣ ਜਿੱਤ ਸਕਦਾ ਹੈ ਪਰ ਮੈਂ ਆਪਣੇ ਦਿਲ ਦਾ ਕੀ ਕਰਾਂ ?"

"ਕਾਲੇ ਖ਼ਾਨ! ਤੂੰ ਕੀ ਤੇਲੀ ਦੇ ਬਲਦ ਵਾਂਗਰ ਇਕੋ ਥੰਮ ਨਾਲ ਬੱਝਿਆ ਘੁੰਮ ਰਿਹਾ ਏਂ। ਆਪਣੇ ਆਪ 'ਤੇ ਰਹਿਮ ਕਰ। ਕਿਉਂ ਇਸ ਜੂਨੇ ਦੁੱਖ ਭੋਗਣ ਆਇਆਂ। ਮੈਨੂੰ ਤੇਰੇ ਦੁੱਖ ਦਾ ਬੜਾ ਦੁਖ ਹੈ, ਇਸ ਲਈ ਮੰਨ ਜਾ ਮੇਰੀ ਤੇ ਉਸ ਕਮੀਨੀ ਜ਼ਾਤ ਲਈ ਜ਼ਿੰਦਗੀ ਨਾ ਰੋਲ।"

"ਗਾਮੀ! ਮੈਨੂੰ ਮੇਰੇ ਹਾਲ 'ਤੇ ਛੱਡ ਦੇ। ਮੇਰਾ ਇਸ਼ਕ ਮੇਰਾ ਰੱਬ ਹੈ ਤੇ ਮੇਰੀ ਫ਼ਰਿਆਦ ਵੀ ਉਸੇ ਅੱਗੇ ਹੈ। ਮੁਰਸ਼ਦ ਕਹਿੰਦਾ ਹੈ ਭਈ... ਰੱਬਾ ਮੇਰੇ ਹਾਲ ਦਾ ਮਹਿਰਮ ਤੂੰ, ਤੂੰ ਹੀ ਤਾਣਾ ਤੂੰ ਹੀ ਬਾਣਾ, ਰੋਮ-ਰੋਮ ਵਿਚ ਤੂੰ।"

ਸੂਰਜ ਰੋਜ਼ ਚੜ੍ਹਦਾ ਰਿਹਾ ਤੇ ਢਲਦਾ ਰਿਹਾ। ਆਸ ਦਾ ਦੀਵਾ ਬਲਦਾ

ਰਿਹਾ ਪਰ ਫਿਰੋਜ਼ਾ ਨਹੀਂ ਆਈ। ਕਾਲੇ ਖ਼ਾਨ ਦੇ ਮੂੰਹੋਂ ਹਓਕੇ ਹਾਵਾਂ ਨਿਕਲਦੀਆਂ ਰਹੀਆਂ ਤੇ ਉਹ ਮਲੰਗ ਹੋ ਗਿਆ। ਇਸ ਇਸ਼ਕ ਮਲੰਗੀ ਵਿਚ ਉਸ ਨੂੰ ਦੁਨੀਆਂ ਦੀ ਕੋਈ ਖ਼ਬਰ ਸਾਰ ਨਹੀਂ ਰਹੀ। ਉਹਨੂੰ ਪਤਾ ਹੀ ਨਹੀਂ ਚੱਲਿਆ ਕਿ ਦੇਸ਼ ਵਿਚ ਝੱਖੜ ਝਾਂਜੜ ਕਦੋਂ ਚੱਲਿਆ ਤੇ ਕਿਉਂ ਚੱਲਿਆ। ਧਰਤੀ ਦੋ-ਫਾੜ ਕਿਉਂ ਹੋਈ। ਇੰਨਾ ਵੱਡਾ ਭੂਚਾਲ ਕਿੰਝ ਆਇਆ ਕਿ ਜਿਸ ਦੀ ਤੀਬਰਤਾ ਨੂੰ ਮਾਪਣਾ ਰੈਕਟਰ ਸਕੇਲ ਦੇ ਵੱਸ ਤੋਂ ਬਾਹਰ ਹੋ ਗਿਆ ਅਤੇ ਕਿੰਝ ਇਸ ਭੂਚਾਲ ਨੇ ਮਨੁੱਖਤਾ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ। ਲੱਖਾਂ ਲੋਕਾਂ ਦੀ ਵੱਢ-ਟੁੱਕ ਹੋਈ। ਲੱਖਾਂ ਆਪਣੀਆਂ ਥਾਵਾਂ ਤੋਂ ਨਿਥਾਵੇਂ ਹੋ ਗਏ। ਕਾਲੇ ਖ਼ਾਨ ਹੈਰਾਨ ਸੀ ਬਈ ਇਹ ਕਜੇਹਾ ਪਵਾੜਾ ਸੀ, ਜਿਸ ਨੂੰ ਕੋਈ ਨਜਿੱਠ ਨਹੀਂ ਸਕਿਆ ਜਦ ਕਿ ਸਿਰਫ਼ ਇਕ ਕਲਮੇਂ ਦਾ ਫ਼ਰਕ ਸੀ, ਨਹੀਂ ਤਾਂ ਹਿੰਦੂ-ਮੁਸਲਿਮ ਪਿਆਰ ਵਿਚ ਗਰਕ ਸੀ। ਸ਼ਾਇਦ ਧਰਮ ਆਪਣੀ ਹੋਂਦ ਦਾ ਕੈਦੀ ਹੁੰਦਾ ਹੈ ਤਾਹੀਓਂ ਤਬਾਹੀ ਮਚਾਉਂਦਾ ਹੈ। ਫਸਾਦੀਆਂ ਅੱਤ ਚੁੱਕੀ, ਸਭ ਕੁਝ ਖੋਹ ਖਸ ਲਿੱਤਾ। ਭਾਜੜ ਪੈ ਗਈ, ਲੋਕੀਂ ਸਾਹਾਂ ਦੇ ਭੁੱਖੇ ਨੱਸ ਭੱਜ ਗਏ। ਜੁਲ੍ਹਾਕਾ ਮੁਹੱਲਾ, ਦਲ-ਪੱਤੀਆਂ ਮੁਹੱਲਾ, ਪੀਰ ਮਿੱਠਾ, ਖਟੀਕਾਂ ਦਾ ਤਲਾ, ਮੁਹੱਲਾ ਅਫ਼ਗਾਨਾ ਤੇ ਉਸਤਾਦ ਮੁਹੱਲੇ ਦੀਆਂ ਬਸਤੀਆਂ ਖ਼ਾਲੀ ਹੋ ਗਈਆਂ। ਤਵੀ, ਉਝ ਤੇ ਬਸੰਤਰ ਦੇ ਪਾਣੀਆਂ ਨੂੰ ਸੂਹਾ ਰੰਗ ਚੜ੍ਹਿਆ। ਬੱਚਾ ਸਿੱਕਾ ਵਾਂਗਰ ਇੱਲਾਂ, ਕਾਵਾਂ ਤੇ ਗਿੱਧਾਂ ਨੂੰ ਵੀ ਕੁਝ ਦਿਨਾਂ ਦਾ ਰਾਜ ਮਿਲਿਆ। ਕੱਚਾ ਮਾਸ ਖਾਣ ਵਾਲੀ ਇਹ ਮਖ਼ਲੂਕ ਬੜੀ ਖ਼ੁਸ਼ ਸੀ, ਕਿਉਂਕਿ ਇਨ੍ਹਾਂ ਨੂੰ ਪਹਿਲੀ ਵਾਰੀ ਵੱਖਰੀ ਕਿਸਮ ਦਾ ਸਵਾਦਲਾ ਮਾਸ ਖਾਣ ਨੂੰ ਮਿਲਿਆ ਸੀ, ਲਾਸ਼ਾਂ ਦਾ ਵਪਾਰ ਹੋ ਰਿਹਾ ਸੀ। ਲਾਸ਼ਾਂ ਆ ਰਹੀਆਂ ਸਨ ਤੇ ਲਾਸ਼ਾਂ ਜਾ ਰਹੀਆਂ ਸਨ। ਲੋਕਾਈ ਦੀ ਆਵਾਜਾਈ ਲੱਗੀ ਹੋਈ ਸੀ। ਇਕ ਪਲ ਦੇ ਫ਼ੈਸਲੇ ਵਿਚ ਸਾਡੀ ਰਹਿਤਲ ਗਵਾਚ ਗਈ। ਵੱਢ-ਟੁੱਕ ਤੇ ਆਣ-ਜਾਣ ਦਾ ਇਹ ਸਿਲਸਿਲਾ ਚੋਖੇ ਚਿਰ ਤੀਕਰ ਜਾਰੀ ਰਿਹਾ ਤੇ ਫਿਰ ਹਨੇਰੀ, ਝੱਖੜ ਤੇ ਤੂਫ਼ਾਨ ਥੰਮ੍ਹ ਗਿਆ। ਜੰਮੂ ਦੀਆਂ ਖ਼ਾਲੀ ਬਸਤੀਆਂ ਨਵੇਂ ਲੋਕਾਂ ਨੇ ਆਬਾਦ ਕੀਤੀਆਂ। ਗਾਮੀ ਤੇ ਕਾਲੇ ਖ਼ਾਨ ਦਾ ਕੁਝ ਪਤਾ ਨਾ ਚੱਲਿਆ। ਫਿਰੋਜ਼ਾ, ਜ਼ੁਬੈਦਾ, ਬਾਲੀ, ਤਾਜੀ ਤੇ ਗੌਹਰ ਜਾਨ... ਕਿਸੇ ਦੀ ਵੀ ਉੱਘ-ਸੁੱਘ ਨਹੀਂ ਮਿਲੀ। ਤਬਲੇ, ਵਾਜੇ, ਘੁੰਗਰੂ, ਢੋਲਕ, ਤੂੰਬੀ, ਵੰਝਲੀ, ਸਾਰੰਗੀ ਤੇ ਸਿਤਾਰ ਸਭ ਬੇਆਵਾਜ਼ ਹੋ ਗਏ। ਉਰਦੂ ਬਾਜ਼ਾਰ ਵੀ ਉੱਜੜ ਗਿਆ। ਰੌਣਕਾਂ ਖ਼ਤਮ ਹੋ ਗਈਆਂ। ਸਭ ਖੇਰੂੰ-ਖੇਰੂੰ ਹੋ ਗਏ। ਉਰਦੂ ਬਾਜ਼ਾਰ ਦੇ ਵਸਨੀਕਾਂ ਸ਼ਾਇਦ ਸਰਹੱਦ ਪਾਰ ਕੋਈ ਨਵਾਂ ਬਾਜ਼ਾਰ ਵਸਾ ਲਿਆ ਹੋਵੇ ਕਿਉਂਕਿ ਜਿਥੇ ਗਿਆ ਬਾਨੀਆ ਓਥੇ ਗਿਆ ਬਾਜ਼ਾਰ। ਕੁਝ ਚਿਰ ਮਗਰੋਂ ਆਣ-ਜਾਣ ਵਾਲਿਆਂ ਕੋਲੋਂ ਮੈਨੂੰ ਗਾਮੇ ਨਾਈ ਦੇ ਖ਼ੈਰ ਸੁਖ ਦਾ ਸੁਨੇਹਾ ਮਿਲ ਗਿਆ ਸੀ। ਉਸ ਨੇ

ਸਿਆਲਕੋਟ ਦੇ ਪੂਰਨ ਨਗਰ ਵਿਚ ਨਾਈਆਂ ਦੀ ਦੁਕਾਨ ਖੋਲ੍ਹ ਲਈ ਸੀ ਤੇ ਬਾਕੀ ਦੇ ਸ਼ੌਕ ਵੀ ਪਾਲ ਰਿਹਾ ਸੀ, ਪਰ ਕਾਲੇ ਖ਼ਾਨ ਬਾਰੇ ਕੁਝ ਪਤਾ ਨਹੀਂ ਸੀ ਚੱਲਿਆ ਕਿ ਉਹ ਜ਼ਿੰਦਾ ਹੈ ਜਾਂ ਮਰ ਖਪ ਗਿਆ ਸੀ, ਜੰਮੂ ਮੁੜ ਪਹਿਲਾਂ ਵਾਂਗਰ ਰਸਣ ਵੱਸਣ ਲੱਗਾ। ਉਰਦੂ ਬਾਜ਼ਾਰ, ਰਜਿੰਦਰ ਬਾਜ਼ਾਰ ਬਣ ਗਿਆ। ਕਸਬੀਆਂ ਤੇ ਡੇਰੇਦਾਰਨੀਆਂ ਦੇ ਚੁਬਾਰੇ ਸਰਕਾਰ ਨੇ ਸਾਂਭ ਲਏ, ਮੁਹਾਜਰਾਂ ਦੇ ਮਕਾਨ, ਜ਼ਮੀਨਾਂ ਤੇ ਜਾਇਦਾਦਾਂ ਉਧਰੋਂ ਆਣ ਵਾਲੇ ਸ਼ਰਨਾਰਥੀਆਂ ਨੂੰ ਅਲਾਟ ਕਰ ਦਿੱਤੀਆਂ ਗਈਆਂ। ਲੋਕਾਈ ਬੇਸ਼ਕ ਬਰਬਾਦ ਹੋਈ ਪਰ ਖ਼ੁਦਾ ਦੀ ਖੁਦਾਈ ਆਬਾਦ ਰਹੀ। ਫਿਰ ਇਕ ਵਾਰੀ ਮੈਂ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਦੇਖਣ ਲਾਹੌਰ ਗਿਆ ਤੇ ਉਥੇ ਵਸਦੇ ਜੰਮੂ ਵਾਸੀਆਂ ਨੂੰ ਮਿਲਿਆ। ਸਾਰੇ ਆਪਣੀਆਂ-ਆਪਣੀਆਂ ਕੂੜ ਕਹਾਣੀਆਂ ਸੁਣਾਉਣ ਲੱਗੇ ਅਤੇ ਜੰਮੂ ਬਾਰੇ ਪੁੱਛਣ ਲੱਗੇ। ਆਪਣੇ ਘਰਾਂ ਬਾਰੇ, ਮੁਹੱਲੇ, ਬਾਜ਼ਾਰਾਂ ਬਾਰੇ, ਗਲੀਆਂ ਢੱਕੀਆਂ ਬਾਰੇ, ਯਾਰ-ਬੇਲੀਆਂ ਬਾਰੇ, ਸਾਕ-ਸੰਬੰਧੀਆਂ ਬਾਰੇ ਗੱਲਾਂ ਹੁੰਦੀਆਂ ਰਹੀਆਂ ਤੇ ਅੱਖਾਂ ਭਿੱਜਦੀਆਂ ਰਹੀਆਂ। ਮੈਨੂੰ ਇੰਝ ਲੱਗਾ ਕਿ ਵੰਡ ਵੇਲੇ ਦੀ ਤਬਾਹੀ ਹਾਲੀਂ ਤਿੰਨ-ਚਾਰ ਪੁਸ਼ਤਾਂ ਤੋੜੀ ਸਾਨੂੰ ਰੜਕਦੀ ਰਵ੍ਹੇਗੀ। ਫੇਰ ਮੈਂ ਉਨ੍ਹਾਂ ਕੋਲੋਂ ਕਾਲੇ ਖ਼ਾਨ ਬਾਰੇ ਪੁੱਛਿਆ ਪਰ ਕਿਸੇ ਨੂੰ ਉਸ ਦੀ ਸਿਆਣ ਨਹੀਂ ਸੀ। ਦੂਜੇ ਦਿਨ ਮੈਂ ਚੁੱਪ ਚੁਪੀਤਾ ਸਿਆਲਕੋਟ ਜਾ ਪੁੱਜਿਆ ਤੇ ਕਾਲੇ ਖ਼ਾਨ ਦੀ ਸੂਹ ਕੱਢਣ ਲੱਗਾ। ਗਾਮਾ ਨਾਈ ਫੌਤ ਹੋ ਚੁੱਕਿਆ ਸੀ ਤੇ ਉਸ ਦਾ ਪੁੱਤਰ ਉਸ ਦੀ ਥਾਂ 'ਤੇ ਨਾਈਆਂ ਦਾ ਕੰਮ ਕਰਦਾ ਸੀ। ਮੈਂ ਉਥੇ ਵੀ ਜੰਮੂ ਵਾਲਿਆਂ ਨੂੰ ਮਿਲਿਆ। ਉਰਦੂ ਬਾਜ਼ਰ ਦੇ ਇਕ ਪਾਨ ਫਰੋਸ਼ ਕੋਲੋਂ, ਜਿਸ ਨੇ ਸਿਆਲਕੋਟ ਦੇ ਕਿਲ੍ਹੇ ਕੋਲ ਪਾਨ, ਸਿਗਰਟ ਦੀ ਦੁਕਾਨ ਖੋਲ੍ਹੀ ਸੀ, ਮੈਨੂੰ ਦੱਸ ਪਈ ਕਿ ਕਾਲੇ ਖ਼ਾਨ ਜ਼ਿੰਦਾ ਹੈ ਤੇ ਨਾਰੋਵਾਲ ਵਿਚ ਰਹਿੰਦਾ ਹੈ। ਮੈਂ ਕਨਸੋਅ ਲੈਂਦੇ-ਲੈਂਦੇ ਨਾਰੋਵਾਲ ਗਿਆ ਤੇ ਕਾਲੇ ਖ਼ਾਨ ਨੂੰ ਇਕ ਸੜਕ 'ਤੇ ਪੱਥਰ ਤੋੜਦਿਆਂ ਜਾ ਫੜਿਆ। ਉਸ ਨੂੰ ਵੇਖ ਕੇ ਦਿਲ ਨੂੰ ਡਾਢੀ ਸੱਟ ਵੱਜੀ। ਉਹ ਖਜੂਰ ਤੋਂ ਛਵਾਰਾ ਬਣ ਗਿਆ ਸੀ। ਉਹਦੇ ਬੋਦਿਆਂ ਵਿਚ ਚਾਂਦੀ ਲਿਸ਼ਕ ਰਹੀ ਸੀ। ਮੈਨੂੰ ਵੇਖ ਕੇ ਉਹਦੀਆਂ ਅੱਖਾਂ ਵਿਚ ਚਮਕ ਆ ਗਈ। ਉਸ ਨੇ ਮੈਨੂੰ ਘੁਟ ਕੇ ਜੱਫ਼ਾ ਮਾਰਿਆ। ਅਸਾਂ ਦੋਹਾਂ ਰੱਜ ਕੇ ਅੱਥਰੂ ਕੇਰੇ। ਜਦ ਮਨ ਹਲਕਾ ਹੋਇਆ ਤਾਂ ਮੈਂ ਪੁੱਛਿਆ- "ਕਾਲੇ ਖ਼ਾਨ! ਤੂੰ ਇਹ ਕੀ ਹਾਲਤ ਬਣਾਈ ਹੋਈ ਹੈ ਆਪਣੀ ? ਤੇਰਾ ਟਾਂਗਾ ਘੋੜਾ ਕਿੱਥੇ ਹੈ ? ਫਿਰੋਜ਼ਾ ਦਾ ਕੋਈ ਅਤਾ-ਪਤਾ ਲੱਗਾ ? ਉਹ ਤੈਨੂੰ ਮਿਲੀ ਜਾ ਨਹੀਂ ?"

"ਜਿੱਥੇ ਗਈ ਫਿਰੋਜ਼ਾ, ਉਥੇ ਗਿਆ ਟਾਂਗਾ ਘੋੜਾ। ਮੈਨੂੰ ਉਹਦੀ ਕੋਈ ਟੋਹ ਨਹੀਂ ਮਿਲੀ। ਮੈਂ ਉਸ ਨੂੰ ਸਿਆਲਕੋਟ, ਜਿਹਲਮ, ਮੀਰਪੁਰ ਤੇ ਲਾਹੌਰ ਦੇ

ਰਿਫਿਊਜ਼ੀ ਕੈਂਪਾਂ ਵਿਚ ਢੂੰਡਿਆ। ਲਾਹੌਰ ਦੀ ਹੀਰਾ ਮੰਡੀ ਤੋਂ ਲੈ ਕੇ ਪਿੰਡੀ, ਪਿਸ਼ਾਵਰ ਤੇ ਕਰਾਚੀ ਦੇ ਮੀਨਾ ਬਾਜ਼ਾਰਾਂ ਵਿਚ ਲੱਭਿਆ ਪਰ ਉਸ ਦੀ ਕੋਈ ਸੂਹ ਨਹੀਂ ਮਿਲੀ। ਮੈਂ ਉੱਦਮ ਨਹੀਂ ਛੱਡਿਆ ਤੇ ਆਪਣੇ ਮੋਹ ਦੀ ਪੰਢ ਨੂੰ ਚੁੱਕੀ ਥਾਂ-ਥਾਂ ਫਿਰਦਾ ਰਿਹਾ। ਕਨਸੋਆਂ ਲੈਂਦਾ ਰਿਹਾ। ਦੁਆਵਾਂ ਮੰਗਦਾ ਰਿਹਾ ਪਰ ਮੁਰਾਦਾਂ ਪੂਰੀਆਂ ਵੀ ਹੋਣ, ਇਹ ਜ਼ਰੂਰੀ ਤਾਂ ਨਹੀਂ। ਬਾਬੂ! ਬੁੱਲ੍ਹੇ ਤੇ ਦੁੱਲੇ ਦੇ ਇਸ ਟੁੱਟ ਪੈਣੇ ਮੁਲਖ਼ ਵਿਚ ਆ ਕੇ ਮੈਨੂੰ ਕੋਈ ਸੁਖ ਨਹੀਂ ਮਿਲਿਆ। ਬਸ ਝੂਰਨਾ ਤੇ ਰੋਣਾ ਮੇਰੇ ਵਸ ਪੈ ਗਿਆ ਅਤੇ ਵਿਛੋੜਾ ਮੈਨੂੰ ਥਾਂ ਮਾਰ ਗਿਆ। ਦਿਲਾਂ ਦੇ ਸੌਦੇ ਵਿਚ ਮੈਨੂੰ ਬੜਾ ਘਾਟਾ ਪਿਆ। ਬਾਬੂ! ਮੈਂ ਤਾਂ ਰਾਂਝਾ ਬਣ ਗਿਆ ਪਰ ਫਿਰੋਜ਼ਾ ਹੀਰ ਨਾ ਬਣ ਸਕੀ, ਜਿਸ ਦਾ ਮੈਨੂੰ ਡਾਢਾ ਦੁਖ ਹੈ। ਆਖ਼ਿਰ ਮੈਂ ਆਪਣੇ ਇਸ਼ਕ ਦਾ ਜਨਾਜ਼ਾ ਆਪ ਪੜ੍ਹਿਆ ਤੇ ਨਾਰੋਵਾਲ ਆ ਗਿਆ। ਇਥੇ ਮੈਂ ਪੰਜ ਪੀਰ ਦੀ ਦਰਗਾਹ ਦੇ ਹੁਜਰੇ ਵਿਚ ਰਹਿੰਦਾ ਹਾਂ। ਦਰਗਾਹ 'ਤੇ ਅਗਰਬੱਤੀਆਂ ਤੇ ਮੋਮਬੱਤੀਆਂ ਬਾਲਦਾ ਹਾਂ। ਝਾੜੂ ਫੇਰਦਾ ਹਾਂ ਅਤੇ ਜਦ ਮਨ ਬਹੁਤ ਉਦਾਸ ਹੋਵੇ ਤਾਂ ਸੜਕ 'ਤੇ ਬਹਿ ਕੇ ਪੱਥਰ ਤੋੜਦਾ ਰਹਿਨਾਂ ਪਰ ਮੇਰੀਆਂ ਅੱਖਾਂ ਅੱਜ ਵੀ ਸੌਂਦਿਆਂ ਜਾਗਦਿਆਂ ਫਿਰੋਜ਼ਾ ਦੇ ਚੁਬਾਰੇ ਦਾ ਤੁਵਾਫ਼ ਕਰਦੀਆਂ ਰਹਿੰਦੀਆਂ ਹਨ।"

ਮੈਂ ਵੇਖਿਆ ਭਈ ਕਾਲੇ ਖ਼ਾਨ ਇਸ਼ਕ ਦੀ ਅੱਗ ਨੂੰ ਅੱਜ ਵੀ ਝੱਲ ਰਿਹਾ ਸੀ। ਅਸੀਂ ਚੋਖੇ ਚਿਰ ਤੀਕਰ ਵੇਲੇ ਨੂੰ ਪਰਤਾਂਦੇ ਰਹੇ; ਉਹ ਆਪਣੀਆਂ ਪੀੜਾਂ ਖੁਰਚਦਾ ਰਿਹਾ, ਮੈਂ ਮਲ੍ਹਮ ਲਾਉਣ ਦਾ ਯਤਨ ਕਰਦਾ ਰਿਹਾ, ਫੇਰ ਮੈਂ ਉਸ ਕੋਲੋਂ ਵਾਪਸ ਲਾਹੌਰ ਜਾਣ ਦੀ ਇਜਾਜ਼ਤ ਮੰਗੀ। ਜਦ ਮੈਂ ਜਾਣ ਲੱਗਾ ਤਾਂ ਕਾਲੇ ਖ਼ਾਨ ਨੇ ਮੈਨੂੰ ਰੋਕਿਆ ਤੇ ਕਹਿਣ ਲੱਗਾ-

"ਬਾਬੂ! ਇਹ ਪੱਥਰ ਤੇ ਮੈਂ ਤੋੜ ਲੈਨਾਂ ਵਾਂ ਪਰ ਫਿਰੋਜ਼ਾ ਦੇ ਦਿਲ ਦਾ ਪੱਥਰ ਮੈਥੋਂ ਨਹੀਂ ਟੁੱਟ ਸਕਿਆ ਤੇ ਇਸ ਗੱਲ ਦਾ ਦੁਖ ਮਰਦੇ ਦਮ ਤੋੜੀ ਮੇਰੇ ਅੰਦਰ ਜ਼ਿੰਦਾ ਰਵ੍ਹੇਗਾ।"

ਮੈਂ ਉਸ ਨੂੰ ਗਲੇ ਲਾਇਆ। ਉਹਦੀਆਂ ਅੱਖਾਂ ਦੇ ਗਲੇਡੂ ਸਾਫ਼ ਕੀਤੇ ਤੇ ਉਥੋਂ ਚੱਲ ਪਿਆ। ਕਾਲੇ ਖ਼ਾਨ ਦੂਰ ਤੀਕਰ ਮੈਨੂੰ ਜਾਂਦਿਆਂ ਵੇਖਦਾ ਰਿਹਾ। ਮੈਂ ਨਾਰੋਵਾਲ ਤੋਂ ਲਾਹੌਰ ਦੀ ਬੱਸ ਫੜੀ ਅਤੇ ਦੂਜੇ ਦਿਨ ਵਾਹਗਾ ਬਾਰਡਰ ਪਾਰ ਕਰਕੇ ਜੰਮੂ ਆ ਗਿਆ, ਪਰ ਕਾਲੇ ਖ਼ਾਨ ਦੇ ਸ਼ਬਦ ਸਾਰੇ ਰਸਤੇ ਮੇਰਾ ਪਿੱਛਾ ਕਰਦੇ ਰਹੇ- "ਫਿਰੋਜ਼ਾ ਦੇ ਦਿਲ ਦਾ ਪੱਥਰ...।"

•

# ਸੋਨੇ ਦੀ ਝਕਰੀ

ਮੇਰੇ ਪੋਤਰੇ ਰਘੂਨੰਦਨ ਦੇ ਦਿਮਾਗ ਵਿਚ ਕੁੜਨ ਤੇ ਕੁੜੱਤਣ ਦਾ ਲੋਹਾ ਭਰਿਆ ਹੋਇਆ ਹੈ। ਉਹ ਮਨੋਂ ਟੁੱਟ ਜਾਣ ਵਾਲੇ ਇਸ ਲੋਹੇ ਨੂੰ ਅੱਗ ਨਾਲ਼ ਤਪਾਂਦਾ ਰਹਿੰਦਾ ਹੈ। ਇਸ ਨੂੰ ਠੰਡਿਆਂ ਨਹੀਂ ਹੋਣ ਦਿੰਦਾ। ਉਹ ਆਪਣਾ ਮੰਦਪੁਣਾ ਛੱਡਣ ਨੂੰ ਤਿਆਰ ਨਹੀਂ। ਉਸ ਨੇ ਮੇਰਾ ਸਾਰਾ ਘਰ ਰੂੜਾ-ਕੂੜਾ ਬਣਾ ਛੱਡਿਆ ਹੈ। ਵਧੀਆ ਸਿਖਿਆ ਤੇ ਆਧੁਨਿਕ ਗਿਆਨ ਹਾਸਿਲ ਕਰਨ ਦੇ ਬਾਵਜੂਦ ਉਹ ਹੀਣਤਾ ਦਾ ਕੰਬਲ ਛੱਡਣ ਨੂੰ ਤਿਆਰ ਨਹੀਂ। ਉਹ ਸ਼ਬਦਾਂ ਦੀ ਦਹਿਸ਼ਤ-ਗਰਦੀ ਨਾਲ਼ ਮੇਰੇ ਮਨ ਨੂੰ ਮੈਲ਼ਿਆਂ ਕਰਦਾ ਰਹਿੰਦਾ ਹੈ। ਹਰ ਵੇਲੇ ਹਿੰਦੂ-ਮੁਸਲਿਮ ਭੇੜ ਦਾ ਤਵਾ ਲਾਈ ਰੱਖਦਾ ਹੈ ਤੇ ਸਾਂਝ ਪਿਆਰ ਦੇ ਮੋਛੇ ਵੱਢਣਾ ਚਾਹੁੰਦਾ ਹੈ। ਦਿਮਾਗ ਵਿੱਚ ਮਜ਼ਬੀ ਜ਼ਹਿਰ ਭਰਿਆ ਹੋਣ ਕਾਰਣ ਉਸਦੀ ਜੀਭ ਹਮੇਸ਼ਾਂ ਕੌੜੀ ਰਹਿੰਦੀ ਹੈ। ਰਘੂਨੰਦਨ ਤੇ ਉਸਦੇ ਯਾਰ-ਬੇਲੀ ਥਾਂ-ਥਾਂ ਵੈਰ ਪ੍ਰਚਾਰਦੇ ਰਹਿੰਦੇ ਹਨ। ਉਂਝ ਤਾਂ ਉਹ ਸਾਰੇ ਬੜੇ ਪੜ੍ਹਾਕੂ ਮੰਨੇ ਜਾਂਦੇ ਹਨ ਪਰ ਉਨ੍ਹਾਂ ਦੀਆਂ ਡਿਗਰੀਆਂ ਵਿੱਚ ਪਿਆਰ ਤੇ ਮੁਹੱਬਤ ਦੀ ਖ਼ੁਸ਼ਬੂ ਨਹੀਂ ਮਿਲਦੀ। ਉਨ੍ਹਾਂ ਨੇ ਪੂਰੀ ਧਰਤੀ ਨੂੰ ਕੌੜਾ ਬਣਾ ਦਿੱਤਾ ਹੈ। ਰਘੂਨੰਦਨ ਤੇ ਉਸਦੇ ਯਾਰ, ਲੋਕਾਈ ਦੇ ਲੀੜੇ ਰੱਤ-ਰੰਗੇ ਕਰਨ ਦੇ ਬਹਾਨੇ ਢੂੰਡਦੇ ਰਹਿੰਦੇ ਹਨ। ਕਦੀ ਗੌ-ਮਾਸ, ਕਦੀ ਪਿਆਰ-ਜਿਹਾਦ ਤੇ ਕਦੀ ਜ਼ਮੀਨ-ਜਿਹਾਦ ਦੇ ਨਾਂ 'ਤੇ ਲੋਕਾਂ ਦੇ ਸਾਹ ਕੱਢ ਲੈਂਦੇ ਹਨ।

ਮੈਂ ਜਿੰਨੀ ਮਰਜ਼ੀ ਰਘੂਨੰਦਨ ਦੀ ਝਾੜ ਫੰਡ ਕਰਾਂ ਪਰ ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ। ਉਹ ਰਿੰਜ ਦੀ ਧੂਨੀ ਧੁਖਾਉਂਦਾ ਰਹਿੰਦਾ ਹੈ ਤਾਂ ਜੋ ਅੱਗ ਦੇ ਭਾਂਬੜ ਮੱਚਨ ਤੇ ਖ਼ਲਕਤ ਦਾ ਉਜਾੜ ਕਰਨ। ਇਹ ਗੱਭਰੂ ਅਜੇਹਿਆਂ ਅਖੌਤੀ ਧਰਮ-ਗੁਰੂਆਂ ਤੇ ਸਿਆਸੀ ਖਰਾਂਟਾਂ ਦੇ ਹੱਥੇ ਚੜ੍ਹੇ ਹੋਏ ਹਨ ਜਿਹੜੇ ਮਨ ਘੜੰਤ ਕਹਾਣੀਆਂ ਬਣਾ ਕੇ ਇਹ ਸਿੱਧ ਕਰਨ ਦਾ ਆਹਰ ਕਰਦੇ ਨੇ ਕਿ ਉਨ੍ਹਾਂ ਦੀ ਕੁਕੜੀ ਦੀਆਂ ਤਿੰਨ ਲੱਤਾਂ ਹਨ। ਗ਼ਰੀਬ ਮਸਕੀਨਾਂ ਦੀਆਂ ਛੱਤਾਂ ਉਜਾੜ ਕੇ ਇਹ ਆਪਣੇ ਡਿੰਭ ਦੀ ਪੱਗ ਦਾ ਸ਼ਮ੍ਹਲਾ ਉੱਚਾ ਕਰਦੇ ਹਨ। ਮੈਂ ਲੱਖ ਸਮਝਾਇਆ ਕਿ ਝੂਠ, ਛੱਲ ਫਰੇਬ, ਜੁਗਤਾਂ ਤੇ ਇਲਜ਼ਾਮ ਤਰਾਸ਼ੀਆਂ ਇਨ੍ਹਾਂ ਔਤਰੇ ਨਾ ਮੁਰਾਦਾਂ ਦੀ ਖਸਲਤ ਹੁੰਦੀ ਹੈ। ਇਹ ਆਪਣੇ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਖੁੱਲ੍ਹਮ ਖੁੱਲ੍ਹਾ ਕਰਕੇ ਤਬਕਾਤੀ ਤੇ ਗਰੋਹੀ ਨਫ਼ਰਤ ਫੈਲਾਂਦੇ ਹਨ ਅਤੇ ਨਹੀਂ ਚਾਹੁੰਦੇ ਕਿ

ਇਸ ਧਰਤੀ ਤੇ ਕੋਈ ਦੂਜਾ ਵੀ ਚੋਗ ਚੁੱਗੇ। ਪਰ ਰਘੂਨੰਦਨ ਦੇ ਦਿਮਾਗ ਅੰਦਰ ਮੇਰੀਆਂ ਗੱਲਾਂ ਵੜਦੀਆਂ ਹੀ ਨਹੀਂ ਹਨ। ਉਹ ਧਰਮ ਗੁਆਨ ਵਾਲੇ ਵਰਗ ਨਾਲ ਜੁੜਿਆ ਹੋਇਆ ਹੈ ਜੋ ਕੇਵਲ ਆਪਣੇ ਆਪ ਨੂੰ ਹੀ ਪੂਰੀ ਕੌਮ ਕਹਿੰਦਾ ਹੈ ਤੇ ਦੂਜੇ ਵਰਗ ਦੇ ਲੋਕਾਂ ਨੂੰ ਦੇਸ਼ ਗੱਦਾਰ, ਆਤੰਕਵਾਦੀ ਤੇ ਜਿਹਾਦੀ ਅਤੇ ਉਨ੍ਹਾਂ ਦਾ ਦੇਸ਼ ਨਿਕਾਲਾ ਚਾਹੁੰਦਾ ਹੈ। ਜਿਸ ਕਾਰਨ ਪੂਰੇ ਦੇਸ਼ ਵਿਚ ਫਿਰਕੂ ਫਸਾਦ ਹੁੰਦੇ ਰਹਿੰਦੇ ਹਨ। ਮੈਂ ਕਈ ਵਾਰੀ ਉਸਨੂੰ ਕਿਹਾ ਕਿ ਸਾਂਝੇ ਰਿਸ਼ਤਿਆਂ ਦੀ ਕੰਧ ਡਿੱਗਣ ਤੋਂ ਬਚਾਣ ਲਈ ਥੰਮੀ ਦਾ ਕੰਮ ਕਰੇ ਪਰ ਉਹ ਤਾਂ ਗੈਂਤੀ, ਬੇਲਚਾ ਤੇ ਸੱਬਲ ਬਣਨਾ ਚਾਹੁੰਦਾ ਹੈ।

ਦੂਜੇ ਪਾਸੇ ਮਲਵਾਣੇ ਆਪਣੇ ਧਰਮ ਪ੍ਰਚਾਰ ਵਿਚ ਅਰਸ਼ਾਂ ਦੀ ਸੈਰ ਕਰਾਉਂਦੇ ਹਨ ਤੇ ਸਵਰਗਾਂ ਅੰਦਰ ਲੈ ਜਾਂਦੇ ਹਨ ਪਰ ਫ਼ਰਸ਼ਾਂ 'ਤੇ ਰਹਿਣ ਵਾਲੀ ਸਾਦਾ ਮਖ਼ਲੂਕ ਨੂੰ ਨਰਕਾਂ ਦੀ ਅੱਗ ਵਿੱਚ ਭੱਸਮ ਕਰ ਦਿੰਦੇ ਹਨ। ਇਹ ਮਲਵਾਣੇ ਧਰਮ ਦੀ ਵਿਆਖਿਆ ਆਪਣੇ ਜ਼ਾਤੀ ਮਕਸਦ ਤੇ ਅਕੀਦੇ ਮੁਤਾਬਿਕ ਕਰਦੇ ਹਨ ਅਤੇ ਲੋਕਾਂ ਨੂੰ ਸਵਾਬ ਤੇ ਅਜ਼ਾਬ ਦੀ ਘੁੰਮਣ-ਘੇਰੀ ਵਿਚ ਫਸਾਈ ਰੱਖਦੇ ਹਨ। ਲੱਖ ਯਤਨ ਕਰੋ ਪਰ ਇਨ੍ਹਾਂ ਮਲਵਾਣਿਆਂ ਦਾ ਕਿਬਲਾ ਕਦੀ ਸਿੱਧਾ ਨਹੀਂ ਹੁੰਦਾ। ਇਹ ਵੇਲ਼ੇ-ਕਵੇਲ਼ੇ ਅਸਮਾਨ ਨੂੰ ਟਾਕੀਆਂ ਲਾਂਦੇ ਰਹਿੰਦੇ ਨੇ। ਸਰਕਾਰਾਂ ਵੀ ਚਾਹੁੰਦੀਆਂ ਹਨ ਕਿ ਮੌਤਮੰਡੀ ਭੱਖਦੀ ਰਵ੍ਹੇ ਤੇ ਵੈਰ ਕੱਢਣ ਵਾਲਿਆਂ ਦੀ ਰੱਖਿਆ ਹੁੰਦੀ ਰਵ੍ਹੇ ਨਾਲ਼ੇ ਕਾਤਿਲਾਂ ਨੂੰ ਮਾਨ ਸਨਮਾਨ ਮਿਲਦਾ ਰਵ੍ਹੇ। ਸਰਕਾਰਾਂ ਦੇ ਵਿਹਾਰ ਨੇ ਵੀ ਦੇਸ਼ ਨੂੰ ਅੰਗਾਰ ਬਣਾ ਦਿੱਤਾ ਹੈ। ਬੰਦੂਕਾਂ ਤੇ ਤਲਵਾਰਾਂ ਦੀ ਖੜਕਾਰ ਨਾਲ਼ ਲੋਕਾਂ ਦੇ ਲੂੰਅ-ਕੰਡੇ ਖਲੋ ਜਾਂਦੇ ਹਨ। ਪੂਰੇ ਦੇਸ਼ ਵਿੱਚ ਘੁੱਟਣ ਦਾ ਮਾਹੌਲ ਬਣ ਗਿਆ ਹੈ। ਇਸ ਵਾਤਾਵਰਣ ਕਾਰਨ ਸ਼ਾਇਰ, ਅਦੀਬ, ਫ਼ਨਕਾਰ ਤੇ ਸੂਝਵਾਨ ਜਾਂ ਤਾਂ ਗੂੰਗੇ-ਬਹਿਰੇ ਹੋ ਗਏ ਹਨ ਜਾਂ ਉਨ੍ਹਾਂ ਦੀ ਅਕਲ ਉੱਤੇ ਵੱਖ-ਵੱਖ ਅਕੀਦਿਆਂ ਨੇ ਤੰਬੂ ਤਾਣ ਲਏ ਹਨ। ਡਰ-ਖ਼ੌਫ ਨੇ ਜ਼ੁਬਾਨ ਬੰਦੀ ਕਰ ਦਿੱਤੀ ਹੈ। ਨਿੱਤ ਦੀਆਂ ਮੱਕਾਰੀਆਂ ਨੇ ਖਰ੍ਹੇ-ਖੋਟੇ ਦਾ ਫ਼ਰਕ ਹੀ ਮਿੱਟਾ ਦਿੱਤਾ ਹੈ।

ਰਘੂਨੰਦਨ ਨੂੰ ਚੋਖਾ ਸਮਝਾਇਆ ਕਿ ਇਨ੍ਹਾਂ ਅਖੌਤੀ ਧਾਰਮਿਕ ਜਮਾਤਾਂ ਅਤੇ ਸਿਆਸੀ ਪਾਰਟੀਆਂ ਦੇ ਥੜ੍ਹੇ ਬੇਸ਼ੱਕ ਵੱਖਰੇ-ਵੱਖਰੇ ਹੁੰਦੇ ਹਨ ਪਰ ਸੌਦਾ ਇਕੋ ਜਿਹਾ ਹੁੰਦਾ ਹੈ ਪਰ ਮੇਰੀ ਗੱਲ ਉਸਦੇ ਪੱਲੇ ਨਹੀਂ ਪੈਂਦੀ। ਸਿੱਟਾ ਇਹ ਨਿਕਲਦਾ ਹੈ ਕਿ ਫਿਰਕੂ ਫਸਾਦਾਂ ਕਾਰਨ ਲੋਕਾਈ ਸੂਲ਼ੀ ਚੜ੍ਹਦੀ ਹੈ। ਮਾੜ੍ਹੇ, ਲਿੱਸਿਆਂ ਦੇ ਆਲ੍ਹਣੇ ਤੀਲਾ-ਤੀਲਾ ਹੋ ਕੇ ਖਿੱਲਰ ਜਾਂਦੇ ਹਨ ਤੇ ਉਹ ਦੀਵਾਰਾਂ ਚੱਟਨ ਲੱਗਦੇ ਹਨ। ਉਹ ਵਿਚਾਰੇ ਮਾਘ ਦੇ ਪਾਲੇ ਠਰਦੇ ਤੇ ਜੇਠ ਦੀ ਧੁੱਪੇ ਸੜਦੇ ਰਹਿੰਦੇ ਹਨ। ਉਨ੍ਹਾਂ ਦੇ ਹਾੜ੍ਹੇ ਸੁਣ ਕੇ ਸਿਧਕੀ ਬੰਦਿਆਂ ਦੇ ਗਚ ਭਰ ਜਾਂਦੇ ਹਨ ਪਰ ਸਰਕਾਰਾਂ ਲਈ ਤਾਂ ਦੇਸ਼ ਮਾਹੀ ਦਾ ਵੱਸੇ, ਕੋਈ ਰੋਵੇ ਭਾਵੇਂ ਹੱਸੇ। ਪਿਛਲੇ ਦੰਗਿਆਂ 'ਤੇ ਘਟਾ

ਪਾਉ ਪਰ ਉਹਨੇ ਉਹਨੇ ਮੈਂ ਦਿੱਲੀ ਵਿਚ ਮੁੜ ਹਰ ਪਾਸੇ ਸੰਤਾਲੀ ਚੜ੍ਹਿਆ ਵੇਖਿਆ ਹੈ। ਜਨੂੰਨੀਆਂ ਦਾ ਭੀੜ-ਭੜੱਕਾ, ਬਲਵਾਈਆਂ ਦੇ ਜੱਥੇ ਇੱਕ ਦੂਜੇ ਦੇ ਮੱਥੇ ਫਾੜ ਦੇ ਲਭਦੇ ਹਨ। ਕ੍ਰੋਧ ਤੇ ਵਿਰੋਧ ਦੇ ਤੰਦੂਰਾਂ ਵਿੱਚ ਸਭ ਰਿਸ਼ਤੇ ਸਵਾਹ ਢੇਰੀ ਹੁੰਦੇ ਵੇਖੇ ਜਾ ਸਕਦੇ ਹਨ। ਬਦਲੇ ਦੀ ਭਾਵਨਾ ਇਨਸਾਨੀ ਲਹੂ ਦੀ ਵੈਰੀ ਹੋਈ ਪਈ ਹੈ। ਨਾ ਸਾਂਝੇ ਚੁੱਲ੍ਹੇ ਰਹੇ ਹਨ ਨਾ ਪਿਆਰ ਪਚੋਲੇ। ਧਰਮ ਤੇ ਰਾਜਨੀਤੀ ਕਾਰਨ ਦੋਹਾਂ ਧਿਰਾਂ ਨੇ ਕਹਿਰ ਮਚਾਇਆ ਹੈ। ਫਸਾਦੀਆਂ ਦੀਆਂ ਅੱਖਾਂ ਦਾ ਪਾਣੀ ਮਰ ਗਿਆ ਹੈ। ਦੰਗਾਈਆਂ ਦਾ ਸਾੜ ਪਰਜਾ ਦਾ ਉਜਾੜ ਬਣ ਗਿਆ ਹੈ। ਦੇਸ਼ ਬਦਨਾਮ ਹੋ ਰਿਹਾ ਹੈ। ਹਰ ਪਾਸੇ ਥੂ-ਥੂ ਹੋਣ ਲੱਗੀ ਹੈ। ਰਾਜਨੀਤੀ ਦੀ ਰੋਟੀਆਂ ਸੇਕਣ ਵਾਲੇ, ਠੇਢੇ ਖਾਂਦੇ ਤੇ ਹਟਕੋਰੇ ਭਰਦੇ ਤੇ ਲੋਕਾਂ ਦੀ ਟਹਿਲ ਟਕੋਰਾਂ ਕਰਨ ਲੱਗ ਪੈਂਦੇ ਹਨ ਤਾਂ ਜੋ ਉਨ੍ਹਾਂ ਨੂੰ ਲੋਕਾਂ ਦੀ ਸੇਵਾ ਕਰਨ ਦੇ ਡਰਾਮੇ ਦਾ ਮੇਵਾ ਮਿਲ ਸਕੇ।

ਦੰਗਾਈਆਂ ਦੇ ਇਕ ਜੱਥੇ ਦੀ ਅਗਵਾਈ ਰਘੂਨੰਦਨ ਵੀ ਕਰ ਰਿਹਾ ਸੀ। ਦੂਜੇ ਵਰਗ ਦੇ ਇੱਕ ਮੁਹੱਲੇ ਵਿੱਚ ਮਚਾਈ ਤਬਾਹੀ ਉਸ ਨੂੰ ਪੁੱਠੀ ਪੈ ਗਈ। ਉਦਰੋਂ ਵੀ ਟੋਕੇ, ਬਰਛੇ, ਡਾਂਗਾਂ ਤੇ ਸੋਟੇ ਫੜੀ ਇੱਕ ਜੱਥਾ ਤਿਆਰ ਬੈਠਾ ਸੀ। ਦੋਹਾਂ ਪਾਸੇ ਹੱਥਿਆਰਾਂ ਦਾ ਵਾ-ਵਾ ਵਰਤਾਰਾ ਹੋਇਆ। ਕਿਸੇ ਕਸਾਈ ਨੇ ਰਘੂਨੰਦਨ ਦੇ ਸਿਰ 'ਤੇ ਫੱਟ ਮਾਰਿਆ ਅਤੇ ਸੱਜੇ ਹੱਥ ਦੀਆਂ ਉਂਗਲਾਂ ਵੱਢ ਦਿੱਤੀਆਂ। ਰਘੂਨੰਦਨ ਦੇ ਸਾਥੀ ਉਸਨੂੰ ਹਸਪਤਾਲ ਲੈ ਗਏ। ਸਿਰ ਵਿੱਚ ਪੱਚੀ-ਤੀਹ ਟਾਂਕੇ ਆਏ। ਹੱਥ ਦਾ ਅਪਰੇਸ਼ਨ ਕਰਕੇ ਉਸਦੀ ਡ੍ਰੈਸਿੰਗ ਕੀਤੀ ਗਈ ਤੇ ਫਿਰ ਉਹ ਉਸਨੂੰ ਘਰ ਛੱਡ ਗਏ। ਉਹਦੀ ਹਾਲਤ ਵੇਖ ਕੇ ਮਾਂ ਨੇ ਰੋ-ਰੋ ਕੇ ਬੁਰਾ ਹਾਲ ਕੀਤਾ। ਮੈਂ ਪੋਤਰੇ ਕੋਲ ਬੈਠਾ ਰਿਹਾ। ਉਸ ਨੂੰ ਨੀਂਦਰ ਦਾ ਇੰਜੈਕਸ਼ਨ ਦਿੱਤਾ ਗਿਆ ਸੀ ਤਾਂ ਜੋ ਉਹ ਸੌਂ ਸਕੇ... ਦਸ-ਬਾਰਾਂ ਦਿਨਾਂ ਤੀਕਰ ਉਹਦਾ ਇਲਾਜ ਚਲਦਾ ਰਿਹਾ। ਮੈਂ ਫ਼ਿਕਰਾਂ ਦਾ ਮਾਰਿਆ ਉਸਦੇ ਵਲ ਹੋਣ ਦੀ ਅਰਦਾਸ ਕਰਦਾ ਰਿਹਾ...। ਫਿਰ ਹਲਾਤ 'ਤੇ ਕਾਬੂ ਪਾਉਣ ਲਈ ਸਰਕਾਰ ਜਾਗੀ। ਅਮਨ ਕਮੇਟੀਆਂ ਬਣ ਗਈਆਂ। ਆਫ਼ਤ ਦੇ ਮਾਰੇ ਬੇ-ਘਰ ਲੋਕਾਂ ਦੇ ਮੁੜ ਵਸਾਵੇ ਲਈ ਸੱਚੇ-ਝੂਠੇ ਯਤਨ ਹੋਣ ਲੱਗੇ।

ਰਘੂਨੰਦਨ ਦੀ ਹਾਲਤ ਹੁਣ ਕਾਫ਼ੀ ਬਿਹਤਰ ਸੀ। ਉਹ ਮੇਰੇ ਨਾਲ਼ ਅੱਖ ਮਿਲਾਣ ਨੂੰ ਝਿਜ਼ਕ ਰਿਹਾ ਸੀ। ਫਿਰ ਇੱਕ ਦਿਨ ਉਹ ਬੋਲ ਪਿਆ, "ਦਾਦਾ ਜੀ! ਸਾਨੂੰ ਨਹੀਂ ਸੀ ਪਤਾ ਕਿ ਦੇਸ਼ ਧ੍ਰੋਹੀਆਂ ਵੀ ਮੋਰਚੇ ਸੰਭਾਲੇ ਹੋਣਗੇ। ਇਨ੍ਹਾਂ ਦੀ ਇੰਨੀ ਜੁੱਰਤ ਕਿ ਇਹ ਸਾਡੇ ਮੁਕਾਬਲੇ 'ਤੇ ਆ ਗਏ। ਜ਼ਰੂਰ ਸਾਡੇ ਦੁਸ਼ਮਣਾਂ ਨੇ ਇਨ੍ਹਾਂ ਦੀ ਮੱਦਦ ਕੀਤੀ ਹੋਵੇਗੀ।"

"ਰਘੂ ਪੁੱਤਰ! ਬੰਦਾ ਇਕ ਹੱਦ ਤੱਕ ਹੀ ਡਰਦਾ ਹੈ। ਜਦ ਮੌਤ ਸਾਹਮਣੇ ਦਿਸ ਰਹੀ ਹੋਵੇ ਤਾਂ ਉਸਦਾ ਡਰ-ਡੁੱਕਰ ਲਹਿ ਜਾਂਦਾ ਹੈ ਤੇ ਉਹ ਮਰਨ ਮਾਰਨ 'ਤੇ

ਤਿਆਰ ਹੋ ਜਾਂਦਾ ਹੈ।"

"ਇਹ ਤਾਂ ਠੀਕ ਹੈ ਦਾਦਾ ਜੀ! ਪਰ ਇਨ੍ਹਾਂ ਸੱਪਾਂ ਨੂੰ ਅਸਾਂ ਸਿਰ ਚੁੱਕਣ ਨਹੀਂ ਦੇਣਾ। ਇਨ੍ਹਾਂ ਦੇ ਸਿਰ ਵੱਢ ਕੇ ਕੁੱਤਿਆਂ ਨੂੰ ਪਾਣੇ ਹਨ।" ਉਹ ਅੱਖਾਂ ਉੱਚੀਆਂ ਕਰਕੇ ਮੈਨੂੰ ਵੇਖਦਾ ਰਿਹਾ। ਉਸਨੂੰ ਕੋਈ ਨਮੋਸ਼ੀ ਨਹੀਂ ਸੀ।

"ਨਾ ਤੂੰ ਮੈਨੂੰ ਦੱਸ ਖ਼ਾਂ, ਇੰਨੀ ਨਫ਼ਰਤ ਕਿਉਂ ਹੈ ਤੈਨੂੰ ਇਨ੍ਹਾਂ ਨਾਲ਼। ਤੇਰਾ ਕੀ ਵਗਾੜਿਆ ਹੈ ਇਨ੍ਹਾਂ ਲੋਕਾਂ ਨੇ! ਕਿਉਂ ਨਵੀਆਂ-ਨਵੀਆਂ ਭਸੂੜੀਆਂ ਪਾਉਂਦਾ ਰਹਿੰਦਾ ਹੈ।"

"ਇਹ ਸਾਰੇ ਉਗਰਵਾਦੀ ਹਨ। ਗੱਦਾਰ ਤੇ ਦੇਸ਼ ਧ੍ਰੋਹੀ। ਅਸੀਂ ਇਨ੍ਹਾਂ ਨੂੰ ਕਦੀ ਬਰਦਾਸ਼ਤ ਨਹੀਂ ਕਰ ਸਕਦੇ। ਇਹ ਇੱਥੋਂ ਭੱਜ ਜਾਣ। ਇਹ ਮਲੀਛ ਹਨ।" ਉਹ ਅੱਕ ਚੱਬਣ ਲੱਗਾ।

"ਓਏ ਰੁੰਬਲਿਆ! ਇਹ ਤੂੰ ਉਨ੍ਹਾਂ ਸ਼ਤੂੰਗੜਿਆਂ ਦੀ ਬੋਲੀ ਬੋਲ ਰਿਹਾਂ। ਭੈੜਿਆ ਉਨ੍ਹਾਂ ਚੰਗਿਆੜਾਂ ਕਾਰਨ ਸਾਡੀ ਧਰਤੀ ਉੱਤੇ ਹਮੇਸ਼ਾਂ ਰਾਜਨੀਤੀ ਤੇ ਧਰਮ ਦਾ ਹੀ ਕਬਜ਼ਾ ਰਿਹਾ ਹੈ। ਇਨਸਾਨੀਅਤ ਨੂੰ ਤਾਂ ਉਨ੍ਹਾਂ ਕਦੀ ਸਿਰ ਚੁੱਕਣ ਹੀ ਨਹੀਂ ਦਿੱਤਾ। ਲਾਈ ਲੱਗਾ! ਜਿਨ੍ਹਾਂ ਲੂੰਬੜਾਂ ਦੇ ਲੜ ਲੱਗਿਆਂ ਹੈ ਉਹ ਤਾਂ ਮੁਹੱਬਤਾਂ ਵਿਚਕਾਰ ਦੀਵਾਰਾਂ ਖੜ੍ਹੀ ਕਰਨ ਵਾਲੇ ਲੋਕ ਹਨ। ਉਨ੍ਹਾਂ ਦੇ ਨੀਲੇ, ਪੀਲੇ, ਚਿੱਟੇ, ਕਾਲੇ ਤੇ ਹਰੇ ਰੰਗਾਂ ਦੇ ਵਸਤਰ, ਟੋਪੀਆਂ ਤੇ ਦਾੜ੍ਹੀਆਂ, ਤਿਲਕ ਤੇ ਮਹਿਰਾਬਾਂ ਸਭ ਸਮਾਜੀ ਸਾਂਝ ਦੇ ਤਾਣੇ-ਬਾਣੇ ਨੂੰ ਤੋੜਨ ਲਈ ਹਨ। ਰੰਗ-ਬਿਰੰਗੇ ਫੁੱਲਾਂ ਦੇ ਬਾਗ਼ ਨੂੰ ਉਜਾੜਣ ਲਈ ਹਨ। ਇਸ ਲਈ ਉਨ੍ਹਾਂ ਦਾ ਸੰਗ ਛੱਡ ਦੇ। ਓਂਤਰਿਆ! ਅੱਗ ਨਾਲ਼ ਅੱਗ ਨਹੀਂ ਬੁਝਦੀ, ਸਗੋਂ ਫੈਲਦੀ ਹੈ। ਇਹ ਜ਼ਿੰਦਗੀ ਦੇ ਸਾਗਰ ਨੂੰ ਮਾਰੂਥਲ ਬਣਾ ਦਿੰਦੀ ਹੈ। ਪਾਗਲਾ, ਝੂਠ ਦੀ ਚੌਧਰ ਬਹੁਤਾ ਚਿਰ ਨਹੀਂ ਰਹਿੰਦੀ ਪਰ ਝੂਠਿਆਂ ਦਾ ਵੈਰ ਲੋਕੀਂ ਕਿਉਂ ਭੋਗਣ। ਉਨ੍ਹਾਂ ਦੇ ਕੂੜ ਸਿਆਪੇ ਲੋਕੀਂ ਕਿਉਂ ਜਰਨ। ਉਜਾੜ ਬਸਤੀਆਂ ਦੇ ਮਾੜੇ ਮੜੰਗ, ਅੱਕ ਦਾ ਦੁੱਧ ਚੋਣ ਵਾਲਿਆਂ ਦੀ ਚੱਟੀ ਕਿਉਂ ਭਰਨ। ਉਨ੍ਹਾਂ ਦੇ ਮੁਹਾਂਦਰਿਆਂ ਨੂੰ ਵੇਖ ਕੇ ਧੋਖਾ ਨਾ ਖਾਉ ਸਗੋਂ ਨਫ਼ਰਤ ਦੀ ਅੱਗ ਬੁਝਾਉ। ਸੱਚੀਆਂ ਆਵਾਜ਼ਾਂ ਨੂੰ ਕਤਲ ਨਾ ਕਰੋ। ਆਪਣਿਆਂ ਅਕੀਦਿਆਂ ਦੇ ਖ਼ੰਜਰਾਂ ਨਾਲ਼ ਦੂਜਿਆਂ ਨੂੰ ਨਾ ਮਾਰੋ। ਵੇਖ ਰਘੂ ਪੁੱਤਰ! ਬੰਦੇ ਦੇ ਪਾਪ, ਬੰਦੇ ਦੇ ਨਾਲ਼-ਨਾਲ਼ ਹੀ ਸਫ਼ਰ ਕਰਦੇ ਹਨ। ਉਸਦੇ ਪਾਪਾਂ ਨੂੰ ਉਸਦੀਆਂ ਨਸਲਾਂ ਭੁਗਤਦੀਆਂ ਹਨ। ਮੈਂ ਇਹ ਦ੍ਰਿਸ਼ ਆਪ ਵੇਖੇ ਹਨ। ਤੂੰ ਤਾਂ ਇਤਿਹਾਸ ਵਿਚ ਪੜ੍ਹਿਆ ਹੋਣਾ ਕਿ ਦਾਦਿਆਂ-ਪੜਦਾਦਿਆਂ ਦੀ ਖੱਟੀ ਪੋਤਰਿਆਂ-ਪੜਪੋਤਰਿਆਂ ਦੀ ਚੱਟੀ ਬਣ ਜਾਂਦੀ ਹੈ। ਫਿਰ ਇਹ ਵੀ ਤਾਂ ਸੱਚ ਹੈ ਕਿ ਰੱਬ ਬੰਦੇ ਨੂੰ ਦੁਨੀਆਂ ਵਿੱਚ ਘੱਲਣ ਵੇਲੇ ਉਸ ਨੂੰ ਧਰਮ ਦੀ ਪਛਾਨ ਨਹੀਂ ਦਿੰਦਾ, ਪਰ ਅਸੀਂ

ਉਸ ਨੂੰ ਵੱਖ-ਵੱਖ ਚੌਖਟਿਆਂ ਵਿੱਚ ਵੰਡ ਦਿੰਦੇ ਹਾਂ। ਰੱਬ ਨੇ ਸੂਰਜ, ਚੰਨ, ਧਰਤ, ਪਾਣੀ ਤੇ ਹਵਾ ਸਭ ਕੁੱਲ ਆਲਮ ਲਈ ਬਣਾਏ ਹਨ, ਕਿਸੇ ਖ਼ਾਸ ਧਰਮ ਜਾਂ ਫਿਰਕੇ ਲਈ ਨਹੀਂ। ਸਾਡੇ ਸੰਤਾਂ ਨੇ ਕਿਹਾ ਹੈ, 'ਰਾਮ ਰਹੀਮ ਸਭ ਪ੍ਰੇਮ ਕਥਾ, ਪ੍ਰੇਮ ਹੀ ਸਭ ਕੀ ਜੂਨ'।"

"ਪਰ ਦਾਦਾ ਜੀ ਸਾਡਿਆਂ ਪੁਰਖਿਆਂ ਨੇ ਇਨ੍ਹਾਂ ਦੇ ਹੱਥੋਂ ਬੜੇ ਫੱਟ ਖਾਦੇ ਹਨ। ਬੇਸ਼ੁਮਾਰ ਸਹੀਦੀਆਂ ਦਿੱਤੀਆਂ ਹਨ। ਇਨ੍ਹਾਂ ਤਾਕਤ ਦੇ ਨਸ਼ੇ ਵਿਚ ਹਮੇਸ਼ਾਂ ਆਪਣੀਆਂ ਅੱਖਾਂ ਮੱਥੇ ਤੇ ਰੱਖੀਆਂ ਅਤੇ ਸਾਡੀਆਂ ਆਂਦਰਾਂ ਬਾਲੀਆਂ।"

"ਬਸ ਬਕਵਾਸ ਨਾ ਕਰ। ਸਾਡੇ ਪੁਰਖੇ ਤੇ ਇਨ੍ਹਾਂ ਦੇ ਪੁਰਖੇ ਕੋਈ ਵੱਖ ਸਨ ? ਧਰਮ ਜਾਂ ਅਕੀਦਾ ਬਦਲਣ ਨਾਲ ਨਸਲ ਨਹੀਂ ਬਦਲਦੀ। ਜ਼ਮੀਨ ਨਹੀਂ ਬਦਲਦੀ। ਅਸਾਂ ਸਾਰਿਆਂ ਦੀ ਜਨਮ ਭੂਮੀ ਇਕੋ ਹੈ। ਤਾਜ ਤੇ ਤਖ਼ਤ ਬੇਸ਼ਕ ਵੰਡੀਆਂ ਪਾਉਣ ਪਰ ਵਕਤ ਦੀ ਗਰਦਿਸ਼ ਬੜੀ ਬਲਵਾਨ ਹੁੰਦੀ ਹੈ ਕਿਉਂ ਜੋ ਵਕਤ ਤੇ ਬਖ਼ਤ ਕਦੇ ਨਾਲ ਨਾਲ ਨਹੀਂ ਚਲਦੇ। ਜਿਹੜਾ ਕਿਸੇ ਦੂਜੇ ਲਈ ਟੋਆ ਖੋਦੇ, ਉਸ ਲਈ ਖਾਈ ਤਿਆਰ ਹੁੰਦੀ ਹੈ। ਇਹ ਹੀਣ-ਪੁਣਾ ਛੱਡ ਦੇ। ਸਾਡੇ ਦੇਵਤੇ ਤੇ ਦੇਵ-ਅਸਥਾਨ ਲੋਕਾਈ ਨੂੰ ਖੁਸ਼ੀਆਂ ਵੰਡਦੇ ਹਨ। ਸੰਤਾਂ ਤੇ ਪੀਰ-ਫਕੀਰਾਂ ਦੀਆਂ ਦਰਗਾਹਾਂ 'ਤੇ ਪਿਆਰ ਦੇ ਦੀਵੇ ਬਲਦੇ ਹਨ। ਇਸ ਲਈ ਭੈੜਿਉ, ਆਪਣੀ ਸਾਂਝੀ ਰਹਿਤਲ ਨੂੰ ਨਾ ਤੋੜੋ। ਝੂਠ ਮੰਤਰਾਂ ਦੀ ਮਾਲਾ ਫੇਰਨੀ ਛੱਢ ਦਿਉ। ਸਾਈਂ ਬੁੱਲੇ ਸ਼ਾਹ ਨੇ ਸੱਚ ਕਿਹਾ ਸੀ,

*'ਸੱਚਿਆਂ ਨੂੰ ਪਏ ਮਿਲਦੇ ਧੱਕੇ*
*ਝੂਠੇ ਕੋਲ ਬਹਾਏ*
*ਉਲਟੇ ਹੋਰ ਜ਼ਮਾਨੇ ਆਏ।'*

ਤੁਸੀਂ ਚੰਗੇ ਕਰਮਾਂ ਨਾਲ ਧਰਮ ਕਮਾਓ। ਅਧਰਮੀਆਂ ਦੇ ਆਖੇ ਲੱਗ ਕੇ ਧਰਮ ਨੂੰ ਭ੍ਰਿਸ਼ਟ ਨਾ ਕਰੋ ਤੇ ਆਪਣੇ ਚਿੱਤੜਾਂ ਨੂੰ ਅੱਗ ਨਾ ਲਾਉ...। ਸੰਨ ਸੰਤਾਲੀ ਵਿੱਚ ਵੀ ਜਨੂਨੀਆਂ ਦੇ ਆਖੇ ਲੱਗ ਕੇ ਸਾਡੇ ਵਡ਼ਕਿਆਂ ਨੇ ਇਹੋ ਕੁੱਝ ਕੀਤਾ ਸੀ। ਧਰਤੀ ਦੋ ਫਾੜ ਕਰ ਦਿੱਤੀ ਸੀ ਤੇ ਜਿੰਦੜੀ ਸ਼ਿਕੰਜੇ ਚਾੜ੍ਹ ਦਿੱਤੀ ਸੀ। ਸਾਨੂੰ ਮੁੜ ਚੰਗੇ ਮੌਸਮ ਦੀ ਉਡੀਕ ਵਿੱਚ ਖੌਰੇ ਕਿੰਨੇ ਮਾੜੇ ਮੌਸਮਾਂ ਨੂੰ ਝੇਲਣਾ ਪਿਆ ਸੀ ਪਰ ਸਾਡੇ ਵਿਚ ਉਨ੍ਹਾਂ ਲੋਕਾਂ ਦੀ ਵੀ ਕੋਈ ਘਾਟ ਨਹੀਂ ਸੀ ਜਿਨ੍ਹਾਂ ਪੀੜ੍ਹੀ ਦਰ ਪੀੜ੍ਹੀ ਉਮਰਾਂ ਦੀ ਸਾਂਝ ਨੂੰ ਟੁੱਟਣ ਨਹੀਂ ਦਿੱਤਾ। ਉਹ ਉਸ ਵੇਲੇ ਵੀ ਸਰਬਤ ਦੇ ਭਲੇ ਲਈ ਬੁੱਕਾਂ ਭਰ-ਭਰ ਖ਼ੈਰ ਮੰਗਦੇ ਸਨ। ਕਿਉਂ ਜੇ ਅਸੀਂ ਦੁੱਲ੍ਹੇ ਭੱਟੀ

ਦੇ ਜਾਏ ਸਾਂ ਜਿਸ ਨੇ ਇੱਕ ਬੱਚੀ ਦੀ ਪੱਤ ਬਚਾਣ ਲਈ ਸੂਲੀ ਨੂੰ ਚੁੰਮਿਆ ਸੀ। ਉਸਨੇ ਇਹ ਨਹੀਂ ਸੀ ਵੇਖਿਆ ਕਿ ਉਹ ਮੁਟਿਆਰ ਹਿੰਦੂ ਸੀ ਜਾਂ ਮੁਸਲਮਾਨ। ਰਿਸ਼ਤੇ ਪਾਲਣਾ ਸਾਡੀ ਰਹਿਤਲ ਵਿਚ ਸ਼ਾਮਿਲ ਸੀ। ਅਸੀਂ ਇੱਕ ਦੂਜੇ ਦੀ ਸਜਣਾਈ ਤੇ ਸ਼ੱਕ ਨਹੀਂ ਸਾਂ ਕਰਦੇ। ਸਾਡੇ ਦਿਲਾਂ ਦੀ ਗੋਲਕ ਵਿਚ ਸੂਫ਼ੀ ਬਾਬਿਆਂ ਦੀਆਂ ਪੋਥੀਆਂ ਦਾ ਵਾਸਾ ਸੀ। ਅਸੀਂ ਪੀਰ ਪੂਜਣ ਵਾਲੇ ਲੋਕ ਸਾਂ, ਤਾਂਹੀਉਂ ਪ੍ਰੇਮ ਪਿਆਰ ਦੇ ਮੁਹਾਰੇ ਗੰਢਦੇ ਰਹਿੰਦੇ ਸਾਂ। ਵੰਡ ਮਗਰੋਂ ਦੁੱਖਾਂ ਦੇ ਪਹਾੜ ਢਹਿਣ ਦੇ ਬਾਵਜੂਦ ਵੀ ਅਸਾਂ ਸਾਕਾਚਾਰੀ ਗੁਆਚਣ ਨਹੀਂ ਦਿੱਤੀ। ਗੁਆਂਢਚਾਰੀ ਨੂੰ ਆਦਰ ਦਿੰਦੇ ਰਹੇ। ਸਾਡਾ ਆਸ ਪਲਾਸਾ ਮੁਹੱਬਤੀ ਸੀ। ਅਸਾਂ ਬਾਬੇ ਨਾਨਕ ਦੇ ਬੋਲਾਂ ਨੂੰ ਹਮੇਸ਼ਾ ਸਤਿਕਾਰਿਆ ਜਿਨ੍ਹਾਂ ਕਿਹਾ ਸੀ,

*'ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰ ਕਰੀਮੁ ॥*
*ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥'*

ਉਦੋਂ ਸਾਡੇ ਬਜ਼ੁਰਗਾਂ ਦੀ ਜੀਵਨ ਸੰਦੂਕੜੀ ਲੋੜਾਂ ਤੇ ਥੁੜ੍ਹਾਂ ਨਾਲ਼ ਭਰੀ ਰਹਿੰਦੀ ਸੀ ਪਰ ਫੇਰ ਵੀ ਅਸਾਂ ਆਪਣੀ ਇਮਾਨਦਾਰੀ ਨੂੰ ਬਦ-ਦਿਆਨਤੀ ਦੇ ਠੂਠੇ ਵਿੱਚ ਨਹੀਂ ਪਾਇਆ ਸਗੋਂ ਸਬਰ-ਸਬੂਰ ਤੇ ਸਿਦਕ ਸੰਤੋਖ ਦੀ ਮਾਲਾ ਜਪਦੇ ਰਹਿੰਦੇ ਸਾਂ ਤੇ ਆਸਮੰਦੀ ਦੇ ਘੁੰਗਰੂ ਪੈਰੀਂ ਬੰਨ੍ਹੀ ਰੱਬ ਦਾ ਸ਼ੁਕਰਾਨਾ ਕਰਦੇ ਰਹਿੰਦੇ ਸਾਂ।" ਰਘੂਨੰਦਨ ਮੇਰੇ ਸ਼ਬਦਾਂ ਨੂੰ ਬੜੇ ਧਿਆਨ ਨਾਲ ਸੁਣ ਰਿਹਾ ਸੀ। ਉਹ ਕੁਝ ਬੋਲਣਾ ਚਾਹੁੰਦਾ ਸੀ ਪਰ ਮੈਂ ਉਹਨੂੰ ਰੋਕ ਦਿੱਤਾ ਤੇ ਆਪਣੀ ਗੱਲ ਜਾਰੀ ਰੱਖੀ।

"ਆ ਮੈਂ ਅੱਜ ਉਨ੍ਹਾਂ ਸੱਚੀਆਂ ਰੂਹਾਂ ਦੀ ਬੇਸ਼ੁਮਾਰ ਕਹਾਣੀਆਂ ਵਿੱਚੋਂ ਤੈਨੂੰ ਇੱਕ ਕਹਾਣੀ ਸੁਣਾਵਾਂ ਤਾਂ ਜੇ ਤੇਰੇ ਜਿਹੇ ਅਕਲੋਂ ਥੁੜ੍ਹੇ ਬੰਦੇ ਮਨੁੱਖਤਾਂ ਦੇ ਬਖ਼ੀਏ ਨਾ ਉਧੇੜਣ। ਆਪਣੇ ਫਤੂਰੀ ਦਿਮਾਗ ਨੂੰ ਸੰਗਸਾਰ ਕਰਨ ਤੇ ਹਿੰਦੂ ਮੁਸਲਮਾਨ ਦੀ ਬੇ-ਸੁਰੀ ਠੁਮਰੀ ਗਾਉਣ ਤੋਂ ਪਰਹੇਜ਼ ਕਰਨ। ਤੂੰ ਤੇ ਤੇਰੇ ਯਾਰ ਵੇਲੀ ਦਿਲ ਦੀ ਜ਼ਮੀਨ ਵਿੱਚ ਸੱਚ ਦੀ ਗੋਡੀ ਕਰਨ। ਸਾਂਝ ਪਿਆਰ ਦੀ ਪਨੀਰੀ ਲਾਉਣ ਤੇ ਲੋਕਾਈ ਲਈ ਅਮਨ ਸ਼ਾਂਤੀ ਦੀ ਫ਼ਸਲ ਕਟਣ।

"ਇਹ ਸੰਨ ਪੈਂਹਠ ਦੇ ਯੁੱਧ ਪੈਣ ਤੋਂ ਦੋ ਵਰ੍ਹਿਆਂ ਬਾਅਦ ਦੀ ਗੱਲ ਹੈ। ਮੈਂ ਉਦੋਂ ਪ੍ਰਾਇਮਰੀ ਸਕੂਲ ਸੈਲਾਂ ਖੁਰਦ, ਤਹਿਸੀਲ ਨਵਾਂ ਸ਼ਹਿਰ ਵਿੱਚ ਮਾਸਟਰ ਲੱਗਾ ਹੋਇਆ ਸਾਂ, ਜਿਹੜਾ ਸਾਡੇ ਪਿੰਡ ਬੀੜੇ ਤੋਂ ਕੋਈ ਦੋ ਕਿਲੋਮੀਟਰ ਦੂਰ ਸੀ। ਮੇਰਾ ਵਿਆਹ ਹੋ ਚੁਕਿਆ ਸੀ ਤੇ ਤੇਰੇ ਪਿਉ ਨੂੰ ਚਾਚੇ ਕਾਲੀ ਦਾਸ ਭੱਟੀ ਨੇ ਮਸਾਂ ਸਕੂਲੇ ਦਾਖਲ ਕਰਵਾਇਆ ਸੀ। ਮੇਰੇ ਬਾਪੂ ਰਾਮਲਾਲ ਭੱਟੀ 1965 ਦੀ ਲੜਾਈ

ਤੋਂ ਕੋਈ ਛੇ-ਸੱਤ ਮਹੀਨੇ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ। ਜ਼ਮੀਨ, ਡੰਗਰ-ਢੋਰ ਤੇ ਰਾਈ-ਬਾਈ ਦੀ ਸਾਰੀ ਜ਼ਿੰਮੇਦਾਰੀ ਹੁਣ ਕਾਲੀ ਚਾਚੇ ਦੇ ਹੱਥ ਸੀ। ਇੱਕ ਦਿਨ ਸਾਡਾ ਗੁਆਂਢੀ ਕੇਸਰ ਸਿੰਘ ਭੱਟੀ ਕਿਸੇ ਪਾਕਿਸਤਾਨੀ ਨੂੰ ਲੈ ਕੇ ਸਾਡੇ ਘਰ ਅਪੜਿਆ ਤੇ ਮੈਨੂੰ ਕਹਿਣ ਲੱਗਾ।

'ਲਹਿੰਦੇ ਪੰਜਾਬ ਦੀ ਤਹਿਸੀਲ ਟੋਬਾ ਟੇਕ ਸਿੰਘ ਦੇ ਪਿੰਡ 'ਕੁਰਸੀਆਂ' ਤੋਂ ਤੁਹਾਡਾ ਮਜਮਾਨ ਆਇਆ ਹੈ। ਚਾਚੇ ਰਾਮੇ ਦਾ ਪਤਾ ਪੁੱਛਦਾ-ਪੁੱਛਦਾ ਸਾਡੇ ਘਰ ਆ ਗਿਆ ਸੀ। ਮੈਂ ਆਦਰ ਨਾਲ਼ ਮੰਜੀ 'ਤੇ ਬਿਠਾਇਆ। ਸੁੱਖ-ਸਾਂਦ ਲਈ, ਚਾਅ ਪਾਣੀ ਪੁੱਛਿਆ। ਮਜਮਾਨ, ਚਾਚੇ ਰਾਮੇ ਨੂੰ ਮਿਲਣ ਆਇਆ ਹੈ। ਯਾਰ! ਇਚਰਿਚ ਗੱਲ ਇਹ ਹੋਈ ਕਿ ਪ੍ਰਾਹੁਣੇ ਮੈਨੂੰ ਸਿਆਣ ਲਿਆ ਸੀ ਤੇ ਪੁੱਛਣ ਲੱਗਾ, 'ਕੀ ਤੂੰ ਅਮਰ ਸਿੰਘ ਭੱਟੀ ਦਾ ਪੁੱਤਰ ਹੈ?' ਜੱਦ ਮੈਂ ਹਾਂ ਵਿੱਚ ਉੱਤਰ ਦਿੱਤਾ ਤਾਂ ਕਹਿਣ ਲੱਗਾ, 'ਤੁਹਾਡੀ ਬੈਠਕ ਵਿੱਚ ਇੱਕ ਵੱਡਾ ਪਲੰਗ ਵਿਛਿਆ ਹੈ। ਉਸਦੇ ਰੰਗਲੇ ਪਾਵੇ ਮੈਂ ਅਮਰੂ ਨੂੰ ਦਿੱਤੇ ਸਨ।' ਫਿਰ ਉਸਨੇ ਮੈਨੂੰ ਪ੍ਰਾਹੁਣੇ ਦੀ ਅਟੈਚੀ ਫੜਾਈ ਤੇ ਚਲਾ ਗਿਆ...। ਮੈਂ ਪ੍ਰਾਹੁਣੇ ਦਾ ਨਾਂ ਪੁੱਛਿਆ ਤਾਂ ਉਹ ਕਹਿਣ ਲੱਗਾ, 'ਮੇਰਾ ਨਾਂ ਫਤਿਹਦੀਨ ਭੱਟੀ ਹੈ, ਬੀੜਾ ਸਾਡਾ ਜੱਦੀ ਪਿੰਡ ਹੈ। ਮੇਰੇ ਵਾਲਿਦ ਹਕੀਮ ਮਿਹਰਦੀਨ ਇਸ ਇਲਾਕੇ ਦੇ ਇਕ ਮਸ਼ਹੂਰ ਹਕੀਮ ਸਨ। ਮੈਂ ਇੱਥੇ ਸਿਰਫ਼ ਰਾਮੇ ਭੱਟੀ ਨੂੰ ਮਿਲਣ ਆਇਆ ਹਾਂ। ਅਸੀਂ ਦੋਵੇਂ ਲੰਗੋਟੀਏ ਯਾਰ ਸਾਂ।' ਫਿਰ ਉਸਨੇ ਮੇਰਾ ਨਾਂ ਪੁੱਛਿਆ। 'ਮੇਰਾ ਨਾਂ ਬ੍ਰਿਜ ਲਾਲ ਭੱਟੀ ਹੈ ਤੇ ਮੈਂ ਤੁਹਾਡੇ ਮਿੱਤਰ ਦਾ ਪੁੱਤਰ ਹਾਂ। ਬਾਪੂ ਕੋਈ ਤਿੰਨ ਸਾਲ ਪਹਿਲਾਂ ਈਸ਼ਵਰ ਨੂੰ ਪਿਆਰਾ ਹੋ ਗਿਆ ਸੀ। ਮੇਰਾ ਚਾਚਾ ਕਾਲੀਦਾਸ ਭੱਟੀ ਖੇਤਾਂ ਵੱਲ ਗਿਆ ਹੈ। ਦੁਪਹਿਰ ਚੜ੍ਹ ਆਈ ਹੈ। ਬਸ ਉਹ ਹੁਣ ਆਉਂਦਾ ਹੀ ਹੋਵੇਗਾ। ਉਸਨੂੰ ਆਉਣ ਦਿਉ ਫਿਰ ਇਕੱਠੇ ਪ੍ਰਸ਼ਾਦੇ ਛਕਾਂਗੇ... ਕੁਝ ਚਿਰ ਮਗਰੋਂ ਕਾਲੀ ਚਾਚਾ ਘਰ ਅਪੜਿਆ। ਮੈਂ ਵਿਹੜੇ ਵਿੱਚ ਹੀ ਉਸਨੂੰ ਪਾਕਿਸਤਾਨੀ ਮਹਿਮਾਨ ਬਾਰੇ ਦੱਸਿਆ। ਜਦ ਉਹ ਬੈਠਕ ਵਿਚ ਆਇਆ ਤਾਂ ਚਾਚੇ ਕਾਲੀ ਨੇ ਨਿੱਘੇ ਮੋਹ ਨਾਲ਼ ਉਹਨੂੰ ਜੱਫ਼ੀ ਪਾਈ ਤੇ ਬੜੇ ਜੋਸ਼ ਵਿਚ ਕਹਿਣ ਲੱਗਾ, 'ਵਾਹ ਭਈ ਵਾਹ ਮੇਰਾ ਵੱਡਾ ਵੀਰ ਫਤਿਹਦੀਨ ਭੱਟੀ ਆਇਆ ਹੈ। ਮੈਂ ਵੀ ਸੋਚਾਂ ਕਿ ਪਾਕਿਸਤਾਨ ਤੋਂ ਸਾਨੂੰ ਕਿਹੜਾ ਮਿਲਣ ਆਇਆ ਹੈ। ਫਿਰ ਉਹ ਮੈਨੂੰ ਦੱਸਣ ਲੱਗਾ, 'ਓਏ ਬਿਰਜੂ! ਇਹ ਕਿਹੜਾ ਪਾਕਿਸਤਾਨੀ ਹੈ ਯਾਰ, ਇਹ ਤਾਂ ਇੱਥੇ ਦਾ ਜੰਮਪਲ ਹੈ। ਸਾਡੀ ਜ਼ਾਤ ਬਿਰਾਦਰੀ ਦਾ ਹੈ। ਇਸ ਦਾ ਪਿਉ ਤਾਇਆ ਮਿਹਰਦੀਨ ਸਾਡੇ ਸੱਤਾਂ-ਅੱਠਾਂ ਪਿੰਡਾਂ ਦਾ ਇੱਕੋ ਹਕੀਮ ਸੀ, ਜਿਹੜਾ ਲੋਕ ਸੇਵਾ ਕਰਦਾ ਸੀ। ਇਨ੍ਹਾਂ ਦੀ ਜੱਦੀ ਕੋਠੀ ਬਲਦੇਵ ਸਿੰਘ ਸੰਧੂ ਨੂੰ ਅਲਾਟ ਹੋਈ ਸੀ ਤੇ ਚਾਲੀ ਕਿੱਲੇ ਜ਼ਮੀਨ ਵਰਿਆਮ ਸਿੰਘ ਗਿੱਲ, ਅਵਤਾਰ ਸਿੰਘ

ਸਿੱਧੂ ਤੇ ਬਲਕਾਰ ਸਿੰਘ ਦੇ ਹਿੱਸੇ ਆਈ ਸੀ।' ਫਿਰ ਅਸਾਂ ਇਕੱਠਿਆਂ ਰੋਟੀ ਖਾਧੀ। ਦੋਵੇਂ ਵਿਹੜੇ ਵਿੱਚ ਵਿਛੀਆਂ ਮੰਜੀਆਂ 'ਤੇ ਬਹਿ ਗਏ। ਮੈਂ ਹੁੱਕਾ ਤਾਜ਼ਾ ਕੀਤਾ ਤੇ ਉਹ ਹੁੱਕਾ ਪੀਣ ਲੱਗੇ ਨਾਲੇ ਵੰਡ ਦੇ ਕਿੱਸੇ ਸਾਂਝੇ ਕਰਨ ਲੱਗੇ। ਪਿੰਡ ਦੇ ਕਈ ਵਸਨੀਕ ਤੇ ਜ਼ਾਤ ਬਿਰਾਦਰੀ ਵਾਲੇ ਚਾਚੇ ਫਤਿਹਦੀਨ ਨੂੰ ਮਿਲਣ ਆਏ। ਉਹ ਮੇਰੇ ਬਾਪੂ, ਕਾਲੀ ਚਾਚੇ ਅਤੇ ਆਪਣੇ ਬਚਪਣ ਤੇ ਜਵਾਨੀ ਦੀਆਂ ਖਰ-ਮਸਤੀਆਂ ਸੁਣਾਉਂਦਾ ਰਿਹਾ, ਪੁਰਾਣੀਆਂ ਗੱਲਾਂ ਯਾਦ ਕਰਕੇ ਸਾਰੇ ਹੱਸਦੇ ਰਹੇ। ਦੇਰ ਰਾਤ ਤੀਕਰ ਰੌਣਕ ਮੇਲਾ ਲੱਗਿਆ ਰਿਹਾ। ਦੂਜੇ ਦਿਨ ਦੋਵੇਂ ਜੱਦ ਵਿਹੜੇ ਵਿੱਚ ਬੈਠੇ ਚਾਅ ਪੀ ਰਹੇ ਸਨ ਤਾਂ ਚਾਚੇ ਫਤਿਹਦੀਨ ਨੇ ਗੱਲ ਛੇੜੀ, 'ਕਾਲੀ ਯਾਰ! ਤੈਨੂੰ ਸ਼ਾਇਦ ਪਤਾ ਹੋਵੇ ਕਿ ਸੰਨ ਸੰਤਾਲੀ ਦੀ ਭਾਜੜ ਪੈਣ ਵੇਲੇ ਮੈਂ ਭਾਈ ਰਾਮੇ ਨੂੰ ਇੱਕ ਝਕਰੀ ਫੜਾਈ ਸੀ ਤੇ ਕਿਹਾ ਸੀ ਕਿ ਉਹ ਮੇਰੀ ਅਮਾਨਤ ਸਾਂਭ ਕੇ ਰੱਖੇ। ਜੱਦ ਰਾਮ ਰੌਲਾ ਮੱਠਾ ਪੈ ਜਾਏਗਾ ਅਤੇ ਅਮਨ ਕਾਇਮ ਹੋ ਜਾਏਗਾ ਤਾਂ ਮੈਂ ਆਪਣੀ ਅਮਾਨਤ ਲੈ ਜਾਵਾਂਗਾਂ।'... 'ਆਹੋ ਮੈਨੂੰ ਪਤਾ ਹੈ, ਭਾਈ ਜੀ ਨੇ ਮੈਨੂੰ ਮਰਨ ਤੋਂ ਪਹਿਲਾਂ ਦੱਸਿਆ ਸੀ ਕਿ ਉਨ੍ਹਾਂ ਤੇਰੀ ਅਮਾਨਤ ਵਿਹੜੇ ਲੱਗੀ ਬੇਰੀ ਕੋਲ ਦਬਾ ਦਿੱਤੀ ਸੀ। ਉਨ੍ਹਾਂ ਮੈਥੋਂ ਸੌਂਹ ਚੁਕਾਈ ਸੀ ਕਿ ਅਮਾਨਤ ਵਿੱਚ ਖ਼ਿਆਨਤ ਨਹੀਂ ਹੋਣੀ ਚਾਹੀਦੀ। ਜੱਦ ਫਤਿਹਦੀਨ ਆਵੇ ਤਾਂ ਉਸਨੂੰ ਉਹਦੀ ਅਮਾਨਤ ਦੇ ਦੇਵੀਂ। ਅੱਜ ਤੂੰ ਆ ਗਿਆ ਹੈਂ, ਇਸ ਲਈ ਇਹ ਗੈਂਤੀ ਫੜ੍ਹ ਤੇ ਬੇਰੀ ਕੋਲ ਜਾ ਕੇ ਦੱਬੀ ਹੋਈ ਆਪਣੀ ਅਮਾਨਤ ਕੱਢ ਲੈ। ਮੈਂ ਤਾਂ ਉਹਦੋਂ ਦਾ ਬੇਰੀ ਵੱਲ ਗਿਆ ਹੀ ਨਹੀਂ।' ਚਾਚੇ ਫਤਿਹਦੀਨ ਨੇ ਗੈਂਤੀ ਮੈਨੂੰ ਫੜਾਈ ਤੇ ਜ਼ਮੀਨ ਪੁੱਟਣ ਲਈ ਕਿਹਾ। ਜਦ ਮੈਂ ਢਾਈ ਤਿੰਨ ਫੁੱਟ ਡੂੰਗੀ ਖੁਦਾਈ ਕਰ ਲਈ ਤਾਂ ਇਕ ਝਕਰੀ ਖੱਦਰ ਵਿੱਚ ਵਲੇਟੀ ਹੋਈ ਤੇ ਮੋਮ ਦੇ ਲਿਫ਼ਾਫੇ ਵਿਚ ਪਈ ਮੈਨੂੰ ਦਿੱਸਣ ਲੱਗੀ। ਮੈਂ ਝਕਰੀ ਕੱਢ ਕੇ ਚਾਚੇ ਫਤਿਹਦੀਨ ਦੇ ਹੱਥ ਫੜਾਈ। ਉਹ ਬੜਾ ਖ਼ੁਸ਼ ਹੋਇਆ ਤੇ ਬਾਪੂ ਨੂੰ ਅਸੀਸਾਂ ਦੇਣ ਲੱਗਾ। ਤੇ ਫਿਰ ਉਸਨੇ ਕਾਲੀ ਚਾਚੇ ਨੂੰ ਕਿਹਾ ਕਿ ਅਗਲੇ ਦਿਨ ਉਹ ਪਿੰਡ ਦੀ ਪੰਚਾਇਤ ਬੁਲਾਏ। ਉਹ ਸਭਨਾਂ ਸਾਹਮਣੇ ਕੁੱਝ ਗੱਲਾਂ ਕਰਨਾ ਚਾਹੁੰਦਾ ਹੈ।'

ਅਗਲੇ ਦਿਨ ਜਦ ਸਰਪੰਚ ਪੰਚਾਇਤ ਦੇ ਸਾਰੇ ਮੈਂਬਰਾਂ ਨੂੰ ਲੈ ਕੇ ਆਇਆ ਤਾਂ ਪਿੰਡ ਵਾਸੀ ਵੀ ਇਕੱਠੇ ਹੋ ਗਏ। ਚਾਚਾ ਫਤਿਹਦੀਨ ਉਨ੍ਹਾਂ ਨੂੰ ਕਹਿਣ ਲੱਗਾ।

'ਤੁਹਾਨੂੰ ਹੁਣ ਤੱਕ ਪਤਾ ਚਲ ਗਿਆ ਹੋਵੇਗਾ ਜਾਂ ਭਾਈ ਕਾਲੀ ਨੇ ਦੱਸਿਆ ਹੋਣਾ ਕਿ ਅਸੀਂ ਪਿੰਡ ਬੀੜੇ ਦੇ ਜੱਦੀ ਪੁਸ਼ਤੀ ਵਸਨੀਕ ਸਾਂ। ਸੰਨ ਸੰਤਾਲੀ ਵਿੱਚ ਸਿਆਣਿਆਂ ਕਾਵਾਂ ਖੇਹ ਖਾਧੀ ਤੇ ਧਰਮ ਦੀ ਰਾਜਨੀਤੀ ਨੇ ਸਾਨੂੰ ਆਪਣੇ ਘਰਾਂ ਤੋਂ ਬੇ-ਘਰ ਕਰ ਦਿੱਤਾ। ਜ਼ਾਤ ਬਿਰਾਦਰੀ ਤੇ ਸਾਕਾਚਾਰੀ ਦੇ ਬਾਵਜੂਦ ਅਸਾਂ ਹਿੰਦੂ ਤੇ ਮੁਸਲਮਾਨ ਹੋਣ ਦਾ ਖ਼ਮਿਆਜ਼ਾ ਭੁਗਤਿਆ। ਹਯਾਤੀ

ਵਿਲਕਦੀ ਰਹੀ। ਚੋਖਾ ਚਿਰ ਲੱਗ ਗਿਆ ਸਾਨੂੰ ਮੁੜ ਸੁਰਤ ਸੰਭਾਲਦਿਆਂ। ਮਾੜੇ ਹਾਕਮਾਂ ਦੇ ਉੱਚਕਪੁਣੇ ਨੇ ਜ਼ਿੰਦਗੀ ਨੂੰ ਕਹਿਰ ਬਣਾ ਦਿੱਤਾ ਸੀ। ਜੀਵਨ ਨੂੰ ਸੌਖਿਆਂ ਬਣਾਵਣ ਲਈ ਅਸੀਂ ਕਈ ਸਿੱਧ-ਪੁੱਠ ਕੰਮ ਕੀਤੇ ਤੇ ਟੁੱਟੀ-ਭੱਜੀ ਹਯਾਤੀ ਨੂੰ ਜੋੜ ਦੇ ਰਹੇ, ਜ਼ਖਮਾਂ ਨੂੰ ਟਕੋਰਾਂ ਦਿੰਦੇ ਰਹੇ... ਤਾਂ ਕੀਤੇ ਉੱਠਣ ਦੇ ਕਾਬਿਲ ਹੋਏ। ਪਰ ਉਨ੍ਹਾਂ ਅੱਤ ਕਾਲੀਆਂ ਰਾਤਾਂ ਵਿੱਚ ਵੀ ਕਈ ਸਿਧਕੀ ਲੋਕ ਸਨ ਜਿਨ੍ਹਾਂ ਇਨਸਾਨੀਅਤ ਦੇ ਦੀਵੇ ਬਾਲੀ ਰੱਖੇ। ਲੋਕਾਂ ਦੀ ਜਾਨ ਬਚਾਈ ਅਤੇ ਧੀਆਂ-ਭੈਣਾਂ ਦੀ ਪਤ ਦੀ ਰਾਖੀ ਕੀਤੀ। ਉਨ੍ਹਾਂ ਨੇਕ ਬੰਦਿਆਂ ਵਿੱਚ ਮੇਰਾ ਯਾਰ ਰਾਮਲਾਲ ਭੱਟੀ ਵੀ ਸੀ। ਪਿੰਡ ਛੱਡਦਿਆਂ ਹੋਇਆਂ ਮੈਂ ਉਸਨੂੰ ਇੱਕ ਅਮਾਨਤ ਸਾਂਭਣ ਲਈ ਦਿੱਤੀ ਸੀ। ਕਲ ਭਾਈਕਾਲੀ ਨੇ ਮੇਰੀ ਅਮਾਨਤ ਮੈਨੂੰ ਵਾਪਿਸ ਕਰ ਦਿੱਤੀ ਹੈ, ਉਸਨੇ ਸੋਨੇ ਦੀ ਝਕਰੀ ਸਰਪੰਚ ਨੂੰ ਦਿੰਦਿਆਂ ਹੋਇਆਂ ਕਿਹਾ, 'ਸਰਪੰਚ ਜੀ! ਇਸ ਵਿੱਚ ਸੇਰ-ਸੇਰ ਵਜ਼ਨੀ ਸੋਨੇ ਦੀਆਂ ਦੱਸ ਇੱਟਾ ਤੇ ਹੋਰ ਜ਼ੇਵਰ ਪਏ ਹਨ। ਇਸ ਤੋਂ ਛੁੱਟ ਚਾਂਦੀ ਦੇ ਪੰਜ ਹਜ਼ਾਰ ਰੁਪਏ ਵੀ ਹਨ। ਮੈਂ ਇਹ ਸਾਰਾ ਸੋਨਾ-ਚਾਂਦੀ ਪੰਚਾਇਤ ਨੂੰ ਦਾਨ ਕਰਨਾ ਚਾਹੁੰਦਾ ਹਾਂ ਪਰ ਮੇਰੀ ਇੱਕ ਸ਼ਰਤ ਹੈ।'

ਸਰਪੰਚ ਨੇ ਪੁੱਛਿਆ, 'ਭੱਟੀ ਸਾਹਿਬ! ਤੁਸੀਂ ਹੁਕਮ ਕਰੋ।' 'ਮੈਂ ਚਾਹੁੰਦਾ ਹਾਂ ਕਿ ਇਸ ਸੋਨੇ-ਚਾਂਦੀ ਨੂੰ ਵੇਚ ਕੇ ਜਿਹੜੀ ਰਕਮ ਮਿਲੇ ਉਸ ਨਾਲ ਪਿੰਡ ਵਿਚ ਮੇਰੇ ਬਾਪ ਦੇ ਨਾਂ ਉੱਤੇ ਇਕ ਹਸਪਤਾਲ ਬਣਾਇਆ ਜਾਵੇ।' ਪੰਚਾਇਤ ਨੇ ਫਤਿਹਦੀਨ ਦੀ ਗੱਲ ਨੂੰ ਪ੍ਰਵਾਨ ਕਰਦਿਆਂ ਹੋਇਆਂ 'ਹਕੀਮ ਮਿਹਰਦੀਨ ਭੱਟੀ ਯਾਦਗਾਰ ਹਸਪਤਾਲ' ਬਣਾਨ ਦਾ ਮਤਾ ਪਾਸ ਕੀਤਾ। ਦੋ-ਤਿੰਨ ਦਿਨ ਹੋਰ ਪਿੰਡ ਵਿੱਚ ਗੁਜ਼ਾਰਨ ਮਗਰੋਂ ਫਤਿਹਦੀਨ ਵਾਪਿਸ ਪਾਕਿਸਤਾਨ ਪਰਤ ਗਿਆ। ਉਸਨੂੰ ਵਾਹਘਾ ਬਾਰਡਰ ਤੱਕ ਛੱਡਣ ਲਈ ਪੰਚਾਇਤ ਦਾ ਸਰਪੰਚ, ਸਕੱਤਰ ਤੇ ਚਾਚਾ ਕਾਲੀ ਗਏ ਸਨ...। ਮੈਂ ਸਰਕਾਰੀ ਨੌਕਰੀ ਤੋਂ ਰਿਟਾਇਰ ਹੋਣ ਦੇ ਬਾਅਦ ਤੇਰੇ ਪਿਉ ਕੋਲ ਦਿੱਲੀ ਆ ਗਿਆ ਪਰ ਅੱਜ ਵੀ ਬੀੜੇ ਪਿੰਡ ਵਿਚ 'ਹਕੀਮ ਮਿਹਰਦੀਨ ਯਾਦਗਾਰੀ ਹਸਪਤਾਲ' ਚੱਲ ਰਿਹਾ ਹੈ ਅਤੇ ਚਾਚੇ ਫਤਿਹਦੀਨ ਭੱਟੀ ਦੀ ਯਾਦ ਤਾਜ਼ਾ ਕਰਦਾ ਰਹਿੰਦਾ ਹੈ।

ਤੈਨੂੰ ਇਹ ਕਹਾਣੀ ਸੁਣਾਉਣ ਦਾ ਮਤਲਬ ਇਹ ਦੱਸਣਾ ਸੀ ਕਿ ਦਾਨ-ਪੁੰਨ ਕਰਨ ਵਾਲੇ ਧਰਮ ਜਾਂ ਜ਼ਾਤ ਨਹੀਂ ਵੇਖਦੇ। ਇਸ ਲਈ ਰੱਬ ਦੀ ਕਾਇਨਾਤ ਵਿੱਚ ਸਭ ਨੂੰ ਜਿਊਣ ਦਾ ਹੱਕ ਹੈ। ਤੁਸੀਂ ਆਪਣੀ ਨਿੱਕੀ ਜਿਹੀ ਜ਼ਿੰਦਗੀ ਵਿੱਚ ਇੱਕ ਦੂਜੇ ਦਾ ਦਰਦ ਵੰਡਾਉ ਤੇ ਅਮਨ ਦੇ ਸੋਹਲੇ ਗਾਉ... ਮੇਰੀਆਂ ਗਲਾਂ ਸੁਣ ਕੇ ਰਘੂਨੰਦਨ ਸੋਚੀ ਪੈ ਗਿਆ ਤੇ ਫਿਰ ਅਕਾਸ਼ ਵੱਲ ਤੱਕਣ ਲੱਗਾ।

•••

'ਇਸ਼ਕ ਮਲੰਗੀ' ਦੀਆਂ ਕਹਾਣੀਆਂ 'ਚ ਖ਼ਾਲਿਦ ਹੁਸੈਨ ਨੇ ਸੱਭਿਆਚਾਰਕ ਅਤੇ ਲੋਕ ਭਾਸ਼ਾ ਦੀ ਪੁੱਠ ਨਾਲ਼ ਜੋ ਮੁਹਾਵਰੀ ਮੜ੍ਹੰਗਾ ਘੜਿਆ ਹੈ ਉਹ ਇਨ੍ਹਾਂ ਬਿਰਤਾਂਤਾਂ ਨੂੰ ਹੋਰ ਪੜ੍ਹਨਯੋਗ ਬਣਾਉਂਦੀ ਹੈ। ਉਸਦੀ ਇਹ ਭਾਸ਼ਾ ਯੋਗਤਾ ਉਸਦੀ ਸੱਭਿਆਚਾਰਕ ਅਨੁਭਵਸ਼ੀਲਤਾ (Cultural empiricism) 'ਚੋਂ ਆਪਣਾ ਆਪ ਘੜਦੀ ਹੈ। 'ਵਾਕਪੱਦੀਯ' ਦੇ ਰਚੇਤਾ ਬੋਧੀ ਵਿਆਕਰਣਕਾਰ ਭਰਥਰੀਹਰੀ ਦਾ ਕਹਿਣਾ ਹੈ ਕਿ ਭਾਸ਼ਾ ਯਥਾਰਥ ਦੇ ਸਮੁੰਦਰ 'ਚੋਂ ਆਪਣਾ ਸਰੂਪ ਗ੍ਰਹਿਣ ਕਰਦੀ ਹੈ। ਭਾਸ਼ਾ ਦੀ ਸਮਝ ਅਤੇ ਯਥਾਰਥ ਦੀ ਸੂਝ ਪਰਸਪਰ ਰੂਪ 'ਚ ਖ਼ਾਲਿਦ ਹੁਸੈਨ ਦੀ ਬਿਰਤਾਂਤਕਾਰੀ ਦਾ ਅਧਿਆਤਮ ਬਣਦੀਆਂ ਹਨ। ਉਹ ਅਜਿਹੀ ਘਟਨਾ 'ਚੋਂ ਵੀ ਬਿਰਤਾਂਤ ਘੜ ਲੈਂਦਾ ਹੈ ਜੋ ਯਥਾਰਥ ਅਤੇ ਅਯਥਾਰਥ ਦਰਮਿਆਨ ਤ੍ਰਿਸ਼ੰਕੂਕ੍ਰਿਤ ਰੂਪ 'ਚ ਪਈ ਹੁੰਦੀ ਹੈ। ਸਪੇਨੀ ਨਾਵਲਕਾਰ ਬੋਰਖ਼ੇਸ਼ ਦਾ ਕਹਿਣਾ ਹੈ ਕਿ ਯਥਾਰਥਵਾਦੀ ਬਿਰਤਾਂਤਕਾਰ ਦਾ ਦਿਖਾਇਆ ਯਥਾਰਥ ਥੋਥਾ ਹੁੰਦਾ ਹੈ ਕਿਉਂਕਿ ਜਗਤ 'ਚ ਜੋ ਕੁੱਝ ਵੀ ਵਾਪਰ ਰਿਹਾ ਹੈ, ਉਸਦੇ ਬਿਰਤਾਂਤਕਾਰ ਦਾ ਗਿਆਨ ਪਾਠਕ ਦੇ ਅਲਪ ਗਿਆਨ ਜਿੰਨਾ ਹੀ ਹੁੰਦਾ ਹੈ। ਬਿਰਤਾਂਤਕਾਰ ਤੇ ਪਾਠਕ 'ਚ ਤਾਂ ਹੀ ਨਿੱਭਦੀ ਹੈ ਜੇ ਉਸਦੇ ਕਥਾ ਬਿਰਤਾਂਤ 'ਚ ਪਾਠਕ ਦੀ ਕਾਵਿਕ ਆਸਥਾ (Poetic Faith) ਹੋਵੇ।

ਖ਼ਾਲਿਦ ਹੁਸੈਨ ਦੇ ਹੁਣ ਤੱਕ ਆਏ ਕਹਾਣੀ ਸੰਗ੍ਰਹਿਾਂ ਨੇ ਉਸਦੇ ਪਾਠਕਾਂ ਦੀ ਕਾਵਿਕ ਆਸਥਾ ਨੂੰ ਹੋਰ ਪੀਡਾ ਕੀਤਾ ਹੈ ਸ਼ਾਇਦ ਇਸੇ ਕਰਕੇ ਉਸਦੀਆਂ ਕਹਾਣੀਆਂ ਨੂੰ ਪਾਠਕ ਉਡੀਕਦੇ ਹਨ। ਮੈਨੂੰ ਉਮੀਦ ਹੈ ਕਿ 'ਇਸ਼ਕ ਮਲੰਗੀ' ਦੀ ਆਮਦ ਨਾਲ਼ ਉਨ੍ਹਾਂ ਦੀ ਉਡੀਕ ਤੇ ਆਸ ਪੂਰੀ ਹੋਵੇਗੀ।

-ਮਨਮੋਹਨ



A Group of
Chetna Parkashan
Ludhiana | Kotkapura | Canada | USA
ISBN 93-89997-22-4
9789389997224
Ishq Malangi
₹ 250/-